PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

7th - 14th May 2026 • Issue No. 3129

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB

FOR FREE INITIAL ADVICE

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



S.S.Rai

Immigration Advice Bureau

Tel: 020 8571 6680

www.iabl.co.uk

## ਖਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਮੌਕੇ ਸਿੱਖ ਜਥੇਬੰਦੀਆਂ ਨੇ ਸਮੈਦਿਕ ਗੁਰਦੁਆਰਾ ਸਾਹਿਬ ਵਿਖੇ ਖਾਲਿਸਤਾਨੀ ਝੰਡਾ ਝੁਲਾਇਆ

### ਖਾਲਿਸਤਾਨ ਦੀ ਅਜ਼ਾਦੀ ਲਈ ਜੱਦੋਜਹਿਦ ਜਾਰੀ ਰੱਖਣ ਦਾ ਕੀਤਾ ਅਹਿਦ




## 1984 ਘੱਲੂਘਾਰੇ ਦਾ ਸੱਚ ਅਤੇ ਇਨਸਾਫ਼ ਦੀ ਤਲਾਸ਼



ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ’ਤੇ ਹੋਇਆ ਫ਼ੌਜੀ ਹਮਲਾ ਸਿੱਖ ਮਾਨਸਿਕਤਾ ’ਤੇ ਇੱਕ ਅਜਿਹਾ ਡੂੰਘਾ ਜ਼ਖ਼ਮ ਹੈ, ਜੋ ਚਾਰ ਦਹਾਕੇ ਬੀਤ ਜਾਣ ਦੇ ਬਾਵਜੂਦ ਅਜੇ ਵੀ ਅੱਲ੍ਹਾ ਹੈ। ਹਾਲ ਹੀ ਵਿੱਚ ਖਾਲੜਾ ਮਿਸ਼ਨ ਆਰਗਨਾਈਜੇਸ਼ਨ ਅਤੇ ਹੋਰ ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ ਇਸ ਹਮਲੇ ਦੀ ਪੜਤਾਲ ਲਈ ਇੱਕ ਨਿਰਪੱਖ ਕਮਿਸ਼ਨ ਬਣਾਉਣ ਅਤੇ ਸਰਕਾਰੀ ਫ਼ਾਇਲਾਂ ਜਨਤਕ ਕਰਨ ਦੀ ਮੰਗ ਨੇ ਇੱਕ ਵਾਰ ਫਿਰ ਇਸ ਇਤਿਹਾਸਕ ਦੁਖਾਂਤ ਨੂੰ ਚਰਚਾ ਦੇ ਕੇਂਦਰ ਵਿੱਚ ਲਿਆ ਦਿੱਤਾ ਹੈ। ਜਥੇਬੰਦੀਆਂ ਦਾ ਇਹ ਤਰਕ ਕਾਫ਼ੀ ਵਜ਼ਨਦਾਰ ਹੈ ਕਿ ਜੇਕਰ ਅੰਗਰੇਜ਼ ਹਕੂਮਤ 1919 ਦੇ ਜਲ੍ਹਿਆਂਵਾਲਾ ਬਾਗ ਕਾਂਡ ਲਈ ਜਾਂਚ ਕਮਿਸ਼ਨ (ਹੰਟਰ ਕਮਿਸ਼ਨ) ਬਣਾ ਸਕਦੀ ਸੀ, ਤਾਂ ਆਜ਼ਾਦ ਭਾਰਤ ਵਿੱਚ ਆਪਣੇ ਹੀ ਨਾਗਰਿਕਾਂ ਅਤੇ ਪਵਿੱਤਰ ਅਸਥਾਨ ’ਤੇ ਹੋਏ ਇੰਨੇ ਵੱਡੇ ਹਮਲੇ ਦੀ ਨਿਰਪੱਖ ਜਾਂਚ ਤੋਂ ਗੁਰੇਜ਼ ਕਿਉਂ ਕੀਤਾ ਗਿਆ? 72 ਘੰਟੇ ਚੱਲੀ ਇਸ ਫ਼ੌਜੀ ਕਾਰਵਾਈ ਵਿੱਚ ਹੋਏ ਜਾਨੀ ਅਤੇ ਮਾਲੀ ਨੁਕਸਾਨ ਦੇ ਅਸਲ ਅੰਕੜੇ ਅਤੇ ਇਸ ਦੇ ਪਿੱਛੇ ਦੀਆਂ ਸਿਆਸੀ ਸਾਜ਼ਿਸ਼ਾਂ ਅਜੇ ਵੀ ਗੁਪਤ ਫ਼ਾਇਲਾਂ ਵਿੱਚ ਦਫ਼ਨ ਹਨ।

ਪੰਜਾਬ ਸਰਕਾਰ ਵੱਲੋਂ 42 ਸਾਲਾਂ ਬਾਅਦ ਇਸ ਮਾਮਲੇ ਵਿੱਚ ਕੇਸ ਦਰਜ ਕਰਨ ਦੀ ਜੋ ਗੱਲ ਕਹੀ ਗਈ ਹੈ, ਉਸ ਨੂੰ ਜਥੇਬੰਦੀਆਂ ਨੇ ‘ਸਿਆਸੀ ਲਾਹੇ’ ਦੀ ਕੋਸ਼ਿਸ਼ ਦੱਸਿਆ ਹੈ। ਇਹ ਸ਼ੰਕਾ ਗਲਤ ਵੀ ਨਹੀਂ ਜਾਪਦੀ। ਇਤਿਹਾਸ ਗਵਾਹ ਹੈ ਕਿ ਚਾਹੇ 1984 ਦੇ ਸਿੱਖ ਕਤਲੇਆਮ ਦੀ ਗੱਲ ਹੋਵੇ ਜਾਂ 2015 ਦੀਆਂ ਬੇਅਦਬੀਆਂ ਦੀ, ਸਿਆਸੀ ਪਾਰਟੀਆਂ ਅਕਸਰ ਚੋਣਾਂ ਨੇੜੇ ਆਉਣ ’ਤੇ ਇਨ੍ਹਾਂ ਸੰਵੇਦਨਸ਼ੀਲ ਮੁੱਦਿਆਂ ਨੂੰ ਹਵਾ ਦਿੰਦੀਆਂ ਹਨ, ਪਰ ਨਤੀਜਾ (ਇਨਸਾਫ਼) ਸਿਫ਼ਰ ਹੀ ਰਹਿੰਦਾ ਹੈ।

ਲੋਕਤੰਤਰ ਵਿੱਚ ਪਾਰਦਰਸ਼ਤਾ ਸਭ ਤੋਂ ਵੱਡੀ ਤਾਕਤ ਹੁੰਦੀ ਹੈ। ਜੇਕਰ ਸਰਕਾਰ ਸੱਚਮੁੱਚ ਇਸ ਮਸਲੇ ਨੂੰ ਹੱਲ ਕਰਨਾ ਚਾਹੁੰਦੀ ਹੈ, ਤਾਂ ਗੁਪਤ ਫ਼ਾਇਲਾਂ ਜਨਤਕ ਹੋਣ ਨਾਲ ਨਾ ਸਿਰਫ਼ ਉਸ ਸਮੇਂ ਦੇ ਫ਼ੈਸਲਿਆਂ ਦੀ ਅਸਲੀਅਤ ਸਾਹਮਣੇ ਆਵੇਗੀ, ਸਗੋਂ ਕਈ ਭਰਮ-ਭੁਲੇਖੇ ਵੀ ਦੂਰ ਹੋਣਗੇ। ਇੱਕ ਅਜਿਹਾ ਕਮਿਸ਼ਨ ਬਣੇ ਜਿਸ ਵਿੱਚ ਕਾਨੂੰਨੀ ਮਾਹਿਰਾਂ ਅਤੇ ਨਿਰਪੱਖ ਸ਼ਖ਼ਸੀਅਤਾਂ ਨੂੰ ਸ਼ਾਮਲ ਕੀਤਾ ਜਾਵੇ, ਜੋ ਸਿਆਸੀ ਦਬਾਅ ਤੋਂ ਮੁਕਤ ਹੋ ਕੇ ਕੰਮ ਕਰੇ। ਸਿਰਫ਼ ਬਿਆਨਬਾਜ਼ੀ ਨਾਲ ਪੁਰਾਣੇ ਜ਼ਖ਼ਮ ਨਹੀਂ ਭਰਦੇ। ‘ਸਾਕਾ ਜੂਨ ਚੌਰਾਸੀ’ ਸਿਰਫ਼ ਇੱਕ ਫ਼ੌਜੀ ਕਾਰਵਾਈ ਨਹੀਂ ਸੀ, ਬਲਕਿ ਇੱਕ ਪੂਰੀ ਕੌਮ ਦੀਆਂ ਭਾਵਨਾਵਾਂ ਦਾ ਘਾਣ ਸੀ। ਜਿੰਨੀ ਦੇਰ ਤੱਕ ਇਸ ਘਟਨਾ ਦੇ ਅਸਲ ਤੱਥ ਜਨਤਕ ਨਹੀਂ ਕੀਤੇ ਜਾਂਦੇ ਅਤੇ ਦੋਸ਼ੀਆਂ ਦੀ ਨਿਸ਼ਾਨਦੇਹੀ ਨਹੀਂ ਹੁੰਦੀ, ਉਦੋਂ ਤੱਕ ਇਨਸਾਫ਼ ਦੀ ਮੰਗ ਉੱਠਦੀ ਰਹੇਗੀ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵੋਟਾਂ ਦੀ ਰਾਜਨੀਤੀ ਤੋਂ ਉੱਪਰ ਉੱਠ ਕੇ ਇਸ ਮਨੁੱਖੀ ਅਧਿਕਾਰਾਂ ਦੇ ਮੁੱਦੇ ’ਤੇ ਗੰਭੀਰਤਾ ਦਿਖਾਵੇ।

-ਰਜਿੰਦਰ ਸਿੰਘ ਪੁਰੇਵਾਲ

## ਕੀ ਇਰਾਨ ਤੇ ਅਮਰੀਕਾ ਦੀ ਜੰਗ ਮੁੜ ਛਿੜੇਗੀ?

### ਇਰਾਨ ਦੀ ਸ਼ਾਂਤੀ ਪੇਸ਼ਕਸ਼ ਨੂੰ ਟਰੰਪ ਨੇ ਠੁਕਰਾਇਆ



## ਭਾਰਤ ਦੇ 3 ਸੂਬਿਆਂ ‘ਚ ਵਿਧਾਨ ਸਭਾ ਚੋਣਾਂ ਜਿੱਤਣ ਪਿੱਛੋਂ ਭਾਜਪਾ ਨੇ **ਪੰਜਾਬ ਨੂੰ ਜਿੱਤਣ** ਲਈ ਮੋੜੀਆਂ ਮੁਹਾਰਾਂ

ਪੰਜਾਬ ਦੀਆਂ ਸਥਾਨਕ ਖੇਤਰੀ ਪਾਰਟੀਆਂ ਹੀ ਪੰਜਾਬ ਦੀ ਬੇਹਤਰੀ ਲਈ ਸਫਲ ਬਦਲ ਹੋ ਸਕਦੀਆਂ ਹਨ..

**ਭਾਜਪਾ ਤੋਂ ਪੰਜਾਬ ਨੂੰ ਬਚਾਉਣ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਗਰਮ ਖਿਆਲੀ ਸਿੱਖ ਦਲਾਂ ਨੂੰ ਇੱਕਠੇ ਹੋਣ ਦੀ ਲੋੜ ਹੈ**

ਪੰਜਾਬ ਦੀਆਂ ਖੇਤਰੀ ਪਾਰਟੀਆਂ ਚਿੰਤਾ ਛੱਡਣ ਤੇ ਪੰਜਾਬ ਨੂੰ ਭਾਜਪਾ ਤੋਂ ਮੁਕਤ ਰੱਖਣ ਲਈ ਬਾਨ੍ਹਣੂੰ ਬੰਨ੍ਹਣ

ਭਾਜਪਾ ਦੇ ਰੱਥ ‘ਤੇ ਸਵਾਰ ਹੋਣ ਵਾਲੇ ਆਗੂਆਂ ਨੂੰ ਪੰਜਾਬੀ ਤੇ ਸਿੱਖ ਮੁੱਢ ਤੋਂ ਹੀ ਨਕਾਰ ਕੇ ਪੰਜਾਬ ਨੂੰ ਸੁਰੱਖਿਅਤ ਰੱਖ ਸਕਦੇ ਹਨ ...

## ਦੀਨਾਨਗਰ: ਭੂ-ਮਾਫ਼ੀਆ ਦੀ ਭੇਟ ਚੜ੍ਹ ਰਹੀਆਂ ਸਿੱਖ ਰਾਜ ਦੀਆਂ ਇਤਿਹਾਸਕ ਨਿਸ਼ਾਨੀਆਂ; ‘ਸ਼ਾਹੀ ਬਾਰਾਂਦਰੀ’ ਦੀ ਹੋਂਦ ਨੂੰ ਖ਼ਤਰਾ

## ਭਾਰਤ ਦੀਆਂ ਕੇਂਦਰੀ ਪਾਰਟੀਆਂ ਵੱਲੋਂ ਪੰਜਾਬ ਦੇ ਖਜ਼ਾਨੇ ਦੀ ਲੁੱਟ ਕਰਕੇ ਪੰਜਾਬ ਨੂੰ ਕੀਤਾ ਜਾ ਰਿਹਾ ਕਰਜ਼ਾਈ

### -ਮਾਮਲਾ ਮਾਛੀਵਾੜਾ ਵਿਚ ਸਾਬਕਾ ਸਿੱਖ ਫੌਜੀ ਦੀ ਕੁੱਟਮਾਰ ਦਾ-

## ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਸ਼ਾਸਨ ਨੂੰ 24 ਘੰਟਿਆਂ ਦਾ ਅਲਟੀਮੇਟਮ





ਮਾਛੀਵਾੜਾ ਸਾਹਿਬ ਵਿਖੇ ਇੱਕ ਸਾਬਕਾ ਸਿੱਖ ਫੌਜੀ ਅਤੇ ਉਸ ਦੇ ਨਾਬਾਲਗ ਪੁੱਤਰ ਨਾਲ ਨਗਰ ਕੌਂਸਲ ਦੇ ਕਰਮਚਾਰੀਆਂ ਵੱਲੋਂ ਕੀਤੀ ਗਈ ਬੇਰਹਿਮੀ ਨਾਲ ਕੁੱਟਮਾਰ ਦਾ ਮਾਮਲਾ ਗਰਮਾ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਖੰਨਾ ਪੁਲਿਸ ਨੂੰ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਪੂਰੀ ਖ਼ਬਰ ਅੰਦਰ ਦੇਖੋ;

# ਜਸਵਿੰਦਰ ਭੱਲਾ ਦੇ ਨਾਂ 'ਤੇ ਮੋਹਾਲੀ 'ਚ ਚੌਂਕ, ਮਰਹੂਮ ਅਦਾਕਾਰ ਦੇ ਜਨਮ ਦਿਨ 'ਤੇ ਕੀਤਾ ਗਿਆ ਉਦਘਾਟਨ



ਮੋਹਾਲੀ ਸ਼ਹਿਰ ਦੇ ਇੱਕ ਪ੍ਰਮੁੱਖ ਜੰਕਸ਼ਨ ਦਾ ਨਾਂ ਮਰਹੂਮ ਪੰਜਾਬੀ ਅਦਾਕਾਰ ਡਾ. ਜਸਵਿੰਦਰ ਸਿੰਘ ਭੱਲਾ ਦੇ ਨਾਮ ਤੇ ਰੱਖਿਆ ਗਿਆ ਹੈ। ਫੋਰਟਿਸ ਹਸਪਤਾਲ ਦੇ ਨੇੜੇ ਸਥਿਤ ਇਸ ਚੌਕ ਦਾ ਰਸਮੀ ਉਦਘਾਟਨ ਉਨ੍ਹਾਂ ਦੇ ਜਨਮਦਿਨ ਤੇ ਕੀਤਾ ਗਿਆ। ਇਹ ਪਹਿਲ ਖੇਤਰੀ ਸਿਨੇਮਾ ਅਤੇ ਕਾਮੇਡੀ ਵਿੱਚ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਕਰਨ ਲਈ ਕੀਤੀ ਗਈ ਸੀ। ਉਨ੍ਹਾਂ ਦੇ ਪੁੱਤਰ ਪੁਖਰਾਜ ਭੱਲਾ ਨੇ ਇਸ ਸਮਾਗਮ ਦੀ ਅਗਵਾਈ ਕੀਤੀ। ਸਥਾਨਕ ਵਿਧਾਇਕ ਕੁਲਵੰਤ ਸਿੰਘ ਸਣੇ ਪੰਜਾਬੀ ਫਿਲਮ ਇੰਡਸਟਰੀ ਦੇ ਕਈ ਕਲਾਕਾਰ ਅਤੇ ਪਤਵੰਤੇ ਮੌਜੂਦ ਸਨ। ਉਨ੍ਹਾਂ ਦੇ ਪ੍ਰਸ਼ੰਸਕਾਂ ਅਤੇ ਸਹਿਯੋਗੀਆਂ ਦੀ ਇੱਕ ਵੱਡੀ ਗਿਣਤੀ ਨੇ ਵੀ ਆਪਣੇ ਪਿਆਰੇ ਅਦਾਕਾਰ ਨੂੰ ਸ਼ਰਧਾਂਜਲੀ ਦੇਣ ਲਈ ਸਮਾਰੋਹ ਵਿੱਚ ਸ਼ਿਰਕਤ ਕੀਤੀ। ਮੋਹਾਲੀ ਨਗਰ ਨਿਗਮ ਦੀ ਹਾਊਸ ਮੀਟਿੰਗ ਵਿੱਚ ਮਰਹੂਮ ਅਦਾਕਾਰ ਜਸਵਿੰਦਰ ਭੱਲਾ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਮਹੱਤਵਪੂਰਨ ਮਤਾ ਪਾਸ ਕੀਤਾ ਗਿਆ ਸੀ। ਇਸ ਮਤੇ ਵਿੱਚ ਫੋਰਟਿਸ ਹਸਪਤਾਲ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦਫ਼ਤਰ ਦੇ ਨੇੜੇ ਸਥਿਤ ਪ੍ਰਮੁੱਖ ਸਰਕਲ ਦਾ ਨਾਮ ਉਨ੍ਹਾਂ ਦੇ ਨਾਮ ਤੇ ਰੱਖਣ ਦਾ ਫੈਸਲਾ ਕੀਤਾ ਗਿਆ। ਅਦਾਕਾਰ ਦੇ ਦੇਹਾਂਤ ਤੋਂ ਬਾਅਦ, ਏਜੰਡਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਅਤੇ ਸਰਕਲ ਦਾ ਨਾਮ ਹੁਣ ਰਸਮੀ ਤੌਰ ਤੇ ਰੱਖਿਆ ਗਿਆ ਹੈ।




**2 for 1 from £70**
*Incl.* sunglasses

With single-vision lenses to the same prescription

**Book an eye test at specsavers.co.uk**

Specsavers

Frames subject to availability. Cannot be used with other offers. Second pair must be from the same price range or below. Both pairs include standard 1.5 single-vision lenses (or 1.6 for £170 Rimless ranges) or 1.5 safety lenses for safety eyewear range. Both pairs must be purchased in one transaction. Varifocal/bifocal: same lenses in both pairs and pay for lenses in first pair only, except for SuperDigital, SuperDrive varifocals, and SuperReaders 1-2-3 occupational lenses, SuperBoost and SuperSingle-vision lenses, where you pay full lens price for the first pair and £40 for the second pair. 2for1 on safety eyewear is excluded for customers with a corporate eyecare voucher provided by their employer. Additional charge for extra lens options.

# ਤਿੰਨ ਸੂਬਿਆਂ ਦੀ ਜਿੱਤ ਮਗਰੋਂ ਭਾਜਪਾ ਦਾ 'ਮਿਸ਼ਨ ਪੰਜਾਬ'

## ✪ ਕੀ ਬੰਗਾਲ ਦੀ ਜਿੱਤ ਦਾ ਪਰਛਾਵਾਂ ਪੰਜਾਬ 'ਤੇ ਪਵੇਗਾ? ਖੇਤਰੀ ਪਾਰਟੀਆਂ ਚਿੰਤਾ ਵਿੱਚ ✪ ਰਾਘਵ ਚੱਢਾ ਤੇ ਸੰਦੀਪ ਪਾਠਕ ਰਾਹੀਂ ਭਾਜਪਾ ਦੀ ਨਵੀਂ ਰਣਨੀਤੀ: ਕੀ ਹੈ

• ਨਿਊਜ਼ ਵਿਸ਼ਲੇਸ਼ਣ •

ਤਿੰਨ ਸੂਬਿਆਂ ਦੇ ਚੋਣ ਨਤੀਜਿਆਂ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਹੌਸਲੇ ਬੁਲੰਦ ਕੀਤੇ ਹਨ, ਜਿਸ ਦਾ ਸਿੱਧਾ ਅਸਰ ਹੁਣ ਪੰਜਾਬ ਦੀ ਸਿਆਸੀ ਫ਼ਿਜ਼ਾ ਵਿੱਚ ਦੇਖਣ ਨੂੰ ਮਿਲਣ ਦੀ ਸੰਭਾਵਨਾ ਬਣ ਰਹੀ ਹੈ ਭਾਰਤ ਦੀ ਰਾਜਨੀਤੀ ਵਿੱਚ ਇਸ ਵੇਲੇ ਇੱਕ ਅਜਿਹਾ ਦੌਰ ਚੱਲ ਰਿਹਾ ਹੈ ਜਿੱਥੇ ਇੱਕ-ਇੱਕ ਕਰਕੇ ਖੇਤਰੀ ਪਾਰਟੀਆਂ ਦੇ ਪੈਰ ਉਖੜਦੇ ਜਾ ਰਹੇ ਹਨ। ਤਾਜ਼ਾ ਚੋਣ ਨਤੀਜਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਜਿਨ੍ਹਾਂ ਰਾਜਾਂ ਵਿੱਚ ਖੇਤਰੀ ਪਾਰਟੀਆਂ ਦਾ ਦਹਾਕਿਆਂ ਤੱਕ ਬੋਲਬਾਲਾ ਰਿਹਾ, ਉੱਥੇ ਹੁਣ ਰਾਸ਼ਟਰੀ ਪਾਰਟੀਆਂ, ਖਾਸ ਕਰਕੇ ਭਾਜਪਾ, ਨੇ ਆਪਣਾ ਪ੍ਰਭਾਵ ਬਹੁਤ ਵਧਾ ਲਿਆ ਹੈ। ਪੱਛਮੀ ਬੰਗਾਲ ਵਿਚ ਮਮਤਾ ਬਨਰਜੀ ਦੀ ਤ੍ਰਿਣਮੂਲ ਕਾਂਗਰਸ ਹਾਰ ਕੇ ਸੱਤਾ ਤੋਂ ਬਾਹਰ ਹੋ ਚੁੱਕੀ ਹੈ।

ਤਮਿਲਨਾਡੂ ਵਿਚ ਐਮ.ਕੇ. ਸਟਾਲਿਨ ਦੀ ਡੀ.ਐਮ.ਕੇ. ਨਾ ਸਿਰਫ ਹਾਰੀ ਹੈ, ਸਗੋਂ ਤੀਜੇ ਨੰਬਰ 'ਤੇ ਪਹੁੰਚ ਗਈ ਹੈ।

ਬਿਹਾਰ ਵਿਚ ਲਾਲੂ ਪ੍ਰਸਾਦ ਦੀ ਆਰ.ਜੇ.ਡੀ. 25 ਸੀਟਾਂ 'ਤੇ ਸਿਮਟ ਗਈ ਹੈ ਅਤੇ ਨੀਤੀਸ਼ ਕੁਮਾਰ ਦੀ ਜੇ.ਡੀ.ਯੂ. ਦਾ ਭਵਿੱਖ ਵੀ ਧੁੰਦਲਾ ਨਜ਼ਰ ਆ ਰਿਹਾ ਹੈ।

ਓਡੀਸ਼ਾ ਵਿਖੇ 25 ਸਾਲ ਰਾਜ ਕਰਨ ਤੋਂ ਬਾਅਦ ਨਵੀਨ ਪਟਨਾਇਕ ਦੀ ਬੀਜਦ ਸੱਤਾ ਤੋਂ ਬਾਹਰ ਹੋ ਗਈ ਹੈ ਅਤੇ ਪਾਰਟੀ ਵਿੱਚ ਬਿਖਰਾਵ ਸ਼ੁਰੂ ਹੋ ਗਿਆ ਹੈ।

ਮਹਾਰਾਸ਼ਟਰ ਅਤੇ ਤੇਲੰਗਾਨਾ ਵਿਚ ਸ਼ਿਵ ਸੈਨਾ ਅਤੇ ਐਨ.ਸੀ.ਪੀ. ਵਿੱਚ ਹੋਈ ਟੁੱਟ ਨੇ ਉਨ੍ਹਾਂ ਨੂੰ ਕਮਜ਼ੋਰ ਕਰ ਦਿੱਤਾ ਹੈ, ਜਦਕਿ ਤੇਲੰਗਾਨਾ ਵਿੱਚ ਬੀ.ਆਰ.ਐਸ. ਦਾ ਆਧਾਰ ਖਿਸਕ ਗਿਆ ਹੈ।



ਪੱਛਮੀ ਬੰਗਾਲ ਵਰਗੇ ਰਾਜਾਂ ਵਿੱਚ ਮਿਲੀ ਜਿੱਤ ਤੋਂ ਬਾਅਦ ਭਾਜਪਾ ਹੁਣ ਪੰਜਾਬ ਨੂੰ ਆਪਣੇ ਅਗਲੇ 'ਮਿਸ਼ਨ' ਵਜੋਂ ਦੇਖ ਰਹੀ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਦੂਜੇ ਰਾਜਾਂ ਦਾ ਚੋਣ ਫਾਰਮੂਲਾ ਪੰਜਾਬ ਦੀ ਗੁੰਝਲਦਾਰ ਅਤੇ ਵਿਲੱਖਣ ਸਿਆਸਤ ਵਿੱਚ ਕਾਰਗਰ ਸਿੱਧ ਹੋਵੇਗਾ?

ਭਾਜਪਾ ਦੀ ਨਵੀਂ ਰਣਨੀਤੀ ਵਿੱਚ ਸਭ ਤੋਂ ਦਿਲਚਸਪ ਪਹਿਲੂ ਰਾਘਵ ਚੱਢਾ ਅਤੇ ਸੰਦੀਪ ਪਾਠਕ ਵਰਗੇ ਰਣਨੀਤੀਕਾਰਾਂ ਨੂੰ ਆਪਣੇ ਪਾਲੇ ਵਿੱਚ ਕਰਕੇ ਵਰਤਣ ਦੀ ਕੋਸ਼ਿਸ਼ ਹੈ। ਇਹ ਉਹੀ ਚਿਹਰੇ ਹਨ ਜਿਨ੍ਹਾਂ ਨੇ 2022 ਵਿੱਚ 'ਆਮ ਆਦਮੀ ਪਾਰਟੀ' ਦੀ ਇਤਿਹਾਸਕ ਜਿੱਤ ਦੀ ਨੀਂਹ ਰੱਖੀ ਸੀ। ਭਾਜਪਾ ਦਾ ਇਹ ਕਦਮ ਦਰਸਾਉਂਦਾ ਹੈ ਕਿ ਉਹ ਪੰਜਾਬ ਵਿੱਚ ਸੰਗਠਨਾਤਮਕ ਮਜ਼ਬੂਤੀ ਲਈ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਹਾਲਾਂਕਿ, ਭਾਜਪਾ ਲਈ ਰਾਹ ਇੰਨਾ ਸੁਖਾਲਾ ਨਹੀਂ ਹੈ। ਦਿਹਾਤੀ ਪੰਜਾਬ ਅਤੇ ਕਿਸਾਨੀ ਰੋਹ ਅਜੇ ਵੀ ਭਾਜਪਾ ਲਈ ਸਭ ਤੋਂ ਵੱਡੀ ਕੰਧ ਬਣੇ ਹੋਏ ਹਨ। ਖੇਤੀ ਕਾਨੂੰਨਾਂ ਵਿਰੁੱਧ ਹੋਏ ਅੰਦੋਲਨ ਦੇ ਜ਼ਖ਼ਮ ਅਜੇ ਭਰੇ ਨਹੀਂ ਹਨ। ਜਦੋਂ ਤੱਕ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਦੀਆਂ ਮੰਗਾਂ ਅਤੇ ਭਾਵਨਾਵਾਂ ਨੂੰ ਸੰਜੀਦਗੀ ਨਾਲ ਨਹੀਂ ਲੈਂਦੀ, ਉਦੋਂ ਤੱਕ ਸਿਰਫ਼ ਚੋਣ ਪ੍ਰਬੰਧਨ ਦੇ ਦਮ 'ਤੇ ਪੰਜਾਬ ਦੀ ਸੱਤਾ ਹਾਸਲ ਕਰਨਾ ਇੱਕ ਵੱਡੀ ਚੁਣੌਤੀ ਰਹੇਗਾ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਤੋਂ ਇਲਾਵਾ, ਪੰਜਾਬ ਦੀ ਸਮਾਜਿਕ ਬਣਤਰ ਵਿੱਚ ਹਿੰਦੂ-ਸਿੱਖ ਭਾਈਚਾਰਕ ਸਾਂਝ ਇੰਨੀ ਗੂੜ੍ਹੀ ਹੈ ਕਿ ਇੱਥੇ 'ਵੋਟਾਂ ਦਾ ਧਰੁਵੀਕਰਨ' ਕਰਨਾ ਹਮੇਸ਼ਾ ਮੁਸ਼ਕਲ ਰਿਹਾ ਹੈ। ਭਾਜਪਾ ਦਾ ਵੋਟ ਫ਼ੀਸਦੀ 2022 (6.6%) ਦੇ ਮੁਕਾਬਲੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੱਧ ਕੇ 18.56% ਹੋਣਾ ਇਹ ਤਾਂ ਦਰਸਾਉਂਦਾ ਹੈ ਕਿ ਪਾਰਟੀ ਦਾ ਆਧਾਰ ਵਧ ਰਿਹਾ ਹੈ, ਪਰ ਵਿਧਾਨ ਸਭਾ ਵਿੱਚ ਬਹੁਮਤ ਤੱਕ ਪਹੁੰਚਣ ਲਈ ਇਹ ਅੰਕੜਾ ਅਜੇ ਬਹੁਤ ਦੂਰ ਹੈ।

ਪੰਜਾਬ ਦੀ ਸਿਆਸਤ ਇਸ ਵੇਲੇ ਇੱਕ ਅਹਿਮ ਮੋੜ 'ਤੇ ਹੈ। ਜਿੱਥੇ ਭਾਜਪਾ 'ਡਬਲ ਇੰਜਣ' ਸਰਕਾਰ ਦੇ ਸੁਪਨੇ ਦੇਖ ਰਹੀ ਹੈ, ਉੱਥੇ ਹੀ ਖੇਤਰੀ ਪਾਰਟੀਆਂ ਅਤੇ ਮੌਜੂਦਾ ਸੱਤਾਧਾਰੀ ਧਿਰ ਆਪ ਆਪਣਾ ਕਿਲ੍ਹਾ ਬਚਾਉਣ ਲਈ ਪੱਬਾਂ ਭਾਰ ਹਨ। ਪਰ ਪੰਜਾਬ ਦੀ ਰਾਜਨੀਤੀ ਵਿੱਚ ਖੇਤਰੀ ਪਾਰਟੀਆਂ (ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ) ਅਤੇ ਨਵੀਂ ਉਭਰੀ ਆਮ ਆਦਮੀ ਪਾਰਟੀ (ਆਪ) ਲਈ ਹਾਲਾਤ ਬੇਹੱਦ ਚੁਣੌਤੀਪੂਰਨ ਹੋ ਗਏ ਹਨ।

ਦਿੱਲੀ ਵਿੱਚ ਸੱਤਾ ਗੁਆਉਣ ਤੋਂ ਬਾਅਦ ਪੰਜਾਬ ਵਿੱਚ ਵੀ 'ਆਪ' ਦੀ ਸਥਿਤੀ ਡਾਵਾਂਡੋਲ ਨਜ਼ਰ ਆ ਰਹੀ ਹੈ। ਪਾਰਟੀ ਦੇ ਛੇ ਰਾਜ ਸਭਾ ਮੈਂਬਰਾਂ ਦਾ ਪਾਰਟੀ ਛੱਡਣਾ ਇਹ ਦਰਸਾਉਂਦਾ ਹੈ ਕਿ ਪਾਰਟੀ ਅੰਦਰ ਸਭ ਕੁਝ ਠੀਕ ਨਹੀਂ ਹੈ। ਦਿੱਲੀ ਦੀ ਹਾਰ ਦਾ ਅਸਰ ਪੰਜਾਬ ਦੇ ਵੋਟਰਾਂ 'ਤੇ ਪੈਣਾ ਲਾਜ਼ਮੀ ਹੈ।

ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਪਾਰਟੀ, ਅਕਾਲੀ ਦਲ, ਪਿਛਲੇ ਕਈ ਚੋਣਾਂ ਤੋਂ ਲਗਾਤਾਰ ਕਮਜ਼ੋਰ ਹੋ ਰਹੀ ਹੈ। ਦੇਸ਼ ਭਰ ਵਿੱਚ ਖੇਤਰੀ ਪਾਰਟੀਆਂ ਦੇ ਖਤਮ ਹੋਣ ਦੇ ਰੁਝਾਨ ਨੇ ਅਕਾਲੀ ਦਲ ਲਈ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਜੇਕਰ ਪਾਰਟੀ ਨੇ ਆਪਣੀ ਰਣਨੀਤੀ ਅਤੇ ਲੀਡਰਸ਼ਿਪ ਵਿੱਚ ਵੱਡੀ ਤਬਦੀਲੀ ਨਾ ਕੀਤੀ, ਤਾਂ ਪੰਜਾਬ ਵਿੱਚ ਵੀ 'ਬਾਈਪੋਲਰ' (ਭਾਜਪਾ ਬਨਾਮ ਕਾਂਗਰਸ) ਰਾਜਨੀਤੀ ਦਾ ਰਾਹ ਸਾਫ਼ ਹੋ ਸਕਦਾ ਹੈ।

ਬੰਗਾਲ ਅਤੇ ਬਿਹਾਰ ਵਾਂਗ ਭਾਜਪਾ ਹੁਣ ਪੰਜਾਬ ਵਿੱਚ ਵੀ ਇਕੱਲਿਆਂ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਖੇਤਰੀ ਪਾਰਟੀਆਂ ਦੇ ਕਮਜ਼ੋਰ ਹੋਣ ਦਾ ਸਿੱਧਾ ਫਾਇਦਾ ਭਾਜਪਾ ਨੂੰ ਮਿਲਣ ਦੀ ਸੰਭਾਵਨਾ ਹੈ, ਜੋ ਹੁਣ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ ਵੋਟ ਬੈਂਕ ਵਿੱਚ ਸੰਨ੍ਹ ਲਾ ਰਹੀ ਹੈ।

ਜਿਸ ਤਰ੍ਹਾਂ ਮਹਾਰਾਸ਼ਟਰ ਵਿੱਚ ਖੇਤਰੀ ਪਾਰਟੀਆਂ ਟੁੱਟ ਕੇ ਭਾਜਪਾ 'ਤੇ ਨਿਰਭਰ ਹੋ ਗਈਆਂ ਹਨ, ਪੰਜਾਬ ਵਿੱਚ ਵੀ ਅਜਿਹੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜੇਕਰ ਖੇਤਰੀ ਆਗੂ ਆਪਣਾ ਵੋਟ ਬੈਂਕ ਬਚਾਉਣ ਵਿੱਚ ਨਾਕਾਮ ਰਹਿੰਦੇ ਹਨ, ਤਾਂ ਪੰਜਾਬ ਵਿੱਚ ਵੀ 'ਖੇਤਰੀ ਰਾਜਨੀਤੀ' ਦਾ ਅੰਤ ਹੋ ਸਕਦਾ ਹੈ ਅਤੇ ਰਾਸ਼ਟਰੀ ਪਾਰਟੀਆਂ ਦਾ ਗਲਬਾ ਵਧ ਸਕਦਾ ਹੈ।

ਦੇਸ਼ ਭਰ ਵਿੱਚ ਚੱਲ ਰਹੀ 'ਰਾਸ਼ਟਰੀ ਨੈਰੇਟਿਵ' ਦੀ ਲਹਿਰ ਨੇ ਖੇਤਰੀ ਪਾਰਟੀਆਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਪੰਜਾਬ, ਜੋ ਹਮੇਸ਼ਾ ਆਪਣੀ ਵੱਖਰੀ ਸਿਆਸੀ ਪਛਾਣ ਲਈ ਜਾਣਿਆ ਜਾਂਦਾ ਸੀ, ਹੁਣ ਉਸੇ ਮੋੜ 'ਤੇ ਖੜ੍ਹਾ ਹੈ ਜਿੱਥੇ ਬੰਗਾਲ ਅਤੇ ਤਮਿਲਨਾਡੂ ਖੜ੍ਹੇ ਸਨ। ਆਉਣ ਵਾਲਾ ਸਮਾਂ ਪੰਜਾਬ ਦੀਆਂ ਖੇਤਰੀ ਪਾਰਟੀਆਂ ਲਈ ਸਭ ਤੋਂ ਵੱਡੀ ਪ੍ਰੀਖਿਆ ਸਾਬਤ ਹੋਵੇਗਾ।

ਅੰਤ ਵਿੱਚ, ਫੈਸਲਾ ਪੰਜਾਬ ਦੇ ਵੋਟਰਾਂ ਨੇ ਕਰਨਾ ਹੈ, ਜੋ ਹਮੇਸ਼ਾ ਦਿੱਲੀ ਦੀ ਸਿਆਸਤ ਨੂੰ ਆਪਣੇ ਵੱਖਰੇ ਅੰਦਾਜ਼ ਵਿੱਚ ਜਵਾਬ ਦੇਣ ਲਈ ਜਾਣੇ ਜਾਂਦੇ ਹਨ। ਭਾਜਪਾ ਲਈ ਸਿਰਫ਼ ਬਿਰਤਾਂਤ ਸਿਰਜਣਾ ਕਾਫੀ ਨਹੀਂ ਹੋਵੇਗਾ, ਉਸ ਨੂੰ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਜ਼ਮੀਨੀ ਪੱਧਰ 'ਤੇ ਵੱਡੇ ਅਤੇ ਹਾਂ-ਪੱਖੀ ਬਦਲਾਅ ਲਿਆਉਣੇ ਪੈਣਗੇ।

## ਵਿਧਾਨ ਸਭਾ ਚੋਣ ਨਤੀਜੇ 2026: ਪੱਛਮੀ ਬੰਗਾਲ 'ਚ ਭਾਜਪਾ ਦਾ ਇਤਿਹਾਸਕ ਉਭਾਰ, ਤਾਮਿਲਨਾਡੂ ਵਿਚ ਅਦਾਕਾਰ ਵਿਜੇ ਦੀ ਪਾਰਟੀ ਦਾ ਧਮਾਕੇਦਾਰ ਆਗਾਜ਼

ਕੋਲਕਾਤਾ/ਚੇਨਈ-ਭਾਰਤ ਦੇ ਰਾਜਨੀਤਿਕ ਨਕਸ਼ੇ 'ਤੇ ਅੱਜ ਇੱਕ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ। ਪੱਛਮੀ ਬੰਗਾਲ ਵਿੱਚ ਭਾਜਪਾ ਨੇ ਮਮਤਾ ਬੈਨਰਜੀ ਦੇ 15 ਸਾਲਾਂ ਦੇ ਸ਼ਾਸਨ ਨੂੰ ਖਤਮ ਕਰਦਿਆਂ ਇਤਿਹਾਸਕ ਜਿੱਤ ਦਰਜ ਕੀਤੀ ਹੈ। ਆਜ਼ਾਦੀ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਸੂਬੇ ਵਿੱਚ ਭਾਜਪਾ ਦੀ ਸਰਕਾਰ ਬਣਨ ਜਾ ਰਹੀ ਹੈ। ਦੂਜੇ ਪਾਸੇ, ਤਾਮਿਲਨਾਡੂ ਵਿੱਚ ਅਦਾਕਾਰ ਤੋਂ ਸਿਆਸਤਦਾਨ ਬਣੇ ਵਿਜੇ ਦੀ ਪਾਰਟੀ ਟੀਵੀਕੇ ਨੇ ਸਾਰੀਆਂ ਰਵਾਇਤੀ ਪਾਰਟੀਆਂ ਨੂੰ ਪਛਾੜਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।

ਪੱਛਮੀ ਬੰਗਾਲ: 'ਦੀਦੀ' ਦੇ ਕਿਲ੍ਹੇ ਵਿਚ ਸੰਨ੍ਹ-ਪੱਛਮੀ ਬੰਗਾਲ ਦੀਆਂ 294 ਵਿਧਾਨ ਸਭਾ ਸੀਟਾਂ ਵਿੱਚੋਂ ਭਾਜਪਾ ਨੇ 206 ਸੀਟਾਂ 'ਤੇ ਜਿੱਤ ਹਾਸਿਲ ਕਰਕੇ ਸਪੱਸ਼ਟ ਬਹੁਮਤ ਪ੍ਰਾਪਤ ਕਰ ਲਿਆ ਹੈ। ਤ੍ਰਿਣਮੂਲ ਕਾਂਗਰਸ ਸਿਰਫ਼ 81 ਸੀਟਾਂ ਤੱਕ ਸਿਮਟ ਕੇ ਰਹਿ ਗਈ ਹੈ। ਕਾਂਗਰਸ ਨੂੰ 2, ਏਜੇਯੂਪੀ ਨੂੰ 2, ਅਤੇ ਖੱਬੇ ਪੱਖੀਆਂ ਨੂੰ ਸਿਰਫ਼ 1 ਸੀਟ ਮਿਲੀ ਹੈ। ਵੋਟਾਂ ਦੀ ਗਿਣਤੀ ਤੋਂ ਪਹਿਲਾਂ ਸਟਰਾਂਗ ਰੂਮਾਂ ਦੇ ਬਾਹਰ ਟੀਐਮਸੀ ਅਤੇ ਭਾਜਪਾ ਵਰਕਰਾਂ ਵਿਚਾਲੇ ਭਾਰੀ ਟਕਰਾਅ ਦੇਖਣ ਨੂੰ ਮਿਲਿਆ, ਜਿਸ ਕਾਰਨ 2.5 ਲੱਖ ਕੇਂਦਰੀ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਸਨ।

ਤਾਮਿਲਨਾਡੂ: 'ਥਲਪਤੀ' ਵਿਜੇ ਦਾ ਚਮਤਕਾਰ-ਤਾਮਿਲਨਾਡੂ ਦੀ ਸਿਆਸਤ ਵਿੱਚ ਅੱਜ ਇੱਕ ਨਵਾਂ ਸੂਰਜ ਉਗਿਆ ਹੈ। ਅਦਾਕਾਰ ਵਿਜੇ ਦੀ ਪਾਰਟੀ ਟੀਵੀਕੇ (ਤਮਿਲਗਾ ਵੇਟਰੀ ਕਜ਼ਗਮ) 234 ਵਿੱਚੋਂ 107 ਸੀਟਾਂ ਜਿੱਤ ਕੇ ਸੂਬੇ ਦੀ ਸਭ ਤੋਂ ਵੱਡੀ ਪਾਰਟੀ ਬਣ ਗਈ ਹੈ। ਡੀਐਮਕੇ 60 ਤੇ ਏਆਈਏਡੀਐਮਕੇ 47 ਸੀਟਾਂ 'ਤੇ ਰਹਿ ਗਈਆਂ। ਇਹ ਨਤੀਜਾ ਦਰਸਾਉਂਦਾ ਹੈ ਕਿ ਸੂਬੇ ਦੇ ਲੋਕਾਂ ਨੇ ਰਵਾਇਤੀ ਦ੍ਰਾਵਿੜ ਪਾਰਟੀਆਂ ਤੋਂ ਹਟ ਕੇ ਨਵੇਂ ਵਿਕਲਪ ਨੂੰ ਚੁਣਿਆ ਹੈ।

ਅਸਾਮ ਵਿੱਚ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਦੀ ਅਗਵਾਈ ਹੇਠ ਐਨਡੀਏ ਨੇ ਲਗਾਤਾਰ ਤੀਜੀ ਵਾਰ ਸੱਤਾ 'ਤੇ ਕਬਜ਼ਾ ਕੀਤਾ ਹੈ। 126 ਸੀਟਾਂ ਵਿੱਚੋਂ ਐਨਡੀਏ ਨੇ 102 ਸੀਟਾਂ (ਭਾਜਪਾ-82, ਬੀਪੀਐਫ-10, ਏਜੀਪੀ-10) ਜਿੱਤ ਕੇ ਦੋ-ਤਿਹਾਈ ਬਹੁਮਤ ਹਾਸਿਲ ਕੀਤਾ। ਕਾਂਗਰਸ ਦੇ ਸੂਬਾ ਪ੍ਰਧਾਨ ਗੌਰਵ ਗੋਗੋਈ ਜੋਰਹਾਟ ਤੋਂ ਆਪਣੀ ਚੋਣ ਹਾਰ ਗਏ ਹਨ।

ਕੇਰਲ ਵਿੱਚ ਖੱਬੇ ਪੱਖੀਆਂ ਦਾ ਆਖਰੀ ਗੜ੍ਹ ਵੀ ਢਹਿ ਗਿਆ ਹੈ। ਕਾਂਗਰਸ ਦੀ ਅਗਵਾਈ ਵਾਲੇ ਯੂਡੀਐਫ ਨੇ 102 ਸੀਟਾਂ ਜਿੱਤ ਕੇ ਸੱਤਾ ਵਿਚ ਵਾਪਸੀ ਕੀਤੀ ਹੈ। ਮੁੱਖ ਮੰਤਰੀ ਪਿਨਾਰਾਈ ਵਿਜਯਨ ਦੀ ਕੈਬਨਿਟ ਦੇ 21 ਵਿੱਚੋਂ 13 ਮੰਤਰੀ ਆਪਣੀਆਂ ਸੀਟਾਂ ਹਾਰ ਗਏ ਹਨ, ਜਿਨ੍ਹਾਂ ਵਿੱਚ ਸਿਹਤ ਮੰਤਰੀ ਵੀਣਾ ਜਾਰਜ ਅਤੇ ਸਿੱਖਿਆ ਮੰਤਰੀ ਵੀ. ਸ਼ਿਵਨਕੁੱਟੀ ਵਰਗੇ ਵੱਡੇ ਨਾਮ ਸ਼ਾਮਿਲ ਹਨ।

ਪੁਡੂਚੇਰੀ ਵਿੱਚ ਵੀ ਐਨਡੀਏ (ਏਆਈਐਨਆਰਸੀ 12, ਭਾਜਪਾ 4) ਨੇ ਜਿੱਤ ਦਰਜ ਕੀਤੀ ਹੈ। ਇੱਥੇ ਵੀ ਵਿਜੇ ਦੀ ਪਾਰਟੀ ਟੀਵੀਕੇ ਨੇ 2 ਸੀਟਾਂ ਜਿੱਤ ਕੇ ਆਪਣੀ ਮੌਜੂਦਗੀ ਦਰਜ ਕਰਵਾਈ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਨਤੀਜੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਲਈ ਇੱਕ ਵੱਡੀ ਜਿੱਤ ਹਨ, ਖਾਸ ਕਰਕੇ ਬੰਗਾਲ ਵਿੱਚ। ਉੱਥੇ ਹੀ ਦੱਖਣ ਭਾਰਤ ਵਿੱਚ ਅਦਾਕਾਰ ਵਿਜੇ ਦਾ ਉਭਾਰ ਆਉਣ ਵਾਲੇ ਸਮੇਂ ਦੀ ਸਿਆਸਤ ਨੂੰ ਇੱਕ ਨਵਾਂ ਮੋੜ ਦੇਵੇਗਾ।

# ਕੀ 2027 ਤੋਂ ਪਹਿਲਾਂ ਹੀ 'ਕਮਲ' ਖਿੜਾਉਣ ਦੀ ਤਿਆਰੀ ਵਿਚ ਹੈ ਭਾਜਪਾ ?

**ਖਾਸ ਖ਼ਬਰ** ✪ ਕੀ ਰਾਘਵ ਚੱਢਾ ਦੀ 'ਉਡਾਣ' ਭਾਜਪਾ ਲਈ ਸੱਤਾ ਦਾ ਰਾਹ ਬਣੇਗੀ ? ✪ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਲੈਣ ਲਈ ਭਾਜਪਾ ਦਾ ਹਰਿਆਣਾ ਮਾਡਲ ਮਾਸਟਰ ਪਲਾਨ !






ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਇੱਕ ਵੱਡਾ ਭੂਚਾਲ ਆਇਆ ਹੋਇਆ ਹੈ। ਹਾਲ ਹੀ ਵਿੱਚ ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰਾਂ, ਜਿਨ੍ਹਾਂ ਵਿੱਚ ਰਾਘਵ ਚੱਢਾ ਵਰਗੇ ਦਿੱਗਜ ਸ਼ਾਮਲ ਹਨ, ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਇਹ ਸਵਾਲ ਗੰਭੀਰ ਹੋ ਗਿਆ ਹੈ ਕਿ ਕੀ ਭਾਜਪਾ ਚੋਣਾਂ ਤੋਂ ਪਹਿਲਾਂ ਹੀ ਕੋਈ ਵੱਡਾ ਉਲਟਫੇਰ ਕਰ ਸਕਦੀ ਹੈ ? ਇਸੇ ਕਾਰਣ ਹਾਲ ਹੀ ਵਿੱਚ (1 ਮਈ 2026) ਮੁੱਖ ਮੰਤਰੀ ਭਗਵੰਤ ਮਾਨ ਨੂੰ ਵਿਧਾਨ ਸਭਾ ਵਿੱਚ ਭਰੋਸੇ ਦਾ ਵੋਟ ਪੇਸ਼ ਕਰਨਾ ਪਿਆ ਹਸੀ।

ਭਗਵੰਤ ਮਾਨ ਨੇ 88 ਵਿਧਾਇਕਾਂ ਦੇ ਸਮਰਥਨ ਨਾਲ ਭਰੋਸੇ ਦਾ ਵੋਟ ਜਿੱਤ ਲਿਆ ਹੈ ਅਤੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਇੱਕਜੁੱਟ ਹੈ ਭਾਵੇਂ ਵਿਧਾਨ ਸਭਾ ਵਿੱਚ 'ਆਪ' ਕੋਲ 94 ਵਿਧਾਇਕ ਹਨ, ਪਰ ਰਾਜ ਸਭਾ ਮੈਂਬਰਾਂ ਦੇ ਦਲ-ਬਦਲ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਅੰਦਰੂਨੀ ਤੌਰ 'ਤੇ ਸਭ ਕੁਝ ਠੀਕ ਨਹੀਂ ਹੈ। ਕਈ ਵਿਧਾਇਕ 'ਦਿੱਲੀ ਦੀ ਟੀਮ' ਦੇ ਦਖਲ ਤੋਂ ਦੁਖੀ ਹਨ। ਜੇਕਰ ਭਾਜਪਾ ਨੇ 'ਆਪਰੇਸ਼ਨ ਲੋਟਸ' ਨੂੰ ਤੇਜ਼ ਕੀਤਾ, ਤਾਂ ਕੁਝ ਹੋਰ ਵਿਧਾਇਕਾਂ ਦਾ ਟੁੱਟਣਾ ਅਸੰਭਵ ਨਹੀਂ ਹੈ।

ਸਿਆਸੀ ਮਾਹਿਰਾਂ ਅਨੁਸਾਰ, ਭਾਜਪਾ 'ਅੰਮ੍ਰਿਤ ਕਾਲ' ਵਿੱਚ ਸੱਤਾ ਪ੍ਰਾਪਤੀ ਲਈ ਆਪਣੀ ਖਾਸ ਰਣਨੀਤੀ (ਬਲੂ ਬੁੱਕ) 'ਤੇ ਕੰਮ ਕਰ ਰਹੀ ਹੈ।

* ਭਾਜਪਾ ਹਰ ਰਾਜ ਵਿੱਚ ਕੇਂਦਰ ਅਤੇ ਰਾਜ ਦੀ ਸਾਂਝੀ ਸਰਕਾਰ ਦਾ ਸੰਕਲਪ ਪੂਰਾ ਕਰਨਾ ਚਾਹੁੰਦੀ ਹੈ।
* ਰਾਜਪਾਲ ਦਾ ਸਹਿਯੋਗ, ਕੇਂਦਰੀ ਏਜੰਸੀਆਂ ਦੀ ਸਰਗਰਮੀ ਅਤੇ ਵਿਰੋਧੀ ਧਿਰਾਂ ਦੇ ਫੰਡਾਂ 'ਤੇ ਰੋਕ ਲਗਾਉਣਾ ਚਾਹੁੰਦੀ ਹੈ।
* ਦੂਜੀਆਂ ਪਾਰਟੀਆਂ ਦੇ ਅਭਿਲਾਸ਼ੀ ਆਗੂਆਂ ਨੂੰ ਆਪਣੇ ਵੱਲ ਖਿੱਚ ਕੇ ਵਿਰੋਧੀ ਧਿਰ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ 2022 ਵਿੱਚ ਅਰਵਿੰਦ ਕੇਜਰੀਵਾਲ ਵੱਲੋਂ ਕੀਤੀਆਂ ਗਈਆਂ ਗਾਰੰਟੀਆਂ ਧਰਾਤਲ 'ਤੇ ਪੂਰੀਆਂ ਹੁੰਦੀਆਂ ਨਹੀਂ ਦਿਖ ਰਹੀਆਂ।

* ਸੂਬੇ ਵਿੱਚ ਵਧ ਰਹੀਆਂ ਹੱਤਿਆਵਾਂ ਅਤੇ ਗੈਂਗਸਟਰ ਕਲਚਰ ਕਾਰਨ ਜਨਤਾ ਦਾ ਵਿਸ਼ਵਾਸ ਡਗਮਗਾ ਰਿਹਾ ਹੈ।
* ਪੰਜਾਬ ਦੇ ਪ੍ਰਸ਼ਾਸਨ ਵਿੱਚ ਦਿੱਲੀ ਦੀ ਟੀਮ ਦੇ ਕੰਟਰੋਲ ਕਾਰਨ ਸਥਾਨਕ ਵਿਧਾਇਕਾਂ ਅਤੇ ਅਧਿਕਾਰੀਆਂ ਵਿੱਚ ਭਾਰੀ ਰੋਸ ਹੈ।
* ਨਵੀਂ ਖੇਤੀ ਨੀਤੀ ਦੀ ਘਾਟ ਅਤੇ ਫਸਲਾਂ ਦੀ ਖਰੀਦ ਵਿੱਚ ਸੁਧਾਰ ਨਾ ਹੋਣਾ ਕਿਸਾਨਾਂ ਵਿੱਚ ਨਿਰਾਸ਼ਾ ਪੈਦਾ ਕਰ ਰਿਹਾ ਹੈ।

### ਭਾਜਪਾ ਲਈ ਰਾਹ ਕਿੰਨਾ ਆਸਾਨ ਜਾਂ ਮੁਸ਼ਕਲ ?

ਹਾਲਾਂਕਿ ਭਾਜਪਾ ਪੰਜਾਬ ਵਿੱਚ ਇੱਕ ਮਜ਼ਬੂਤ ਵਿਕਲਪ ਵਜੋਂ ਉਭਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਉਸ ਦੇ ਰਾਹ ਵਿੱਚ ਕੁਝ ਵੱਡੇ ਰੋੜੇ ਹਨ।

* ਪੰਜਾਬ ਦਾ ਕਿਸਾਨ ਅਜੇ ਵੀ ਭਾਜਪਾ ਨੂੰ ਪੂਰੀ ਤਰ੍ਹਾਂ ਅਪਣਾਉਣ ਲਈ ਤਿਆਰ ਨਹੀਂ ਹੈ।
* ਭਾਜਪਾ ਪੰਜਾਬ ਵਿੱਚ ਵੀ ਹਰਿਆਣਾ ਵਾਂਗ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਵਰਗੇ ਵਾਅਦੇ ਕਰਕੇ ਕਿਸਾਨਾਂ ਨੂੰ ਰੀਝਾਉਣ ਦੀ ਕੋਸ਼ਿਸ਼ ਕਰ ਸਕਦੀ ਹੈ।
* ਰਾਘਵ ਚੱਢਾ ਅਤੇ ਰਵਨੀਤ ਬਿੱਟੂ ਵਰਗੇ ਆਗੂਆਂ ਦੇ ਆਉਣ ਨਾਲ ਭਾਜਪਾ ਕੋਲ ਹੁਣ ਪੰਜਾਬ ਵਿੱਚ ਜਾਣੇ-ਪਛਾਣੇ ਚਿਹਰੇ ਹਨ।

ਵਰਤਮਾਨ ਹਾਲਾਤ ਦੱਸਦੇ ਹਨ ਕਿ ਭਾਜਪਾ ਪੰਜਾਬ ਵਿੱਚ ਸਿਰਫ਼ 2027 ਦੀਆਂ ਚੋਣਾਂ ਦਾ ਇੰਤਜ਼ਾਰ ਨਹੀਂ ਕਰ ਰਹੀ, ਸਗੋਂ ਉਹ 'ਆਪ' ਸਰਕਾਰ ਦੇ ਅੰਦਰੂਨੀ ਕਲੇਸ਼ ਅਤੇ ਲੋਕਾਂ ਦੀ ਨਿਰਾਸ਼ਾ ਦਾ ਫਾਇਦਾ ਉਠਾ ਕੇ ਚੋਣਾਂ ਤੋਂ ਪਹਿਲਾਂ ਹੀ ਆਪਣੀ ਸਥਿਤੀ ਮਜ਼ਬੂਤ ਕਰਨ ਦੀ ਫਿਰਾਕ ਵਿੱਚ ਹੈ। ਜੇਕਰ 'ਆਪ' ਦੇ ਹੋਰ ਵਿਧਾਇਕ ਟੁੱਟਦੇ ਹਨ, ਤਾਂ ਪੰਜਾਬ ਵਿੱਚ ਸਿਆਸੀ ਤਖਤਾਪਲਟ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

## ਕੀ ਭਾਜਪਾ ਅਕਾਲੀ ਦਲ (ਬਾਦਲ) ਨਾਲ ਸਮਝੌਤਾ ਕਰੇਗੀ ?

ਵਰਤਮਾਨ ਸਥਿਤੀ ਅਨੁਸਾਰ ਭਾਜਪਾ ਨੇ ਸਪੱਸ਼ਟ ਸੰਕੇਤ ਦਿੱਤੇ ਹਨ ਕਿ ਉਹ ਪੰਜਾਬ ਵਿੱਚ 'ਇਕੱਲੇ' ਚੋਣ ਲੜਨ ਦੀ ਤਿਆਰੀ ਕਰ ਰਹੀ ਹੈ। ਸ਼ਹਿਰੀ ਵੋਟਰ ਅਤੇ ਉਹ ਲੋਕ ਜੋ 'ਆਪ' ਜਾਂ ਕਾਂਗਰਸ ਤੋਂ ਨਿਰਾਸ਼ ਹਨ, ਉਹ ਇੱਕ 'ਮਜ਼ਬੂਤ ਕੇਂਦਰੀ ਬਦਲ' ਵਜੋਂ ਭਾਜਪਾ ਵਲ ਦੇਖ ਸਕਦੇ ਹਨ। 2024 ਦੀਆਂ ਚੋਣਾਂ ਵਿੱਚ ਭਾਜਪਾ ਦਾ ਵੋਟ ਪ੍ਰਤੀਸ਼ਤ (ਲਗਭਗ 19%) ਵਧਿਆ ਸੀ, ਜੋ ਦੱਸਦਾ ਹੈ ਕਿ ਉਸ ਦਾ ਅਧਾਰ ਵਧ ਰਿਹਾ ਹੈ।

ਭਾਜਪਾ ਹੁਣ ਅਕਾਲੀ ਦਲ ਦੇ 'ਛੋਟੇ ਭਰਾ' ਵਜੋਂ 23 ਸੀਟਾਂ 'ਤੇ ਲੜਨ ਲਈ ਤਿਆਰ ਨਹੀਂ ਹੈ। ਅਮਿਤ ਸ਼ਾਹ ਅਤੇ ਭਾਜਪਾ ਦੇ ਸੂਬਾ ਪ੍ਰਧਾਨਾਂ ਨੇ ਵਾਰ-ਵਾਰ ਕਿਹਾ ਹੈ ਕਿ ਪਾਰਟੀ 2027 ਦੀਆਂ ਚੋਣਾਂ ਵਿੱਚ ਆਪਣੇ ਦਮ 'ਤੇ ਸਰਕਾਰ ਬਣਾਉਣ ਦਾ ਟੀਚਾ ਰੱਖ ਰਹੀ ਹੈ। ਅਕਾਲੀ ਦਲ ਇਸ ਵੇਲੇ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਹਾਲਾਂਕਿ ਰਾਜਨੀਤੀ ਵਿੱਚ 'ਕਦੇ ਵੀ ਨਾ' ਨਹੀਂ ਕਿਹਾ ਜਾ ਸਕਦਾ, ਪਰ ਫਿਲਹਾਲ ਭਾਜਪਾ, ਅਕਾਲੀ ਦਲ ਨਾਲ ਗੱਠਜੋੜ ਕਰਕੇ ਕਿਸਾਨੀ ਗੁੱਸੇ ਨੂੰ ਮੁੜ ਸਹੇੜਨ ਦੀ ਬਜਾਏ ਨਵੇਂ ਚਿਹਰਿਆਂ (ਜਿਵੇਂ ਰਵਨੀਤ ਬਿੱਟੂ, ਰਾਘਵ ਚੱਢਾ) ਰਾਹੀਂ ਆਪਣਾ ਆਧਾਰ ਵਧਾਉਣ 'ਤੇ ਜ਼ੋਰ ਦੇ ਰਹੀ ਹੈ। ਭਾਜਪਾ ਪੰਜਾਬ ਲਈ ਇੱਕ 'ਨਵਾਂ ਏਜੰਡਾ' ਪੇਸ਼ ਕਰ ਰਹੀ ਹੈ। ਅਮਿਤ ਸ਼ਾਹ ਨੇ ਪੰਜਾਬ ਵਿੱਚ ਨਸ਼ਿਆਂ ਨੂੰ ਸਭ ਤੋਂ ਵੱਡਾ ਚੋਣ ਮੁੱਦਾ ਬਣਾਇਆ ਹੈ ਅਤੇ ਸਰਹੱਦੀ ਸੁਰੱਖਿਆ ਦੇ ਨਾਮ 'ਤੇ ਕੇਂਦਰੀ ਦਖਲ ਵਧਾਉਣ ਦੀ ਗੱਲ ਕੀਤੀ ਹੈ। ਭਾਜਪਾ ਦਾ ਦਾਅਵਾ ਹੈ ਕਿ ਕੇਂਦਰ ਅਤੇ ਰਾਜ ਵਿੱਚ ਇੱਕੋ ਸਰਕਾਰ ਹੋਣ ਨਾਲ ਪੰਜਾਬ ਦੀ ਆਰਥਿਕਤਾ (ਜੋ ਕਰਜ਼ੇ ਹੇਠ ਦੱਬੀ ਹੈ) ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ। ਭਾਜਪਾ ਸਵਾਮੀਨਾਥਨ ਰਿਪੋਰਟ ਦੀਆਂ ਕੁਝ ਸਿਫਾਰਸ਼ਾਂ ਅਤੇ ਫਸਲਾਂ ਦੇ ਵਿਭਿੰਨਤਾ ਲਈ ਵਿਸ਼ੇਸ਼ ਪੈਕੇਜਾਂ ਰਾਹੀਂ ਕਿਸਾਨਾਂ ਨੂੰ ਰੀਝਾਉਣ ਦੀ ਕੋਸ਼ਿਸ਼ ਕਰ ਸਕਦੀ ਹੈ। ਕਰਤਾਰਪੁਰ ਸਾਹਿਬ ਲਾਂਘੇ ਅਤੇ ਸਿੱਖ ਇਤਿਹਾਸ ਨਾਲ ਜੁੜੇ ਪ੍ਰੋਜੈਕਟਾਂ ਰਾਹੀਂ ਸਿੱਖ ਵੋਟਰਾਂ ਤੱਕ ਪਹੁੰਚ ਕਰੇਗੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਪੰਜਾਬ ਵਿੱਚ ਇੱਕ 'ਸਿਆਸੀ ਸਰਜੀਕਲ ਸਟ੍ਰਾਈਕ' ਦੇ ਮੋਡ ਵਿੱਚ ਹੈ। ਉਹ 'ਆਪ' ਨੂੰ ਅੰਦਰੋਂ ਕਮਜ਼ੋਰ ਕਰਕੇ ਅਤੇ ਕਿਸਾਨਾਂ ਨੂੰ ਨਵੀਆਂ ਨੀਤੀਆਂ ਦਾ ਲਾਲਚ ਦੇ ਕੇ ਸੱਤਾ ਤੱਕ ਪਹੁੰਚਣਾ ਚਾਹੁੰਦੀ ਹੈ। ਪਰ ਪੰਜਾਬ ਦੀ ਧਰਤੀ ਦਾ ਸੁਭਾਅ ਹਮੇਸ਼ਾ ਰਵਾਇਤੀ ਰਾਜਨੀਤੀ ਨੂੰ ਉਲਟਾਉਣ ਵਾਲਾ ਰਿਹਾ ਹੈ, ਇਸ ਲਈ ਭਾਜਪਾ ਲਈ ਇਹ ਰਾਹ ਇੰਨਾ ਸੌਖਾ ਨਹੀਂ ਹੋਵੇਗਾ।

# ਸਿੱਧੂ ਮੂਸੇਵਾਲਾ ਕਤਲ ਕੇਸ: ਅਦਾਲਤ ਵਿੱਚ 3 ਗਵਾਹਾਂ ਦੇ ਬਿਆਨ ਦਰਜ, ਜੀਵਨ ਜੋਤ ਨੂੰ ਮਿਲੀ ਕਲੀਨ ਚਿੱਟ

ਮਾਨਸਾ-ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ (ਸਿੱਧੂ ਮੂਸੇਵਾਲਾ) ਕਤਲ ਮਾਮਲੇ ਵਿੱਚ ਇਨਸਾਫ਼ ਦੀ ਕਾਰਵਾਈ ਲਗਾਤਾਰ ਜਾਰੀ ਹੈ। ਬੀਤੇ ਦਿਨ (1 ਮਈ 2026) ਮਾਨਸਾ ਦੀ ਅਦਾਲਤ ਵਿੱਚ ਇਸ ਕੇਸ ਦੀ ਅਹਿਮ ਸੁਣਵਾਈ ਹੋਈ, ਜਿਸ ਵਿੱਚ ਕੇਸ ਨਾਲ ਜੁੜੇ ਕਈ ਮਹੱਤਵਪੂਰਨ ਮੋੜ ਸਾਹਮਣੇ ਆਏ ਹਨ। ਸੁਣਵਾਈ ਦੌਰਾਨ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਵਿਸ਼ੇਸ਼ ਤੌਰ 'ਤੇ ਅਦਾਲਤ ਵਿੱਚ ਮੌਜੂਦ ਰਹੇ। ਵਕੀਲ ਸਤਿੰਦਰ ਪਾਲ ਸਿੰਘ ਮਿੱਤਲ ਅਨੁਸਾਰ, ਦੋ ਗਵਾਹਾਂ ਦੀ ਗਵਾਹੀ ਪ੍ਰਕਿਰਿਆ ਮੁਕੰਮਲ ਹੋ ਗਈ ਹੈ। ਇੱਕ ਗਵਾਹ ਦੀ ਗਵਾਹੀ ਅਜੇ ਅਧੂਰੀ ਹੈ, ਜਿਸ ਕਾਰਨ ਉਸ ਨੂੰ ਅਗਲੀ ਤਾਰੀਖ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਸੁਣਵਾਈ ਦਾ ਸਭ ਤੋਂ ਅਹਿਮ ਪਹਿਲੂ ਪੁਲਿਸ ਵੱਲੋਂ ਪੇਸ਼ ਕੀਤੀ ਗਈ ਸਟੇਟਸ ਰਿਪੋਰਟ ਰਹੀ। ਪਿਛਲੀ ਸੁਣਵਾਈ 'ਤੇ ਅਦਾਲਤ ਨੇ ਜੀਵਨ ਜੋਤ ਅਤੇ ਜੁਗਨੂ ਸਮੇਤ ਚਾਰ ਵਿਅਕਤੀਆਂ ਬਾਰੇ ਰਿਪੋਰਟ ਤਲਬ ਕੀਤੀ ਸੀ। ਮਾਨਸਾ ਸਿਟੀ ਪੁਲਿਸ ਵੱਲੋਂ ਪੇਸ਼ ਰਿਪੋਰਟ ਵਿੱਚ ਦੱਸਿਆ ਗਿਆ ਕਿ ਜੀਵਨ ਜੋਤ ਵਿਰੁੱਧ ਕੋਈ ਪੁਖਤਾ ਸਬੂਤ ਨਹੀਂ ਮਿਲੇ ਹਨ, ਜਿਸ ਦੇ ਚੱਲਦਿਆਂ ਅਦਾਲਤ ਨੇ ਉਸ ਨੂੰ ਇਸ ਮਾਮਲੇ ਵਿੱਚ ਬੇਗੁਨਾਹ ਕਰਾਰ ਦਿੰਦਿਆਂ ਕਲੀਨ ਚਿੱਟ ਦੇ ਦਿੱਤੀ ਹੈ। ਅਦਾਲਤ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਅਤੇ ਗਵਾਹਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਮਾਮਲੇ ਦੀ ਅਗਲੀ ਸੁਣਵਾਈ 22 ਮਈ 2026 ਲਈ ਤੈਅ ਕੀਤੀ ਹੈ। ਉਮੀਦ ਜਤਾਈ ਜਾ ਰਹੀ ਹੈ ਕਿ ਅਗਲੀ ਪੇਸ਼ੀ 'ਤੇ ਬਾਕੀ ਰਹਿੰਦੇ ਗਵਾਹਾਂ ਦੇ ਬਿਆਨਾਂ 'ਤੇ ਕਾਰਵਾਈ ਅੱਗੇ ਵਧੇਗੀ।

# ਕੀ ਇਰਾਨ ਤੇ ਅਮਰੀਕਾ ਦੀ ਜੰਗ ਦੁਬਾਰਾ ਛਿੜੇਗੀ ?

## ✪ ਟਰੰਪ ਨੇ ਈਰਾਨ ਦੀ ਸ਼ਾਂਤੀ ਪੇਸ਼ਕਸ਼ ਨੂੰ ਠੁਕਰਾਇਆ; ਮੱਧ ਪੂਰਬ ਵਿੱਚ ਜੰਗ ਦੇ ਬੱਦਲ ਹੋਰ ਗੂੜ੍ਹੇ

ਵਾਸ਼ਿੰਗਟਨ/ਤਹਿਰਾਨ-ਮੱਧ ਪੂਰਬ ਵਿੱਚ ਸ਼ਾਂਤੀ ਦੀਆਂ ਉਮੀਦਾਂ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਵੱਲੋਂ ਭੇਜੀ ਗਈ 14-ਨੁਕਾਤੀ ਸ਼ਾਂਤੀ ਯੋਜਨਾ ਨੂੰ ਰੱਦ ਕਰ ਦਿੱਤਾ। ਟਰੰਪ ਦੇ ਇਸ ਸਖ਼ਤ ਫੈਸਲੇ ਨੇ ਖੇਤਰ ਵਿੱਚ ਤਣਾਅ ਨੂੰ ਇੱਕ ਨਵੇਂ ਅਤੇ ਖ਼ਤਰਨਾਕ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ। ਈਰਾਨ ਨੇ ਜੰਗ ਨੂੰ ਰੋਕਣ ਅਤੇ ਸਥਾਈ ਸ਼ਾਂਤੀ ਲਈ ਇੱਕ ਵਿਆਪਕ ਯੋਜਨਾ ਪੇਸ਼ ਕੀਤੀ ਸੀ, ਜਿਸ ਵਿੱਚ ਮੁੱਖ ਤੌਰ 'ਤੇ ਤਿੰਨ ਗੱਲਾਂ ਸ਼ਾਮਲ ਸਨ:

* 30 ਦਿਨਾਂ ਦੇ ਅੰਦਰ ਜੰਗ ਰੋਕਣਾ ਅਤੇ ਵਪਾਰ ਲਈ ਅਹਿਮ 'ਸਟ੍ਰੇਟ ਆਫ ਹਾਰਮੁਜ਼' ਨੂੰ ਖੋਲ੍ਹਣਾ।

* ਯੂਰੇਨੀਅਮ ਨੂੰ ਸਾਫ਼ ਕਰਨ (Enrichment) 'ਤੇ 15 ਸਾਲਾਂ ਲਈ ਰੋਕ ਲਗਾਉਣਾ। ਕੁਦਰਤੀ ਤੌਰ 'ਤੇ ਮਿਲਣ ਵਾਲੇ ਯੂਰੇਨੀਅਮ ਵਿੱਚ U-235 ਨਾਮਕ ਤੱਤ ਦੀ ਮਾਤਰਾ ਬਹੁਤ ਘੱਟ (ਲਗਭਗ 0.7%) ਹੁੰਦੀ ਹੈ। ਇਹ ਉਹੀ ਤੱਤ ਹੈ ਜੋ ਊਰਜਾ ਪੈਦਾ ਕਰਨ ਜਾਂ ਧਮਾਕਾ ਕਰਨ ਦੇ ਕੰਮ ਆਉਂਦਾ ਹੈ। ਇਸ ਦੀ ਮਾਤਰਾ ਨੂੰ ਵਧਾਉਣ ਦੀ ਪ੍ਰਕਿਰਿਆ ਨੂੰ ਹੀ 'ਇਨਰਿਚਮੈਂਟ' ਜਾਂ 'ਸਾਫ਼ ਕਰਨਾ' ਕਿਹਾ ਜਾਂਦਾ ਹੈ।



ਜੇਕਰ ਯੂਰੇਨੀਅਮ ਨੂੰ 3% ਤੋਂ 5% ਤੱਕ ਸਾਫ਼ ਕੀਤਾ ਜਾਵੇ, ਤਾਂ ਇਹ ਪ੍ਰਮਾਣੂ ਰਿਐਕਟਰਾਂ ਵਿੱਚ ਬਿਜਲੀ ਬਣਾਉਣ ਦੇ ਕੰਮ ਆਉਂਦਾ ਹੈ। ਜੇਕਰ ਇਸ ਨੂੰ 90% ਜਾਂ ਇਸ ਤੋਂ ਵੱਧ ਸਾਫ਼ ਕਰ ਦਿੱਤਾ ਜਾਵੇ, ਤਾਂ ਇਹ ਪ੍ਰਮਾਣੂ ਬੰਬ (Nuclear Bomb) ਬਣਾਉਣ ਦੇ ਕਾਬਲ ਹੋ ਜਾਂਦਾ ਹੈ।

ਈਰਾਨ ਨੇ ਆਪਣੇ ਪ੍ਰਸਤਾਵ ਵਿੱਚ ਇਹ ਕਿਹਾ ਸੀ ਕਿ ਉਹ ਅਗਲੇ 15 ਸਾਲਾਂ ਤੱਕ ਯੂਰੇਨੀਅਮ ਨੂੰ ਉਸ ਪੱਧਰ ਤੱਕ ਸਾਫ਼ ਨਹੀਂ ਕਰੇਗਾ ਜਿੱਥੋਂ ਬੰਬ ਬਣਾਇਆ ਜਾ ਸਕੇ।

* ਅਰਬ ਦੇਸ਼ਾਂ ਨਾਲ ਮਿਲ ਕੇ ਸੁਰੱਖਿਆ ਲਈ ਸਾਂਝਾ ਢਾਂਚਾ ਤਿਆਰ ਕਰਨਾ।

ਅਮਰੀਕੀ ਰਾਸ਼ਟਰਪਤੀ ਨੇ ਸਪੱਸ਼ਟ ਕੀਤਾ ਹੈ ਕਿ ਉਹ ਈਰਾਨ ਦੀਆਂ ਸ਼ਰਤਾਂ ਅੱਗੇ ਨਹੀਂ ਝੁਕਣਗੇ। ਟਰੰਪ ਅਨੁਸਾਰ, ਈਰਾਨ ਨੇ ਪਿਛਲੇ ਚਾਰ ਦਹਾਕਿਆਂ ਵਿੱਚ ਜੋ ਕੀਤਾ ਹੈ, ਉਸ ਦਾ ਹਿਸਾਬ ਅਜੇ ਬਾਕੀ ਹੈ। ਅਮਰੀਕਾ ਦਾ ਮੰਨਣਾ ਹੈ ਕਿ ਈਰਾਨ ਦਾ ਇਹ ਪ੍ਰਸਤਾਵ ਸਿਰਫ਼ ਸਮਾਂ ਗੁਜ਼ਾਰਨ ਦੀ ਇੱਕ ਚਾਲ ਹੈ ਅਤੇ ਇਸ ਵਿੱਚ ਪਰਮਾਣੂ ਪ੍ਰੋਗਰਾਮ 'ਤੇ ਕੋਈ ਠੋਸ ਜਾਂ ਭਰੋਸੇਮੰਦ ਪਾਬੰਦੀ ਨਜ਼ਰ ਨਹੀਂ ਆਉਂਦੀ।

### ਵਸਵਾਲ ਦੇ ਕੀ ਕਾਰਣ ਹਨ

ਪਰਮਾਣੂ ਪ੍ਰੋਗਰਾਮ: ਅਮਰੀਕਾ ਚਾਹੁੰਦਾ ਹੈ ਕਿ ਈਰਾਨ ਆਪਣੇ ਯੂਰੇਨੀਅਮ ਭੰਡਾਰ 'ਤੇ ਅਜਿਹੀਆਂ ਪਾਬੰਦੀਆਂ ਲਗਾਵੇ ਜਿਨ੍ਹਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਪੂਰੀ ਜਾਂਚ ਹੋ ਸਕੇ।

ਇਜ਼ਰਾਈਲ ਦੀ ਸੁਰੱਖਿਆ: ਰਿਪੋਰਟਾਂ ਮੁਤਾਬਕ ਟਰੰਪ ਨੇ ਇਹ ਫੈਸਲਾ ਇਜ਼ਰਾਈਲ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਲਿਆ ਹੈ। ਅਮਰੀਕਾ ਨਹੀਂ ਚਾਹੁੰਦਾ ਕਿ ਈਰਾਨ ਸਮਰਥਿਤ ਗੁੱਟਾਂ ਨੂੰ ਕਿਸੇ ਵੀ ਤਰ੍ਹਾਂ ਦੀ ਢਿੱਲ ਦਿੱਤੀ ਜਾਵੇ।

ਵਿਸ਼ਵਾਸ ਦੀ ਕਮੀ: ਟਰੰਪ ਪ੍ਰਸ਼ਾਸਨ ਨੂੰ ਲੱਗਦਾ ਹੈ ਕਿ ਈਰਾਨ ਅਜੇ ਵੀ ਆਪਣੀਆਂ ਸ਼ਰਤਾਂ ਥੋਪਣ ਦੀ ਕੋਸ਼ਿਸ਼ ਕਰ ਰਿਹਾ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕਾ ਦੇ ਇਸ ਰੁਖ਼ ਨਾਲ ਈਰਾਨ 'ਤੇ ਆਰਥਿਕ ਅਤੇ ਸਿਆਸੀ ਦਬਾਅ ਹੋਰ ਵਧੇਗਾ। ਪਾਕਿਸਤਾਨ ਰਾਹੀਂ ਅਮਰੀਕਾ ਦਾ ਜਵਾਬ ਮਿਲਣ ਤੋਂ ਬਾਅਦ ਹੁਣ ਈਰਾਨ ਦਾ ਅਗਲਾ ਕਦਮ ਕੀ ਹੋਵੇਗਾ, ਇਸ 'ਤੇ ਪੂਰੀ ਦੁਨੀਆ ਦੀ ਨਜ਼ਰ ਹੈ। ਜੇਕਰ ਗੱਲਬਾਤ ਦੇ ਰਸਤੇ ਪੂਰੀ ਤਰ੍ਹਾਂ ਬੰਦ ਹੋ ਜਾਂਦੇ ਹਨ, ਤਾਂ ਮੱਧ ਪੂਰਬ ਵਿੱਚ ਇੱਕ ਭਿਆਨਕ ਜੰਗ ਲੱਗਣੀ ਲਗਭਗ ਤੈਅ ਮੰਨੀ ਜਾ ਰਹੀ ਹੈ।

## ਦਲ ਬਦਲੀ ਵਿਰੁੱਧ ਰਾਸ਼ਟਰਪਤੀ ਭਵਨ ਪਹੁੰਚੇ ਭਗਵੰਤ ਮਾਨ



✪ ਬਾਗ਼ੀ ਸੰਸਦ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਕਰਨ ਦੀ ਕੀਤੀ ਮੰਗ


ਨਵੀਂ ਦਿੱਲੀ/ਚੰਡੀਗੜ੍ਹ-ਪੰਜਾਬ ਵਿੱਚ ਚੱਲ ਰਹੀ ਸਿਆਸੀ ਖਿੱਚੋਤਾਣ ਅਤੇ 'ਦਲ ਬਦਲੀ' ਦੀ ਲੜਾਈ ਹੁਣ ਰਾਸ਼ਟਰਪਤੀ ਭਵਨ ਤੱਕ ਪਹੁੰਚ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ 'ਆਪ' ਵਿਧਾਇਕਾਂ ਦੇ ਇੱਕ ਵਫ਼ਦ ਨਾਲ ਰਾਸ਼ਟਰਪਤੀ ਦਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਦੇ ਬਾਗ਼ੀ ਰਾਜ ਸਭਾ ਮੈਂਬਰਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਰਾਸ਼ਟਰਪਤੀ ਨੂੰ ਇੱਕ ਮੰਗ ਪੱਤਰ ਸੌਂਪਿਆ, ਜਿਸ 'ਤੇ ਪੰਜਾਬ ਦੇ 'ਆਪ' ਵਿਧਾਇਕਾਂ ਦੇ ਦਸਤਖ਼ਤ ਸਨ। ਮੁੱਖ ਮੰਤਰੀ ਨੇ ਸੱਤ ਬਾਗ਼ੀ ਸੰਸਦ ਮੈਂਬਰਾਂ ਦੀ ਦਲ ਬਦਲੀ ਨੂੰ ਗ਼ੈਰ-ਸੰਵਿਧਾਨਿਕ ਦੱਸਦਿਆਂ ਉਨ੍ਹਾਂ ਦੀ ਮੈਂਬਰਸ਼ਿਪ ਤੁਰੰਤ ਰੱਦ ਕਰਨ ਦੀ ਮੰਗ ਕੀਤੀ।

ਮਾਨ ਨੇ ਸੁਝਾਅ ਦਿੱਤਾ ਕਿ ਸੰਵਿਧਾਨ ਵਿੱਚ ਸੋਧ ਕਰਕੇ ਅਜਿਹੇ ਸੰਸਦ ਮੈਂਬਰਾਂ ਨੂੰ 'ਵਾਪਸ ਬੁਲਾਉਣ' ਦੀ ਵਿਵਸਥਾ ਹੋਣੀ ਚਾਹੀਦੀ ਹੈ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਮੁੱਖ ਮੰਤਰੀ ਨੂੰ ਭਰੋਸਾ ਦਿੱਤਾ ਹੈ ਕਿ ਉਹ ਇਸ ਗੰਭੀਰ ਮੁੱਦੇ 'ਤੇ ਸੰਵਿਧਾਨਿਕ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਨਗੇ।

ਭਾਜਪਾ ਅਤੇ 'ਆਪ' ਵਿਚਾਲੇ ਵਧਿਆ ਟਕਰਾਅ-ਇਸ ਮੁਲਾਕਾਤ ਤੋਂ ਠੀਕ ਪਹਿਲਾਂ ਸਿਆਸੀ ਮਾਹੌਲ ਉਸ ਸਮੇਂ ਹੋਰ ਗਰਮਾ ਗਿਆ ਜਦੋਂ ਚਾਰ ਨਵੇਂ ਭਾਜਪਾ ਸੰਸਦ ਮੈਂਬਰਾਂ ਨੇ ਰਾਘਵ ਚੱਢਾ ਦੀ ਅਗਵਾਈ ਹੇਠ ਰਾਸ਼ਟਰਪਤੀ ਨਾਲ ਮੁਲਾਕਾਤ ਕਰਕੇ ਪੰਜਾਬ ਦੀ 'ਆਪ' ਸਰਕਾਰ 'ਤੇ 'ਬਦਲਾਖ਼ੋਰੀ ਦੀ ਰਾਜਨੀਤੀ' ਕਰਨ ਦੇ ਦੋਸ਼ ਲਗਾਏ। ਮਾਨ ਨੇ ਬਾਗ਼ੀ ਮੈਂਬਰਾਂ ਨੂੰ 'ਗ਼ੱਦਾਰ' ਕਰਾਰ ਦਿੰਦਿਆਂ ਕਿਹਾ ਕਿ ਇਹ ਪੰਜਾਬ ਦੇ ਫ਼ਤਵੇ ਨਾਲ ਸਰਾਸਰ ਧੋਖਾ ਹੈ। ਉਨ੍ਹਾਂ ਚੁਣੌਤੀ ਦਿੱਤੀ ਕਿ ਜੇਕਰ ਹਿੰਮਤ ਹੈ ਤਾਂ ਉਹ ਅਸਤੀਫ਼ੇ ਦੇ ਕੇ ਦੁਬਾਰਾ ਚੋਣ ਲੜਨ। ਮਾਨ ਨੇ ਚਿਤਾਵਨੀ ਦਿੱਤੀ ਕਿ ਪੰਜਾਬ ਵਿੱਚ 'ਆਪਰੇਸ਼ਨ ਲੋਟਸ' ਵਰਗੀ ਕੋਈ ਵੀ ਕੋਸ਼ਿਸ਼ ਕਦੇ ਕਾਮਯਾਬ ਨਹੀਂ ਹੋਵੇਗੀ ਅਤੇ ਪੰਜਾਬੀ ਭਾਜਪਾ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ।

## ਪੰਜਾਬ ਰੋਕੇਗਾ ਭਾਜਪਾ ਦਾ ਜੇਤੂ ਰੱਥ : ਅਰਵਿੰਦ ਕੇਜਰੀਵਾਲ ਨੇ ਵਿਧਾਇਕਾਂ ਨੂੰ ਦਿੱਤੀ 'ਮਾਸਟਰ ਕਲਾਸ', ਬਗ਼ਾਵਤ 'ਤੇ ਤੋੜੀ ਚੁੱਪ

ਨਵੀਂ ਦਿੱਲੀ/ਕਪੂਰਥਲਾ ਹਾਊਸ-ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਦਿੱਲੀ ਸਥਿਤ ਕਪੂਰਥਲਾ ਹਾਊਸ ਵਿਖੇ ਪੰਜਾਬ ਦੇ ਵਿਧਾਇਕਾਂ ਨੂੰ ਸੰਬੋਧਨ ਕਰਦਿਆਂ ਭਾਰਤੀ ਜਨਤਾ ਪਾਰਟੀ ਵਿਰੁੱਧ ਸਿਆਸੀ ਜੰਗ ਦਾ ਐਲਾਨ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਰਾਸ਼ਟਰਪਤੀ ਨਾਲ ਮੁਲਾਕਾਤ ਤੋਂ ਬਾਅਦ ਹੋਈ ਇਸ ਅਹਿਮ ਮੀਟਿੰਗ ਵਿੱਚ ਕੇਜਰੀਵਾਲ ਨੇ ਪਾਰਟੀ ਦੇ ਬਾਗ਼ੀ ਸੰਸਦ ਮੈਂਬਰਾਂ ਅਤੇ ਮੋਦੀ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧੇ। ਪਹਿਲੀ ਵਾਰ ਪਾਰਟੀ ਦੇ ਸੱਤ ਸੰਸਦ ਮੈਂਬਰਾਂ (ਪੰਜਾਬ ਦੇ 6 ਅਤੇ ਦਿੱਲੀ ਤੋਂ ਸਵਾਤੀ ਮਾਲੀਵਾਲ) ਦੀ ਬਗ਼ਾਵਤ 'ਤੇ ਬੋਲਦਿਆਂ ਕੇਜਰੀਵਾਲ ਨੇ ਕਿਹਾ: ਕੇਜਰੀਵਾਲ ਨੇ ਦੋਸ਼ ਲਾਇਆ ਕਿ ਇਹ ਸੱਤ ਲੋਕ ਚੋਰੀ ਕਰਕੇ ਗਏ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਦੀਆਂ ਇਹ 6 ਸੀਟਾਂ ਕਿਸੇ ਦੀ ਨਿੱਜੀ ਜਾਇਦਾਦ ਨਹੀਂ, ਸਗੋਂ ਪੰਜਾਬੀਆਂ ਦੀਆਂ ਸਨ। ਉਨ੍ਹਾਂ ਕਿਹਾ ਕਿ ਇਸ ਵਿਸ਼ਵਾਸਘਾਤ ਦਾ ਬਦਲਾ ਅਗਲੇ ਸਾਲ ਫਰਵਰੀ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਲਿਆ ਜਾਵੇਗਾ। ਕੇਜਰੀਵਾਲ ਨੇ ਇਤਿਹਾਸ ਦਾ ਹਵਾਲਾ ਦਿੰਦਿਆਂ ਕਿਹਾ ਕਿ "ਜਦੋਂ ਵੀ ਪੱਛਮ ਵੱਲੋਂ ਭਾਰਤ 'ਤੇ ਹਮਲਾ ਹੋਇਆ, ਪੰਜਾਬ ਨੇ ਉਸ ਨੂੰ ਰੋਕਿਆ ਹੈ। ਹੁਣ ਅੰਦਰੋਂ ਇੱਕ ਨਵਾਂ ਦੁਸ਼ਮਣ ਪੈਦਾ ਹੋਇਆ ਹੈ ਅਤੇ ਉਸ ਨੂੰ ਵੀ ਪੰਜਾਬ ਹੀ ਰੋਕੇਗਾ। ਦੇਸ਼ ਨੂੰ ਆਪਣਾ ਲੋਕਤੰਤਰ ਵਾਪਸ ਦਿਵਾਉਣਾ ਪੰਜਾਬੀਆਂ ਦੀ ਜ਼ਿੰਮੇਵਾਰੀ ਹੈ।"



'ਆਪ' ਕਨਵੀਨਰ ਨੇ ਦਾਅਵਾ ਕੀਤਾ ਕਿ ਫਰਵਰੀ 2027 ਵਿੱਚ ਪੰਜਾਬ 'ਚ ਭਾਜਪਾ ਦਾ ਜੇਤੂ ਰੱਥ ਰੁਕ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਚੋਣਾਂ ਮੋਦੀ ਸਰਕਾਰ ਲਈ ਆਖ਼ਰੀ ਹੋਣਗੀਆਂ ਅਤੇ ਇਨ੍ਹਾਂ ਚੋਣਾਂ ਤੋਂ ਬਾਅਦ ਕੇਂਦਰ ਸਰਕਾਰ ਡਿੱਗ ਜਾਵੇਗੀ।


ਉਨ੍ਹਾਂ ਯਾਦ ਕਰਵਾਇਆ ਕਿ ਕਿਵੇਂ 2014 ਦੀ ਮੋਦੀ ਲਹਿਰ ਦੇ ਬਾਵਜੂਦ 2015 ਵਿੱਚ ਦਿੱਲੀ ਦੇ ਲੋਕਾਂ ਨੇ ਭਾਜਪਾ ਨੂੰ 70 ਵਿੱਚੋਂ ਸਿਰਫ਼ 3 ਸੀਟਾਂ 'ਤੇ ਸਿਮਟ ਦਿੱਤਾ ਸੀ। ਕੇਜਰੀਵਾਲ ਨੇ ਵਿਧਾਇਕਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਚੋਣਾਂ ਤੋਂ 10 ਮਹੀਨੇ ਪਹਿਲਾਂ ਵੀ ਪੰਜਾਬ ਵਿੱਚ ਸਰਕਾਰ ਵਿਰੁੱਧ ਕੋਈ 'ਐਂਟੀ-ਇੰਕਬੈਂਸੀ' (ਸਰਕਾਰ ਵਿਰੋਧੀ ਲਹਿਰ) ਨਹੀਂ ਹੈ। ਉਨ੍ਹਾਂ ਵਿਧਾਇਕਾਂ ਨੂੰ ਹਦਾਇਤ ਦਿੱਤੀ ਕਿ:ਹਰ ਘਰ ਜਾ ਕੇ ਲੋਕਾਂ ਨੂੰ ਦੱਸਿਆ ਜਾਵੇ ਕਿ ਮੋਦੀ ਸਰਕਾਰ ਪੰਜਾਬੀਆਂ ਨਾਲ ਨਫ਼ਰਤ ਕਰਦੀ ਹੈ ਉਨ੍ਹਾਂ ਵਿਧਾਇਕਾਂ ਨੂੰ ਇਕਜੁੱਟ ਰਹਿਣ ਦਾ ਸੱਦਾ ਦਿੱਤਾ ਅਤੇ ਖ਼ੁਦ ਮੋਰਚਾ ਸੰਭਾਲਦਿਆਂ ਉਨ੍ਹਾਂ ਵਿੱਚ ਨਵਾਂ ਜੋਸ਼ ਭਰਿਆ।

# ਹੁਣ ਗੁਜਰਾਤ ਦੀ ਯੂਨੀਵਰਸਿਟੀ ਵਿਚ 'ਪੜ੍ਹਾਈ ਜਾਵੇਗੀ ਮੋਦੀ ਦੀ ਲੀਡਰਸ਼ਿਪ; ਸੰਘ ਪਰਿਵਾਰ ਅਤੇ ਹਿੰਦੂ ਧਰਮ

## ✪ ਸਿੱਖਿਆ ਦਾ ਹੋਇਆ ਭਗਵਾਂਕਰਨ ਐਮਐਸਯੂ ਦੇ ਨਵੇਂ ਪਾਠਕ੍ਰਮ 'ਤੇ ਉੱਠੇ ਸੁਆਲ

ਗੁਜਰਾਤ ਦੀ ਮਹਾਰਾਜਾ ਸਯਾਜੀਰਾਓ ਯੂਨੀਵਰਸਿਟੀ ਵੱਲੋਂ ਸਮਾਜ ਸ਼ਾਸਤਰ ਦੇ ਪਾਠਕ੍ਰਮ ਵਿੱਚ 'ਮੋਦੀ ਤੱਤ' ਅਤੇ ਆਰ.ਐਸ.ਐਸ. ਨੂੰ ਸ਼ਾਮਲ ਕਰਨ ਦਾ ਫੈਸਲਾ ਅਕਾਦਮਿਕ ਸੰਸਾਰ ਲਈ ਇੱਕ ਚਿੰਤਾਜਨਕ ਸੰਕੇਤ ਹੈ। ਇਹ ਕਦਮ ਸਿੱਖਿਆ ਨੂੰ ਗਿਆਨ ਦਾ ਸਰੋਤ ਬਣਾਉਣ ਦੀ ਬਜਾਏ, ਇਸ ਨੂੰ ਸੱਤਾਧਾਰੀ ਧਿਰ ਦੀ ਵਿਚਾਰਧਾਰਾ ਫੈਲਾਉਣ ਵਾਲੀ 'ਪ੍ਰੋਪੇਗੰਡਾ ਮਸ਼ੀਨ' ਵਿੱਚ ਬਦਲਣ ਦੀ ਕੋਸ਼ਿਸ਼ ਜਾਪਦਾ ਹੈ। ਯੂਨੀਵਰਸਿਟੀ ਵੱਲੋਂ ਦਿੱਤਾ ਗਿਆ ਇਹ ਤਰਕ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ 'ਕ੍ਰਿਸ਼ਮਈ' ਹੈ, ਸਿੱਖਿਆ ਸ਼ਾਸਤਰ ਦੀ ਕਸੌਟੀ 'ਤੇ ਘੱਟ ਅਤੇ ਸਿਆਸੀ ਚਾਪਲੂਸੀ ਦੀ ਕਸੌਟੀ 'ਤੇ ਜ਼ਿਆਦਾ ਖ਼ਰਾ ਉਤਰਦਾ ਹੈ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਯੂਨੀਵਰਸਿਟੀਆਂ ਹੁਣ ਵਿਦਿਆਰਥੀਆਂ ਨੂੰ ਆਲੋਚਨਾਤਮਕ ਸੋਚ ਸਿਖਾਉਣਗੀਆਂ ਜਾਂ ਕਿਸੇ ਜੀਵਿਤ ਸਿਆਸੀ ਆਗੂ ਪ੍ਰਤੀ ਸ਼ਰਧਾ? ਜਦੋਂ ਕਿਸੇ ਆਗੂ ਨੂੰ 'ਤੱਤ' ਜਾਂ 'ਆਦਰਸ਼' ਵਜੋਂ ਪੜ੍ਹਾਇਆ ਜਾਂਦਾ ਹੈ, ਤਾਂ ਉਸ ਦੀਆਂ ਨੀਤੀਆਂ 'ਤੇ ਸਵਾਲ ਉਠਾਉਣ ਦੀ ਗੁੰਜਾਇਸ਼ ਖ਼ਤਮ ਹੋ ਜਾਂਦੀ ਹੈ। ਇਹ ਸਿਹਤਮੰਦ ਲੋਕਤੰਤਰ ਲਈ ਬੇਹੱਦ ਘਾਤਕ ਹੈ। ਇੱਕ ਲੋਕਤੰਤਰ ਉਦੋਂ ਹੀ ਜਿਉਂਦਾ ਰਹਿੰਦਾ ਹੈ ਜਦੋਂ ਉਸ ਦੀ ਨੌਜਵਾਨ ਪੀੜ੍ਹੀ ਸਵਾਲ ਪੁੱਛਣ ਦੀ ਹਿੰਮਤ ਰੱਖਦੀ ਹੋਵੇ, ਨਾ ਕਿ ਜਦੋਂ ਉਹ ਸੱਤਾ ਦੇ ਗੁਣਗਾਨ ਕਰਨ ਵਾਲੇ 'ਕਾਡਰ' ਵਜੋਂ ਤਿਆਰ ਕੀਤੀ ਜਾਵੇ।



ਆਰ.ਐਸ.ਐਸ. ਅਤੇ 'ਹਿੰਦੂ ਸਮਾਜ ਸ਼ਾਸਤਰ' ਵਰਗੇ ਵਿਸ਼ਿਆਂ ਨੂੰ ਸਿਲੇਬਸ ਦਾ ਮੁੱਖ ਹਿੱਸਾ ਬਣਾਉਣਾ ਸਿੱਧੇ ਤੌਰ 'ਤੇ ਸਿੱਖਿਆ ਦੇ 'ਭਗਵੇਂਕਰਨ' ਦੀ ਮੁਹਿੰਮ ਹੈ। ਭਾਰਤ ਇੱਕ ਬਹੁ-ਸੱਭਿਆਚਾਰਕ ਅਤੇ ਧਰਮ-ਨਿਰਪੱਖ ਦੇਸ਼ ਹੈ, ਜਿੱਥੇ ਯੂਨੀਵਰਸਿਟੀਆਂ ਦਾ ਕੰਮ ਸਭ ਨੂੰ ਨਾਲ ਲੈ ਕੇ ਚੱਲਣਾ ਹੁੰਦਾ ਹੈ। ਪਰ ਇੱਕ ਖਾਸ ਸੰਗਠਨ ਦੀ ਵਿਚਾਰਧਾਰਾ ਨੂੰ ਅਕਾਦਮਿਕ ਰੰਗਤ ਦੇ ਕੇ ਪੇਸ਼ ਕਰਨਾ ਦੂਜੇ ਭਾਈਚਾਰਿਆਂ ਦੇ ਵਿਦਿਆਰਥੀਆਂ ਵਿੱਚ ਬੇਗਾਨਗੀ ਪੈਦਾ ਕਰੇਗਾ ਅਤੇ ਸਮਾਜਿਕ ਵੰਡ ਨੂੰ ਹੋਰ ਗੂੜ੍ਹਾ ਕਰੇਗਾ।

ਸਿਖਿਆ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਸਰਦਾਰ ਪਟੇਲ, ਡਾ. ਅੰਬੇਡਕਰ ਅਤੇ ਸ਼ਿਵਾਜੀ ਮਹਾਰਾਜ ਵਰਗੇ ਨਾਇਕ ਕਿਸੇ ਇੱਕ ਪਾਰਟੀ ਦੀ ਜਗੀਰ ਨਹੀਂ ਹਨ। ਉਨ੍ਹਾਂ ਨੂੰ ਸਿਆਸੀ ਸਹੂਲਤ ਅਨੁਸਾਰ ਤੋੜ-ਮਰੋੜ ਕੇ ਪੜ੍ਹਾਉਣਾ ਉਨ੍ਹਾਂ ਦੇ ਅਸਲ ਸੰਘਰਸ਼ ਅਤੇ ਫਲਸਫ਼ੇ ਦੀ ਤੌਹੀਨ ਹੈ। ਜੇਕਰ ਹਰ ਆਉਣ ਵਾਲੀ ਸਰਕਾਰ ਯੂਨੀਵਰਸਿਟੀਆਂ ਦੇ ਪਾਠਕ੍ਰਮ ਨੂੰ ਆਪਣੀ ਵੋਟ ਬੈਂਕ ਦੀ ਰਾਜਨੀਤੀ ਅਨੁਸਾਰ ਬਦਲਣ ਲੱਗ ਪਈ, ਤਾਂ ਭਾਰਤੀ ਡਿਗਰੀਆਂ ਦੀ ਅੰਤਰਰਾਸ਼ਟਰੀ ਮਾਨਤਾ ਅਤੇ ਅਕਾਦਮਿਕ ਮਿਆਰ ਮਿੱਟੀ ਵਿੱਚ ਮਿਲ ਜਾਵੇਗਾ। ਜੇਕਰ ਪਾਠਕ੍ਰਮ ਸਿਰਫ਼ ਸੱਤਾਧਾਰੀ ਧਿਰ ਦੇ ਏਜੰਡੇ ਦਾ ਪਰਛਾਵਾਂ ਬਣ ਕੇ ਰਹਿ ਗਿਆ, ਤਾਂ ਇਹ ਆਉਣ ਵਾਲੀ ਪੀੜ੍ਹੀ ਦੀ ਬੌਧਿਕ ਆਜ਼ਾਦੀ ਲਈ ਘਾਤਕ ਸਿੱਧ ਹੋ ਸਕਦਾ ਹੈ। ਕਾਂਗਰਸ ਅਤੇ ਹੋਰ ਖੱਬੇਪੱਖੀ ਪਾਰਟੀਆਂ ਦਾ ਦੋਸ਼ ਹੈ ਕਿ ਭਾਜਪਾ ਸਿੱਖਿਆ ਸੰਸਥਾਵਾਂ ਦੀ ਵਰਤੋਂ ਆਪਣੀ ਵਿਚਾਰਧਾਰਾ ਦੇ ਪ੍ਰਚਾਰ ਅਤੇ 'ਪ੍ਰੋਪੇਗੰਡਾ' ਲਈ ਕਰ ਰਹੀ ਹੈ। ਦ ਵਾਇਰ' ਵਰਗੇ ਮੀਡੀਆ ਅਦਾਰੇ ਅਤੇ ਸੁਤੰਤਰ ਪੱਤਰਕਾਰ ਇਸ ਨੂੰ ਸਿੱਖਿਆ ਦੇ 'ਭਗਵੇਂਕਰਨ' ਦੀ ਕੋਸ਼ਿਸ਼ ਵਜੋਂ ਦੇਖ ਰਹੇ ਹਨ।

ਸਿਖਿਆ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਜਦੋਂ ਪਾਠਕ੍ਰਮ ਵਿੱਚ ਕਿਸੇ ਜੀਵਿਤ ਸਿਆਸੀ ਆਗੂ ਨੂੰ 'ਤੱਤ' ਜਾਂ 'ਆਦਰਸ਼' ਵਜੋਂ ਪੇਸ਼ ਕੀਤਾ ਜਾਂਦਾ ਹੈ, ਤਾਂ ਵਿਦਿਆਰਥੀਆਂ ਵਿੱਚ ਉਸ ਦੀਆਂ ਨੀਤੀਆਂ ਦੀ ਆਲੋਚਨਾ ਕਰਨ ਦੀ ਹਿੰਮਤ ਖ਼ਤਮ ਹੋ ਜਾਂਦੀ ਹੈ। ਸਮਾਜ ਲਈ ਇਹ ਖ਼ਤਰਨਾਕ ਹੈ ਕਿਉਂਕਿ ਇੱਕ ਸਿਹਤਮੰਦ ਲੋਕਤੰਤਰ ਲਈ 'ਸਵਾਲ ਪੁੱਛਣ ਵਾਲੀ ਪੀੜ੍ਹੀ' ਦੀ ਲੋੜ ਹੁੰਦੀ ਹੈ। ਜੇਕਰ ਹਰ ਸਰਕਾਰ ਆਪਣੇ ਆਗੂਆਂ ਅਤੇ ਵਿਚਾਰਧਾਰਾਵਾਂ ਨੂੰ ਸਿਲੇਬਸ ਵਿੱਚ ਸ਼ਾਮਲ ਕਰਨ ਲੱਗ ਪਈ, ਤਾਂ ਸਿੱਖਿਆ ਦਾ ਮਿਆਰ ਡਿੱਗ ਜਾਵੇਗਾ। ਵਿਦਿਆਰਥੀ ਗਿਆਨ ਪ੍ਰਾਪਤ ਕਰਨ ਦੀ ਬਜਾਏ ਕਿਸੇ ਖਾਸ ਪਾਰਟੀ ਦੇ 'ਕਾਡਰ' ਵਾਂਗ ਤਿਆਰ ਹੋਣਗੇ। ਪਾਠਕ੍ਰਮ ਵਿੱਚ ਕਿਸੇ ਖਾਸ ਧਰਮ (ਹਿੰਦੂ ਸਮਾਜ ਸ਼ਾਸਤਰ) ਜਾਂ ਸੰਗਠਨ ਨੂੰ ਵਿਸ਼ੇਸ਼ ਦਰਜਾ ਦੇਣ ਨਾਲ ਬਹੁ-ਸੱਭਿਆਚਾਰਕ ਸਮਾਜ ਵਿੱਚ ਦੂਰੀਆਂ ਵਧ ਸਕਦੀਆਂ ਹਨ। ਇਸ ਨਾਲ ਦੂਜੇ ਭਾਈਚਾਰਿਆਂ ਦੇ ਵਿਦਿਆਰਥੀਆਂ ਵਿੱਚ ਬੇਗਾਨਗੀ ਦੀ ਭਾਵਨਾ ਪੈਦਾ ਹੋ ਸਕਦੀ ਹੈ।

ਐਮਐਸਯੂ ਵਰਗੀ ਵੱਕਾਰੀ ਯੂਨੀਵਰਸਿਟੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਕਾਦਮਿਕ ਸੰਸਥਾਵਾਂ ਦੀ ਪਵਿੱਤਰਤਾ ਉਨ੍ਹਾਂ ਦੀ ਨਿਰਪੱਖਤਾ ਵਿੱਚ ਹੁੰਦੀ ਹੈ, ਨਾ ਕਿ ਸੱਤਾ ਦੇ ਗਲਿਆਰਿਆਂ ਵਿੱਚ ਹਾਜ਼ਰੀ ਭਰਨ ਵਿੱਚ। ਸਿੱਖਿਆ ਦਾ ਮਨੋਰਥ 'ਬੌਧਿਕ ਆਜ਼ਾਦੀ' ਪ੍ਰਦਾਨ ਕਰਨਾ ਹੈ, ਨਾ ਕਿ ਵਿਦਿਆਰਥੀਆਂ ਦੇ ਦਿਮਾਗਾਂ ਦੀ 'ਬੌਧਿਕ ਨਾਕਾਬੰਦੀ' ਕਰਨਾ। ਜੇਕਰ ਸਮਾਂ ਰਹਿੰਦੇ ਇਸ ਰੁਝਾਨ ਨੂੰ ਨਾ ਰੋਕਿਆ ਗਿਆ, ਤਾਂ ਸਾਡੀਆਂ ਯੂਨੀਵਰਸਿਟੀਆਂ ਗਿਆਨ ਦੇ ਕੇਂਦਰ ਨਹੀਂ, ਸਗੋਂ ਸਿਆਸੀ ਵਿਚਾਰਧਾਰਾ ਦੀਆਂ ਫੈਕਟਰੀਆਂ ਬਣ ਕੇ ਰਹਿ ਜਾਣਗੀਆਂ।

# ਬਲਾਤਕਾਰ ਮਾਮਲਾ: ਗੁਜਰਾਤ ਹਾਈ ਕੋਰਟ ਨੇ ਆਸਾਰਾਮ ਦੀ ਅੰਤਰਿਮ ਜ਼ਮਾਨਤ 15 ਜੂਨ ਤੱਕ ਵਧਾਈ



ਅਹਿਮਦਾਬਾਦ-ਗੁਜਰਾਤ ਹਾਈ ਕੋਰਟ ਨੇ ਸਵੈ-ਘੋਸ਼ਿਤ ਸੰਤ ਆਸਾਰਾਮ (ਅਸਲੀ ਨਾਮ ਅਸੂਮਲ ਹਰਪਲਾਨੀ) ਨੂੰ 2013 ਦੇ ਬਲਾਤਕਾਰ ਮਾਮਲੇ ਵਿੱਚ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਉਸ ਦੀ ਉਮਰ ਕੈਦ ਦੀ ਸਜ਼ਾ ਵਿੱਚ ਰਾਹਤ ਦਿੰਦਿਆਂ ਅੰਤਰਿਮ ਜ਼ਮਾਨਤ ਦੀ ਮਿਆਦ 15 ਜੂਨ 2026 ਤੱਕ ਵਧਾ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਦੋਸ਼ੀ ਦੀ ਨਾਜ਼ੁਕ ਸਿਹਤ ਸਥਿਤੀ, ਲਗਾਤਾਰ ਡਾਕਟਰੀ ਨਿਗਰਾਨੀ ਦੀ ਲੋੜ ਅਤੇ ਪਿਛਲੀ ਜ਼ਮਾਨਤ ਦੌਰਾਨ ਕਿਸੇ ਵੀ ਮਾੜੀ ਘਟਨਾ ਦੇ ਨਾ ਹੋਣ ਨੂੰ ਦੇਖਦੇ ਹੋਏ ਇਹ ਫੈਸਲਾ ਲਿਆ ਗਿਆ ਹੈ। ਜਸਟਿਸ ਦੀ ਬੈਂਚ ਨੇ ਸਪੱਸ਼ਟ ਕੀਤਾ ਕਿ ਜ਼ਮਾਨਤ ਦੀਆਂ ਉਹ ਸਾਰੀਆਂ ਸ਼ਰਤਾਂ ਲਾਗੂ ਰਹਿਣਗੀਆਂ ਜੋ ਨਵੰਬਰ 2025 ਵਿੱਚ ਤੈਅ ਕੀਤੀਆਂ ਗਈਆਂ ਸਨ। ਸਰਕਾਰੀ ਵਕੀਲ ਹਾਰਦਿਕ ਦਵੇ ਨੇ ਇਸ ਜ਼ਮਾਨਤ ਦਾ ਵਿਰੋਧ ਕਰਦਿਆਂ ਦਲੀਲ ਦਿੱਤੀ ਸੀ ਕਿ ਰਾਜਸਥਾਨ ਦੇ ਇੱਕ ਹੋਰ ਮਾਮਲੇ ਵਿੱਚ ਆਸਾਰਾਮ ਦੀ ਅਪੀਲ ਹਾਲੇ ਪੈਂਡਿੰਗ ਹੈ, ਇਸ ਲਈ ਰਾਹਤ ਨਹੀਂ ਮਿਲਣੀ ਚਾਹੀਦੀ। ਹਾਲਾਂਕਿ, ਅਦਾਲਤ ਨੇ ਸਿਹਤ ਕਾਰਨਾਂ ਨੂੰ ਪਹਿਲ ਦਿੱਤੀ। ਆਸਾਰਾਮ ਬਲਾਤਕਾਰ ਦੇ ਦੋ ਵੱਖ-ਵੱਖ ਮਾਮਲਿਆਂ ਵਿੱਚ ਦੋਸ਼ੀ ਹੈ। ਜਨਵਰੀ 2023 ਵਿੱਚ ਗਾਂਧੀਨਗਰ ਦੀ ਅਦਾਲਤ ਨੇ ਉਸਨੂੰ ਆਪਣੇ ਆਸ਼ਰਮ ਵਿੱਚ ਇੱਕ ਮਹਿਲਾ ਪੈਰੋਕਾਰ ਨਾਲ ਯੌਨ ਸ਼ੋਸ਼ਣ ਕਰਨ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਆਸਾਰਾਮ 31 ਅਗਸਤ 2013 ਤੋਂ ਜੇਲ੍ਹ ਵਿੱਚ ਬੰਦ ਹੈ ਅਤੇ ਉਸ ਵਿਰੁੱਧ ਪੋਕਸੋ ਐਕਟ ਅਤੇ ਐਸਸੀ/ਐਸਟੀ ਐਕਟ ਤਹਿਤ ਵੀ ਮਾਮਲੇ ਦਰਜ ਹਨ।

# ਮਹਿਲਾ ਜਿੰਮ ਟ੍ਰੇਨਰ ਨਾਲ ਅਸ਼ਲੀਲ ਹਰਕਤ ਕਰਨ ਵਾਲਾ ਨਾਮੀ ਕਾਰੋਬਾਰੀ ਹਨੀ ਰੰਧਾਵਾ ਗ੍ਰਿਫ਼ਤਾਰ

ਜਲੰਧਰ-ਸ਼ਹਿਰ ਦੇ ਇੱਕ ਨਾਮੀ ਜਿੰਮ ਵਿੱਚ ਮਹਿਲਾ ਟ੍ਰੇਨਰ ਨਾਲ ਛੇੜਛਾੜ ਕਰਨ ਦੇ ਮਾਮਲੇ ਵਿੱਚ ਪੁਲਸ ਨੇ ਵੱਡੀ ਕਾਰਵਾਈ ਕਰਦਿਆਂ 66 ਫੁੱਟੀ ਰੋਡ ਸਥਿਤ 'ਵਾਈਟ ਡਾਇਮੰਡ ਰਿਜ਼ੋਰਟ' ਦੇ ਮਾਲਕ ਹਨੀ ਰੰਧਾਵਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਸਾਰੀ ਘਟਨਾ ਜਿੰਮ ਵਿੱਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿੱਚ ਕੈਦ ਹੋ ਗਈ ਹੈ। ਇਹ ਮਾਮਲਾ ਜਲੰਧਰ ਦੇ ਚੁਨਮੁਨ ਮਾਲ ਨੇੜੇ ਸਥਿਤ ਇੱਕ ਮਸ਼ਹੂਰ ਜਿੰਮ ਦਾ ਹੈ।



ਜਾਣਕਾਰੀ ਮੁਤਾਬਕ ਬੀਤੇ ਦਿਨੀਂ ਮਹਿਲਾ ਟ੍ਰੇਨਰ ਜਿੰਮ ਵਿੱਚ ਆਪਣੀ ਡਿਊਟੀ ਕਰ ਰਹੀ ਸੀ ਤਾਂ ਕਾਰੋਬਾਰੀ ਹਨੀ ਰੰਧਾਵਾ ਨੇ ਪਿੱਛੇ ਤੋਂ ਆ ਕੇ ਅਚਾਨਕ ਉਸ ਨੂੰ ਆਪਣੀਆਂ ਬਾਹਾਂ ਵਿੱਚ ਜਕੜ ਲਿਆ। ਮਹਿਲਾ ਟ੍ਰੇਨਰ ਨੇ ਤੁਰੰਤ ਇਸ ਦਾ ਸਖ਼ਤ ਵਿਰੋਧ ਕੀਤਾ ਅਤੇ ਰੌਲਾ ਪਾਇਆ। ਹਾਲਾਂਕਿ ਦੋਸ਼ੀ ਨੇ ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਮਹਿਲਾ ਨੇ ਹਿੰਮਤ ਦਿਖਾਉਂਦੇ ਹੋਏ ਤੁਰੰਤ 112 ਨੰਬਰ 'ਤੇ ਪੁਲਸ ਨੂੰ ਸ਼ਿਕਾਇਤ ਕਰ ਦਿੱਤੀ।

ਸੂਚਨਾ ਮਿਲਦੇ ਹੀ ਥਾਣਾ ਡਿਵੀਜ਼ਨ ਨੰਬਰ 6 ਦੀ ਪੁਲਸ ਮੌਕੇ 'ਤੇ ਪਹੁੰਚੀ। ਪੁਲਸ ਨੇ ਕਾਰਵਾਈ ਕਰਦਿਆਂ ਮੁਲਜ਼ਮ ਹਨੀ ਰੰਧਾਵਾ ਨੂੰ ਹਿਰਾਸਤ ਵਿੱਚ ਲੈ ਲਿਆ। ਇੰਸਪੈਕਟਰ ਰਜਵੰਤ ਕੌਰ ਅਨੁਸਾਰ, ਮਹਿਲਾ ਦੀ ਸ਼ਿਕਾਇਤ 'ਤੇ ਐਫਆਈਆਰ ਦਰਜ ਕਰ ਲਈ ਗਈ ਹੈ।

ਪੁਲਸ ਨੇ ਸਬੂਤ ਵਜੋਂ ਜਿੰਮ ਦੀ ਸੀ.ਸੀ.ਟੀ.ਵੀ. ਫੁਟੇਜ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਮੁੱਢਲੀ ਜਾਣਕਾਰੀ ਅਤੇ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ। ਗ੍ਰਿਫ਼ਤਾਰ ਕੀਤਾ ਗਿਆ ਹਨੀ ਰੰਧਾਵਾ ਜਲੰਧਰ ਦਾ ਇੱਕ ਪ੍ਰਮੁੱਖ ਕਾਰੋਬਾਰੀ ਹੈ ਅਤੇ ਉਹ 66 ਫੁੱਟੀ ਰੋਡ 'ਤੇ ਸਥਿਤ ਮਸ਼ਹੂਰ 'ਵਾਈਟ ਡਾਇਮੰਡ ਰਿਜ਼ੋਰਟ' ਦਾ ਮਾਲਕ ਹੈ। ਇਸ ਘਟਨਾ ਤੋਂ ਬਾਅਦ ਜਿੰਮ ਵਿੱਚ ਮੌਜੂਦ ਹੋਰ ਲੋਕਾਂ ਵਿੱਚ ਵੀ ਭਾਰੀ ਹੈਰਾਨੀ ਅਤੇ ਰੋਸ ਪਾਇਆ ਜਾ ਰਿਹਾ ਹੈ। ਪੁਲਸ ਵੱਲੋਂ ਹੁਣ ਮਾਮਲੇ ਦੀ ਅਗਲੇਰੀ ਜਾਂਚ ਜਾਰੀ।

# ਮਾਨ ਦਾ ਸ਼ਕਤੀ ਪ੍ਰਦਰਸ਼ਨ, 94 ਵਿਚੋਂ 88 'ਆਪ' ਪਾਰਟੀ ਨਾਲ

## ਖਾਸ ਰਿਪੋਟ

## ✪ ਵਿਰੋਧੀਆਂ ਵਲੋਂ 'ਅਲਕੋਹਲ ਟੈਸਟ' ਦੀ ਚੁਣੌਤੀ, ਬਾਜਵਾ ਵੱਲੋਂ 'ਨਸ਼ਾ' ਕਰਨ ਦਾ ਇਲਜ਼ਾਮ ✪ ਕੀ ਵਿਧਾਨ ਸਭਾ ਵਿਚ ਵਿਧਾਇਕਾਂ ਦਾ ਡੋਪ ਟੈਸਟ ਜ਼ਰੂਰੀ ਹੋਣਾ ਚਾਹੀਦਾ?

ਪੰਜਾਬ ਵਿਧਾਨ ਸਭਾ ਦਾ ਹਾਲੀਆ ਵਿਸ਼ੇਸ਼ ਇਜਲਾਸ ਸੂਬੇ ਦੀ ਸਿਆਸਤ ਵਿੱਚ ਇੱਕ ਨਵਾਂ ਮੋੜ ਲੈ ਕੇ ਆਇਆ ਹੈ। ਇੱਕ ਪਾਸੇ ਜਿੱਥੇ ਆਪ ਸਰਕਾਰ ਨੇ ਆਪਣਾ ਬਹੁਮਤ ਸਾਬਤ ਕਰਕੇ ਸਿਆਸੀ ਸਥਿਰਤਾ ਦਾ ਦਾਅਵਾ ਕੀਤਾ ਹੈ, ਉੱਥੇ ਹੀ ਦੂਜੇ ਪਾਸੇ ਸਦਨ ਦੀ ਮਰਿਯਾਦਾ ਨੂੰ ਲੈ ਕੇ ਲੱਗੇ ਗੰਭੀਰ ਇਲਜ਼ਾਮਾਂ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹ ਇਜਲਾਸ ਸਿਰਫ਼ ਅੰਕੜਿਆਂ ਦੀ ਖੇਡ ਨਹੀਂ, ਸਗੋਂ ਇਖ਼ਲਾਕੀ ਕਦਰਾਂ-ਕੀਮਤਾਂ ਦੀ ਜੰਗ ਦਾ ਮੈਦਾਨ ਵੀ ਬਣਿਆ ਨਜ਼ਰ ਆਇਆ। ਆਮ ਆਦਮੀ ਪਾਰਟੀ ਦੇ 6 ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਪੈਦਾ ਹੋਈਆਂ ਅਫਵਾਹਾਂ ਨੂੰ ਠੱਲ੍ਹ ਪਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਸ਼ਵਾਸ ਮਤ ਲਿਆਂਦਾ। 88 ਵਿਧਾਇਕਾਂ ਦੇ ਸਮਰਥਨ ਨਾਲ ਇਹ ਮਤਾ ਪਾਸ ਹੋਣਾ ਸਰਕਾਰ ਦੀ ਮਜ਼ਬੂਤੀ ਨੂੰ ਦਰਸਾਉਂਦਾ ਹੈ। ਮੁੱਖ ਮੰਤਰੀ ਦਾ ਇਸ ਮਤੇ ਨੂੰ ਰਾਸ਼ਟਰਪਤੀ ਕੋਲ ਲੈ ਕੇ ਜਾਣ ਦਾ ਫੈਸਲਾ ਇਹ ਸਪੱਸ਼ਟ ਕਰਦਾ ਹੈ ਕਿ ਉਹ ਕੇਂਦਰੀ ਪੱਧਰ 'ਤੇ ਆਪਣੀ ਸਰਕਾਰ ਦੀ ਸੰਵਿਧਾਨਕ ਮਜ਼ਬੂਤੀ ਦਾ ਲੋਹਾ ਮਨਵਾਉਣਾ ਚਾਹੁੰਦੇ ਹਨ।

ਵਿਰੋਧੀ ਧਿਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਸ਼ਰਾਬ ਪੀ ਕੇ ਸਦਨ ਵਿੱਚ ਆਉਣ ਦੇ ਇਲਜ਼ਾਮ ਬੇਹੱਦ ਗੰਭੀਰ ਹਨ। ਪ੍ਰਤਾਪ ਸਿੰਘ ਬਾਜਵਾ (ਵਿਰੋਧੀ ਧਿਰ ਦੇ ਨੇਤਾ, ਕਾਂਗਰਸ) ਉਨ੍ਹਾਂ ਨੇ ਸਭ ਤੋਂ ਪਹਿਲਾਂ ਸਦਨ ਵਿੱਚ ਇਹ ਮੁੱਦਾ ਚੁੱਕਿਆ ਅਤੇ ਦਾਅਵਾ ਕੀਤਾ ਕਿ ਮੁੱਖ ਮੰਤਰੀ ਨਸ਼ੇ ਦੀ ਹਾਲਤ ਵਿੱਚ ਹਨ। ਉਨ੍ਹਾਂ ਨੇ ਸਪੀਕਰ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਕਿ ਮੁੱਖ ਮੰਤਰੀ ਸਮੇਤ ਸਾਰੇ ਵਿਧਾਇਕਾਂ ਦਾ ਅਲਕੋਹਲ (ਡੋਪ) ਟੈਸਟ ਕਰਵਾਇਆ ਜਾਵੇ। ਸੁਨੀਲ ਜਾਖੜ (ਪ੍ਰਧਾਨ, ਪੰਜਾਬ ਭਾਜਪਾ) ਨੇ ਇਸ ਨੂੰ 'ਲੋਕਤੰਤਰ ਦੇ ਮੰਦਰ ਦਾ ਅਪਮਾਨ' ਦੱਸਿਆ। ਉਨ੍ਹਾਂ ਕਿਹਾ ਕਿ ਜਿਵੇਂ ਧਾਰਮਿਕ ਅਸਥਾਨਾਂ 'ਤੇ ਸ਼ਰਾਬ ਪੀ ਕੇ ਜਾਣਾ ਬੇਅਦਬੀ ਹੈ, ਉਵੇਂ ਹੀ ਵਿਧਾਨ ਸਭਾ ਵਿੱਚ ਅਜਿਹਾ ਕਰਨਾ ਗਲਤ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਸਿੱਧੇ ਤੌਰ 'ਤੇ ਸ਼ਰਾਬ ਵਾਲੇ ਦੋਸ਼ਾਂ 'ਤੇ ਸਫ਼ਾਈ ਦੇਣ ਦੀ ਬਜਾਏ ਵਿਰੋਧੀਆਂ ਦੀ ਨੀਅਤ 'ਤੇ ਸਵਾਲ ਚੁੱਕੇ। ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰ ਬੁਖਲਾਹਟ ਵਿੱਚ ਹੈ ਅਤੇ ਜਾਣਬੁੱਝ ਕੇ ਨਕਾਰਾਤਮਕ ਖ਼ਬਰਾਂ ਫੈਲਾ ਰਹੀ ਹੈ। ਉਨ੍ਹਾਂ ਨੇ ਸਦਨ ਵਿੱਚ ਕਿਹਾ ਕਿ ਅਫਵਾਹਾਂ ਦਾ ਬਾਜ਼ਾਰ ਗਰਮ ਰਹਿੰਦਾ ਹੈ... ਇਹ ਆਮ ਲੋਕਾਂ ਦੇ ਦਿਲਾਂ ਵਿੱਚ ਭਰਮ ਪੈਦਾ ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਨੇ ਇਸ ਹੰਗਾਮੇ ਦੇ ਵਿਚਕਾਰ ਹੀ ਮਜ਼ਦੂਰਾਂ ਦੀਆਂ ਉਜਰਤਾਂ ਵਿੱਚ 15% ਵਾਧੇ ਦਾ ਐਲਾਨ ਕਰਕੇ ਇਹ ਜਿਤਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਲੋਕ-ਹਿੱਤ ਦੇ ਕੰਮਾਂ ਵਿੱਚ ਰੁੱਝੇ ਹੋਏ ਹਨ, ਜਦਕਿ ਵਿਰੋਧੀ ਸਿਰਫ਼ ਡਰਾਮੇਬਾਜ਼ੀ ਕਰ ਰਹੇ ਹਨ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਦਾ ਬਚਾਅ ਕਰਦੇ ਹੋਏ ਕਿਹਾ ਕਿ ਇਹ ਸਭ ਉਨ੍ਹਾਂ ਨੂੰ ਬਦਨਾਮ ਕਰਨ ਦੀ ਚਾਲ ਹੈ। ਚੀਮਾ ਅਨੁਸਾਰ, ਕਾਂਗਰਸੀ ਆਗੂ ਨਜਾਇਜ਼ ਕਬਜ਼ਿਆਂ ਦੀ ਜਾਂਚ ਤੋਂ ਡਰੇ ਹੋਏ ਹਨ, ਇਸ ਲਈ ਅਜਿਹੇ ਇਲਜ਼ਾਮ ਲਗਾ ਰਹੇ ਹਨ।



ਅਮਨ ਅਰੋੜਾ ਨੇ ਕਿਹਾ ਕਿ ਜਦੋਂ ਸਰਕਾਰ ਅਸਲ ਮੁੱਦਿਆਂ 'ਤੇ ਚਰਚਾ ਕਰਨਾ ਚਾਹੁੰਦੀ ਸੀ, ਤਾਂ ਵਿਰੋਧੀ ਧਿਰ ਵਾਕਆਊਟ ਕਰਨ ਲਈ ਬਹਾਨੇ ਲੱਭ ਰਹੀ ਸੀ।

### ਕੀ ਸਪੀਕਰ ਨੂੰ ਜਾਂਚ ਕਰਾਉਣੀ ਚਾਹੀਦੀ ਹੈ?

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਵਿਧਾਨ ਸਭਾ ਲੋਕਤੰਤਰ ਦਾ ਸਰਵਉੱਚ ਮੰਦਰ ਹੈ। ਇੱਥੇ ਹੋਣ ਵਾਲੀ ਚਰਚਾ ਅਤੇ ਵਿਵਹਾਰ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਹੋਣਾ ਚਾਹੀਦਾ ਹੈ। ਜੇਕਰ ਭਗਵੰਤ ਮਾਨ ਉਪਰ ਸ਼ਰਾਬ ਪੀਕੇ ਸਦਨ ਵਿਚ ਆਉਣ ਦੇ ਇਲਜ਼ਾਮ ਸਹੀ ਹਨ, ਤਾਂ ਇਹ ਲੋਕਤੰਤਰ ਲਈ ਮੰਦਭਾਗਾ ਹੈ, ਅਤੇ ਜੇਕਰ ਇਹ ਸਿਰਫ਼ ਸਿਆਸੀ ਬਦਨਾਮੀ ਦੀ ਚਾਲ ਹਨ, ਤਾਂ ਇਹ ਘਟੀਆ ਸਿਆਸਤ ਦੀ ਸਿਖਰ ਹੈ। ਲੋੜ ਇਸ ਗੱਲ ਦੀ ਹੈ ਕਿ ਸਦਨ ਦੀ ਕਾਰਵਾਈ ਦੌਰਾਨ ਸ਼ਬਦੀ ਜੰਗ ਦੀ ਬਜਾਏ ਪੰਜਾਬ ਦੇ ਅਸਲ ਮੁੱਦਿਆਂ 'ਤੇ ਗੰਭੀਰਤਾ ਨਾਲ ਚਰਚਾ ਹੋਵੇ, ਤਾਂ ਜੋ ਜਨਤਾ ਦਾ ਭਰੋਸਾ ਆਪਣੇ ਚੁਣੇ ਹੋਏ ਨੁਮਾਇੰਦਿਆਂ 'ਤੇ ਬਣਿਆ ਰਹੇ। ਮੌਜੂਦਾ ਵਿਧਾਨ ਸਭਾ ਨਿਯਮਾਂ ਵਿੱਚ ਕਿਸੇ ਵੀ ਮੈਂਬਰ ਦਾ ਅਲਕੋਹਲ ਟੈਸਟ ਕਰਨ ਦਾ ਕੋਈ ਸਪੱਸ਼ਟ ਕਾਨੂੰਨ ਨਹੀਂ ਹੈ, ਜਦੋਂ ਤੱਕ ਸਪੀਕਰ ਕੋਈ ਖਾਸ ਆਦੇਸ਼ ਨਾ ਦੇਣ। ਸਦਨ ਦੇ ਅੰਦਰ ਅਨੁਸ਼ਾਸਨ ਬਣਾਈ ਰੱਖਣ ਦੀ ਜ਼ਿੰਮੇਵਾਰੀ ਸਪੀਕਰ ਦੀ ਹੁੰਦੀ ਹੈ। ਜੇਕਰ ਸਪੀਕਰ ਨੂੰ ਲੱਗਦਾ ਹੈ ਕਿ ਸਦਨ ਦੀ ਕਾਰਵਾਈ ਵਿੱਚ ਵਿਘਨ ਪੈ ਰਿਹਾ ਹੈ ਜਾਂ ਕੋਈ ਮੈਂਬਰ ਅਨੁਸ਼ਾਸਨਹੀਣਤਾ ਕਰ ਰਿਹਾ ਹੈ, ਤਾਂ ਉਹ ਕਾਰਵਾਈ ਕਰ ਸਕਦੇ ਹਨ।

ਜੇਕਰ ਟੈਸਟ ਹੁੰਦਾ ਹੈ, ਤਾਂ ਇਹ ਭਵਿੱਖ ਲਈ ਇੱਕ ਵੱਡੀ ਮਿਸਾਲ ਬਣ ਸਕਦਾ ਹੈ-ਜਾਂ ਤਾਂ ਇਹ ਸਾਰੀਆਂ ਅਫਵਾਹਾਂ ਨੂੰ ਹਮੇਸ਼ਾ ਲਈ ਖਤਮ ਕਰ ਦੇਵੇਗਾ, ਜਾਂ ਫਿਰ ਇਹ ਸਿਆਸੀ ਬਦਲਾਖੋਰੀ ਦਾ ਇੱਕ ਨਵਾਂ ਸਾਧਨ ਬਣ ਸਕਦਾ ਹੈ ਜਿੱਥੇ ਹਰ ਰੋਜ਼ ਇੱਕ-ਦੂਜੇ ਦੇ ਟੈਸਟ ਦੀ ਮੰਗ ਕੀਤੀ ਜਾਵੇਗੀ।

ਅੰਤ ਵਿੱਚ, ਇਹ ਫੈਸਲਾ ਸਪੀਕਰ ਦੀ ਸੂਝ-ਬੂਝ ਅਤੇ ਸਿਆਸੀ ਇੱਛਾ ਸ਼ਕਤੀ 'ਤੇ ਨਿਰਭਰ ਕਰਦਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਵਿਧਾਨ ਸਭਾ ਨੂੰ 'ਲੋਕਤੰਤਰ ਦਾ ਮੰਦਰ' ਮੰਨਿਆ ਜਾਂਦਾ ਹੈ। ਜੇਕਰ ਕਿਸੇ ਸਰਕਾਰੀ ਦਫ਼ਤਰ ਜਾਂ ਸਕੂਲ ਵਿੱਚ ਨਸ਼ੇ ਦੀ ਹਾਲਤ ਵਿੱਚ ਜਾਣਾ ਜੁਰਮ ਹੈ, ਤਾਂ ਸੂਬੇ ਦੀ ਕਿਸਮਤ ਦਾ ਫੈਸਲਾ ਕਰਨ ਵਾਲੇ ਸਦਨ ਵਿੱਚ ਵੀ ਅਜਿਹੀ ਮਰਯਾਦਾ ਲਾਜ਼ਮੀ ਹੋਣੀ ਚਾਹੀਦੀ ਹੈ। ਜੇਕਰ ਨਿਯਮ ਪੱਕੇ ਹੋਣਗੇ, ਤਾਂ ਕੋਈ ਵੀ ਆਗੂ ਅਜਿਹੀ ਹਰਕਤ ਕਰਨ ਤੋਂ ਪਹਿਲਾਂ ਸੌ ਵਾਰ ਸੋਚੇਗਾ। ਇਸ ਨਾਲ ਲੋਕਾਂ ਦਾ ਸਿਆਸਤਦਾਨਾਂ 'ਤੇ ਭਰੋਸਾ ਵਧੇਗਾ। ਜੇਕਰ ਮੌਕੇ 'ਤੇ ਟੈਸਟ ਦੀ ਸਹੂਲਤ ਹੋਵੇਗੀ, ਤਾਂ ਵਿਰੋਧੀ ਧਿਰ ਬਿਨਾਂ ਸਬੂਤ ਤੋਂ ਕਿਸੇ 'ਤੇ ਚਿੱਕੜ ਨਹੀਂ ਉਛਾਲ ਸਕੇਗੀ। ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਤੁਰੰਤ ਹੋ ਜਾਵੇਗਾ। ਮਾਹਿਰਾਂ ਦਾ ਮੰਨਣਾ ਹੈ ਕਿ ਜਾਂਚ ਕਿਸੇ ਸਿਆਸੀ ਪ੍ਰਭਾਵ ਹੇਠ ਨਹੀਂ, ਸਗੋਂ ਸਰਕਾਰੀ ਡਾਕਟਰਾਂ ਦੀ ਇੱਕ ਆਜ਼ਾਦ ਟੀਮ ਵੱਲੋਂ ਹੋਣੀ ਚਾਹੀਦੀ ਹੈ।

### ਕੀ ਡੋਪ ਟੈਸਟ ਦਾ ਕਨੂੰਨ ਬਣਨਾ ਚਾਹੀਦਾ

ਸਿਆਸੀ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਅਨੁਸਾਰ ਜੇਕਰ ਪੰਜਾਬ ਦੀ ਵਿਧਾਨ ਸਭਾ ਅਜਿਹਾ ਨਿਯਮ ਬਣਾਉਂਦੀ ਹੈ, ਤਾਂ ਇਹ ਜਨਤਾ ਨੂੰ ਇੱਕ ਮਜ਼ਬੂਤ ਸੁਨੇਹਾ ਦੇਵੇਗੀ ਕਿ "ਜਿਹੜੇ ਲੋਕ ਨਸ਼ਾ ਖਤਮ ਕਰਨ ਦੇ ਕਾਨੂੰਨ ਬਣਾਉਂਦੇ ਹਨ, ਉਹ ਖੁਦ ਵੀ ਹਰ ਤਰ੍ਹਾਂ ਦੇ ਨਸ਼ੇ ਤੋਂ ਮੁਕਤ ਅਤੇ ਜਵਾਬਦੇਹ ਹਨ।" ਇਹ ਸਿਆਸਤਦਾਨਾਂ ਦੀ ਕਥਨੀ ਅਤੇ ਕਰਨੀ ਦੇ ਅੰਤਰ ਨੂੰ ਘਟਾਏਗਾ। ਭਾਰਤ ਦੇ ਕਈ ਹੋਰ ਸੂਬੇ ਵੀ ਨਸ਼ਿਆਂ ਦੀ ਸਮੱਸਿਆ ਨਾਲ ਜੂਝ ਰਹੇ ਹਨ। ਜੇਕਰ ਪੰਜਾਬ ਇਸ ਦੀ ਸ਼ੁਰੂਆਤ ਕਰਦਾ ਹੈ, ਤਾਂ ਦੂਜੇ ਰਾਜਾਂ ਦੀਆਂ ਵਿਧਾਨ ਸਭਾਵਾਂ 'ਤੇ ਵੀ ਅਜਿਹੇ ਪਾਰਦਰਸ਼ੀ ਨਿਯਮ ਬਣਾਉਣ ਦਾ ਦਬਾਅ ਵਧੇਗਾ। ਇਹ ਭਾਰਤੀ ਸੰਸਦੀ ਪ੍ਰਣਾਲੀ ਵਿੱਚ 'ਸੁਧਾਰਵਾਦੀ ਲਹਿਰ' ਵਜੋਂ ਦੇਖਿਆ ਜਾਵੇਗਾ। ਪੰਜਾਬ ਵਿੱਚ ਅਜਿਹਾ ਕਦਮ ਚੁੱਕਣਾ ਸਿਰਫ਼ ਇੱਕ ਨਿਯਮ ਬਦਲਣਾ ਨਹੀਂ ਹੋਵੇਗਾ, ਸਗੋਂ ਇਹ 'ਸਿਆਸੀ ਸੱਭਿਆਚਾਰ' ਨੂੰ ਬਦਲਣ ਦੀ ਕੋਸ਼ਿਸ਼ ਹੋਵੇਗੀ। ਜੇਕਰ ਪੰਜਾਬ ਇਹ ਕਰ ਸਕਦਾ ਹੈ, ਤਾਂ ਇਹ ਬਾਕੀ ਭਾਰਤ ਲਈ ਇੱਕ "ਰੋਲ ਮਾਡਲ" ਸਾਬਤ ਹੋਵੇਗਾ।

# ਸੁੱਖਾ ਕਾਹਲਵਾਂ ਕਤਲ ਕੇਸ ਦੇ ਮੁੱਖ ਗਵਾਹ ਗੋਪੀ ਨਿੱਝਰ ਦਾ ਗੋਲੀਆਂ ਮਾਰ ਕੇ ਕਤਲ

## ✪ ਗੈਂਗਸਟਰ ਡੋਨੀ ਬੱਲ ਗਰੁੱਪ ਨੇ ਲਈ ਜ਼ਿੰਮੇਵਾਰੀ



ਭੁਲੱਥ/ਕਪੂਰਥਲਾ-ਪੰਜਾਬ ਵਿੱਚ ਗੈਂਗਵਾਰ ਅਤੇ ਅਪਰਾਧਿਕ ਵਾਰਦਾਤਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਤਾਜ਼ਾ ਮਾਮਲੇ ਵਿੱਚ ਸੁੱਖਾ ਕਾਹਲਵਾਂ ਕਤਲ ਕਾਂਡ ਦੇ ਮੁੱਖ ਗਵਾਹ ਗੁਰਪ੍ਰੀਤ ਸਿੰਘ ਉਰਫ਼ ਗੋਪੀ ਨਿੱਝਰ ਥਾਣਾ ਸੁਭਾਨਪੁਰ ਦਾ ਬੀਤੀ ਰਾਤ ਕਾਰ ਸਵਾਰ ਹਮਲਾਵਰਾਂ ਨੇ ਉਸ ਦੀ ਕਾਰ ਨੂੰ ਘੇਰ ਕੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ। ਪੁਲਿਸ ਨੇ ਉਸ ਨੂੰ ਹਸਪਤਾਲ ਪਹੁੰਚਾਇਆ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਇਸ ਕਤਲ ਦੀ ਜ਼ਿੰਮੇਵਾਰੀ ਗੈਂਗਸਟਰ ਡੋਨੀ ਬੱਲ ਗਰੁੱਪ ਵੱਲੋਂ ਲਈ ਗਈ ਹੈ। ਇਹ ਘਟਨਾ ਸਬ-ਡਵੀਜ਼ਨ ਭੁਲੱਥ ਦੇ ਥਾਣਾ ਢਿੱਲਵਾਂ ਅਧੀਨ ਪੈਂਦੇ ਇਲਾਕੇ ਵਿੱਚ ਵਾਪਰੀ। ਗੋਪੀ ਨਿੱਝਰ ਮਸ਼ਹੂਰ ਗੈਂਗਸਟਰ ਸੁੱਖਾ ਕਾਹਲਵਾਂ ਕਤਲ ਕੇਸ ਵਿੱਚ ਮੁੱਖ ਗਵਾਹ ਸੀ। ਗਵਾਹੀ ਦੇਣ ਕਾਰਨ ਉਹ ਲਗਾਤਾਰ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਸੀ। ਜਾਣਕਾਰੀ ਅਨੁਸਾਰ ਉਸ 'ਤੇ ਪਹਿਲਾਂ ਵੀ ਕਈ ਵਾਰ ਜਾਨਲੇਵਾ ਹਮਲੇ ਹੋ ਚੁੱਕੇ ਸਨ। ਉਸ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਸਨ ਕਿ ਉਹ ਅਦਾਲਤ ਵਿੱਚ ਗਵਾਹੀ ਨਾ ਦੇਵੇ। ਐੱਸ. ਐੱਸ. ਪੀ. ਕਪੂਰਥਲਾ, ਗੌਰਵ ਤੂਰਾ ਨੇ ਦੱਸਿਆ ਕਿ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਹਮਲਾਵਰਾਂ ਦੀ ਪਛਾਣ ਲਈ ਇਲਾਕੇ ਦੇ ਸੀਸੀਟੀਵੀ ਫੁਟੇਜ ਖੰਗਾਲੇ ਜਾ ਰਹੇ ਹਨ। ਪੁਲਿਸ ਨੇ ਕਤਲ ਦਾ ਕੇਸ ਦਰਜ ਕਰ ਲਿਆ ਹੈ ਅਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

**ਵਿਚਾਰ :–** ਅਪਰਾਧ ਨੂੰ ਉਤਸ਼ਾਹਤ ਕਰਨਾ ਅਤੇ ਅਪਰਾਧ ਨੂੰ ਸਹਿਣਾ, ਅਪਰਾਧ ਕਰਨ ਨਾਲੋਂ ਵੱਡਾ ਅਪਰਾਧ ਹੈ।

## NEWS & VIEWS

# GRAVESEND GURDWARA STATUE OF BABA BAND SINGH BAHADUR: CLARITY BETWEEN IDOL WORSHIP AND EDUCATIONAL NEED



Gurmukh Singh OBE

(Continued from last week)

Issues of Sikhi principle should be resolved with Gurmat-based clarity before escalation into internal time-wasting disagreements. One such issue raised recently is the statue of legendary Sikh general and martyr, Baba Banda Singh Bahadur installed at Gravesend Gurdwara.

Sardar Tarlochan Singh (Ex-M.P, Former Chairman Indian National Commission Minorities), wrote on 22 April 2026 to some UK contacts, to quote: *Earlier I wrote to S. Tanmanjeet Singh Dhesi, MP, who is from Gravesend, objecting to placing of Banda Singh Bahadur Statue in Gurdwara premises which is against our tradition. Statues should be on main roads or crossing and not in the Gurdwaras.*

The column this week summarises some views received. Direct wording has been used with some editing:

The distinction between idol worship (ਬੁੱਤ/ ਮੂਰਤੀ ਪੂਜਾ) and the educational use of images, statues, and films is necessary. All forms of visual representations of Sikh martyrs and great Sikh historical figures, including Baba Banda Singh Bahadur, should be looked at and presented from an educational angle and not treated as idols to be worshipped. Visual representations, when approached with intellectual clarity and discipline, can serve an educational purpose. Sikh history, especially in the diaspora, often requires such mediums to communicate across generations and cultural contexts.



The concern lies not in the existence of such representations, but in the context and gradual transformation of their meaning. Sikh tradition, as shaped by Guru Nanak and culminating in the installation of the Guru Granth Sahib as the Eternal Guru, made a conscious and radical shift: from form to Shabad, from external focus to internal realisation. It is for this reason that the Gurdwara space has historically remained not merely as a community complex, but also as a spiritually disciplined environment centred on the Shabad Guru. The line between educational representation and symbolic reverence can, over time, become blurred. In this sense, what is in the eye (mind) of the beholder, becomes precisely the reason for exercising long-term caution. The lives of our great figures must not remain confined to visual recall, but must be embedded within structured learning.

Examples from the UK and India are important and reflect evolving realities.


UK situation re statues in public places: Guru Nanak Darbar Gurdwara in Gravesend occupies at 8.5 acre site. The statue of Banda Singh Bahadur is in a prominent position in the Gurdwara complex and outside the Gurdwara. In the UK statues of this nature are only suitable or allowed on land owned by Gurdwaras. Only exception is Maharaja Duleep Singh in Thetford. Singh Sabha Gurdwara Derby has a fantastic Sikh museum and statues. We also have the Jassa Singh Ramgharia statue in Derby. The only Sikh statues in public spaces in the UK owned by the authorities relate to Sikh sacrifices in the world wars: Gravesend, Smethwick, Leicester, Huddersfield etc.

As pointed out, statues of Ardas and other martyrs have been on educational display at Gurdwara Mehdiana Sahib for decades and include the statute of Baba Banda Singh Bahadur. There is at least one Gurdwara on GT Road from Ludhiana to Delhi with a statue at the entrance. There has been no objection from Akal Takht Sahib.

There is need for better understanding of the times, educational needs and local situations in the Sikh diaspora.

Gurmukh Singh OBE, Ret'd Principal Civil Servant (UK) sewauk2005@yahoo.co.uk

## ਸੰਪਾਦਕੀ



ਰਜਿੰਦਰ ਸਿੰਘ ਪੁਰੇਵਾਲ

# ‘ਕਾਰਪੋਰੇਟ ਜਿਹਾਦ’ - ਮੁਸਲਮਾਨਾਂ ਖਿਲਾਫ ਨਫ਼ਰਤ ਦਾ ਨਵਾਂ ਰੂਪ ਅਤੇ ਆਰਥਿਕ ਘੇਰਾਬੰਦੀ

ਭਾਰਤ ਦੇ ਸਮਾਜਿਕ ਅਤੇ ਆਰਥਿਕ ਤਾਣੇ-ਬਾਣੇ ਵਿੱਚ ਪਿਛਲੇ ਕੁਝ ਸਮੇਂ ਤੋਂ ‘ਜਿਹਾਦ’ ਸ਼ਬਦ ਨੂੰ ਹਰ ਘਟਨਾ ਨਾਲ ਜੋੜ ਕੇ ਪੇਸ਼ ਕਰਨ ਦਾ ਇੱਕ ਬੇਹੱਦ ਖ਼ਤਰਨਾਕ ਰੁਝਾਨ ਵਧ ਰਿਹਾ ਹੈ। ਲਵ, ਲੈਂਡ ਅਤੇ ਕੋਰੋਨਾ ਜਿਹਾਦ ਵਰਗੇ ਵਿਵਾਦਾਂ ਤੋਂ ਬਾਅਦ ਹੁਣ ‘ਕਾਰਪੋਰੇਟ ਜਿਹਾਦ’ ਦੇ ਨਾਮ ਹੇਠ ਇੱਕ ਨਵੀਂ ਫਿਰਕੂ ਮੁਹਿੰਮ ਵਿੱਢੀ ਗਈ ਹੈ। ਨਾਸਿਕ (ਮਹਾਰਾਸ਼ਟਰ) ਸਥਿਤ ਟੀ. ਸੀ. ਐੱਸ. ਦੇ ਦਫ਼ਤਰ ਵਿੱਚ ਵਾਪਰੀ ਘਟਨਾ ਨੂੰ ਜਿਸ ਤਰ੍ਹਾਂ ਫਿਰਕੂ ਰੰਗਤ ਦਿੱਤੀ ਗਈ, ਉਹ ਸਿਰਫ਼ ਇੱਕ ਇਤਫ਼ਾਕ ਨਹੀਂ ਬਲਕਿ ਦੇਸ਼ ਦੀ ਅੰਤਰਰਾਸ਼ਟਰੀ ਸਾਖ ਅਤੇ ਸਮਾਜਿਕ ਸਥਿਰਤਾ ਲਈ ਇੱਕ ਵੱਡੀ ਚੁਣੌਤੀ ਹੈ।

ਮਈ 2026 ਦੇ ਸ਼ੁਰੂਆਤੀ ਦਿਨਾਂ ਵਿੱਚ ਇਹ ਦਾਅਵਾ ਕੀਤਾ ਗਿਆ ਸੀ ਕਿ ਨਾਸਿਕ ਸਥਿਤ ਟੀ. ਸੀ. ਐੱਸ. ਦੇ ਦਫ਼ਤਰ ਵਿੱਚ ਕੁਝ ਮੁਸਲਿਮ ਕਰਮਚਾਰੀ ਹਿੰਦੂ ਸਹਿ-ਕਰਮਚਾਰੀਆਂ ਦਾ ਧਰਮ ਪਰਿਵਰਤਨ ਕਰਵਾਉਣ, ਉਨ੍ਹਾਂ ਨੂੰ ਨਮਾਜ਼ ਲਈ ਮਜਬੂਰ ਕਰਨ ਅਤੇ ਗਊ ਮਾਸ ਖੁਆਉਣ ਦੀ ਸਾਜ਼ਿਸ਼ ਰਚ ਰਹੇ ਹਨ। ਇਸ ਨੂੰ ‘ਕਾਰਪੋਰੇਟ ਜਿਹਾਦ’ ਦਾ ਨਾਂ ਦਿੱਤਾ ਗਿਆ। ਹਾਲਾਂਕਿ, ਜਦੋਂ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਸੁਤੰਤਰ ਕਮੇਟੀਆਂ ਨੇ ਇਸ ਦੀ ਜਾਂਚ ਕੀਤੀ, ਤਾਂ ਕਈ ਹੈਰਾਨੀਜਨਕ ਤੱਥ ਸਾਹਮਣੇ ਆਏ:

ਪ੍ਰੋਪੇਗੰਡਾ ਬਨਾਮ ਹਕੀਕਤ: ਜਿਸ ਨਿਦਾ ਖਾਨ ਨੂੰ ਸਾਜ਼ਿਸ਼ ਦੀ ‘ਮਾਸਟਰਮਾਈਂਡ’ ਅਤੇ ਐਚ.ਆਰ. ਹੈੱਡ ਦੱਸਿਆ ਗਿਆ, ਉਹ ਅਸਲ ਵਿੱਚ ਸਿਰਫ਼ ਇੱਕ ਟੈਲੀਕਾਲਰ ਸੀ ਅਤੇ ਘਟਨਾ ਤੋਂ ਕਈ ਮਹੀਨੇ ਪਹਿਲਾਂ ਹੀ ਉਸ ਦੀ ਬਦਲੀ ਹੋ ਚੁੱਕੀ ਸੀ।

ਪੁਲਿਸ ਨੇ ਇੱਕ ਨਿੱਜੀ ਰਿਸ਼ਤੇ ਜਾਂ ਵਿਅਕਤੀਗਤ ਅਪਰਾਧਿਕ ਸ਼ਿਕਾਇਤ ਨੂੰ ਬਿਨਾਂ ਪੁਖਤਾ ਸਬੂਤਾਂ ਦੇ ‘ਸਮੂਹਿਕ ਸਾਜ਼ਿਸ਼’ ਵਜੋਂ ਪੇਸ਼ ਕੀਤਾ। ਨਾਸਿਕ ਵਿੱਚ ਹੀ ਵਾਪਰੇ ਹੋਰ ਗੰਭੀਰ ਮਾਮਲਿਆਂ (ਜਿਵੇਂ ਬਾਬਾ ਅਸ਼ੋਕ ਖਰਾਤ ਦੁਆਰਾ ਔਰਤਾਂ ਦਾ ਸ਼ੋਸ਼ਣ) ’ਤੇ ਚੁੱਪ ਰਹਿਣਾ ਅਤੇ ਇਸ ਮਾਮਲੇ ਨੂੰ ਉਛਾਲਣਾ ਸਪੱਸ਼ਟ ਕਰਦਾ ਹੈ ਕਿ ਮਕਸਦ ਇਨਸਾਫ਼ ਨਹੀਂ, ਸਗੋਂ ਫਿਰਕੂ ਧਰੁਵੀਕਰਨ ਹੈ। ਇਸ ਵਰਤਾਰੇ ਦਾ ਸਭ ਤੋਂ ਦੁਖਦਾਈ ਪਹਿਲੂ ਪੜ੍ਹੇ-ਲਿਖੇ ਮੁਸਲਿਮ ਨੌਜਵਾਨਾਂ ਦਾ ਆਰਥਿਕ ਬਾਈਕਾਟ ਹੈ। ਜਦੋਂ ਕਾਰਪੋਰੇਟ ਦਫ਼ਤਰਾਂ ਦੀਆਂ ਏਅਰ-ਕੰਡੀਸ਼ਨਡ ਕੰਧਾਂ ਅੰਦਰ ਵੀ ਧਰਮ ਦੇ ਆਧਾਰ ’ਤੇ ਸ਼ੱਕ ਦੀਆਂ ਦੀਵਾਰਾਂ ਖੜ੍ਹੀਆਂ ਕੀਤੀਆਂ ਜਾਣਗੀਆਂ, ਤਾਂ ਇਸ ਦਾ ਸਿੱਧਾ ਅਸਰ ਰੁਜ਼ਗਾਰ ’ਤੇ ਪਵੇਗਾ। ਕੰਪਨੀਆਂ ਕਿਸੇ ਵੀ ਵਿਵਾਦ ਤੋਂ ਬਚਣ ਲਈ ਘੱਟਗਿਣਤੀ ਨੌਜਵਾਨਾਂ ਨੂੰ ਨੌਕਰੀ ਦੇਣ ਤੋਂ ਕਤਰਾਉਣ ਲੱਗਣਗੀਆਂ, ਜੋ ਕਿ ਇੱਕ ਪੂਰੇ ਭਾਈਚਾਰੇ ਨੂੰ ਮੁੱਖ ਧਾਰਾ ਤੋਂ ਬਾਹਰ ਕਰਨ ਦੀ ਸਾਜ਼ਿਸ਼ ਹੈ।

ਟੀ. ਸੀ. ਐੱਸ. ਵਰਗੀਆਂ ਵੱਡੀਆਂ ਕੰਪਨੀਆਂ ਨੂੰ ਇਹ ਸਮਝਣਾ ਹੋਵੇਗਾ ਕਿ ਅਫਵਾਹਾਂ ਦੇ ਦਬਾਅ ਹੇਠ ਆ ਕੇ ਆਪਣੇ ਬੇਗੁਨਾਹ ਕਰਮਚਾਰੀਆਂ ਵਿਰੁੱਧ ਕਾਰਵਾਈ ਕਰਨਾ ਉਨ੍ਹਾਂ ਦੇ ਪੇਸ਼ੇਵਰ ਮਾਹੌਲ ਨੂੰ ਬਰਬਾਦ ਕਰ ਸਕਦਾ ਹੈ। ਜੇਕਰ ਭਾਰਤ ਨੇ ਆਪਣਾ ‘ਗਲੋਬਲ ਟੈਕ-ਹੱਬ’ ਦਾ ਦਰਜਾ ਬਰਕਰਾਰ ਰੱਖਣਾ ਹੈ, ਤਾਂ ਉਸ ਦੀਆਂ ਐਚ. ਆਰ. ਨੀਤੀਆਂ ਨੂੰ ਧਾਰਮਿਕ ਕੱਟੜਤਾ ਤੋਂ ਮੁਕਤ ਰੱਖਣਾ ਪਵੇਗਾ।

ਅਪਰਾਧ ਨੂੰ ਅਪਰਾਧੀ ਦੇ ਧਰਮ ਨਾਲ ਜੋੜ ਕੇ ਦੇਖਣਾ ਲੋਕਤੰਤਰ ਦੀ ਹੱਤਿਆ ਹੈ। ‘ਕਾਰਪੋਰੇਟ ਜਿਹਾਦ’ ਵਰਗੇ ਸ਼ਬਦ ਭਾਰਤ ਦੀ ਤਰੱਕੀ ਨੂੰ ਖੋਰਾ ਲਾਉਣ ਵਾਲੇ ਵਾਇਰਸ ਹਨ। ਸਮਾਜ ਅਤੇ ਸਰਕਾਰ ਨੂੰ ਇਹ ਸਮਝਣ ਦੀ ਲੋੜ ਹੈ ਕਿ ਭਾਰਤ ਨੂੰ ‘ਵਿਕਸਤ’ ਬਣਾਉਣ ਲਈ ਨੌਜਵਾਨਾਂ ਦੇ ਹੱਥਾਂ ਵਿੱਚ ਰੁਜ਼ਗਾਰ ਹੋਣਾ ਚਾਹੀਦਾ ਹੈ, ਨਾ ਕਿ ਉਨ੍ਹਾਂ ਦੇ ਕਿਰਦਾਰ ’ਤੇ ਸ਼ੱਕ ਦੀਆਂ ਲਕੀਰਾਂ ਤੇ ਫਿਰਕੂ ਨਫਰਤ। ਨਫ਼ਰਤ ਦੀਆਂ ਇਹ ਦੀਵਾਰਾਂ ਦੇਸ਼ ਦੇ ਭਵਿੱਖ ਲਈ ਘਾਤਕ ਸਿੱਧ ਹੋਣਗੀਆਂ।

-ਰਜਿੰਦਰ ਸਿੰਘ ਪੁਰੇਵਾਲ

# ਬੇਅਦਬੀ ਵਿਰੁਧ ਪੰਥਕ ਇਕੱਤਰਤਾ ਹੋਈ ਸਰਕਾਰੀ ਦਖ਼ਲਅੰਦਾਜ਼ੀ ਵਿਰੁੱਧ ਜਥੇਦਾਰ ਦਾ ਸ਼ਖ਼ਤ ਰੁਖ਼

## ✪ ਸਤਿਕਾਰ ਸੋਧ ਐਕਟ ਰੱਦ, ਜਥੇਦਾਰ ਬੋਲੇ ਸਰਕਾਰ ਪੰਥਕ ਸੰਸਥਾਵਾਂ ਨੂੰ ਅਣਗੌਲਿਆ ਕਰ ਰਹੀ ਹੈ ? ✪ ਭਾਈ ਰਾਜੋਆਣਾ ਮਾਮਲੇ 'ਤੇ ਚੁੱਪ ਧਾਰੀ

ਖਾਸ ਖਬਰ

ਅੰਮ੍ਰਿਤਸਰ ਵਿਖੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵੱਲੋਂ ਸੱਦੀ ਗਈ ਪੰਥਕ ਇਕੱਤਰਤਾ ਸਿੱਖ ਸਿਆਸਤ ਅਤੇ ਧਾਰਮਿਕ ਮਰਯਾਦਾ ਦੇ ਹਵਾਲੇ ਨਾਲ ਕਈ ਅਹਿਮ ਸਵਾਲ ਛੱਡ ਗਈ ਹੈ। ਅਕਾਲ ਤਖ਼ਤ ਸਾਹਿਬ ਵਿਖੇ ਹੋਈ ਪੰਥਕ ਇਕੱਤਰਤਾ ਨੇ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਲਾਗੂ ਕੀਤੇ ਗਏ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2026' ਨੂੰ ਨਾਮਨਜ਼ੂਰ ਕਰਕੇ ਸੂਬੇ ਦੀ ਸਿਆਸੀ ਅਤੇ ਧਾਰਮਿਕ ਹਲਕਿਆਂ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਇਹ ਮਾਮਲਾ ਸਿਰਫ਼ ਕਾਨੂੰਨ ਦੀਆਂ ਧਾਰਾਵਾਂ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ ਸਿੱਖ ਸੰਸਥਾਵਾਂ ਦੀ ਸਰਵਉੱਚਤਾ ਅਤੇ ਸਰਕਾਰੀ ਕਾਰਜਪ੍ਰਣਾਲੀ ਦੇ ਟਕਰਾਅ ਦਾ ਪ੍ਰਤੀਕ ਬਣ ਗਿਆ ਹੈ। ਇਸ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਵੱਖ-ਵੱਖ ਪੰਥਕ ਆਗੂਆਂ, ਨਿਹੰਗ ਸਿੰਘ ਜਥੇਬੰਦੀਆਂ ਦੇ ਨੁਮਾਇੰਦਿਆਂ ਤੋਂ ਇਲਾਵਾ ਸਿੱਖ ਕਾਨੂੰਨੀ ਮਾਹਿਰਾਂ ਨੇ ਸ਼ਮੂਲੀਅਤ ਕੀਤੀ, ਪਰ ਇਥੇ ਦੱਸਣਾ ਜ਼ਰੂਰੀ ਹੈ ਕਿ ਇਹ ਪੰਥਕ ਇਕੱਤਰਤਾ ਸ਼੍ਰੋਮਣੀ ਕਮੇਟੀ ਦੀ ਇਕੱਤਰਤਾ ਨਾਲੋਂ ਬਹੁਤ ਛੋਟੀ ਸਿੱਧ ਹੋਈ, ਜਿਸ ਕਾਰਨ ਪੰਥਕ ਆਗੂਆਂ ਦੀ ਸ਼ਮੂਲੀਅਤ ਪਿਛਲੀ ਇਕੱਤਰਤਾ ਨਾਲੋਂ ਘੱਟ ਹੋਣਾ ਮੰਨਿਆ ਜਾ ਰਿਹਾ ਹੈ।

ਇਸ ਇਕੱਤਰਤਾ ਦਾ ਮੁੱਖ ਏਜੰਡਾ 'ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ' ਅਤੇ 'ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ' ਵਰਗੇ ਗੰਭੀਰ ਮੁੱਦੇ ਸਨ। ਹਾਲਾਂਕਿ, ਇਕੱਤਰਤਾ ਦੀ ਕਾਰਵਾਈ ਦੌਰਾਨ ਸਤਿਕਾਰ ਸੋਧ ਐਕਟ ਦਾ ਮੁੱਦਾ ਪੂਰੀ ਤਰ੍ਹਾਂ ਹਾਵੀ ਰਿਹਾ, ਜਦਕਿ ਭਾਈ ਰਾਜੋਆਣਾ ਦੇ ਮਾਮਲੇ 'ਤੇ ਕਿਸੇ ਠੋਸ ਫ਼ੈਸਲੇ ਤੱਕ ਨਾ ਪਹੁੰਚ ਸਕਣਾ ਪੰਥਕ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਸੂਬਾ ਸਰਕਾਰ ਵੱਲੋਂ ਬੇਅਦਬੀ ਮਾਮਲਿਆਂ ਸਬੰਧੀ ਪਾਸ ਕੀਤਾ ਗਿਆ 'ਸਤਿਕਾਰ ਸੋਧ ਐਕਟ' ਪੰਥਕ ਵਿਦਵਾਨਾਂ ਅਤੇ ਆਗੂਆਂ ਦੇ ਨਿਸ਼ਾਨੇ 'ਤੇ ਰਿਹਾ। ਜਥੇਦਾਰ ਦਾ ਇਹ ਤਰਕ ਵਜ਼ਨਦਾਰ ਸੀ ਕਿ ਗੁਰੂ ਸਾਹਿਬ ਦੇ ਅਦਬ-ਸਤਿਕਾਰ ਨਾਲ ਜੁੜੇ ਫ਼ੈਸਲੇ ਪੰਥਕ ਅਧਾਰ 'ਤੇ ਹੋਣੇ ਚਾਹੀਦੇ ਹਨ। ਸਭ ਤੋਂ ਵੱਡਾ ਇਤਰਾਜ਼ ਇਸ ਗੱਲ 'ਤੇ ਹੈ ਕਿ ਕਾਨੂੰਨ ਬਣਾਉਣ ਵੇਲੇ ਸਿੱਖ ਜਥੇਬੰਦੀਆਂ ਜਾਂ ਵਿਦਵਾਨਾਂ ਨੂੰ ਭਰੋਸੇ ਵਿੱਚ ਨਹੀਂ ਲਿਆ ਗਿਆ। ਇਕੱਤਰਤਾ ਵਿੱਚ ਉੱਭਰ ਕੇ ਸਾਹਮਣੇ ਆਇਆ ਮੁੱਖ ਇਤਰਾਜ਼ ਇਹ ਹੈ ਕਿ ਸਰਕਾਰ ਨੇ ਇੰਨਾ ਅਹਿਮ ਧਾਰਮਿਕ ਕਾਨੂੰਨ ਬਣਾਉਣ ਵੇਲੇ ਸਿੱਖ ਕੌਮ ਦੀ ਸਰਵਉੱਚ ਸੰਸਥਾ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਪੰਥ ਨੂੰ ਭਰੋਸੇ ਵਿੱਚ ਨਹੀਂ ਲਿਆ। ਹਾਲਾਂਕਿ ਇਸ ਕਾਨੂੰਨ ਵਿੱਚ ਉਮਰ ਕੈਦ ਅਤੇ ਭਾਰੀ ਜੁਰਮਾਨੇ ਵਰਗੀਆਂ ਸਖ਼ਤ ਸਜ਼ਾਵਾਂ ਦੀ ਤਜਵੀਜ਼ ਹੈ, ਜਿਸ ਦਾ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪਹਿਲਾਂ ਸਵਾਗਤ ਵੀ ਕੀਤਾ ਸੀ, ਪਰ ਹੁਣ ਇਸ ਦੇ ਦੂਜੇ ਪੱਖ 'ਤੇ ਚਿੰਤਾ ਪ੍ਰਗਟਾਈ ਜਾ ਰਹੀ ਹੈ। ਪੰਥਕ ਇਕੱਤਰਤਾ ਦਾ ਮੰਨਣਾ ਸੀ ਕਿ ਕਾਨੂੰਨ ਵਿੱਚ ਪ੍ਰਬੰਧਕਾਂ ਅਤੇ ਗ੍ਰੰਥੀ ਸਿੰਘਾਂ ਦੀ ਜ਼ਿੰਮੇਵਾਰੀ ਨੂੰ ਸਪੱਸ਼ਟ ਨਹੀਂ ਕੀਤਾ ਗਿਆ। ਡਰ ਹੈ ਕਿ ਕਿਤੇ ਬੇਅਦਬੀ ਦੀਆਂ ਅਸਲ ਸਾਜ਼ਿਸ਼ਾਂ ਘੜਨ ਵਾਲਿਆਂ ਦੀ ਬਜਾਏ, ਸੇਵਾਦਾਰਾਂ ਨੂੰ ਹੀ ਨਿਸ਼ਾਨਾ ਨਾ ਬਣਾਇਆ ਜਾਵੇ। ਸਿਰਫ਼ ਸਖ਼ਤ ਕਾਨੂੰਨ ਹੋਣਾ ਕਾਫ਼ੀ ਨਹੀਂ, ਸਗੋਂ ਸਾਜ਼ਿਸ਼ਾਂ ਨੂੰ ਬੇਪਰਦਾ ਕਰਨ ਦੀ ਸਿਆਸੀ ਇੱਛਾ ਸ਼ਕਤੀ ਦੀ ਲੋੜ ਹੈ।

ਇਸ ਦੌਰਾਨ ਕੁਝ ਪੰਥਕ ਆਗੂਆਂ, ਜਿਨ੍ਹਾਂ ਵਿਚ ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ ਦੇ ਤੇਵਰ ਕੁਝ ਤਿੱਖੇ ਰਹੇ ਅਤੇ ਉਨ੍ਹਾਂ ਨੇ ਆਪਣੇ ਵਿਚਾਰਾਂ ਦੌਰਾਨ ਪੰਜਾਬ ਸਰਕਾਰ ਦੇ ਉਪਰੋਕਤ ਕਾਨੂੰਨ ਸੰਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਭੂਮਿਕਾ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਸ਼੍ਰੋਮਣੀ ਕਮੇਟੀ ਵਲੋਂ 6 ਅਪ੍ਰੈਲ ਨੂੰ ਸੱਦੇ ਪੰਥਕ ਇਕੱਠ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਭੂਮਿਕਾ ਅਤੇ ਉਨ੍ਹਾਂ ਵਲੋਂ ਪਹਿਲਾਂ ਹੀ ਇਸ ਕਾਨੂੰਨ 'ਤੇ ਤਸੱਲੀ ਪ੍ਰਗਟ ਕਰਕੇ ਇਸ ਦਾ ਸਵਾਗਤ ਕਰਨ ਨੂੰ ਗਲਤ ਕਰਾਰ ਦਿੱਤਾ ਅਤੇ ਉਨ੍ਹਾਂ ਨੇ ਹੀ ਪੰਜਾਬ ਸਰਕਾਰ ਦੇ ਸਪੀਕਰ ਨੂੰ ਅਕਾਲ ਤਖ਼ਤ ਸਾਹਿਬ 'ਤੇ ਸੱਦਣ ਦੀ ਗੱਲ ਕੀਤੀ। ਇਸ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਵੀਕਾਰ ਕੀਤਾ ਕਿ ਉਨ੍ਹਾਂ ਵਲੋਂ ਪੰਜਾਬ ਸਰਕਾਰ ਵਲੋਂ ਲਿਆਂਦੇ ਕਾਨੂੰਨ ਬਾਰੇ ਸਵਾਗਤ ਕਰਕੇ ਗਲਤੀ ਹੋਈ ਹੈ ਪਰ ਉਹ ਪੰਥਕ ਤੌਰ 'ਤੇ ਦੋਸ਼ੀ ਨਾ ਸਮਝਿਆ ਜਾਵੇ।

ਬੀਬੀ ਕਿਰਨਜੋਤ ਕੌਰ ,ਬਲਦੀਪ ਸਿੰਘ ਰਾਮੂਵਾਲੀਆ ਅਤੇ ਹੋਰ ਵਿਦਵਾਨਾਂ ਦਾ ਇਹ ਤਰਕ ਵਜ਼ਨਦਾਰ ਹੈ ਕਿ ਗੁਰੂ ਸਾਹਿਬ ਦੀ ਪਹਿਰੇਦਾਰੀ ਦਾ ਜ਼ਿੰਮਾ ਖ਼ਾਲਸਾ ਪੰਥ ਦਾ ਹੈ, ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰਕਾਰੀ ਕਾਨੂੰਨੀ ਬੰਧਨਾਂ ਵਿੱਚ ਬੰਨ੍ਹਣਾ ਸਿੱਖ ਰਵਾਇਤਾਂ ਦੇ ਉਲਟ ਹੋ ਸਕਦਾ ਹੈ। ਉਨ੍ਹਾਂ ਨੇ ਪੰਥਕ ਮਾਮਲਿਆਂ ਨੂੰ ਸਰਕਾਰਾਂ ਤੱਕ ਨਾ ਲੈ ਕੇ ਜਾਣ ਦੀ ਗੱਲ ਕੀਤੀ। ਇਸ ਦੌਰਾਨ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਦਮਦਮੀ ਟਕਸਾਲ ਤਰਫ਼ੋਂ ਸ਼ਮਸ਼ੇਰ ਸਿੰਘ ਜੇਠੂਵਾਲ, ਐਡ: ਪੂਰਨ ਸਿੰਘ ਹੁੰਦਲ, ਐਡਵੋਕੇਟ ਬਰਜਿੰਦਰ ਸਿੰਘ ਸੋਢੀ, ਐਡਵੋਕੇਟ ਸਿਮਰਨਜੀਤ ਸਿੰਘ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਤੋਂ ਗੁਰਪ੍ਰੀਤ ਸਿੰਘ, ਐਡ: ਬਰਜਿੰਦਰ ਸਿੰਘ ਲੂੰਬਾ, ਡਾ: ਐਮ. ਐੱਸ. ਰੰਧਾਵਾ, ਗੰਗਵੀਰ ਸਿੰਘ ਰਾਠੌਰ ਤੇ ਬਾਬਾ ਬਖਸ਼ੀਸ਼ ਸਿੰਘ ਨੇ ਸੰਬੋਧਨ ਕੀਤਾ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ 8 ਮਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਪੱਸ਼ਟੀਕਰਨ ਲਈ ਬੁਲਾਉਣਾ ਇਹ ਦਰਸਾਉਂਦਾ ਹੈ ਕਿ ਸਿੱਖ ਸੰਸਥਾਵਾਂ ਇਸ ਮਾਮਲੇ ਨੂੰ ਬੇਹੱਦ ਗੰਭੀਰਤਾ ਨਾਲ ਲੈ ਰਹੀਆਂ ਹਨ। ਸਪੀਕਰ ਵਜੋਂ ਉਨ੍ਹਾਂ ਦੀ ਭੂਮਿਕਾ ਵਿਧਾਨ ਸਭਾ ਵਿੱਚ ਬਿੱਲ ਪਾਸ ਕਰਵਾਉਣ ਸਮੇਂ ਅਹਿਮ ਰਹੀ ਹੈ, ਅਤੇ ਹੁਣ ਉਨ੍ਹਾਂ ਨੂੰ ਪੰਥਕ ਕਚਹਿਰੀ ਵਿੱਚ ਜਵਾਬ ਦੇਣਾ ਪਵੇਗਾ ਕਿ ਪੰਥਕ ਪ੍ਰਵਾਨਗੀ ਤੋਂ ਬਿਨਾਂ ਇਹ ਕਦਮ ਕਿਉਂ ਚੁੱਕਿਆ ਗਿਆ।

ਬਾਕੀ ਹਿਸਾ ਸਫਾ 39 ਤੇ ਪੜ੍ਹੋ



## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਲਬ ਕਰਨ 'ਤੇ ਸੰਧਵਾਂ ਨੇ ਕਿਹਾ ਕਿ ਨਿਮਾਣੇ ਸਿੱਖ ਵਾਂਗ ਜਾਵਾਂਗਾ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਬੇਅਦਬੀ ਕਾਨੂੰਨ ਮਾਮਲੇ 'ਚ ਤਲਬ ਕੀਤੇ ਜਾਣ ਤੋਂ ਬਾਅਦ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਿਮਾਣੇ ਸਿੱਖ ਵਾਂਗ ਜਾਣਗੇ। ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਭਾਵੇਂ ਅਧਿਕਾਰਤ ਤੌਰ 'ਤੇ ਉਨ੍ਹਾਂ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਮਿਲੀ, ਪਰ ਫਿਰ ਵੀ ਜੇਕਰ ਉਨ੍ਹਾਂ ਕਿਸੇ ਵੀ ਜਵਾਬ ਲਈ ਸੱਦਿਆ ਜਾਵੇਗਾ ਤਾਂ ਉਹ ਨੰਗੇ ਪੈਰੀ ਨਿਮਾਣੇ ਸਿੱਖ ਵਾਂਗ ਸ੍ਰੀ ਅਕਾਲ ਤਖ਼ਤ ਸਾਹਿਬ ਜਾਣਗੇ।

## 'ਸ਼ਬਦ-ਗੁਰੂ' ਦੀ ਹਸਤੀ ਅਤੇ ਸਟੇਟ ਦਾ ਕਾਨੂੰਨ ਸਿਧਾਂਤਕ ਟਕਰਾਅ ਕਿਉਂ ?

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ ਪੰਥਕ ਇਕੱਤਰਤਾ ਅਤੇ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2026' ਨੂੰ ਲੈ ਕੇ ਉੱਠੇ ਵਿਵਾਦ ਨੇ ਇੱਕ ਮੂਲ ਸਿਧਾਂਤਕ ਸਵਾਲ ਖੜ੍ਹਾ ਕਰ ਦਿੱਤਾ ਹੈ: ਕੀ ਇੱਕ 'ਜਾਗਤ ਜੋਤਿ' ਅਤੇ 'ਧੁਰ ਕੀ ਬਾਣੀ' ਨੂੰ ਦੁਨਿਆਵੀ ਕਾਨੂੰਨਾਂ ਦੀਆਂ ਧਾਰਾਵਾਂ ਵਿੱਚ ਬੰਨ੍ਹਿਆ ਜਾ ਸਕਦਾ ਹੈ ? ਇਹ ਮਸਲਾ ਸਿਰਫ਼ ਸਲਾਹ ਲੈਣ ਜਾਂ ਨਾ ਲੈਣ ਦਾ ਨਹੀਂ, ਸਗੋਂ ਗੁਰੂ ਗ੍ਰੰਥ ਸਾਹਿਬ ਦੀ ਦਾਰਸ਼ਨਿਕ ਹਸਤੀ ਅਤੇ ਪੰਥਕ ਰਵਾਇਤਾਂ ਦੇ ਘਾਣ ਦਾ ਹੈ। ਸਿੱਖ ਦਰਸ਼ਨ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਜਾਗਤ ਜੋਤਿ' ਅਤੇ 'ਸ਼ਬਦ ਗੁਰੂ' ਹਨ। ਜਦੋਂ ਸਰਕਾਰ ਕੋਈ ਕਾਨੂੰਨ ਬਣਾਉਂਦੀ ਹੈ, ਤਾਂ ਉਹ ਗੁਰੂ ਸਾਹਿਬ ਨੂੰ ਇੱਕ 'ਵਸਤੂ' ਜਾਂ ਇੱਕ 'ਕਾਨੂੰਨੀ ਹਸਤੀ' ਵਜੋਂ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕਰਦੀ ਹੈ।

ਕੀ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਦੀ ਸਲਾਹ ਨਾਲ ਗੁਰੂ ਸਾਹਿਬ ਨੂੰ ਸਟੇਟ ਦੇ ਕਾਨੂੰਨ ਅਧੀਨ ਲਿਆਉਣਾ ਜਾਇਜ਼ ਹੋ ਜਾਂਦਾ ? ਗੁਰੂ ਪੰਥ ਦਾ ਮੂਲ ਧੁਰਾ 'ਗੁਰੂ-ਗ੍ਰੰਥ' ਅਤੇ 'ਗੁਰੂ-ਪੰਥ' ਦੀ ਦੋਹਰੀ ਹਸਤੀ ਹੈ। ਜੇਕਰ ਬੇਅਦਬੀ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਪੰਥਕ ਰਵਾਇਤਾਂ ਅਤੇ ਅਕਾਲ ਤਖ਼ਤ ਦੇ ਆਦੇਸ਼ਾਂ ਦੀ ਬਜਾਏ 'ਸਰਕਾਰੀ ਨਿਯਮਾਂ' 'ਤੇ ਟੇਕ ਰੱਖੀ ਗਈ, ਤਾਂ ਇਹ ਸਿੱਖਾਂ ਦੀ ਸੁਤੰਤਰ ਹਸਤੀ ਨੂੰ ਸਟੇਟ ਦੇ ਅਧੀਨ ਕਰਨ ਵਾਲੀ ਗੱਲ ਹੋਵੇਗੀ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਤਲਬ ਕਰਨ 'ਤੇ ਉੱਠ ਰਹੇ ਸਵਾਲ ਤਰਕਸੰਗਤ ਹਨ। ਸਪੀਕਰ ਵਿਧਾਨ ਸਭਾ ਦਾ ਨਿਰਪੱਖ ਰਖਵਾਲਾ ਹੁੰਦਾ ਹੈ, ਉਹ ਕੈਬਨਿਟ ਦਾ ਹਿੱਸਾ ਨਹੀਂ। ਜੇਕਰ ਕਾਨੂੰਨ ਵਿਧਾਨ ਸਭਾ ਵਿੱਚ ਸਰਬਸੰਮਤੀ ਨਾਲ ਪਾਸ ਹੋਇਆ ਹੈ, ਤਾਂ ਇਸ ਵਿੱਚ ਸੱਤਾਧਾਰੀ ਧਿਰ ਆਪ ਅਤੇ ਵਿਰੋਧੀ ਧਿਰ (ਕਾਂਗਰਸ) ਬਰਾਬਰ ਦੀਆਂ ਜ਼ਿੰਮੇਵਾਰ ਹਨ, ਸਭ ਨੂੰ ਅਕਾਲ ਤਖ਼ਤ ਉਪਰ ਤਲਬ ਕੀਤਾ ਜਾਣਾ ਚਾਹੀਦਾ ਹੈ।

ਬਾਦਲ ਦਲ ਦੀ ਗੈਰ-ਹਾਜ਼ਰੀ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਪਹਿਲਾਂ ਕੀਤੇ ਗਏ ਸਵਾਗਤ ਨੇ ਇਸ ਮਾਮਲੇ ਵਿੱਚ 'ਸਿਧਾਂਤਕ ਅਣਗਹਿਲੀ' ਨੂੰ ਜਨਮ ਦਿੱਤਾ ਹੈ। ਸਿਰਫ਼ ਸਪੀਕਰ ਨੂੰ ਨਿਸ਼ਾਨਾ ਬਣਾਉਣਾ ਠੀਕ ਨਹੀਂ ਕਾਂਗਰਸ ਆਪ, ਨਵਾਂ ਅਕਾਲੀ ਦਲ ਵੀ ਇਸ ਦਾ ਜ਼ਿੰਮੇਵਾਰ ਹੈ, ਕਿਉਂਕਿ ਉਨ੍ਹਾਂ ਕਨੂੰਨ ਦੀ ਹਮਾਇਤ ਕੀਤੀ। ਇਸ ਬਾਰੇ ਜਥੇਦਾਰ ਵਲੋਂ ਨੋਟਿਸ ਲਿਆ ਜਾਣਾ ਚਾਹੀਦਾ ਸੀ।

ਇੱਕ ਗੰਭੀਰ ਨੁਕਤਾ ਇਹ ਹੈ ਕਿ ਅਜਿਹੀਆਂ ਪੰਥਕ ਇਕੱਤਰਤਾਵਾਂ ਵਿੱਚ ਸਰਦਾਰ ਗੁਰਤੇਜ ਸਿੰਘ, ਸੁਖਦਿਆਲ ਸਿੰਘ ਹਿਸਟੋਰਿਅਨ ਅਤੇ ਡਾ. ਗੁਰਦਰਸ਼ਨ ਸਿੰਘ ਢਿੱਲੋਂ ਵਰਗੇ ਦਾਰਸ਼ਨਿਕ ਵਿਦਵਾਨਾਂ ਦੀ ਹਾਜ਼ਰੀ ਚਾਹੀਦੀ ਸੀ। ਚਿੰਤਨ ਦੀ ਘਾਟ ਕਾਰਨ ਹੀ ਅਸੀਂ ਇਹ ਤੈਅ ਨਹੀਂ ਕਰ ਪਾ ਰਹੇ ਕਿ ਸਾਨੂੰ 'ਸਰਕਾਰੀ ਕਾਨੂੰਨ' ਚਾਹੀਦਾ ਹੈ ਜਾਂ 'ਪੰਥਕ ਮਰਯਾਦਾ' ਤੇ ਗੁਰੂ ਦਾ ਸਵਾਗਤ ਜੋਤਿ ਵਜੋਂ ਅਦਬ।

# ਇੰਗਲੈਂਡ ਦੀਆਂ 136 ਕੌਂਸਲਾਂ ਅਤੇ ਸਥਾਨਿਕ ਅਥਾਰਟੀਆਂ ਦੀਆਂ ਚੋਣਾਂ ਨੂੰ ਲੈ ਕੇ ਸਿਆਸੀ ਧਿਰਾਂ ਸਰਗਰਮ ਲੰਡਨ ਦੀਆਂ 32 ਕੌਂਸਲਾਂ ਦੇ 1817 ਕੌਂਸਲਰਾਂ ਦਾ ਭਵਿੱਖ ਤੈਅ ਕਰਨਗੇ 60 ਲੱਖ ਮੱਤਦਾਤਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੀਆਂ ਕੌਂਸਲ ਅਤੇ ਸਥਾਨਿਕ ਅਥਾਰਟੀਆਂ ਦੀਆਂ ਚੋਣਾਂ 7 ਮਈ ਨੂੰ ਹੋਣ ਜਾ ਰਹੀਆਂ ਹਨ। ਇਸੇ ਮੌਕੇ ਹੀ ਸਕਾਟਲੈਂਡ ਅਤੇ ਵੇਲਜ਼ ਦੀ ਸੰਸਦ ਦੀਆਂ ਚੋਣਾਂ ਵੀ ਹੋ ਰਹੀਆਂ ਹਨ। ਇੰਗਲੈਂਡ ਭਰ ਵਿੱਚ 136 ਕੌਂਸਲਾਂ ਸਮੇਤ ਸਥਾਨਿਕ ਅਥਾਰਟੀਆਂ ਦੀਆਂ ਚੋਣਾਂ ਹੋਣ ਜਾ ਰਹੀਆ ਹਨ।**

ਇਹ ਚੋਣਾਂ ਬਰਤਾਨੀਆਂ ਦੀ ਸਿਆਸਤ ਦੀ ਦਿਸ਼ਾ ਤੈਅ ਕਰਨਗੀਆਂ। ਇਹਨਾ ਚੋਣਾਂ ਲਈ ਸਾਰੀਆਂ ਧਿਰਾਂ ਪੂਰੀ ਤਰ੍ਹਾਂ ਸਰਗਰਮ ਵਿਖਾਈ ਦੇ ਰਹੀਆਂ ਹਨ। ਲੋਕਾਂ ਦੇ ਘਰਾਂ ਵਿੱਚ ਜਾ ਕੇ ਉਮੀਦਵਾਰਾਂ ਵੱਲੋਂ ਆਪੋ ਆਪਣੀ ਪਾਰਟੀ ਦਾ ਪੱਖ ਰੱਖਿਆ ਜਾ ਰਿਹਾ ਹੈ, ਟੀ ਵੀ ਤੇ ਲਾਈਵ ਬਹਿਸਾਂ ਹੋ ਰਹੀਆਂ ਹਨ।

ਇਹਨਾਂ ਚੋਣਾਂ ਵਿੱਚ ਮੁੱਖ ਤੌਰ ਤੇ ਲੰਡਨ ਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਕਿਉਂਕਿ ਲੰਡਨ ਦੀਆਂ ਸਾਰੀਆਂ 32 ਕੌਂਸਲਾਂ ਲਈ ਚੋਣਾਂ ਹੋ ਰਹੀਆਂ ਹਨ। ਲੰਡਨ ਦੇ 1817 ਕੌਂਸਲਰਾਂ ਦੀ ਚੋਣ ਤੋਂ ਇਲਾਵਾ ਲੰਡਨ ਮੇਅਰ, ਤੋਂ ਇਲਾਵਾ ਲੰਡਨ ਦੇ 5 ਹੋਰ ਹਲਕਿਆਂ ਵਿੱਚ ਮੇਅਰ ਦੀ ਸਿੱਧੀ ਚੋਣ ਵੀ ਹੋਣ ਜਾ ਰਹੀ ਹੈ। ਸਰਕਾਰੀ ਅੰਕੜਿਆਂ ਮੁਤਾਬਿਕ ਤਕਰੀਬਨ ਲੰਡਨ ਦੇ 60 ਲੱਖ ਮੱਤਦਾਤਾ ਇਹਨਾਂ ਚੋਣਾਂ ਵਿੱਚ ਵੋਟ ਪਾਉਣ ਦਾ ਅਧਿਕਾਰ ਰੱਖਦੇ ਹਨ।

ਇਥੇ ਹੀ ਬੱਸ ਨਹੀਂ ਬ੍ਰਮਿੰਘਮ, ਮਾਨਚੈਸਟਰ, ਲੀਡਜ਼ ਅਤੇ ਸ਼ੈਫੀਲਡ ਵਰਗੇ ਵੱਡੇ ਸ਼ਹਿਰਾਂ ਵਿੱਚ ਵੀ ਕੌਂਸਲ ਵੋਟਾਂ ਪੈ ਰਹੀਆਂ। ਬ੍ਰਮਿੰਘਮ ਦੇ 69 ਵਾਰਡਾਂ ਦੀਆਂ 101 ਸੀਟਾਂ ਲਈ 600 ਤੋਂ ਵੱਧ ਉਮੀਦਵਾਰ ਮੈਦਾਨ ਵਿੱਚ ਹਨ। ਮਾਨਚੈਸਟਰ ਦੀਆਂ 10 ਬਾਰੋਅ ਲਈ 1175 ਉਮੀਦਵਾਰ ਮੈਦਾਨ ਵਿੱਚ ਹਨ। ਇਸ ਤੋਂ ਇਲਾਵਾ ਇੰਗਲੈਂਡ ਦੇ ਕਈ ਹੋਰ ਹਿੱਸਿਆਂ ਵਿੱਚ ਵੀ 7 ਮਈ ਨੂੰ ਸਵੇਰੇ 7 ਵਜੇ ਤੋਂ ਸ਼ਾਮੀ 10 ਵਜੇ ਤੱਕ ਵੋਟਾਂ ਪੈਣਗੀਆਂ ਅਤੇ ਹਰ ਵੋਟਰ ਨੂੰ ਫੋਟੋ ਵਾਲਾ ਪਹਿਚਾਣ ਪੱਤਰ ਲਿਆਉਣਾ ਲਾਜ਼ਮੀ ਹੋਵੇਗਾ।

ਮੁੱਖ ਮੁਕਾਬਲਾ ਸੱਤਾਧਾਰੀ ਲੇਬਰ ਪਾਰਟੀ, ਮੁੱਖ ਵਿਰੋਧੀ ਪਾਰਟੀ ਕੰਜ਼ਰਵੇਟਿਵ ਪਾਰਟੀ, ਲਿਬਰਲ ਡੈਮੋਕ੍ਰੇਟਿਕ ਪਾਰਟੀ, ਗਰੀਨ ਪਾਰਟੀ ਅਤੇ ਤੇਜ਼ੀ ਨਾਲ ਬਰਤਾਨਵੀ ਸਿਆਸਤ ਵਿੱਚ ਅੱਗੇ ਵੱਧ ਰਹੀ ਰੀਫੌਰਮ ਯੂ ਕੇ ਵਿੱਚਕਾਰ ਮੁਕਾਬਲਾ ਹੋ ਰਿਹਾ ਹੈ।

## ਮੈਡਮ ਤੁਸਾਦ ਲੰਡਨ ਵਿੱਚ ਬਾਲੀਵੁੱਡ, ਕ੍ਰਿਕਟ ਸਿਤਾਰਿਆਂ ਦੀ 'ਆਈਕਨਜ਼ ਆਫ਼ ਇੰਡੀਆ' ਪ੍ਰਦਰਸ਼ਨੀ


ਪ੍ਰਦਰਸ਼ਨੀ ਵਿੱਚ ਲੱਗੇ ਭਾਰਤੀ ਸਿਤਾਰਿਆਂ ਦੇ ਮੋਮ ਦੇ ਬੁੱਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮੈਡਮ ਤੁਸਾਦ ਲੰਡਨ ਨੇ ਬਾਲੀਵੁੱਡ, ਕ੍ਰਿਕਟ ਸਿਤਾਰਿਆਂ ਨਾਲ 'ਆਈਕਨਜ਼ ਆਫ਼ ਇੰਡੀਆ' ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਹੈ। ਇਹ ਪ੍ਰਦਰਸ਼ਨੀ ਦੋ ਮਹੀਨਿਆਂ ਲਈ ਹੈ। ਜਿਸ ਵਿੱਚ ਬਾਲੀਵੁੱਡ ਦੇ ਪ੍ਰਮੁੱਖ ਅਦਾਕਾਰਾਂ ਅਤੇ ਭਾਰਤੀ ਕ੍ਰਿਕਟ ਸਿਤਾਰਿਆਂ ਦੇ 13 ਮੋਮ ਦੇ ਪੁਤਲੇ ਸ਼ਾਮਿਲ ਕੀਤੇ ਗਏ ਹਨ।

1 ਮਈ ਤੋਂ 30 ਜੂਨ ਤੱਕ ਲੱਗਣ ਵਾਲੀ ਇਸ ਪ੍ਰਦਰਸ਼ਨੀ ਨੂੰ ਭਾਰਤੀ ਸੱਭਿਆਚਾਰ ਤੋਂ ਪ੍ਰੇਰਿਤ ਇੱਕ ਜਗ੍ਹਾ ਵਿੱਚ ਬਦਲ ਦਿੱਤਾ ਹੈ ਜੋ ਹਿੰਦੀ ਸਿਨੇਮਾ ਅਤੇ ਕ੍ਰਿਕਟ ਦੀ ਵਿਰਾਸਤ ਨੂੰ ਉਜਾਗਰ ਕਰੇਗਾ।

ਇਸ ਦੌਰਾਨ ਸੈਲਾਨੀ ਭਾਰਤੀ ਮਨੋਰੰਜਨ ਦੇ ਵੱਡੇ ਨਾਵਾਂ ਨਾਲ ਤਸਵੀਰਾਂ ਲੈ ਸਕਣਗੇ, ਜਿਨ੍ਹਾਂ ਵਿੱਚ ਸ਼ਾਹਰੁਖ ਖਾਨ, ਦੀਪਿਕਾ ਪਾਦੂਕੋਣ, ਪ੍ਰਿਯੰਕਾ ਚੋਪੜਾ ਜੋਨਸ, ਅਮਿਤਾਭ ਬੱਚਨ ਅਤੇ ਰਿਤਿਕ ਰੋਸ਼ਨ ਸ਼ਾਮਲ ਹਨ। ਜਦ ਕਿ ਕੈਟਰੀਨਾ ਕੈਫ, ਮਾਧੁਰੀ ਦੀਕਸ਼ਿਤ ਅਤੇ ਰਣਵੀਰ ਸਿੰਘ ਵੀ ਕਤਾਰ ਵਿੱਚ ਸ਼ਾਮਲ ਹਨ।

ਇਸ ਤੋਂ ਇਲਾਵਾ ਕ੍ਰਿਕਟ ਸਿਤਾਰੇ ਸਚਿਨ ਤੇਂਦੁਲਕਰ ਅਤੇ ਵਿਰਾਟ ਕੋਹਲੀ ਵੀ ਸ਼ਾਮਲ ਹੋਣਗੇ, ਕੋਹਲੀ ਦਾ ਚਿੱਤਰ ਬੈਂਕਾਕ ਤੋਂ ਲਿਆਂਦਾ ਗਿਆ ਹੈ। ਰਣਬੀਰ ਕਪੂਰ, ਐਸ਼ਵਰਿਆ ਰਾਏ ਬੱਚਨ ਅਤੇ ਕਾਜਲ ਅਗਰਵਾਲ ਦੇ ਚਿੱਤਰ ਵੀ ਪ੍ਰਦਰਸ਼ਿਤ ਕੀਤੇ ਜਾਣਗੇ, ਜੋ ਕਿ ਹੋਰ ਅੰਤਰਰਾਸ਼ਟਰੀ ਮੈਡਮ ਤੁਸਾਦ ਸਥਾਨਾਂ ਤੋਂ ਲਿਆਂਦੇ ਹਨ।

ਅਧਿਕਾਰੀਆਂ ਨੇ ਕਿਹਾ ਕਿ ਇਸ ਪਹਿਲ ਦਾ ਉਦੇਸ਼ ਭਾਰਤੀ ਸਿਨੇਮਾ ਅਤੇ ਕ੍ਰਿਕਟ ਦੀ ਵਧਦੀ ਵਿਸ਼ਵਵਿਆਪੀ ਪ੍ਰਸਿੱਧੀ ਦਾ ਜਸ਼ਨ ਮਨਾਉਣਾ ਹੈ, ਨਾਲ ਹੀ ਭਾਰਤ ਅਤੇ ਯੂ ਕੇ ਵਿਚਕਾਰ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ। ਲੰਡਨ ਵਿੱਚ ਭਾਰਤ ਦੇ ਹਾਈ ਕਮਿਸ਼ਨ ਨੇ ਇਸ ਪ੍ਰਦਰਸ਼ਨੀ ਨੂੰ ਦੋਵਾਂ ਦੇਸ਼ਾਂ ਵਿਚਕਾਰ ਸਾਂਝੇ ਸੱਭਿਆਚਾਰਕ ਸਬੰਧ ਦਾ ਪ੍ਰਤੀਬਿੰਬ ਦੱਸਿਆ, ਜਿਸ ਨਾਲ "ਭਾਰਤ ਦੀ ਭਾਵਨਾ ਲੰਡਨ ਦੇ ਦਿਲ ਵਿੱਚ" ਦਿਖਾਈ ਦੇਵੇਗੀ ।

## ਲਾਲੂ ਪਰਿਵਾਰ ਨੂੰ ਸਰਕਾਰੀ ਨਿਵਾਸ ਖਾਲ੍ਹੀ ਕਰਨ ਲਈ 15 ਦਿਨਾਂ ਦਾ ਸਮਾਂ



ਪਟਨਾ, : ਪਟਨਾ ਤੋਂ ਬਿਹਾਰ ਦੀ ਰਾਜਨੀਤੀ ਨਾਲ ਸੰਬੰਧਿਤ ਵੱਡੀ ਖ਼ਬਰ ਸਾਹਮਣੇ ਆਈ ਹੈ। ਸਰਕਾਰੀ ਸੂਤਰਾਂ ਅਨੁਸਾਰ ਸਮਰਾਟ ਸਰਕਾਰ ਨੇ ਲਾਲੂ ਪ੍ਰਸਾਦ ਯਾਦਵ ਦੇ ਪਰਿਵਾਰ ਨੂੰ 10 ਸਰਕੂਲਰ ਰੋਡ ਸਥਿਤ ਸਰਕਾਰੀ ਨਿਵਾਸ ਖਾਲ੍ਹੀ ਕਰਨ ਲਈ 15 ਦਿਨ ਦਾ ਸਮਾਂ ਦਿੱਤਾ ਹੈ। ਪਹਿਲਾਂ ਵੀ 25 ਨਵੰਬਰ 2025 ਨੂੰ ਨਿਵਾਸ ਖਾਲ੍ਹੀ ਕਰਨ ਲਈ ਹੁਕਮ ਜਾਰੀ ਕੀਤਾ ਗਿਆ ਸੀ, ਪਰ ਹਾਲੇ ਤੱਕ ਇਸਦੀ ਪਾਲਣਾ ਨਹੀਂ ਹੋਈ।

ਇਸ ਨਿਵਾਸ ਵਿੱਚ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਅਤੇ ਵਿਰੋਧੀ ਧਿਰ ਦੇ ਨੇਤਾ ਤੇਜਸਵੀ ਯਾਦਵ ਰਹਿੰਦੇ ਹਨ। ਸਰਕਾਰ ਨੇ ਹੁਣ ਸਖ਼ਤ ਰਵੱਈਆ ਅਪਣਾਉਂਦੇ ਹੋਏ ਨਵਾਂ ਨੋਟਿਸ ਜਾਰੀ ਕੀਤਾ ਹੈ।

ਇਸ ਤੋਂ ਇਲਾਵਾ ਹਾਰੇ ਹੋਏ ਵਿਧਾਇਕਾਂ ਨੂੰ ਵੀ ਸਰਕਾਰੀ ਘਰ ਖਾਲ੍ਹੀ ਕਰਨ ਲਈ ਨੋਟਿਸ ਭੇਜੇ ਗਏ ਹਨ। ਭਵਨ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਵੱਲੋਂ ਇਹ ਕਾਰਵਾਈ ਕੀਤੀ ਗਈ ਹੈ। ਹਾਲਾਂਕਿ ਇਸ ਮਾਮਲੇ ਫ਼ਰਸਤੋਂਚ ਹਾਲੇ ਤੱਕ ਸਰਕਾਰ ਵੱਲੋਂ ਕੋਈ ਅਧਿਕਾਰਿਕ ਬਿਆਨ ਸਾਹਮਣੇ ਨਹੀਂ ਆਇਆ, ਪਰ ਰਾਜਨੀਤਿਕ ਗਲਿਆਰਿਆਂ ਵਿੱਚ ਚਰਚਾਵਾਂ ਤੇਜ਼ ਹੋ ਗਈਆਂ ਹਨ।

## ਜੈਪੁਰ ਦੀ ਮਹਾਰਾਣੀ ਗਾਇਤਰੀ ਦੇਵੀ ਦੇ ਸੰਗ੍ਰਹਿ ਵਿਚੋਂ ਇਕ ਦੁਰਲੱਭ 17ਵੀਂ ਸਦੀ ਦਾ ਪਿੱਤਲ ਦਾ ਖਗੋਲੀ ਸੁਪਰ ਕੰਪਿਊਟਰ 20 ਲੱਖ 42 ਹਜ਼ਾਰ ਪੌਂਡ ਦਾ ਵਿਕਿਆ



**17ਵੀਂ ਸਦੀ ਦਾ ਪਿੱਤਲ ਦਾ ਖਗੋਲੀ ਸੁਪਰ ਕੰਪਿਊਟਰ, ਜਹਾਂਗੀਰ ਦੀਆਂ ਨਿਲਾਮ ਹੋਈਆਂ ਕਲਾ ਕ੍ਰਿਤਾਂ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਜੈਪੁਰ ਦੀ ਮਹਾਰਾਣੀ ਗਾਇਤਰੀ ਦੇਵੀ ਦੇ ਸੰਗ੍ਰਹਿ ਵਿਚੋਂ ਇਕ ਦੁਰਲੱਭ 17ਵੀਂ ਸਦੀ ਦਾ ਪਿੱਤਲ ਦਾ ਖਗੋਲੀ ਸੁਪਰ ਕੰਪਿਊਟਰ (ਐਸਟ੍ਰੋਲੇਬ) ਲੰਡਨ ਦੇ ਸੋਥਬੀ ਨਿਲਾਮੀ ਘਰ ਵਿਚ ਨਿਲਾਮ ਕੀਤਾ ਗਿਆ। ਇਹ ਸੁਪਰ ਕੰਪਿਊਟਰ 'ਆਰਟ ਆਫ਼ ਦ ਇਸਲਾਮਿਕ ਵਰਲਡ ਐਂਡ ਇੰਡੀਆ' ਪ੍ਰਦਰਸ਼ਨੀ ਦਾ ਹਿੱਸਾ ਸੀ। ਜੋ ਬੀਤੇ ਕੱਲ 20 ਲੱਖ 42 ਹਜ਼ਾਰ ਪੌਂਡ ਦਾ ਵਿਕਿਆ ਹੈ। 1612 ਦਾ ਇਹ ਸੁਪਰ ਕੰਪਿਊਟਰ ਆਪਣੀ ਕਿਸਮ ਦਾ ਸਭ ਤੋਂ ਵੱਡਾ ਮੰਨਿਆ ਜਾਂਦਾ ਸੀ ਤੇ ਦੋ ਭਰਾਵਾਂ ਕਾਇਮ ਮੁਹੰਮਦ ਅਤੇ ਮੁਹੰਮਦ ਮੁਕੀਮ ਦੁਆਰਾ ਲਾਹੌਰ ਵਿਚ ਇਕ ਮੁਗਲ ਹੁਕਮਰਾਨ ਅੱਕਾ ਅਫਜ਼ਲ ਲਈ ਬਣਾਇਆ ਗਿਆ ਸੀ । ਇਹ ਯੰਤਰ ਮਹਾਰਾਜਾ ਸਵਾਈ ਮਾਨ ਸਿੰਘ ਦੂਜੇ ਦੇ ਸ਼ਾਹੀ ਸੰਗ੍ਰਹਿ ਦਾ ਹਿੱਸਾ ਰਿਹਾ ਅਤੇ ਬਾਅਦ ਵਿੱਚ ਉਸਦੀ ਪਤਨੀ ਗਾਇਤਰੀ ਦੇਵੀ ਤੇ ਫਿਰ ਇਕ ਨਿੱਜੀ ਸੰਗ੍ਰਹਿ ਨੂੰ ਦਿੱਤਾ ਗਿਆ।

ਨਿਲਾਮੀ ਵਿਚ ਹੋਰ ਮਹੱਤਵਪੂਰਨ ਕਲਾਕ੍ਰਿਤੀਆਂ 'ਚ ਜਹਾਂਗੀਰ ਦੀ ਇਕ ਮੁਗਲ-ਯੁੱਗ ਦੀ ਪੇਂਟਿੰਗ 256,000 ਪੌਂਡ ਦੀ ਵਿਕੀ ਹੈ ਜਿਸ ਵਿੱਚ ਜਹਾਂਗੀਰ ਅਤੇ ਆਸਿਫ ਖਾਨ ਵਿਖਾਈ ਦਿੰਦੇ ਹਨ। ਜਦ ਕਿ ਜਹਾਂਗੀਰ ਅਤੇ ਉਸ ਦੇ ਪੁੱਤਰ ਖੁਰਮ ਦੀ ਪੇਂਟਿੰਗ 3 ਲੱਖ 84 ਹਜ਼ਾਰ ਪੌਂਡ ਦੀ ਨਿਲਾਮ ਹੋਈ ਹੈ। ਇਸ ਤੋਂ ਇਲਾਵਾ ਭਾਰਤ ਨਾਲ ਸਬੰਧਤ ਕਈ ਕਲਾ ਕ੍ਰਿਤਾਂ ਨਿਲਾਮ ਹੋਈਆਂ ਹਨ।

# ਟਰੰਪ ਦੀ 'ਵਪਾਰਕ ਤਲਵਾਰ' ਭਾਰਤ ਉਪਰ ਲਟਕੀ, ਮੋਦੀ ਸਰਕਾਰ ਚੁੱਪ

ਖਾਸ ਖ਼ਬਰ

## ✪ ਸਸਤੀਆਂ ਦਵਾਈਆਂ 'ਤੇ ਅਮਰੀਕੀ ਡਾਕਾ: ਭਾਰਤ ਕਦੋਂ ਤੱਕ ਸਹੇਗਾ ਦਬਾਅ? ✪ ਟਰੰਪ ਪ੍ਰਸ਼ਾਸਨ ਦਾ ਅੜੀਅਲ ਵਤੀਰਾ: ਕੀ ਭਾਰਤੀ ਵਾਰਤਾਕਾਰ ਸਿਰਫ਼ ਜੀ-ਹਜ਼ੂਰੀ ਕਰ ਰਹੇ ਹਨ?




ਅਮਰੀਕਾ ਦੇ ਡੋਨਲਡ ਟਰੰਪ ਪ੍ਰਸ਼ਾਸਨ ਵੱਲੋਂ ਭਾਰਤ ਨੂੰ ਆਪਣੀ 'ਵਿਸ਼ੇਸ਼ 301 ਰਿਪੋਰਟ' ਦੀ ਨਿਗਰਾਨੀ ਸੂਚੀ ਵਿੱਚ ਬਰਕਰਾਰ ਰੱਖਣਾ ਇਹ ਸਪੱਸ਼ਟ ਕਰਦਾ ਹੈ ਕਿ ਅਮਰੀਕਾ ਵਪਾਰਕ ਗੱਲਬਾਤ ਦੇ ਨਾਂ 'ਤੇ ਭਾਰਤ ਉੱਤੇ ਲਗਾਤਾਰ ਦਬਾਅ ਬਣਾਉਣ ਦੀ ਨੀਤੀ 'ਤੇ ਚੱਲ ਰਿਹਾ ਹੈ। ਇਸ ਕਦਮ ਦਾ ਸਿੱਧਾ ਮਤਲਬ ਹੈ ਕਿ ਅਮਰੀਕਾ ਚਾਹੁੰਦਾ ਹੈ ਕਿ ਭਾਰਤ ਆਪਣੇ ਬੌਧਿਕ ਸੰਪਤੀ ਅਤੇ ਖਾਸ ਕਰਕੇ ਦਵਾਈਆਂ ਦੇ ਖੇਤਰ ਨਾਲ ਸਬੰਧਤ ਕਾਨੂੰਨਾਂ ਵਿੱਚ ਬਦਲਾਅ ਕਰੇ, ਤਾਂ ਜੋ ਅਮਰੀਕੀ ਕੰਪਨੀਆਂ ਭਾਰਤੀ ਬਾਜ਼ਾਰ ਵਿੱਚੋਂ ਮੋਟਾ ਮੁਨਾਫਾ ਕਮਾ ਸਕਣ। ਇਸ ਸੂਚੀ ਵਿੱਚ ਭਾਰਤ ਦੇ ਹੋਣ ਦਾ ਮਤਲਬ ਹੈ ਕਿ ਅਮਰੀਕਾ ਭਵਿੱਖ ਵਿੱਚ ਭਾਰਤੀ ਵਸਤੂਆਂ 'ਤੇ ਭਾਰੀ ਟੈਕਸ ਲਗਾ ਸਕਦਾ ਹੈ ਜਾਂ ਵਪਾਰਕ ਸਹੂਲਤਾਂ ਵਾਪਸ ਲੈ ਸਕਦਾ ਹੈ। ਅਮਰੀਕਾ ਚਾਹੁੰਦਾ ਹੈ ਕਿ ਭਾਰਤ ਆਪਣੇ ਪੇਟੈਂਟ ਕਾਨੂੰਨਾਂ ਵਿੱਚ ਢਿੱਲ ਦੇਵੇ। ਅਮਰੀਕੀ ਕੰਪਨੀਆਂ ਚਾਹੁੰਦੀਆਂ ਹਨ ਕਿ ਭਾਰਤ ਵਿੱਚ ਉਨ੍ਹਾਂ ਦੀਆਂ ਮਹਿੰਗੀਆਂ ਦਵਾਈਆਂ ਦੇ ਪੇਟੈਂਟ ਦੀ ਮਿਆਦ ਵਾਰ-ਵਾਰ ਵਧਾਈ ਜਾ ਸਕੇ। ਭਾਰਤ ਇਸ ਦਾ ਵਿਰੋਧ ਕਰਦਾ ਹੈ ਤਾਂ ਜੋ ਦੇਸ਼ ਵਿੱਚ ਸਸਤੀਆਂ ਜੈਨਰਿਕ ਦਵਾਈਆਂ ਬਣਦੀਆਂ ਰਹਿਣ ਅਤੇ ਗਰੀਬ ਜਨਤਾ ਨੂੰ ਇਲਾਜ ਮਿਲ ਸਕੇ।

ਟਰੰਪ ਪ੍ਰਸ਼ਾਸਨ 'ਪਾਰਸਪਰਿਕ ਟੈਕਸ' ਦੀ ਵਕਾਲਤ ਕਰ ਰਿਹਾ ਹੈ। ?ਅਮਰੀਕਾ ਦਾ ਤਰਕ ਹੁੰਦਾ ਹੈ: "ਜੇ ਤੁਸੀਂ ਸਾਡੇ 'ਤੇ ਟੈਕਸ ਲਗਾਓਗੇ, ਤਾਂ ਅਸੀਂ ਵੀ ਤੁਹਾਡੇ 'ਤੇ ਉਨਾ ਹੀ ਟੈਕਸ ਲਗਾਵਾਂਗੇ।"

ਜੇਕਰ ਭਾਰਤ ਅਮਰੀਕੀ ਉਤਪਾਦਾਂ (ਜਿਵੇਂ ਹਾਰਲੇ ਡੇਵਿਡਸਨ ਬਾਈਕ ਜਾਂ ਮੈਡੀਕਲ ਉਪਕਰਣਾਂ) 'ਤੇ ਟੈਕਸ ਲਗਾਉਂਦਾ ਹੈ, ਤਾਂ ਅਮਰੀਕਾ ਵੀ ਭਾਰਤੀ ਉਤਪਾਦਾਂ 'ਤੇ ਜਵਾਬੀ ਟੈਕਸ ਲਗਾਉਣ ਦੀ ਧਮਕੀ ਦਿੰਦਾ ਹੈ ਹਾਲ ਹੀ ਵਿੱਚ ਕੁਝ ਖਾਸ ਖੇਤਰਾਂ (ਜਿਵੇਂ ਸੋਲਰ ਪੈਨਲ ਅਤੇ ਕੁਝ ਤਕਨੀਕੀ ਉਤਪਾਦਾਂ) 'ਤੇ ਉੱਚੇ ਟੈਕਸ ਲਗਾ ਕੇ ਦਬਾਅ ਬਣਾਇਆ ਗਿਆ ਹੈ।

ਭਾਰਤ ਨੇ ਹਮੇਸ਼ਾ ਇਹ ਦਲੀਲ ਦਿੱਤੀ ਹੈ ਕਿ ਉਸ ਦੇ ਪੇਟੈਂਟ ਕਾਨੂੰਨ ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਦੇ ਅਨੁਕੂਲ ਹਨ। ਭਾਰਤ ਲਈ ਜਨਤਕ ਸਿਹਤ ਅਤੇ ਆਮ ਲੋਕਾਂ ਨੂੰ ਸਸਤੀਆਂ ਦਵਾਈਆਂ ਮੁਹੱਈਆ ਕਰਵਾਉਣਾ ਇੱਕ ਸੰਵਿਧਾਨਕ ਅਤੇ ਨੈਤਿਕ ਜ਼ਿੰਮੇਵਾਰੀ ਹੈ। ਭਾਰਤੀ ਦਵਾਈ ਕੰਪਨੀਆਂ ਨੂੰ ਦਿੱਤੀ ਗਈ ਕਾਨੂੰਨੀ ਸੁਰੱਖਿਆ ਇਸੇ ਉਦੇਸ਼ ਦੀ ਪੂਰਤੀ ਕਰਦੀ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਟਰੰਪ ਪ੍ਰਸ਼ਾਸਨ ਨੇ ਭਾਰਤ ਦੇ ਇਹਨਾਂ ਤਰਕਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ।

ਵਿਰੋਧੀ ਧਿਰਾਂ, ਖਾਸ ਕਰਕੇ ਕਾਂਗਰਸ ਅਤੇ ਹੋਰ ਖੇਤਰੀ ਪਾਰਟੀਆਂ, ਸਰਕਾਰ ਦੀ ਵਿਦੇਸ਼ ਨੀਤੀ 'ਤੇ ਸਵਾਲ ਉਠਾ ਰਹੀਆਂ ਹਨ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਅਤੇ ਟਰੰਪ ਪ੍ਰਸ਼ਾਸਨ ਵਿਚਾਲੇ 'ਨਿੱਜੀ ਦੋਸਤੀ' ਦੇ ਦਾਅਵਿਆਂ ਦੇ ਬਾਵਜੂਦ, ਅਮਰੀਕਾ ਭਾਰਤ 'ਤੇ ਵਪਾਰਕ ਦਬਾਅ ਕਿਉਂ ਬਣਾ ਰਿਹਾ ਹੈ। ਵਿਰੋਧੀ ਨੇਤਾਵਾਂ ਦਾ ਇਲਜ਼ਾਮ ਹੈ ਕਿ ਭਾਰਤੀ ਵਾਰਤਾਕਾਰ ਅਮਰੀਕਾ ਅੱਗੇ ਮਜ਼ਬੂਤੀ ਨਾਲ ਪੱਖ ਨਹੀਂ ਰੱਖ ਪਾ ਰਹੇ, ਜਿਸ ਕਾਰਨ ਭਾਰਤ ਨੂੰ 'ਨਿਗਰਾਨੀ ਸੂਚੀ' ਵਿੱਚ ਰੱਖਿਆ ਗਿਆ ਹੈ। ਵਿਰੋਧੀ ਧਿਰ ਚਿਤਾਵਨੀ ਦੇ ਰਹੀ ਹੈ ਕਿ ਜੇਕਰ ਸਰਕਾਰ ਨੇ ਅਮਰੀਕੀ ਦਬਾਅ ਹੇਠ ਪੇਟੈਂਟ ਕਾਨੂੰਨ ਬਦਲੇ ਤਾਂ ਦੇਸ਼ ਵਿੱਚ ਦਵਾਈਆਂ ਬਹੁਤ ਮਹਿੰਗੀਆਂ ਹੋ ਜਾਣਗੀਆਂ, ਜੋ ਗਰੀਬ ਜਨਤਾ ਨਾਲ ਧੋਖਾ ਹੋਵੇਗਾ।

ਨਾਮਵਰ ਮਾਹਿਰਾਂ ਜਿਵੇਂ ਕਿ ਅਜੈ ਸ਼੍ਰੀਵਾਸਤਵ (ਗਲੋਬਲ ਟ੍ਰੇਡ ਰਿਸਰਚ ਇਨੀਸ਼ੀਏਟਿਵ ਦੇ ਸੰਸਥਾਪਕ) ਅਤੇ ਹੋਰ ਆਰਥਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ: ਕਿ ਭਾਰਤ ਦੇ ਕਾਨੂੰਨ ਪਹਿਲਾਂ ਹੀ ਵਿਸ਼ਵ ਵਪਾਰ ਸੰਗਠਨ ਦੇ ਅਨੁਕੂਲ ਹਨ। ਅਮਰੀਕਾ ਵੱਲੋਂ 'ਵਧੇਰੇ ਸਖ਼ਤ ਨਿਯਮ ਦੀ ਮੰਗ ਕਰਨਾ ਗਲਤ ਹੈ। ਮਾਹਿਰ ਕਹਿੰਦੇ ਹਨ ਕਿ ਭਾਰਤ ਦੁਨੀਆ ਦੀ 20% ਜੈਨਰਿਕ ਦਵਾਈਆਂ ਦੀ ਸਪਲਾਈ ਕਰਦਾ ਹੈ। ਜੇਕਰ ਅਮਰੀਕਾ ਪਾਬੰਦੀਆਂ ਲਗਾਉਂਦਾ ਹੈ, ਤਾਂ ਇਸ ਨਾਲ ਸਿਰਫ ਭਾਰਤ ਹੀ ਨਹੀਂ, ਸਗੋਂ ਅਮਰੀਕੀ ਸਿਹਤ ਪ੍ਰਣਾਲੀ 'ਤੇ ਵੀ ਮਾੜਾ ਅਸਰ ਪਵੇਗਾ। ਚੈਥਮ ਹਾਊਸ ਵਰਗੇ ਥਿੰਕ-ਟੈਂਕ ਮੰਨਦੇ ਹਨ ਕਿ 2026 ਵਿੱਚ ਭਾਰਤ ਲਈ ਆਪਣੀ ਆਰਥਿਕ ਆਜ਼ਾਦੀ ਬਣਾਈ ਰੱਖਣਾ ਇੱਕ ਵੱਡੀ ਚੁਣੌਤੀ ਹੋਵੇਗੀ।

ਅਮਰੀਕਾ ਦਾ ਅਸਲ ਮਕਸਦ ਸਿਰਫ ਵਪਾਰ ਸੁਧਾਰਨਾ ਨਹੀਂ, ਸਗੋਂ ਅਮਰੀਕੀ ਫਾਰਮਾ ਕੰਪਨੀਆਂ ਚਾਹੁੰਦੀਆਂ ਹਨ ਕਿ ਭਾਰਤ ਵਿੱਚ ਉਨ੍ਹਾਂ ਦੇ ਪੇਟੈਂਟ ਦੀ ਮਿਆਦ ਵਧੇ ਤਾਂ ਜੋ ਉਹ ਮਹਿੰਗੀਆਂ ਦਵਾਈਆਂ ਵੇਚ ਸਕਣ। ਟਰੰਪ ਪ੍ਰਸ਼ਾਸਨ ਚਾਹੁੰਦਾ ਹੈ ਕਿ ਕੰਪਨੀਆਂ ਭਾਰਤ ਜਾਂ ਚੀਨ ਦੀ ਬਜਾਏ ਅਮਰੀਕਾ ਵਿੱਚ ਨਿਰਮਾਣ ਕਰਨ। ਉਹ ਚਾਹੁੰਦੇ ਹਨ ਕਿ ਭਾਰਤ ਆਪਣੇ ਖੇਤੀਬਾੜੀ ਅਤੇ ਡੇਅਰੀ ਸੈਕਟਰ ਨੂੰ ਅਮਰੀਕੀ ਉਤਪਾਦਾਂ ਲਈ ਪੂਰੀ ਤਰ੍ਹਾਂ ਖੋਲ੍ਹ ਦੇਵੇ।

ਭਾਰਤ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ 'ਨੈਸ਼ਨਲ ਹੈਲਥ' (ਜਨਤਕ ਸਿਹਤ) ਨਾਲ ਕੋਈ ਸਮਝੌਤਾ ਨਹੀਂ ਹੋਵੇਗਾ। ਜੇਕਰ ਅਮਰੀਕਾ ਪਾਰਸਪਰਿਕ ਟੈਕਸ ਲਗਾਉਂਦਾ ਹੈ, ਤਾਂ ਭਾਰਤ ਨੂੰ ਵੀ ਅਮਰੀਕੀ ਤਕਨੀਕੀ ਉਤਪਾਦਾਂ 'ਤੇ ਸਖ਼ਤੀ ਕਰਨੀ ਚਾਹੀਦੀ ਹੈ। ਭਾਰਤ ਨੂੰ ਸਿਰਫ਼ ਅਮਰੀਕਾ 'ਤੇ ਨਿਰਭਰ ਰਹਿਣ ਦੀ ਬਜਾਏ ਯੂਰਪੀ ਸੰਘ ਅਤੇ ਹੋਰ ਦੇਸ਼ਾਂ ਨਾਲ ਆਪਣੇ ਵਪਾਰਕ ਸਬੰਧ ਹੋਰ ਮਜ਼ਬੂਤ ਕਰਨੇ ਚਾਹੀਦੇ ਹਨ।

ਇੱਥੇ ਵੱਡਾ ਸਵਾਲ ਭਾਰਤੀ ਵਪਾਰਕ ਵਾਰਤਾਕਾਰਾਂ ਦੀ ਭੂਮਿਕਾ 'ਤੇ ਵੀ ਉੱਠਦਾ ਹੈ। ਜਦੋਂ ਇੱਕ ਪਾਸੇ ਇਹ ਕਿਹਾ ਜਾ ਰਿਹਾ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਸਮਝੌਤੇ ਨੂੰ ਲੈ ਕੇ ਸਕਾਰਾਤਮਕ ਗੱਲਬਾਤ ਹੋ ਰਹੀ ਹੈ, ਤਾਂ ਦੂਜੇ ਪਾਸੇ ਅਮਰੀਕਾ ਵੱਲੋਂ ਪਾਬੰਦੀਆਂ ਜਾਂ ਉੱਚੇ ਟੈਕਸਾਂ ਦੀ 'ਤਲਵਾਰ' ਲਟਕਾ ਕੇ ਰੱਖਣਾ ਕਿਸ ਤਰ੍ਹਾਂ ਦਾ ਨਿਆਂ ਹੈ? ਇਹ ਸਥਿਤੀ ਭਾਰਤ ਲਈ ਚਿੰਤਾਜਨਕ ਹੈ। ਕੀ ਸਾਡੇ ਅਧਿਕਾਰੀ ਬਰਾਬਰੀ ਦੇ ਆਧਾਰ 'ਤੇ ਗੱਲਬਾਤ ਕਰ ਰਹੇ ਹਨ ਜਾਂ ਸਿਰਫ ਅਮਰੀਕੀ ਸ਼ਰਤਾਂ ਨੂੰ ਪ੍ਰਵਾਨ ਕਰ ਰਹੇ ਹਨ?

ਭਾਰਤੀ ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਹੁਣ ਇਹ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ 'ਹਰ ਰਿਆਇਤ ਤੋਂ ਬਾਅਦ ਨਵਾਂ ਦਬਾਅ' ਪਾਉਣ ਦੀ ਅਮਰੀਕੀ ਨੀਤੀ ਹੁਣ ਹੋਰ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਵਪਾਰਕ ਰਿਸ਼ਤੇ ਆਪਸੀ ਸਤਿਕਾਰ ਅਤੇ ਹਿੱਤਾਂ 'ਤੇ ਟਿਕੇ ਹੁੰਦੇ ਹਨ, ਨਾ ਕਿ ਇੱਕਪਾਸੜ ਡਿਕਟੇਸ਼ਨ 'ਤੇ। ਭਾਰਤ ਨੂੰ ਆਪਣੀ ਜਨਤਾ ਦੇ ਹਿੱਤਾਂ, ਖਾਸ ਕਰਕੇ ਸਿਹਤ ਸਹੂਲਤਾਂ ਨਾਲ ਸਮਝੌਤਾ ਕੀਤੇ ਬਿਨਾਂ ਆਪਣਾ ਪੱਖ ਮਜ਼ਬੂਤੀ ਨਾਲ ਰੱਖਣ ਦੀ ਲੋੜ ਹੈ।

---

### ਕੈਨੇਡਾ ਦੀ ਮਰੀਨ ਇੰਡਸਟਰੀ ਵਿਚ 'ਸਿੰਘ ਦੀ' ਦਸਤਕ

# ਕਰਮਬੀਰ ਤੇ ਗੁਰਪ੍ਰੀਤ ਨੇ ਰਚਿਆ ਇਤਿਹਾਸ

• ਨਿਊਜ਼ ਸਟੋਰੀ •

ਗੁਰਦਾਸਪੁਰ ਦੇ ਕਰਮਬੀਰ ਸਿੰਘ ਕੰਗ ਦਾ ਬਤੌਰ ਮਰੀਨ ਇੰਜੀਨੀਅਰ ਅਤੇ ਗੁਰਪ੍ਰੀਤ ਸਿੰਘ ਬਾਜਵਾ ਦਾ ਬਤੌਰ ਕੈਪਟਨ ਚੁਣੇ ਜਾਣਾ, ਉਹ ਵੀ ਆਪਣੀ ਦਾੜ੍ਹੀ ਅਤੇ ਦਸਤਾਰ ਦੇ ਪੂਰਨ ਸਵੈ-ਮਾਣ ਨਾਲ, ਕੈਨੇਡੀਅਨ ਸਿਸਟਮ ਵਿੱਚ ਇੱਕ ਵੱਡੀ ਪ੍ਰਾਪਤੀ ਹੈ। ਕੈਨੇਡਾ ਦੀ ਮਰੀਨ ਇੰਡਸਟਰੀ ਵਿੱਚ 'ਗਰੂਮਿੰਗ' ਦੇ ਨਾਮ 'ਤੇ ਲੰਬੇ ਸਮੇਂ ਤੋਂ ਅਜਿਹੇ ਨਿਯਮ ਲਾਗੂ ਸਨ, ਜੋ ਅਸਿੱਧੇ ਤੌਰ 'ਤੇ ਕੇਸਾਧਾਰੀ ਸਿੱਖਾਂ ਨੂੰ ਇਸ ਖੇਤਰ ਤੋਂ ਬਾਹਰ ਰੱਖਦੇ ਸਨ। ਕਰਮਬੀਰ ਸਿੰਘ ਕੰਗ ਨੂੰ ਇਸ ਮੁਕਾਮ ਤੱਕ ਪਹੁੰਚਣ ਲਈ ਚਾਰ ਸਾਲ ਦਾ ਲੰਬਾ ਸੰਘਰਸ਼ ਕਰਨਾ ਪਿਆ ਸੀ। ਇਹ ਚਾਰ ਸਾਲ ਸਿਰਫ਼ ਕਾਗਜ਼ੀ ਕਾਰਵਾਈ ਦੇ ਨਹੀਂ ਸਨ, ਸਗੋਂ ਉਨ੍ਹਾਂ ਪੁਰਾਣੀਆਂ ਧਾਰਨਾਵਾਂ ਨੂੰ ਤੋੜਨ ਦੇ ਸਨ ਜੋ ਕਹਿੰਦੀਆਂ ਸਨ ਕਿ ਦਾੜ੍ਹੀ ਜਾਂ ਦਸਤਾਰ ਸਮੁੰਦਰੀ ਸੁਰੱਖਿਆ ਵਿੱਚ ਰੁਕਾਵਟ ਬਣ ਸਕਦੀ ਹੈ। ਵਿਸ਼ਵ ਸਿੱਖ ਆਰਗੇਨਾਈਜੇਸ਼ਨ ਅਤੇ ਬੀ.ਸੀ. ਫੈਰੀਜ਼ ਯੂਨੀਅਨ ਵਿਚਾਲੇ ਹੋਇਆ ਸਮਝੌਤਾ ਸਾਬਤ ਕਰਦਾ ਹੈ ਕਿ ਜੇਕਰ ਅਕੀਦਾ ਪੱਕਾ ਹੋਵੇ, ਤਾਂ ਕਾਨੂੰਨਾਂ ਨੂੰ ਵੀ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਅੱਗੇ ਝੁਕਣਾ ਪੈਂਦਾ ਹੈ।



ਗੁਰਪ੍ਰੀਤ ਸਿੰਘ ਬਾਜਵਾ ਦਾ ਪਹਿਲਾ ਦਸਤਾਰਧਾਰੀ ਕੈਪਟਨ ਬਣਨਾ ਇਸ ਗੱਲ 'ਤੇ ਮੋਹਰ ਲਗਾਉਂਦਾ ਹੈ ਕਿ ਸਿੱਖ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਜਾ ਕੇ ਆਪਣੀ ਮਿਹਨਤ ਅਤੇ ਕਾਬਲੀਅਤ ਨਾਲ ਵੱਡੀਆਂ ਜ਼ਿੰਮੇਵਾਰੀਆਂ ਸੰਭਾਲਣ ਦੇ ਸਮਰੱਥ ਹੈ। ਜਹਾਜ਼ ਦੀ ਕਮਾਨ ਸੰਭਾਲਣਾ ਇੱਕ ਵੱਡਾ ਪ੍ਰਬੰਧਕੀ ਕੰਮ ਹੈ, ਅਤੇ ਜਦੋਂ ਉਹ ਕਮਾਨ ਇੱਕ ਦਸਤਾਰਧਾਰੀ ਦੇ ਹੱਥ ਹੁੰਦੀ ਹੈ, ਤਾਂ ਉਹ ਕੌਮ ਦੇ ਅਕਸ ਨੂੰ ਦੁਨੀਆ ਭਰ ਵਿੱਚ ਨਿਖਾਰਦੀ ਹੈ।

ਕੈਨੇਡਾ ਨੇ ਕਰਮਬੀਰ ਅਤੇ ਗੁਰਪ੍ਰੀਤ ਨੂੰ ਇਹ ਮੌਕਾ ਦੇ ਕੇ ਕੋਈ ਅਹਿਸਾਨ ਨਹੀਂ ਕੀਤਾ, ਸਗੋਂ ਆਪਣੇ ਲੋਕਤੰਤਰ ਦੀ ਉਸ ਭੁੱਲ ਨੂੰ ਸੁਧਾਰਿਆ ਹੈ ਜੋ ਸਾਲਾਂ ਤੋਂ ਸਿੱਖਾਂ ਨੂੰ ਉਨ੍ਹਾਂ ਦੀ ਪਛਾਣ ਕਾਰਨ ਪਿੱਛੇ ਧੱਕ ਰਹੀ ਸੀ। ਇਹ ਜਿੱਤ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਰਾਹ-ਦਸੇਰਾ ਬਣੇਗੀ ਕਿ ਸਮੁੰਦਰ ਦੀਆਂ ਲਹਿਰਾਂ ਵੀ ਉਨ੍ਹਾਂ ਦਾ ਰਾਹ ਨਹੀਂ ਰੋਕ ਸਕਦੀਆਂ, ਜਿਨ੍ਹਾਂ ਦੇ ਇਰਾਦੇ ਹਿਮਾਲਿਆ ਵਰਗੇ ਅਟੱਲ ਹੋਣ। ਇਹ ਫ਼ੈਸਲਾ ਦੂਜੇ ਉਦਯੋਗਾਂ ਲਈ ਇੱਕ ਮਿਸਾਲ ਬਣੇਗਾ ਕਿ ਸੁਰੱਖਿਆ ਨਿਯਮਾਂ ਅਤੇ ਧਾਰਮਿਕ ਮਾਨਤਾਵਾਂ ਵਿਚਾਲੇ ਤਾਲਮੇਲ ਸੰਭਵ ਹੈ।


# ਬ੍ਰਿਟਿਸ਼ ਸਮਾਜ ਨੂੰ ਵੰਡਣ ਦੀਆਂ ਕੋਸ਼ਿਸ਼ਾਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ – ਪ੍ਰਧਾਨ ਮੰਤਰੀ ਸਟਾਰਮਰ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਈਰਾਨ ਅਤੇ ਹੋਰ ਵਿਦੇਸ਼ੀ ਤਾਕਤਾਂ ਨੂੰ ਦੋ-ਟੁਕ ਚੇਤਾਵਨੀ ਦਿੱਤੀ ਹੈ ਕਿ ਬ੍ਰਿਟਿਸ਼ ਸਮਾਜ ਅੰਦਰ ਹਿੰਸਾ ਭੜਕਾਉਣ ਅਤੇ ਵੰਡ ਪਾਉਣ ਦੀਆਂ ਕੋਸ਼ਿਸ਼ਾਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।***

ਮੰਗਲਵਾਰ ਨੂੰ 10 ਡਾਊਨਿੰਗ ਸਟ੍ਰੀਟ ਵਿਖੇ ਯਹੂਦੀ-ਵਿਰੋਧ ਨਾਲ ਨਜਿੱਠਣ ਲਈ ਬੁਲਾਏ ਗਏ ਇੱਕ ਉੱਚ-ਪੱਧਰੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਯਹੂਦੀ ਭਾਈਚਾਰੇ ਵਿਰੁੱਧ ਹਮਲਿਆਂ ਵਿੱਚ ਹੋਇਆ ਵਾਧਾ "ਸਾਡੇ ਸਾਰਿਆਂ ਲਈ ਇੱਕ ਸੰਕਟ" ਹੈ, ਜਿਸ ਲਈ ਪੂਰੇ ਸਮਾਜ ਨੂੰ ਇੱਕਜੁੱਟ ਹੋ ਕੇ ਜਵਾਬ ਦੇਣ ਦੀ ਲੋੜ ਹੈ।

ਇਹ ਸੰਮੇਲਨ ਉੱਤਰ-ਪੱਛਮੀ ਲੰਡਨ ਦੇ ਗੋਲਡਰਸ ਗ੍ਰੀਨ ਇਲਾਕੇ ਵਿੱਚ ਪਿਛਲੇ ਹਫ਼ਤੇ ਹੋਏ ਇੱਕ ਭਿਆਨਕ ਅੱਤਵਾਦੀ ਹਮਲੇ ਤੋਂ ਬਾਅਦ ਬੁਲਾਇਆ ਗਿਆ ਸੀ, ਜਿੱਥੇ ਦੋ ਯਹੂਦੀ ਵਿਅਕਤੀਆਂ 'ਤੇ ਹਮਲਾ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਗੋਲਡਰਸ ਗ੍ਰੀਨ ਦੀ ਘਟਨਾ ਕੋਈ ਇਕੱਲੀ ਵਾਰਦਾਤ ਨਹੀਂ ਸੀ। ਇਹ ਵੱਧ ਰਹੇ ਯਹੂਦੀ-ਵਿਰੋਧ ਦੇ ਉਸ ਪੈਟਰਨ ਦਾ ਹਿੱਸਾ ਹੈ ਜਿਸ ਨੇ ਸਾਡੇ ਯਹੂਦੀ ਭਾਈਚਾਰੇ ਨੂੰ ਡਰ ਅਤੇ ਗੁੱਸੇ ਵਿੱਚ ਛੱਡ ਦਿੱਤਾ ਹੈ। ਅੱਜ ਉਹ ਪੁੱਛ ਰਹੇ ਹਨ ਕਿ ਕੀ ਇਹ ਦੇਸ਼ ਉਨ੍ਹਾਂ ਲਈ ਸੁਰੱਖਿਅਤ ਹੈ।

ਸਟਾਰਮਰ ਨੇ ਪੁਸ਼ਟੀ ਕੀਤੀ ਕਿ ਜਾਂਚ ਏਜੰਸੀਆਂ ਇਸ ਗੱਲ ਦੀ ਪੜਤਾਲ ਕਰ ਰਹੀਆਂ ਹਨ ਕਿ ਕੀ ਇਹਨਾਂ ਘਟਨਾਵਾਂ ਪਿੱਛੇ ਕਿਸੇ ਵਿਦੇਸ਼ੀ ਰਾਜ ਦਾ ਹੱਥ ਹੈ। ਈਰਾਨ ਜਾਂ ਕਿਸੇ ਵੀ ਹੋਰ ਦੇਸ਼ ਨੂੰ ਸਾਡਾ ਸਪੱਸ਼ਟ ਸੰਦੇਸ਼ ਹੈ ਕਿ ਜੇਕਰ ਤੁਸੀਂ ਸਾਡੇ ਸਮਾਜ ਵਿੱਚ ਨਫ਼ਰਤ ਫੈਲਾਉਣ ਦੀ ਕੋਸ਼ਿਸ਼ ਕਰੋਗੇ, ਤਾਂ ਇਸਦੇ ਗੰਭੀਰ ਨਤੀਜੇ ਹੋਣਗੇ। ਅਸੀਂ ਅਜਿਹੇ ਖ਼ਤਰਿਆਂ ਨਾਲ ਨਜਿੱਠਣ ਲਈ ਕਾਨੂੰਨਾਂ ਨੂੰ ਹੋਰ ਸਖ਼ਤ ਕਰ ਰਹੇ ਹਾਂ।



ਪ੍ਰਧਾਨ ਮੰਤਰੀ ਨੇ ਸਪੱਸ਼ਟ ਕੀਤਾ ਕਿ ਨਫ਼ਰਤ ਦਾ ਕੋਈ ਇੱਕ ਸਰੋਤ ਨਹੀਂ ਹੈ। ਉਨ੍ਹਾਂ ਨੇ ਇਸਲਾਮੀ ਕੱਟੜਵਾਦ, ਦੂਰ-ਸੱਜੇ ਅਤੇ ਦੂਰ-ਖੱਬੇ ਅਤਿਵਾਦ ਨੂੰ ਦੇਸ਼ ਲਈ ਚਿੰਤਾ ਦਾ ਵਿਸ਼ਾ ਦੱਸਿਆ। ਸਰਕਾਰ ਨੇ ਇਹਨਾਂ ਸਾਰੇ ਰੂਪਾਂ ਨਾਲ ਨਜਿੱਠਣ ਲਈ ਪਹਿਲੀ ਵਾਰ ਇੱਕ ਤਾਲਮੇਲ ਰਾਸ਼ਟਰੀ ਯੋਜਨਾ ਤਿਆਰ ਕੀਤੀ ਹੈ।

# ਰੀਫੌਰਮ ਯੂ ਕੇ ਦੇ ਉਮੀਦਵਾਰ ਵੱਲੋਂ ਨਸਲੀ ਹਮਲੇ ਦੀ ਪੀੜਤ ਸਿੱਖ ਮਹਿਲਾ ਬਾਬਤ ਇਤਰਾਜ਼ਯੋਗ ਟਿੱਪਣੀ

## ਐਮ ਪੀ ਗੁਰਿੰਦਰ ਸਿੰਘ ਜੋਸਨ ਅਤੇ ਸਾਥੀ ਸਾਂਸਦਾਂ ਵੱਲੋਂ ਨਿੰਦਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਰਿਫੌਰਮ ਪਾਰਟੀ ਦੇ ਉਮੀਦਵਾਰ ਸਟੂਅਰਟ ਪ੍ਰਾਇਰ ਵੱਲੋਂ ਬ੍ਰਮਿੰਘਮ ਦੇ ਇਲਾਕੇ ਵਿੱਚ ਸਿੱਖ ਮਹਿਲਾਵਾਂ ਤੇ ਹੋਏ ਨਸਲੀ ਹਮਲੇ ਅਤੇ ਜਬਰਜਨਾਹ ਵਰਗੇ ਘਿਨੌਣੇ ਅਪਰਾਧਾਂ ਤੋਂ ਬਾਅਦ ਇਤਰਾਜ਼ਯੋਗ ਟਿੱਪਣੀ ਕਰਦਿਆਂ ਘਟਨਾਂ ਨੂੰ ਸਹੀ ਠਹਿਰਾਇਆ। ਉਹਨਾਂ ਜਿੱਥੇ ਗੋਰੇ ਲੋਕਾਂ ਨੂੰ ਸਭ ਤੋਂ ਉੱਤਮ ਨਸਲ ਐਲਾਨਿਆ, ਉੱਥੇ ਹੀ ਮੁਸਲਮਾਨਾਂ ਲਈ ਚੂਹੇ ਵਰਗੇ ਸ਼ਬਦਾਂ ਦੀ ਵਰਤੋਂ ਕੀਤੀ, ਇਥੇ ਹੀ ਬੱਸ ਨਹੀਂ ਉਹਨਾਂ ਕਾਲੇ ਲੋਕਾਂ ਦੀ ਬੁੱਧੀ ਬਾਰੇ ਵੀ ਨਸਲੀ ਟਿੱਪਣੀਆਂ ਕੀਤੀਆਂ। ਸਟੂਅਰਟ ਪ੍ਰਾਇਰ ਜੋ ਸਥਾਨਿਕ ਚੋਣ 'ਲਈ ਐਸੈਕਸ ਹਲਕੇ ਤੋਂ ਰੀਫੌਰਮ ਯੂ ਕੇ ਦਾ ਉਮੀਦਵਾਰ ਹੈ। ਐਮ ਪੀ ਗੁਰਿੰਦਰ ਸਿੰਘ ਜੋਸਨ, ਐਮ ਪੀ ਸਾਰਾਹ ਕੂਮਬਸ, ਐਮ ਪੀ ਐਨਟੋਨੀਆ ਬੇਂਸ, ਐਲੈਕਸ ਬਾਲਿੰਗਰ ਨੇ ਰੀਫੌਰਮ ਯੂ ਕੇ ਦੇ ਲੀਡਰ ਰੇਅ ਨੌਕ ਨੂੰ ਪੱਤਰ ਲਿਖ ਕੇ ਸਟੂਅਰਟ ਨੂੰ ਮੁਅੱਤਲ ਕਰਕੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਐਮ ਪੀ ਢੇਸੀ ਅਤੇ ਪ੍ਰੀਤ ਕੌਰ ਗਿੱਲ ਨੇ ਲੇਬਰ ਉਮੀਦਵਾਰਾਂ ਦੇ ਹੱਕ ਵਿੱਚ ਕੀਤਾ ਚੋਣ ਪ੍ਰਚਾਰ



ਐਮ ਪੀ ਢੇਸੀ ਅਤੇ ਪ੍ਰੀਤ ਕੌਰ ਗਿੱਲ ਨੇ ਲੇਬਰ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਨ ਮੌਕੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 7 ਮਈ ਨੂੰ ਹੋਣ ਵਾਲੀਆਂ ਸਥਾਨਿਕ ਚੋਣਾਂ ਲਈ ਲੇਬਰ ਉਮੀਦਵਾਰਾਂ ਦੇ ਹੱਕ ਵਿੱਚ ਐਮ ਪੀ ਤਨਮਨਜੀਤ ਸਿੰਘ ਢੇਸੀ ਅਤੇ ਐਮ ਪੀ ਪ੍ਰੀਤ ਕੌਰ ਗਿੱਲ ਨੇ ਚੋਣ ਪ੍ਰਚਾਰ ਕੀਤਾ। ਬ੍ਰਮਿੰਘਮ ਦੇ ਇਲਾਕੇ ਵਿੱਚ ਕੀਤੇ ਗਏ ਚੋਣ ਪ੍ਰਚਾਰ ਮੌਕੇ ਉਹਨਾਂ ਕਿਹਾ ਕਿ ਸਮਾਜ ਨੂੰ ਵੰਡਿਆ ਨਹੀਂ ਜਾ ਸਕਦਾ ਅਤੇ ਲੇਬਰ ਪਾਰਟੀ ਲੋਕਾਂ ਦੀ ਪਾਰਟੀ ਹੈ ਅਤੇ ਲੋਕਾਂ ਵੱਲੋਂ ਸਮਰਥਨ ਮਿਲ ਰਿਹਾ ਹੈ। ਬ੍ਰਮਿੰਘਮ ਦੇ ਕੁਇੰਟਨ ਅਤੇ ਹਾਰਬਰਨ ਹਲਕੇ ਤੋਂ ਲੇਬਰ ਉਮੀਦਵਾਰ ਨਰਿੰਦਰ ਕੌਰ ਅਤੇ ਮਹਿਮੂਦ ਰਿਆਜ਼ ਸਮੇਤ ਉਹਨਾਂ ਹੋਰ ਵੀ ਕਈ ਹਲਕਿਆਂ ਵਿੱਚ ਲੇਬਰ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕੀਤਾ।

# ਆਕਸਫੋਰਡ ਯੂਨੀਵਰਸਿਟੀ ਨੇ ਸੀਰਮ ਇੰਸਟੀਚਿਊਟ ਦੇ ਨਾਲ ਮਲੇਰੀਆ ਦੇ ਟੀਕੇ ਨੂੰ ਲੈ ਕੇ ਕੀਤਾ ਸਮਝੌਤਾ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਆਕਸਫੋਰਡ ਯੂਨੀਵਰਸਿਟੀ ਅਤੇ ਸੀਰਮ ਇੰਸਟੀਚਿਊਟ ਆਫ਼ ਇੰਡੀਆ (ਐਸ ਆਈ ਆਈ) ਨੇ ਇੱਕ ਨਵੀਂ ਮਲਟੀ-ਸਟੇਜ ਵੈਕਸੀਨ ਵਿਕਸਤ ਕਰਨ ਲਈ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ ਹਨ, ਜੋ ਕਿ ਮਲੇਰੀਆ ਵਿਰੁੱਧ ਵਿਸ਼ਵਵਿਆਪੀ ਲੜਾਈ ਵਿੱਚ ਇੱਕ ਮਹੱਤਵਪੂਰਨ ਕਦਮ ਹੈ।***

ਆਕਸਫੋਰਡ ਯੂਨੀਵਰਸਿਟੀ ਇਨੋਵੇਸ਼ਨ (ਓ ਯੂ ਆਈ) ਅਤੇ ਦੁਨੀਆ ਦੇ ਸਭ ਤੋਂ ਵੱਡੇ ਟੀਕੇ ਨਿਰਮਾਤਾ ਨੇ ਇਸ ਹਫ਼ਤੇ ਆਰ 78 ਸੀ ਦੇ ਵਿਕਾਸ ਅਤੇ ਨਿਰਮਾਣ ਨੂੰ ਅੱਗੇ ਵਧਾਉਣ ਲਈ ਇੱਕ ਲਾਇਸੈਂਸ ਸਮਝੌਤੇ ਦਾ ਐਲਾਨ ਕੀਤਾ। ਇਹ ਸਮਝੌਤਾ ਬਿਹਤਰ ਸਿਹਤ ਨਤੀਜਿਆਂ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਮਲੇਰੀਆ ਟੀਕਿਆਂ 'ਤੇ ਉਨ੍ਹਾਂ ਦੇ ਪਹਿਲਾਂ ਦੇ ਸਹਿਯੋਗ 'ਤੇ ਆਧਾਰਿਤ ਹੈ। ਆਕਸਫੋਰਡ ਯੂਨੀਵਰਸਿਟੀ ਦੇ ਪੀਡੀਆਟ੍ਰਿਕਸ ਵਿਭਾਗ ਵਿੱਚ ਵੈਕਸੀਨੌਲੋਜੀ ਅਤੇ ਟ੍ਰਾਂਸਲੇਸ਼ਨਲ ਮੈਡੀਸਨ ਦੇ ਪ੍ਰੋਫੈਸਰ ਸਾਈਮਨ ਡਰਾਪਰ ਨੇ ਕਿਹਾ ਕਿ ਇਹ ਸਮਝੌਤਾ ਮਲੇਰੀਆ ਦਾ ਮੁਕਾਬਲਾ ਕਰਨ ਲਈ ਇੱਕ ਬਹੁਤ ਪ੍ਰਭਾਵਸ਼ਾਲੀ ਕਈ ਪੜਾਵਾਂ ਵਿੱਚ ਵੈਕਸੀਨ ਵਿਕਸਤ ਕਰਨ ਦੇ ਸਾਡੇ ਯਤਨਾਂ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਡਰਾਪਰ ਨੇ ਕਿਹਾ ਕਿ ਪਰਜੀਵੀ ਦੇ ਜੀਵਨ ਚੱਕਰ ਦੇ ਵੱਖ-ਵੱਖ ਪੜਾਵਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਕਈ ਐਂਟੀਜੇਨਾਂ ਨੂੰ ਜੋੜ ਕੇ, ਅਸੀਂ ਮਜ਼ਬੂਤ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੀ ਸੁਰੱਖਿਆ ਪ੍ਰਾਪਤ ਕਰਨ ਦਾ ਟੀਚਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਐਸ ਆਈ ਆਈ ਨਾਲ ਸਾਡਾ ਸਹਿਯੋਗ ਇਹ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ ਕਿ, ਜੇਕਰ ਸਫਲ ਹੋ ਜਾਂਦਾ ਹੈ, ਤਾਂ ਇਹ ਟੀਕੇ ਵੱਡੇ ਪੱਧਰ 'ਤੇ ਤਿਆਰ ਕੀਤੇ ਜਾ ਸਕਦੇ ਹਨ ਅਤੇ ਉਨ੍ਹਾਂ ਆਬਾਦੀਆਂ ਤੱਕ ਪਹੁੰਚਾਏ ਜਾ ਸਕਦੇ ਹਨ ਜਿਨ੍ਹਾਂ ਨੂੰ ਇਨ੍ਹਾਂ ਦੀ ਸਭ ਤੋਂ ਵੱਧ ਲੋੜ ਹੈ। ਆਰ 78 ਸੀ, ਪਲਾਜ਼ਮੋਡੀਅਮ ਫਾਲਸੀਪੈਰਮ ਦੇ ਖੂਨ-ਪੜਾਅ ਨਾਲ ਜੁੜੇ ਦੋ ਐਂਟੀਜੇਨਾਂ, ਰਿੱਪ ਆਰ ਅਤੇ ਸਾਈਪ ਆਰ 'ਤੇ ਅਧਾਰਤ, ਨੂੰ ਕਲੀਨਿਕਲ ਵਰਤੋਂ ਲਈ ਵਿਕਸਤ ਕੀਤਾ ਜਾ ਰਿਹਾ ਹੈ।

ਸੀਰਮ ਦੇ ਕਾਰਜਕਾਰੀ ਨਿਰਦੇਸ਼ਕ, ਡਾ. ਉਮੇਸ਼ ਸ਼ਾਲੀਗ੍ਰਾਮ ਨੇ ਕਿਹਾ ਮਲੇਰੀਆ ਨੂੰ ਰੋਕਣ ਲਈ ਨਿਰੰਤਰ ਵਿਗਿਆਨਕ ਨਵੀਨਤਾ ਦੀ ਲੋੜ ਹੈ, ਖਾਸ ਕਰਕੇ ਜਦੋਂ ਕੋਸ਼ਿਸ਼ਾਂ ਅਜਿਹੇ ਟੀਕਿਆਂ ਵੱਲ ਵਧ ਰਹੀਆਂ ਹਨ ਜੋ ਪਰਜੀਵੀ ਨੂੰ ਇਸਦੇ ਜੀਵਨ ਚੱਕਰ ਦੇ ਵੱਖ-ਵੱਖ ਪੜਾਵਾਂ 'ਤੇ ਨਿਸ਼ਾਨਾ ਬਣਾ ਸਕਦੇ ਹਨ।"

# ਪੰਜਾਬੀ ਸਾਹਿਤ ਕਲਾ ਕੇਂਦਰ ਯੂ ਕੇ ਦੀ ਪ੍ਰਧਾਨ ਕੁਲਵੰਤ ਕੌਰ ਢਿੱਲੋਂ ਦੇ ਜੀਵਨ ਸਾਥੀ ਸ਼ਵਿੰਦਰ ਸਿੰਘ ਢਿੱਲੋਂ ਦਾ ਦੇਹਾਂਤ



ਸਵ: ਸ਼ਵਿੰਦਰ ਸਿੰਘ ਢਿੱਲੋਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਸਾਹਿਤ ਕਲਾ ਕੇਂਦਰ ਯੂ ਕੇ ਦੀ ਪ੍ਰਧਾਨ ਕੁਲਵੰਤ ਕੌਰ ਢਿੱਲੋਂ ਦੇ ਜੀਵਨ ਸਾਥੀ ਸ: ਸ਼ਵਿੰਦਰ ਸਿੰਘ ਢਿੱਲੋਂ ਦਾ ਬੀਤੇ ਦਿਨੀ ਲੰਡਨ ਵਿੱਚ ਦੇਹਾਂਤ ਹੋ ਗਿਆ। ਉਹ 85 ਵਰ੍ਹਿਆਂ ਦੇ ਸਨ। ਲੁਧਿਆਣਾ ਜਿਲ੍ਹੇ ਨਾਲ ਸਬੰਧਿਤ ਸ: ਢਿੱਲੋਂ 60ਵਿਆਂ ਦੇ ਅਖੀਰ ਵਿੱਚ ਮਲੇਸ਼ੀਆ ਤੋਂ ਯੂ ਕੇ ਆਏ ਸਨ। ਜਿੱਥੇ ਉਹਨਾਂ ਨਸਲੀ ਵਿਤਕਰਿਆਂ ਤੋਂ ਲੈ ਕੇ ਸਥਾਪਿਤ ਹੋ ਚੁੱਕੇ ਭਾਈਚਾਰੇ ਦੇ ਹਰ ਸਫ਼ਰ ਨੂੰ ਨੇੜਿਓ ਵੇਖਿਆ। ਉਹ ਆਪਣੇ ਪਿੱਛੇ ਪਤਨੀ, ਬੇਟੀ, ਬੇਟਾ ਅਤੇ ਪ੍ਰੀਵਾਰ ਛੱਡ ਗਏ ਹਨ।

ਸਵ: ਸ਼ਵਿੰਦਰ ਸਿੰਘ ਢਿੱਲੋਂ ਦਾ ਅੰਤਿਮ ਸੰਸਕਾਰ 11 ਮਈ ਨੂੰ ਹੋਵੇਗਾ ਅਤੇ ਭੋਗ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪਾਰਕ ਐਵੇਨਿਊ ਸਾਊਥਾਲ ਵਿਖੇ ਪਾਏ ਜਾਣਗੇ। ਇੰਗਲੈਂਡ ਦੀਆਂ ਉੱਘੀਆਂ ਪੰਜਾਬੀ ਸਾਹਿਤਕ ਸੰਸਥਾਵਾਂ ਵੱਲੋਂ ਯਸ਼ ਸਾਥੀ, ਮਨਜੀਤ ਕੌਰ ਪੱਡਾ, ਅਜ਼ੀਮ ਸ਼ੇਖ਼ਰ, ਗੁਰਨਾਮ ਸਿੰਘ ਗਰੇਵਾਲ, ਮਨਪ੍ਰੀਤ ਸਿੰਘ ਬੱਧਨੀ ਕਲਾਂ, ਮਹਿੰਦਰ ਸਿੰਘ ਧਾਲੀਵਾਲ, ਭਜਨ ਕੌਰ, ਦਰਸ਼ਨ ਸਿੰਘ ਢਿੱਲੋਂ, ਦਲਬੀਰ ਕੌਰ, ਰਾਜਿੰਦਰ ਕੌਰ, ਸ਼ਿਵਚਰਨ ਜੱਗੀ ਕੁੱਸਾ, ਜਗਰਾਜ ਸਿੰਘ ਸਰਾਂ, ਸੁਰਿੰਦਰ ਵਾਲੀਆ, ਸ਼ਿਵਦੀਪ ਕੌਰ ਢੇਸੀ, ਪਰਮ ਸੰਧਾਵਾਲੀਆ, ਗੁਰਮੇਲ ਸਿੰਘ ਮੱਲੀ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਬਲਜੀਤ ਸਿੰਘ ਮੱਲੀ, ਗੁਰਸ਼ਰਨ ਸਿੰਘ ਅਜੀਬ, ਗੁਰਮੇਲ ਕੌਰ ਸੰਘਾ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਚਾਰ ਦੇਸ਼ਾਂ ਵਿੱਚ ਮਨਾਇਆ ਜਾਵੇਗਾ ਭਾਈ ਪੰਜਵੜ ਦਾ ਸ਼ਹੀਦੀ ਦਿਹਾੜਾ-ਖਨਿਆਣ, ਡੱਲੇਵਾਲ



ਲੰਡਨ - ਪਾਕਿਸਤਾਨ ਦੀ ਧਰਤੀ ਤੇ ਭਾਰਤੀ ਏਜੰਸੀਆਂ ਵਲੋਂ ਸ਼ਹੀਦ ਕੀਤੇ ਗਏ ਖਾਲਿਸਤਾਨ ਕਮਾਡੋ ਫੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਦਾ ਸ਼ਹੀਦੀ ਦਿਹਾੜਾ ਚਾਰ ਦੇਸ਼ਾਂ ਵਿੱਚ ਮਨਾਇਆ ਜਾਵੇਗਾ । ਯੂਨਾਇਟਿਡ ਖਾਲਸਾ ਦਲ ਯੂ,ਕੇ ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਸਿੱਖ ਫੈਡਰੇਸ਼ਨ ਜਰਮਨੀ ਦੇ ਪ੍ਰਧਾਨ ਭਾਈ ਗੁਰਮੀਤ ਸਿੰਘ ਖਨਿਆਣ ਨੇ ਜਾਰੀ ਪ੍ਰੈੱਸ ਰਿਲੀਜ਼ ਵਿੱਚ ਦੱਸਿਆ ਕਿ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੇ ਜੱਦੀ ਪਿੰਡ ਪੰਜਵੜ, ਨਜਦੀਕ ਝਬਾਲ ਅਤੇ ਜਨਮ ਅਸਥਾਨ ਨਨਕਾਣਾ ਸਾਹਿਬ ਪਾਕਿ-ਸਤਾਨ ਵਿੱਚ 6 ਮਈ ਬੁੱਧਵਾਰ ਨੂੰ, ਗੁਰ-ਦਵਾਰਾ ਸਿੱਖ ਸੈਂਟਰ ਫਰੈਂਕਫੋਰਟ ਜਰਮਨੀ ਅਤੇ ਗੁਰੂ ਨਾਨਕ ਪ੍ਰਕਾਸ਼ ਗੁਰਦਵਾਰਾ ਕਵੈਂਟਰੀ ਵਿਖੇ 10 ਮਈ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ਼ਸਮਾਗ ਕਰਦਿਆਂ ਸ਼ਰਧਾ ਦੇ ਫੁੱਲ ਅਰਪਤ ਕੀਤੇ ਜਾਣਗੇ । ਰਾਗੀ, ਢਾਡੀ ਅਤੇ ਪੰਥਕ ਬੁਲਾਰੇ ਸਿੱਖ ਕੌਮ ਦੇ ਮਹਾਨ ਯੋਧੇ ਭਾਈ ਪਰਮਜੀਤ ਸਿੰਘ ਪੰਜਵੜ ਅਤੇ ਸਮੂਹ ਸ਼ਹੀਦਾਂ ਨੂੰ ਸਿੱਜਦਾ ਕਰਦੇ ਹੋਏ ਚੱਲ ਰਹੇ ਖਾਲਿਸਤਾਨ ਦੇ ਸੰਘਰਸ਼ ਪ੍ਰਤੀ ਉਸਾਰੂ ਵਿਚਾਰਾਂ ਦਾ ਇਜਹਾਰ ਕਰਨਗੇ ।

ਭਾਈ ਪਰਮਜੀਤ ਸਿੰਘ ਪੰਜਵੜ ਦਾ ਜਨਮ 13 ਜਨਵਰੀ 1960 ਵਾਲੇ ਦਿਨ ਸ. ਕਸ਼ਮੀਰ ਸਿੰਘ ਦੇ ਘਰੇ ਸ਼ਹੀਦ ਮਾਤਾ ਬੀਬੀ ਮਹਿੰਦਰ ਕੌਰ ਦੀ ਕੁੱਖੋਂ ਜਿਲ੍ਹਾ ਅੰਮ੍ਰਿਤਸਰ ਸਾਹਿਬ ਦੇ ਪਿੰਡ ਪੰਜਵੜ ਵਿਖੇ ਹੋਇਆ ਸੀ। ਇਹ ਪੰਜਵੜ ਪਿੰਡ ਹੁਣ ਜ਼ਿਲ੍ਹਾ ਤਰਨਤਾਰਨ ਸਾਹਿਬ ਦੇ ਅਧੀਨ ਆਉਂਦਾ ਹੈ। ਇਹ ਪਰਿਵਾਰ ਆਰਥਿਕ ਪੱਖੋਂ ਮੱਧਵਰਗੀ ਹਾਲਤ ਵਾਲਾ ਖੁਸ਼ਹਾਲ ਪਰਿਵਾਰ ਸੀ। ਸ. ਕਸ਼ਮੀਰ ਸਿੰਘ ਦਾ ਇਹ ਪਰਿਵਾਰ ਕਿੱਤੇ ਦੇ ਤੌਰ ਤੇ ਖੇਤੀਬਾੜੀ ਕਰਿਆ ਕਰਦਾ ਸੀ । ਭਾਈ ਪਰਮਜੀਤ ਸਿੰਘ ਨੇ ਦਸਵੀਂ ਦਾ ਇਮਤਿਹਾਨ ਆਪਣੇ ਪਿੰਡ ਦੇ ਸਰਕਾਰੀ ਸਕੂਲ ਤੋਂ ਪਾਸ ਕੀਤਾ। ਭਾਈ ਪਰਮਜੀਤ ਸਿੰਘ ਪੰਜਵੜ ਨੇ ਥੋੜਾ ਸਮਾਂ ਪਰਿਵਾਰ ਨਾਲ ਖੇਤੀਬਾੜੀ ਕੀਤੀ ਅਤੇ ਮਗਰੋਂ ਕੋਆਪ੍ਰੇਟਿਵ ਬੈਂਕ ਪਿੰਡ ਸੋਹਲ ਠੱਠੀ ਵਿੱਚ ਨੌਕਰੀ ਕਰਨੀ ਅਰੰਭ ਕਰ ਦਿੱਤੀ। ਭਾਈ ਪਰਮਜੀਤ ਸਿੰਘ ਪੰਜਵੜ ਨੇ ਧਰਮ ਯੁੱਧ ਮੋਰਚੇ ਦੌਰਾਨ ਇਤਿਹਾਸਿਕ ਦਿਹਾੜਿਆਂ 'ਤੇ ਟਰੈਕਟਰ-ਟਰਾਲੀ 'ਤੇ ਪਿੰਡ ਦੀ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਵਾਸਤੇ ਕਈ ਵਾਰ ਲਿਜਾਣਾ ਕੀਤਾ। ਭਾਈ ਪਰਮਜੀਤ ਸਿੰਘ ਨੇ ਖਾਲਿਸਤਾਨ ਦੇ ਸੰਘਰਸ਼ ਨੂੰ ਬੁਲੰਦੀਆਂ 'ਤੇ ਅੱਪੜਾਉਣ ਵਾਲੇ ਸਿੱਖ ਕੌਮ ਦੇ ਅਲਬੇਲੇ ਜਰਨੈਲ ਜਨਰਲ ਲਾਭ ਸਿੰਘ ਦਾ ਡੱਟ ਕੇ ਸਾਥ ਦਿੱਤਾ। ਜਨਰਲ ਲਾਭ ਸਿੰਘ ਦੀ 12 ਜੁਲਾਈ 1988 ਵਾਲੇ ਦਿਨ ਸ਼ਹਾਦਤ ਹੋ ਗਈ ਸੀ । ਇਸ ਵਕਤ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਪੰਜ ਮੈਂਬਰੀ ਪੰਥਕ ਕਮੇਟੀ ਦਾ ਮੈਂਬਰ ਸੀ। ਪੰਥਕ ਕਮੇਟੀ ਤੋਂ ਅਸਤੀਫਾ ਦਿਵਾ ਕੇ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਨੂੰ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਬਣਾਇਆ ਗਿਆ। ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਅਤੇ ਭਾਈ ਨਿਰਮਲ ਸਿੰਘ ਮੀਆਂਵਿੰਡ 18 ਅਕਤੂਬਰ 1989 ਨੂੰ ਜਲੰਧਰ ਵਿੱਚ ਸ਼ਹੀਦ ਹੋ ਗਏ। ਇਹਨਾਂ ਚੋਟੀ ਦੇ ਜੁਝਾਰੂ ਆਗੂਆਂ ਨਾਲ ਮਿਲ ਕੇ ਭਾਈ ਪਰਮਜੀਤ ਸਿੰਘ ਪੰਜਵੜ ਨੇ ਵੱਡੇ-ਵੱਡੇ ਐਕਸ਼ਨਾਂ ਵਿੱਚ ਹਿੱਸਾ ਲਿਆ ਸੀ। ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਦੀ ਸ਼ਹਾਦਤ ਤੋਂ ਬਾਅਦ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਖ਼ਾਲਿਸਤਾਨ ਕਮਾਂਡੋ ਫੋਰਸ ਦਾ ਮੁਖੀ ਬਣਾਇਆ ਗਿਆ ਸੀ। ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਭਾਰਤੀ ਖੁਫ਼ੀਆ ਏਜੰਸੀਆਂ ਦੇ ਕਰਿੰਦਿਆਂ ਨੇ 6 ਮਈ 2023 ਨੂੰ ਸਵੇਰ-ਸਾਰ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿੱਚ ਸੈਰ ਕਰਦੇ ਵਕਤ ਗੋਲੀਆਂ ਮਾਰ ਕੇ/ਗੋਲੀਆਂ ਮਰਵਾ ਕੇ ਸ਼ਹੀਦ ਕਰ ਦਿੱਤਾ। ਭਾਈ ਪਰਮਜੀਤ ਸਿੰਘ ਪੰਜਵੜ ਦਾ ਅੰਤਿਮ ਸਸਕਾਰ ਪਾਕਿ-ਸਤਾਨ ਵਿੱਚ ਰਾਵੀ ਦਰਿਆ ਦੇ ਨੇੜੇ ਬਾਬੂ-ਸਾਬੂ ਅਬਾਦੀ ਦੇ ਸ਼ਮਸ਼ਾਨ ਘਾਟ ਵਿੱਚ ਕੀਤਾ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਜੱਥੇਦਾਰ ਭਾਈ ਵਧਾਵਾ ਸਿੰਘ ਮੁਖੀ ਬੱਬਰ ਖਾਲਸਾ ਇੰਟਰਨੈਸ਼ਨਲ ਨੇ ਭਾਈ ਪਰਮਜੀਤ ਸਿੰਘ ਪੰਜਵੜ ਦੇ ਪੰਜ ਭੂਤਕ ਸ਼ਰੀਰ ਨੂੰ ਅਗਨ ਭੇਂਟ ਕੀਤਾ ਸੀ। ਸਾਲ 1995 ਤੋਂ ਲੈ ਕੇ ਆਪਣੀ ਸ਼ਹਾਦਤ (6 ਮਈ 2023) ਤੱਕ ਕਰੀਬ ਅਠਾਈ ਸਾਲ ਲਗਾਤਾਰ ਪਾਕਿ-ਸਤਾਨ ਵਿੱਚ ਜਲਾਵਤਨੀ ਜੀਵਨ ਗੁਜ਼ਾਰਨ ਵਾਲਾ ਭਾਈ ਪਰਮਜੀਤ ਸਿੰਘ ਪੰਜਵੜ ਮਹਾਨ ਯੋਧਾ ਸੀ। ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਮਹਾਨ ਯੋਧਾ ਸੀ। ਭਾਈ ਵਧਾਵਾ ਸਿੰਘ ਬੱਬਰ ਨਾਲ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੀ ਪਰਿਵਾਰਕ ਸਾਂਝ ਰਹੀ ਹੈ। ਭਾਈ ਪਰਮਜੀਤ ਸਿੰਘ ਪੰਜਵੜ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਹੋ ਰਹੇ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਸਿਖ ਸੰਗਤਾਂ ਨੂੰ ਸਨਿਮਰ ਅਪੀਲ ਹੈ।

# ਜਿੱਤੇ ਤਾਂ ਸਕਾਟਲੈਂਡ ਦੀ ਅਜ਼ਾਦੀ ਲਈ ਜਨਮਤ ਕਰਵਾਵਾਂਗੇ- ਸਕਾਟਿਸ਼ ਫਸਟ ਮਨਿਸਟਰ

*ਗਲਾਸਗੋ -(ਹਰਜੀਤ ਦੁਸਾਂਝ ਪੁਆਦੜਾ) - ਸਕਾਟਲੈਂਡ ਵਿੱਚ 2007 ਤੋਂ ਬਾਅਦ 19 ਸਾਲਾਂ ਤੋਂ ਸਕਾਟਲੈਂਡ ਦੀ ਖੇਤਰੀ ਪਾਰਟੀ ਸਕਾਟਿਸ਼ ਨੈਸ਼ਨਲ ਪਾਰਟੀ ਦੀ ਸਰਕਾਰ ਹੈ। ਸਕਾਟਿਸ਼ ਨੈਸ਼ਨਲ ਪਾਰਟੀ ਹਮੇਸ਼ਾ ਸਕਾਟਲੈਂਡ ਦੀ ਅਜ਼ਾਦੀ ਦਾ ਮੁੱਦਾ ਉਛਾਲਦੀ ਰਹੀ ਹੈ ਅਤੇ ਇਹ ਇਸ ਦੀ ਰਾਜਨੀਤੀ ਦਾ ਧੁਰਾ ਹੈ। ਸਕਾਟਿਸ਼ ਪਾਰਲੀਮੈਂਟ ਦੀਆਂ ਪਿਛਲੀਆਂ 2021 ਦੀਆਂ ਚੋਣਾਂ ਵਿੱਚ ਸਕਾਟਿਸ਼ ਨੈਸ਼ਨਲ ਪਾਰਟੀ ਨੇ ਕੁੱਲ 129 ਸੰਸਦੀ ਸੀਟਾਂ ਵਿੱਚੋਂ 64 ਸੀਟਾਂ ਜਿੱਤੀਆਂ ਸਨ, ਜੋ ਬਹੁਮਤ ਲਈ ਲੋੜੀਂਦੀ ਗਿਣਤੀ ਤੋਂ ਇੱਕ ਘੱਟ ਸਨ। ਜਦੋਂ ਕਿ ਕੰਜ਼ਰਵੇਟਿਵਾਂ ਨੇ 31 ਸੀਟਾਂ, ਲੇਬਰ ਨੇ 22, ਗ੍ਰੀਨਜ਼ ਨੇ 8 ਅਤੇ ਲਿਬਰਲ ਡੈਮੋਕਰੇਟਸ ਨੇ 4 ਸੀਟਾਂ ਜਿੱਤੀਆਂ ਸਨ।*



ਸਕਾਟਿਸ਼ ਨੈਸ਼ਨਲ ਪਾਰਟੀ ਦੇ ਪ੍ਰਧਾਨ ਨੇ ਅਤੇ ਸਕਾਟਿਸ਼ ਫਸਟ ਮਨਿਸਟਰ ਜੌਨ ਸਵਿਨੀ ਨੇ ਕਿਹਾ ਹੈ ਕਿ ਜੇਕਰ ਉਨ੍ਹਾਂ ਦੀ ਪਾਰਟੀ 129 ਸੀਟਾਂ ਵਾਲੀ ਸੰਸਦ ਵਿੱਚ ਬਹੁਮਤ ਪ੍ਰਾਪਤ ਕਰਦੀ ਹੈ ਤਾਂ ਉਹ 2028 ਵਿੱਚ ਸਕਾਟਲੈਂਡ ਦੀ ਅਜ਼ਾਦੀ ਲਈ ਇੱਕ ਹੋਰ ਆਜ਼ਾਦੀ ਜਨਮਤ ਸੰਗ੍ਰਹਿ ਕਰਵਾਉਣਗੇ, ਪਰ ਸਕਾਟਿਸ਼ ਨੈਸ਼ਨਲ ਪਾਰਟੀ ਨੇ ਆਪਣੀਆਂ ਪਿਛਲੀਆਂ ਚਾਰ ਸੰਸਦ ਦੀਆਂ ਜਿੱਤਾਂ ਵਿੱਚ ਸਿਰਫ ਇੱਕ ਵਾਰ ਹੀ ਪੂਰਨ ਬਹੁਮਤ ਪ੍ਰਾਪਤ ਕੀਤਾ ਹੈ। ਜਿਕਰਯੋਗ ਹੈ ਕਿ ਸਕਾਟਲੈਂਡ ਦੀ ਅਜ਼ਾਦੀ ਲਈ 2014 ਵਿੱਚ ਵੀ ਜਨਮਤ ਕਰਵਾਇਆ ਗਿਆ ਸੀ ਅਤੇ ਲੋਕਾਂ ਨੇ 48 ਪ੍ਰਤੀਸ਼ਤ ਦੇ ਮੁਕਾਬਲੇ 52 ਪ੍ਰਤੀਸ਼ਤ ਨਾਲ ਇਸ ਨੂੰ ਨਕਾਰ ਦਿੱਤਾ ਸੀ।

ਸਕਾਟਲੈਂਡ ਵਿੱਚ ਵੀਰਵਾਰ 7 ਮਈ ਨੂੰ ਹੋਣ ਵਾਲੀਆਂ ਚੋਣਾਂ ਲਈ ਪੋਲਿੰਗ ਸਟੇਸ਼ਨ ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ ਖੁੱਲ੍ਹੇ ਰਹਿਣਗੇ। ਵੋਟਾਂ ਪੈਣ ਤੋਂ ਬਾਅਦ ਤੁਰੰਤ ਗਿਣਤੀ ਦਾ ਕੰਮ ਸ਼ੁਰੂ ਹੋ ਜਾਵੇਗਾ, ਪਰ ਰਾਤ ਭਰ ਕੋਈ ਨਤੀਜਾ ਨਹੀਂ ਨਿਕਲੇਗਾ। ਪਹਿਲੇ ਨਤੀਜੇ ਸ਼ੁੱਕਰਵਾਰ ਦੁਪਹਿਰ ਤੱਕ ਆਉਣ ਦੀ ਉਮੀਦ ਹੈ।

# ਅਦਾਲਤ ਵੱਲੋਂ ਮੀਨੂ ਬੱਤਰਾ ਨੂੰ ਤੁਰੰਤ ਇਮੀਗ੍ਰੇਸ਼ਨ ਹਿਰਾਸਤ ਵਿਚੋਂ ਰਿਹਾਅ ਕਰਨ ਦੇ ਆਦੇਸ਼



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਟੈਕਸਾਸ ਦੀ ਇਕ ਅਦਾਲਤ ਨੇ ਪਿਛਲੇ 3 ਦਹਾਕਿਆਂ ਦੇ ਵਧ ਸਮੇ ਤੋਂ ਅਮਰੀਕਾ ਵਿੱਚ ਰਹਿ ਰਹੀ ਭਾਰਤੀ ਮੂਲ ਦੀ ਮੀਨੂ ਬੱਤਰਾ ਨੂੰ ਤੁਰੰਤ ਸੰਘੀ ਇਮੀਗ੍ਰੇਸ਼ਨ ਵਿੱਚੋਂ ਰਿਹਾਅ ਕਰਨ ਦੇ ਆਦੇਸ਼ ਦਿੱਤੇ ਹਨ। ਅਦਾਲਤ ਨੇ ਆਪਣੇ ਆਦੇਸ਼ ਵਿੱਚ ਕਿਹਾ ਹੈ ਕਿ ਉਸ ਦੀ ਗ੍ਰਿਫਤਾਰੀ ਵੇਲੇ ਨਿਯਮਾਂ ਤੇ ਉਸ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ। ਟੈਕਸਾਸ ਵਿੱਚ ਬੱਤਰਾ ਇਕੋ ਇਕ ਲਾਇਸੰਸਸ਼ੁਦਾ ਦੁਭਾਸ਼ੀਆ ਹੈ ਜੋ ਅੰਗਰੇਜੀ ਦਾ ਪੰਜਾਬੀ, ਹਿੰਦੀ ਤੇ ਉਰਦੂ ਵਿੱਚ ਅਨੁਵਾਦ ਕਰ ਸਕਦੀ ਹੈ। ਉਸ ਦੇ ਵਕੀਲ ਦੀਪਕ ਆਹਲੂਵਾਲੀਆ ਨੇ ਉਸ ਦੀ ਰਿਹਾਈ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਬੱਤਰਾ 4 ਬੱਚਿਆਂ ਦੀ ਮਾਂ ਹੈ ਜੋ ਅਮਰੀਕੀ ਨਾਗਰਿਕ ਹਨ। ਉਸ ਨੂੰ ਹਰਲੀਨਗਨ ਵਿੱਚ ਵੈਲੀ ਇੰਟਰਨੈਸ਼ਨਲ ਹਵਾਈ ਅੱਡੇ 'ਤੇ 17 ਮਾਰਚ ਨੂੰ ਉਸ ਵੇਲੇ ਗ੍ਰਿਫਤਾਰ ਕਰ ਲਿਆ ਗਿਆ ਸੀ ਜਦੋਂ ਉਹ ਮਿਲਵੌਕੀ ਵਿੱਚ ਕੰਮ 'ਤੇ ਜਾ ਰਹੀ ਸੀ। ਆਹਲੂਵਾਲੀਆ ਨੇ ਕਿਹਾ ਕਿ ਬੱਤਰਾ ਦੀ ਪੀ ਆਰ ਲੈਣ ਲਈ ਕਾਨੂੰਨੀ ਪ੍ਰਕ੍ਰਿਆ ਜਾਰੀ ਹੈ। ਉਨਾਂ ਕਿਹਾ ਕਿ ਉਸ ਦੇ ਸਭ ਤੋਂ ਛੋਟੇ ਪੁੱਤਰ ਜਸਪਰ ਜਿਸ ਨੇ ਅਮਰੀਕੀ ਫੌਜ ਵਿੱਚ ਨੌਕਰੀ ਕੀਤੀ ਹੈ, ਦੇ ਆਧਾਰ 'ਤੇ ਬੱਤਰਾ ਲਈ ਗਰੀਨ ਕਾਰਡ ਲੈਣ ਦੀ ਯੋਜਨਾ ਹੈ। ਵਕੀਲ ਅਨੁਸਾਰ ਕਾਨੂੰਨੀ ਲੜਾਈ ਅਜੇ ਖਤਮ ਨਹੀਂ ਹੋਈ ਤੇ ਇਸ ਨੂੰ ਅੰਜਾਮ ਤੱਕ ਲਿਜਾਣ ਲਈ ਸਮਾਂ ਲੱਗ ਸਕਦਾ ਹੈ।**

# ਟਰੰਪ ਪ੍ਰਸ਼ਾਸਨ ਨੇ ਚੁੱਪ ਚੁਪੀਤੇ ਵਿਦੇਸ਼ੀ ਡਾਕਟਰਾਂ 'ਤੇ ਪਾਬੰਦੀ ਹਟਾਈ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਟਰੰਪ ਪ੍ਰਸ਼ਾਸਨ ਨੇ ਕਈ ਮਹੀਨਿਆਂ ਦੀ ਬੇਯਕੀਨੀ ਤੋਂ ਬਾਅਦ ਪਾਬੰਦੀ ਹਟਾਉਂਦਿਆਂ ਵਿਦੇਸ਼ੀ ਡਾਕਟਰਾਂ ਲਈ ਵੀਜ਼ਾ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ ਹੈ। ਹੋਮਲੈਂਡ ਸਕਿਉਰਿਟੀ ਵਿਭਾਗ ਨੇ ਇਸ ਸਾਲ ਦੇ ਸ਼ੁਰੂ ਵਿੱਚ ਵਿਦੇਸ਼ੀ ਡਾਕਟਰਾਂ ਸਮੇਤ ਹੋਰਨਾਂ ਉਪਰ ਸਖਤ ਵੀਜ਼ਾ ਪਾਬੰਦੀਆਂ ਲਾਗੂ ਕਰ ਦਿੱਤੀਆਂ ਸਨ। ਪਾਬੰਦੀਆਂ ਕਾਰਨ ਸਿਹਤ ਸੇਵਾਵਾਂ ਉਪਰ ਖਾਸ ਕਰਕੇ ਦਿਹਾਤੀ ਇਲਾਕਿਆਂ ਵਿਚ ਬਹੁਤ ਬੁਰਾ ਅਸਰ ਪਿਆ ਹੈ। 64 ਪ੍ਰਤੀਸ਼ਤ ਵਿਦੇਸ਼ੀ ਡਾਕਟਰ ਦੂਰ ਦਰਾਡੇ ਦੇ ਪਛੜੇ ਖੇਤਰਾਂ ਵਿਚ ਕੰਮ ਕਰਦੇ ਹਨ ਜਿਨਾਂ ਖੇਤਰਾਂ ਵਿਚ ਡਾਕਟਰੀ ਦੀ ਕਮੀ ਹੋਣ ਕਾਰਨ ਸਿਹਤ ਸੇਵਾਵਾਂ ਪ੍ਰਭਾਵਿਤ ਹੋਣੀਆਂ ਸ਼ੁਰੂ ਹੋ ਗਈਆਂ ਸਨ।**

# ਬੇਅਦਬੀ ਮਾਮਲਿਆਂ 'ਚ ਇਨਸਾਫ਼ ਦਿੱਤੇ ਬਿਨਾਂ 'ਸ਼ੁਕਰਾਨਾ ਯਾਤਰਾ' ਸਿਰਫ਼ ਸਿਆਸੀ ਦਿਖਾਵਾ: ਪ੍ਰੋ. ਸਰਚਾਂਦ ਸਿੰਘ ਖਿਆਲਾ

## ਬੇਅਦਬੀ ਮਾਮਲਿਆਂ ਵਿੱਚ ਮਾਨ ਸਰਕਾਰ ਦੀ ਸ਼ੱਕੀ ਭੂਮਿਕਾ ਤੇ ਦੋਸ਼ੀਆਂ ਦੀ ਪੁਸ਼ਤ-ਪਨਾਹੀ ਨੂੰ ਤੱਥਾਂ ਨਾਲ ਕੀਤਾ ਬੇਨਕਾਬ

ਅੰਮ੍ਰਿਤਸਰ- ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੇਅਦਬੀ ਬਿਲ ਵਿੱਚ ਕੀਤੀਆਂ ਸੋਧਾਂ ਦੇ ਮੱਦੇਨਜ਼ਰ ਕੱਢੀ ਜਾ ਰਹੀ "ਸ਼ੁਕਰਾਨਾ ਯਾਤਰਾ" 'ਤੇ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਸਵਾਲ ਕੀਤਾ ਕਿ ਜਿੱਥੇ ਬੇਅਦਬੀ ਮਾਮਲਿਆਂ ਵਿੱਚ ਇਨਸਾਫ਼ ਯਕੀਨੀ ਬਣਾਉਣ ਦੀ ਥਾਂ ਦੋਸ਼ੀਆਂ ਦੀ ਪੁਸ਼ਤ-ਪਨਾਹੀ ਕੀਤੀ ਜਾ ਰਹੀ ਹੋਵੇ, ਉੱਥੇ ਇਸ ਤਰ੍ਹਾਂ ਦੀ ਯਾਤਰਾ ਸਿਰਫ਼ ਸਿਆਸੀ ਦਿਖਾਵਾ ਨਹੀਂ ਤਾਂ ਕੀ ਹੈ?

ਪ੍ਰੋ. ਖਿਆਲਾ ਨੇ ਕਿਹਾ ਕਿ ਅਸਲ ਵਿਚ ਭਗਵੰਤ ਮਾਨ ਵੱਲੋਂ ਸਰਕਾਰ ਦੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਧਾਰਮਿਕ ਪੱਤਾ ਖੇਡਿਆ ਜਾ ਰਿਹਾ ਹੈ। ਬੇਅਦਬੀ ਵਰਗੇ ਸੰਵੇਦਨਸ਼ੀਲ ਅਤੇ ਧਾਰਮਿਕ ਮਾਮਲੇ 'ਚ ਮਾਨ ਸਰਕਾਰ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਵੋਟਾਂ ਰਾਜਨੀਤੀ ਲਈ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਵੱਲੋਂ ਬੇਅਦਬੀ ਸਬੰਧੀ ਸਖ਼ਤ ਕਾਨੂੰਨ ਲਿਆਉਣਾ ਸ਼ਲਾਘਾਯੋਗ ਹੈ, ਭਾਵੇਂ ਕਿ ਇਸ 'ਚ ਕਈ ਊਣਤਾਈਆਂ ਹਨ, ਪਰ ਜਿੱਥੋਂ ਤੱਕ ਭਗਵੰਤ ਮਾਨ ਦੀ "ਸ਼ੁਕਰਾਨਾ ਯਾਤਰਾ" ਦਾ ਸਵਾਲ ਹੈ, ਬੇਅਦਬੀ ਦੇ ਮਾਮਲਿਆਂ ਵਿੱਚ ਇਨਸਾਫ਼ ਦੇਣ ਵਿੱਚ ਜਾਣਬੁੱਝ ਕੇ ਕੀਤੀ ਗਈ ਬੇਈਮਾਨੀ ਕਾਰਨ ਮਾਨ ਸਰਕਾਰ ਨੂੰ ਕਿਸੇ ਵੀ ਕਿਸਮ ਦੀ ਖ਼ੁਸ਼ਫਹਿਮੀ ਪਾਲਣ ਦੀ ਲੋੜ ਨਹੀਂ। ਲੋਕ ਸਭ ਜਾਣਦੇ ਹਨ।



ਉਨ੍ਹਾਂ ਬੇਅਦਬੀ ਮਾਮਲਿਆਂ ਵਿੱਚ ਸਰਕਾਰ ਦੀ ਭੂਮਿਕਾ 'ਤੇ ਹੀ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਜਾਣਨਾ ਚਾਹੁੰਦੇ ਹਨ ਕਿ ਆਮ ਆਦਮੀ ਪਾਰਟੀ ਦੇ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਬਰਗਾੜੀ ਬੇਅਦਬੀ ਅਤੇ ਕੋਟਕਪੂਰਾ ਗੋਲੀਕਾਂਡ ਵਰਗੇ ਮਾਮਲਿਆਂ 'ਤੇ 24 ਘੰਟਿਆਂ ਵਿੱਚ ਇਨਸਾਫ਼ ਦੇਣ ਦਾ ਵਾਅਦਾ ਕਰਦਿਆਂ ਸਿਆਸੀ ਲਾਭ ਲਿਆ, ਪਰ ਅੱਜ ਸਵਾ ਚਾਰ ਸਾਲ ਬਾਅਦ ਵੀ ਇਨਾਂ ਮਾਮਲਿਆਂ ਵਿੱਚ ਇਨਸਾਫ਼ ਕਿਉਂ ਨਹੀਂ ਦਿਵਾਇਆ ਗਿਆ?

ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਹ ਵੀ ਦੱਸਿਆ ਜਾਣਾ ਚਾਹੀਦਾ ਹੈ ਕਿ ਬੇਅਦਬੀ ਅਤੇ ਗੋਲੀਕਾਂਡ ਦੇ ਪੰਜੇ ਮਾਮਲੇ ਫ਼ਰੀਦਕੋਟ ਤੋਂ ਚੰਡੀਗੜ੍ਹ ਕਿਵੇਂ ਸ਼ਿਫ਼ਟ ਹੋ ਗਏ? ਇਨ੍ਹਾਂ ਮਾਮਲਿਆਂ ਪ੍ਰਤੀ ਸਰਕਾਰ ਦੀ ਖ਼ਾਮੋਸ਼ੀ ਦਾ ਰਾਜ਼ ਕੀ ਹੈ? ਉਨ੍ਹਾਂ ਕਿਹਾ ਕਿ ਲੋਕ ਇਹ ਵੀ ਬੜੀ ਸ਼ਿੱਦਤ ਨਾਲ ਜਾਣਨਾ ਚਾਹੁੰਦੇ ਹਨ ਕਿ ਬਰਗਾੜੀ ਬੇਅਦਬੀ ਮਾਮਲਿਆਂ ਸਬੰਧੀ ਚੰਡੀਗੜ੍ਹ ਦੀ ਟਰਾਇਲ ਕੋਰਟ ਵਿੱਚ ਚੱਲ ਰਹੀ ਕਾਰਵਾਈ ਨੂੰ ਅੱਗੇ ਨਾ ਵਧਾਉਣ ਲਈ 29 ਅਪ੍ਰੈਲ 2025 ਨੂੰ ਸੁਪਰੀਮ ਕੋਰਟ ਵਿੱਚ ਦੋਸ਼ੀ ਧਿਰ ਨਾਲ ਮਿਲ ਕੇ ਸਹਿਮਤੀ ਕਿਉਂ ਜਤਾਈ ਗਈ, ਜਿਸ ਕਾਰਨ ਟਰਾਇਲ ਕੋਰਟ ਵਿੱਚ ਕੇਸਾਂ ਦੀ ਸੁਣਵਾਈ ਅੱਗੇ ਨਹੀਂ ਵਧ ਸਕੀ। ਉਨ੍ਹਾਂ ਸਵਾਲ ਕੀਤਾ ਕਿ ਜਿਹੜੀ ਸਰਕਾਰ ਖ਼ੁਦ ਹੀ ਨਿਆਂ ਪ੍ਰਣਾਲੀ ਨੂੰ ਅੱਗੇ ਵਧਾਉਣ ਦੀ ਬਜਾਏ ਰੋਕਦੀ ਹੋਵੇ, ਉਸ ਦੀ ਨੀਅਤ 'ਤੇ ਭਰੋਸਾ ਕਿਵੇਂ ਕੀਤਾ ਜਾ ਸਕਦਾ ਹੈ?

ਉਨ੍ਹਾਂ ਇਹ ਵੀ ਕਿਹਾ ਕਿ ਬੇਅਦਬੀ ਮਾਮਲਿਆਂ ਵਿੱਚ ਅਜੇ ਤੱਕ ਮਿਲੇ ਨਤੀਜੇ ਨਿਰਾਸ਼ਾਜਨਕ ਹਨ ਅਤੇ ਇਹ ਸਪਸ਼ਟ ਕਰਦੇ ਹਨ ਕਿ ਸਰਕਾਰ ਆਪਣੇ ਦਾਅਵਿਆਂ 'ਤੇ ਖਰੀ ਨਹੀਂ ਉੱਤਰੀ। ਲੋਕਾਂ ਨੂੰ ਇਹ ਜਾਣਨ ਦਾ ਹੱਕ ਹੈ ਕਿ ਸਰਕਾਰੀ ਅੰਕੜਿਆਂ ਮੁਤਾਬਕ ਬੀਤੇ ਦੌਰਾਨ 597 ਬੇਅਦਬੀ ਮਾਮਲਿਆਂ ਵਿੱਚ ਹੁਣ ਤੱਕ ਕੇਵਲ 44 ਕੇਸਾਂ, ਭਾਵ ਕੇਵਲ ਇੱਕ ਫ਼ੀਸਦੀ ਕੇਸਾਂ ਵਿੱਚ ਹੀ ਦੋਸ਼ੀਆਂ ਨੂੰ ਸਜ਼ਾਵਾਂ ਕਿਉਂ ਹੋਈਆਂ? ਜਿਨ੍ਹਾਂ 99 ਕੇਸਾਂ ਵਿੱਚ ਦੋਸ਼ੀ ਬਰੀ ਹੋਏ, ਉਨ੍ਹਾਂ ਮਾਮਲਿਆਂ ਸਬੰਧੀ ਅੱਗੇ ਅਪੀਲ ਕਿਉਂ ਨਹੀਂ ਕੀਤੀ ਗਈ?

ਉਨ੍ਹਾਂ ਕਿਹਾ ਕਿ ਇਸ ਵੇਲੇ ਕੇਵਲ 131 ਕੇਸ ਹੀ ਅਦਾਲਤਾਂ ਵਿੱਚ ਸੁਣਵਾਈ ਅਧੀਨ ਹਨ, ਤਾਂ ਫਿਰ 422 ਕੇਸ ਕਿਵੇਂ ਰਫ਼ਾ-ਦਫ਼ਾ ਹੋ ਗਏ? ਉਨ੍ਹਾਂ ਕਿਹਾ ਕਿ ਧਾਰਮਿਕ ਭਾਵਨਾਵਾਂ ਨਾਲ ਜੁੜੇ ਮਾਮਲਿਆਂ ਨੂੰ ਸਿਆਸੀ ਲਾਭ ਲਈ ਵਰਤਣਾ ਬਿਲਕੁਲ ਗ਼ਲਤ ਹੈ। ਇਸ ਨਾਲ ਨਾ ਸਿਰਫ਼ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ, ਸਗੋਂ ਨਿਆਂ ਪ੍ਰਣਾਲੀ 'ਤੇ ਭਰੋਸਾ ਵੀ ਕਮਜ਼ੋਰ ਹੁੰਦਾ ਹੈ।

ਅਖੀਰ ਵਿੱਚ ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਅਤੇ ਪੰਜਾਬ ਨੂੰ ਇਨਸਾਫ਼ ਦੀ ਲੋੜ ਹੈ, ਨਾ ਕਿ ਝੂਠੀ ਅਤੇ ਰਾਜਨੀਤਿਕ ਹਮਦਰਦੀ ਜਾਂ ਡਰਾਮੇਬਾਜ਼ੀ ਦੀ। ਜਦ ਤੱਕ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਨਹੀਂ ਮਿਲਦੀਆਂ ਅਤੇ ਮਾਮਲਿਆਂ ਨੂੰ ਤਰਜੀਹ ਦੇ ਅਧਾਰ 'ਤੇ ਨਿਪਟਾਇਆ ਨਹੀਂ ਜਾਂਦਾ, ਤਦ ਤੱਕ ਕਿਸੇ ਵੀ ਤਰ੍ਹਾਂ ਦੀ "ਸ਼ੁਕਰਾਨਾ ਯਾਤਰਾ" ਦਾ ਕੋਈ ਅਰਥ ਨਹੀਂ ਬਣਦਾ।

# ਪੰਜਾਬ 'ਚ ਧੱਕੇਸ਼ਾਹੀ ਦਾ ਸ਼ਿਕਾਰ ਹੋਈ ਐਨ ਆਰ ਆਈ ਅਲਕਾ ਰਾਣੀ ਨੇ ਭਵਿੱਖ ਚ ਆਪਣੇ ਵਤਨ ਪੰਜਾਬ ਜਾਣ ਤੋ ਕੀਤੀ ਤੌਬਾ * ਅਲਕਾ ਰਾਣੀ ਦੇ ਨਾਬਾਲਗ ਬੱਚੇ ਦੇ ਮਨ ਚ ਅਜੇ ਵੀ ਸਹਿਮ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਯੂ ਕੇ ਦੀ ਵਸਨੀਕ ਐਨ. ਆਰ. ਆਈ ਮਹਿਲਾ ਅਲਕਾ ਰਾਣੀ ਨਾਲ ਪੰਜਾਬ ਦੌਰੇ ਦੌਰਾਨ ਵਾਪਰੀ ਹੱਡਬੀਤੀ ਨੇ ਪ੍ਰਵਾਸੀ ਭਾਈਚਾਰੇ ਵਿੱਚ ਚਿੰਤਾ ਦੀ ਲਹਿਰ ਦੌੜਾ ਦਿੱਤੀ ਹੈ। ਆਪਣੇ ਨਾਬਾਲਿਗ ਪੁੱਤਰ ਨਾਲ ਆਪਣੇ ਵਤਨ ਪੰਜਾਬ ਗਈ ਅਲਕਾ ਰਾਣੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਹੁਸ਼ਿਆਰਪੁਰ ਪੁਲਿਸ ਵੱਲੋਂ ਉਸ ਤੇ ਝੂਠਾ ਕੇਸ ਦਰਜ ਕਰਕੇ ਉਸ ਨੂੰ ਅਤੇ ਉਸ ਦੇ ਬਿਮਾਰ ਨਾਬਾਲਿਗ ਬੱਚੇ ਨੂੰ ਥਾਣੇ ਲਿਜਾ ਕੇ ਤੱਕ ਤੰਗ ਪ੍ਰੇਸ਼ਾਨ ਕੀਤਾ ਗਿਆ।

ਬੀਤੇ ਦਿਨ ਪੰਜਾਬ ਚ ਖੱਜਲ-ਖੁਆਰੀ ਸਹਿਣ ਤੋਂ ਬਾਅਦ ਇੰਗਲੈਂਡ ਪਰਤੀ ਅਲਕਾ ਰਾਣੀ ਨੇ ਅੱਜ ਪ੍ਰੈਸ ਕਾਨਫਰੰਸ ਦੌਰਾਨ ਆਪਣੀ ਦਰਦਨਾਕ ਕਹਾਣੀ ਬਿਆਨ ਕਰਦਿਆਂ ਕਿਹਾ ਕਿ ਉਹ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਆਪਣੇ ਭਰਾ ਅਤੇ ਪੁੱਤਰ ਨਾਲ ਪੰਜਾਬ ਗਈ ਸੀ, ਪਰ ਉਥੇ ਪੁੱਜਣ ਤੇ ਉਸ ਤੇ ਹੁਸਿਆਰਪੁਰ ਪੁਲਿਸ ਵੱਲੋ ਐਫ.ਆਈ.ਆਰ. ਦਰਜ ਕਰ ਦਿੱਤੀ ਗਈ।

ਉਸ ਨੇ ਦੱਸਿਆ ਕਿ ਉਸ ਦੇ ਪੁੱਤਰ ਨੂੰ ਉਸ ਸਮੇਂ ਤੇਜ਼ ਬੁਖਾਰ ਸੀ, ਫਿਰ ਵੀ ਪੁਲਿਸ ਵੱਲੋਂ ਕਿਸੇ ਤਰ੍ਹਾਂ ਦੀ ਰਹਿਮਦਿਲੀ ਨਾ ਦਿਖਾਈ ਗਈ। ਮੇਰੇ ਨਾਲ ਅਪਰਾਧੀਆਂ ਵਾਂਗ ਵਤੀਰਾ ਕੀਤਾ ਗਿਆ, ਜਦਕਿ ਮੈਂ ਬਿਲਕੁਲ ਬੇਕਸੂਰ ਸੀ, ਅਲਕਾ ਰਾਣੀ ਨੇ ਭਾਵੁਕ ਹੁੰਦਿਆ ਕਿਹਾ ਕਿ ਥਾਣੇ ਦਾ ਮਾਹੌਲ ਇੰਨਾ ਡਰਾਉਣਾ ਸੀ ਕਿ ਉਸ ਦਾ ਪੁੱਤਰ ਵੀ ਸਹਿਮ ਗਿਆ ਅਤੇ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਬੇਸਹਾਰਾ ਮਹਿਸੂਸ ਕਰਨ ਲੱਗੀ।

ਅਲਕਾ ਰਾਣੀ ਨੇ ਕਿਹਾ ਕਿ ਪੰਜਾਬ ਵਿੱਚ ਨਾ ਤਾਂ ਉਸ ਨੂੰ ਕਾਨੂੰਨੀ ਸਹਾਇਤਾ ਮਿਲੀ ਅਤੇ ਨਾ ਹੀ ਇਨਸਾਫ ਦੀ ਕੋਈ ਉਮੀਦ ਨਜ਼ਰ ਆਈ। ਹਾਲਾਤਾਂ ਤੋਂ ਮਜਬੂਰ ਹੋ ਕੇ ਉਸ ਨੇ ਇੰਗਲੈਂਡ ਵਿੱਚ ਇੰਡੀਅਨ ਵਰਕਰਜ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨਾਲ ਸੰਪਰਕ ਕੀਤਾ। ਉਨ੍ਹਾਂ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਇੰਗਲੈਂਡ ਦੇ ਐਮ.ਪੀਜ਼, ਸੰਬੰਧਿਤ ਮੰਤਰਾਲਿਆਂ ਅਤੇ ਯੂ ਕੇ ਵਿਚ ਸਥਿਤ ਇੰਡੀਅਨ ਹਾਈ ਕਮਿਸ਼ਨ ਤੱਕ ਮਾਮਲਾ ਪਹੁੰਚਾਇਆ ਗਿਆ।

ਇਸ ਦਖਲਅੰਦਾਜ਼ੀ ਤੋਂ ਬਾਅਦ ਹੀ ਪੁਲਿਸ ਵੱਲੋਂ ਅਲਕਾ ਰਾਣੀ ਤੇ ਦਰਜ ਕੀਤਾ ਗਿਆ ਕੇਸ ਰੱਦ ਕੀਤਾ ਗਿਆ ਅਤੇ ਉਸ ਨੂੰ ਅਤੇ ਉਸ ਦੇ ਪੁੱਤਰ ਨੂੰ ਪਾਸਪੋਰਟ ਵਾਪਸ ਕੀਤੇ ਗਏ, ਜਿਸ ਨਾਲ ਉਹ ਵਾਪਸ ਯੂ ਕੇ ਆ ਸਕੀ। ਹਾਲਾਂਕਿ ਇਸ ਸਾਰੀ ਪ੍ਰਕਿਰਿਆ ਦੌਰਾਨ ਉਸ ਨੂੰ ਕਰੀਬ 5




ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੀ ਹੋਈ ਪੀੜਤ ਅਲਕਾ ਰਾਣੀ ਅਤੇ ਇੰਡੀਅਨ ਵਰਕਰਜ ਐਸੋਸੀਏਸ਼ਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ

ਹਜ਼ਾਰ ਪੌਂਡ ਦਾ ਆਰਥਿਕ ਨੁਕਸਾਨ ਝੱਲਣਾ ਪਿਆ, ਜੋ ਅਜੇ ਤੱਕ ਵਾਪਸ ਨਹੀਂ ਮਿਲਿਆ।

ਕੇ ਪਹੁੰਚ ਕੇ ਅਲਕਾ ਰਾਣੀ ਨੇ ਸਖ਼ਤ ਲਹਿਜ਼ੇ ਵਿੱਚ ਕਿਹਾ, ਜੇ ਆਪਣੇ ਹੀ ਵਤਨ ਵਿੱਚ ਐਨ. ਆਰ. ਆਈਜ਼ ਨਾਲ ਇਹੋ ਜਿਹਾ ਵਤੀਰਾ ਹੋਵੇਗਾ ਤਾਂ ਕੌਣ ਆਪਣੇ ਵਤਨ ਪੰਜਾਬ ਜਾਣਾ ਚਾਹੇਗਾ? ਉਸ ਨੇ ਕਿਹਾ ਕਿ ਇਸ ਤਜਰਬੇ ਨੇ ਉਸ ਦਾ ਪੰਜਾਬ ਤੋ ਭਰੋਸਾ ਉਠਾ ਦਿੱਤਾ ਹੈ ਅਤੇ ਹੁਣ ਉਹ ਭਵਿੱਖ ਵਿੱਚ ਕਦੇ ਵੀ ਆਪਣੇ ਵਤਨ ਪੰਜਾਬ ਜਾਣ ਬਾਰੇ ਨਹੀਂ ਸੋਚੇਗੀ।

ਉਸ ਨੇ ਵਿਦੇਸ਼ਾਂ ਵਿੱਚ ਵੱਸਦੇ ਐਨ. ਆਰ. ਆਈ ਭਾਈਚਾਰੇ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਪੰਜਾਬ ਜਾਣ ਤੋਂ ਪਹਿਲਾਂ ਉਹ ਪੂਰੀ ਤਰ੍ਹਾਂ ਸੋਚ-ਵਿਚਾਰ ਕਰਨ, ਕਿਉਂਕਿ ਉਥੇ ਸੁਰੱਖਿਆ ਨੂੰ ਲੈ ਕੇ ਗੰਭੀਰ ਸਵਾਲ ਖੜੇ ਹੋ ਰਹੇ ਹਨ।

ਇਸ ਮੌਕੇ ਇੰਡਿਅਨ ਵਰਕਰਜ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਵੱਲੋਂ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੀਤਲ ਸਿੰਘ ਗਿੱਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਕਿ ਐਨ. ਆਰ. ਆਈਜ਼ ਨਾਲ ਵਾਪਰ ਰਹੀਆਂ ਇਸ ਤਰ੍ਹਾਂ ਦੀਆਂ ਘਟਨਾਵਾਂ ਤੇ ਤੁਰੰਤ ਰੋਕ ਲਗਾਈ ਜਾਵੇ। ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀ ਸੂਬੇ ਦੀ ਤਰੱਕੀ ਲਈ ਪੰਜਬ ਚ ਨਿਵੇਸ਼ ਕਰਨ ਦੇ ਇੱਛੁਕ ਹਨ, ਪਰ ਜੇ ਉਨ੍ਹਾਂ ਨਾਲ ਇਸੇ ਤਰ੍ਹਾਂ ਦੀ ਧੱਕੇਸ਼ਾਹੀ ਜਾਰੀ ਰਹੀ ਤਾਂ ਉਹ ਪੰਜਾਬ ਨਾਲੋਂ ਮੂੰਹ ਮੋੜ ਸਕਦੇ ਹਨ।ਸ. ਗਿੱਲ ਨੇ ਚੇਤਾਵਨੀ ਦਿੱਤੀ ਕਿ ਇਹ ਮਾਮਲਾ ਸਿਰਫ ਇਕ ਵਿਅਕਤੀ ਦੀ ਪੀੜ ਨਹੀਂ, ਸਗੋਂ ਪੂਰੇ ਐਨ.ਆਰ.ਆਈ ਭਾਈਚਾਰੇ ਦੇ ਭਰੋਸੇ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਐਨ. ਆਰ. ਆਈਜ਼ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ, ਤਾਂ ਜੋ ਉਹ ਨਿਰਭੈ ਹੋ ਕੇ ਆਪਣੇ ਵਤਨ ਪੰਜਾਬ ਜਾ ਆ ਸਕਣ।

# ਖਾਲਿਸਤਾਨ ਐਲਾਨਾਮਾ ਦੀ 40ਵੀਂ ਵਰੇਗੰਢ ਤੇ ਖਾਲਿਸਤਾਨ ਦਾ ਝੰਡਾ ਲਗਾਇਆ ਗਿਆ "ਖਾਲਿਸਤਾਨ ਦੀ ਪ੍ਰਾਪਤੀ ਵਾਸਤੇ ਸੰਘਰਸ਼ ਜਾਰੀ ਰਹੇਗਾ -ਸਿੱਖ ਜਥੇਬੰਦੀਆਂ ਯੂ,ਕੇ




ਬ੍ਰਮਿੰਘਮ- 26 ਜਨਵਰੀ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਏ ਸਰਬੱਤ ਖਾਲਸਾ ਵਲੋਂ ਬਣਾਈ ਗਈ ਪੰਜ ਮੈਂਬਰੀ ਪੰਥਕ ਕਮੇਟੀ ਵਲੋਂ 29 ਐਪਰੈਲ 1986 ਨੂੰ ਅਜਾਦ ਸਿੱਖ ਰਾਜ ਖਾਲਿਸਤਾਨ ਦਾ ਐਲਾਨ ਕੀਤਾ ਗਿਆ ਸੀ । ਇਸ ਐਲਾਨ ਦਿਵਸ ਦੀ 40 ਵੀਂ ਵਰੇਗੰਢ ਨੂੰ ਸਮਰਪਿਤ ਸ੍ਰੀ ਅਕਾਲ ਤਖਤ ਸਾਹਿਬ ਤੋਂ ਕੇ ਦੁਨੀਆਂ ਭਰ ਸਮਾਗਮ ਕੀਤੇ ਜਾ ਰਹੇ ਹਨ ਵੱਖ ਸਿੱਖ ਜਥੇਬੰਦੀਆਂ ਵਲੋਂ ਖਾਲਿਸਤਾਨ ਦੇ ਨਿਸ਼ਾਨੇ ਪ੍ਰਤੀ ਦ੍ਰਿੜਤਾ ਅਤੇ ਅਹਿਦ ਦਾ ਪ੍ਰਗਟਾਵਾ ਕਰਨਾ ਚੰਗੇਰੇ ਕੌਮੀ ਭਵਿੱਖ ਦੀ ਨਿਆਈ ਹੈ । ਇੰਗਲੈਂਡ ਵਿੱਚ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਵਿਖੇ ਖਾਲਿਸਤਾਨ ਐਲਾਨ ਦਿਵਸ ਨੂੰ ਸਮਰਪਿਤ ਵਿਸ਼ਾਲ ਪੰਥਕ ਕਾਨਫਰੰਸ ਕੀਤੀ ਗਈ। ਜਿਸ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਦੀਆਂ ਸਹਿਯੋਗੀ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ ।

ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਤਿੰਦਰ ਸਿੰਘ ਬਾਸੀ ਅਤੇ ਮੈਂਬਰਾਂ ਦੇ ਉੱਦਮ ਸਦਕਾ ਗੁਰਦਵਾਰਾ ਸਾਹਿਬ ਦੀ ਚਾਰ ਦੀਵਾਰੀ ਵਿੱਚ ਸਥਾਈ ਤੌਰ ਖਾਲਿਸਤਾਨ ਦਾ ਝੰਡਾ ਲਗਾ ਕੇ ਖਾਲਿਸਤਾਨ ਵਾਸਤੇ ਯਤਨਸ਼ੀਲ ਰਹਿਣ ਦਾ ਅਹਿਦ ਕੀਤਾ ਗਿਆ। ਢਾਡੀ ਜਥਿਆਂ ਵਲੋਂ ਜੁਝਾਰੂ ਵਾਰਾ ਅਤੇ ਸ਼ਬਦ ਗਾਇਨ ਕੀਤਾ ਗਿਆ ਅਤੇ ਅਰਦਾਸ ਉਪਰੰਤ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਧਰਮਯੁੱਧ ਜਥਾ ਦਮਦਮੀ ਟਕਸਾਲ ਯੂ,ਕੇ ਦੇ ਭਾਈ ਬਲਵਿੰਦਰ ਸਿੰਘ ਵੁਲਵਰਹੈਪਟਨ ਅਤੇ ਸਿੱਖਸ ਫਾਰ ਜਸਟਿਸ ਦੇ ਭਾਈ ਦੁਪਿੰਦਰਜੀਤ ਵਲੋਂ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਭਾਈ ਜਤਿੰਦਰ ਸਿੰਘ ਬਾਸੀ ਨੇ ਦੱਸਿਆ ਕਿ ਇਹ ਖਾਲਿਸਤਾਨ ਦਾ ਝੰਡਾ ਸਥਾਈ ਤੌਰ ਤੇ ਲਗਾਇਆ ਗਿਆ ਹੈ । ਉਪਰੰਤ ਮੇਨ ਦੀਵਾਨ ਹਾਲ ਵਿੱਚ ਖਾਲਿਸਤਾਨ ਕਾਨਫਰੰਸ ਕੀਤੀ ਗਈ। ਜਿਸ ਵਿੱਚ ਵੱਖ ਵੱਖ ਬੁਲਾਰਿਆਂ ਨੇ ਖਾਲਿਸਤਾਨ ਦੇ ਸੰਘਰਸ਼ ਦੇ ਸਮੂਹ ਸ਼ਹੀਦਾਂ ਦੀ ਸਿੱਜਦਾ ਕੀਤਾ ਅਤੇ ਖਾਲਿਸਤਾਨ ਪ੍ਰਤੀ ਯਤਨ ਜਾਰੀ ਰੱਖਣ ਦਾ ਪ੍ਰਣ ਦੁਹਰਾਇਆ। ਕਾਨਫਰੰਸ ਨੂੰ ਸਿੱਖ ਫੈਡਰੇਸ਼ਨ ਯੂ,ਕੇ ਦੇ ਆਗੂ ਭਾਈ ਦਵਿੰਦਰਜੀਤ ਸਿੰਘ, ਭਾਈ ਜਸਪਾਲ ਸਿੰਘ ਬੈਂਸ, ਭਾਈ ਚਰਨ ਸਿੰਘ ਟਿਵੀਡੇਲ, ਭਾਈ ਨਰਿੰਦਰਜੀਤ ਸਿੰਘ ਗਰੇਵਜ਼ੈਂਡ, ਭਾਈ ਸਰਬਜੀਤ ਸਿੰਘ, ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਭਾਈ ਮਨਪ੍ਰੀਤ ਸਿੰਘ ਡਰਬੀ, ਭਾਈ ਗੁਰਦੇਵ ਸਿੰਘ ਚੌਹਾਨ ਨੇ ਸੰਬੋਧਨ ਕੀਤਾ । ਵੱਖ ਵੱਖ ਬੁਲਾਰਿਆਂ ਨੇ ਸਿੱਖ ਕੌਮ ਨੂੰ ਦਰਪੇਸ਼ ਮੁਸ਼ਕਲਾਂ ਦਾ ਟਾਕਰਾ ਕਰਨ ਲਈ ਸਾਂਝੇ ਤੌਰ ਤੇ ਯਤਨਸ਼ੀਲ ਹੋਣ ਦਾ ਸੱਦਾ ਦਿੱਤਾ ਗਿਆ। ਵੱਖ ਵੱਖ ਬੁਲਾਰਿਆਂ ਨੇ ਭਾਰਤ ਦੀਆਂ ਕੇਂਦਰੀ ਅਤੇ ਸੂਬਾ ਸਰਕਾਰਾਂ ਵਲੋਂ ਸਿੱਖ ਕੌਮ ਤੇ ਕੀਤੇ ਗਏ ਜ਼ੁਲਮਾਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਮੌਜੂਦਾ ਦੁਨਿਆਵੀ ਹਾਲਾਤਾਂ ਤਿੱਖੀ ਰੱਖਦਿਆਂ ਹਰੇਕ ਸਿੱਖ ਨੂੰ ਚੇਤੰਨ ਰਹਿਣ ਦੀ ਅਪੀਲ ਕੀਤੀ ਗਈ । ਅਖੀਰ ਵਿੱਚ ਸਮੁੱਚੀਆਂ ਸਿੱਖ ਜਥੇਬੰਦੀਆਂ ਵਲੋਂ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਦੀ ਪ੍ਰਬੰਧਕ ਕਮੇਟੀ ਦੇ ਇਸ ਉਪਰਾਲੇ ਦਾ ਧੰਨਵਾਦ ਕਰਦਿਆਂ ਯੂ,ਕੇ ਭਰ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਪੱਕੇ ਤੌਰ ਤੇ ਖਾਲਿਸਤਾਨ ਦੇ ਵੱਡ ਅਕਾਰੀ ਝੰਡੇ ਲਗਾਉਣ ਦੀ ਅਪੀਲ ਕੀਤੀ ਗਈ।

## ਚੈਨਲ ਪਾਰ ਕਰਦਿਆਂ ਦੋ ਨੌਜਵਾਨ ਮਹਿਲਾਵਾਂ ਦੀ ਮੌਤ, ਕਈ ਜ਼ਖਮੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਚੈਨਲ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਇਕ ਵੱਡੀ ਦੁੱਖਦਾਈ ਘਟਨਾ ਸਾਹਮਣੇ ਆਈ ਹੈ, ਜਿਸ ਵਿੱਚ ਛੋਟੀ ਕਿਸ਼ਤੀ ਰਾਹੀਂ ਯਾਤਰਾ ਕਰ ਰਹੀਆਂ ਦੋ ਨੌਜਵਾਨ ਮਹਿਲਾਵਾਂ ਦੀ ਮੌਤ ਹੋ ਗਈ। ਇਹ ਘਟਨਾ ਫਰਾਂਸ ਦੇ ਉੱਤਰੀ ਤਟ ਨੇੜੇ ਵਾਪਰੀ, ਜਿੱਥੇ 82 ਲੋਕਾਂ ਨੂੰ ਲੈ ਕੇ ਜਾ ਰਹੀ ਕਿਸ਼ਤੀ ਐਤਵਾਰ ਸਵੇਰੇ ਰੇਤ ਵਿੱਚ ਫਸ ਗਈ।ਫਰਾਂਸੀਸੀ ਅਧਿਕਾਰੀਆਂ ਮੁਤਾਬਕ ਮਰਨ ਵਾਲੀਆਂ ਦੋਵੇਂ ਮਹਿਲਾਵਾਂ ਦੀ ਉਮਰ ਲਗਭਗ 20 ਸਾਲ ਸੀ ਅਤੇ ਉਹ ਸੰਭਵ ਤੌਰ 'ਤੇ ਸੁਡਾਨੀ ਮੂਲ ਦੀਆਂ ਸਨ। ਉਨ੍ਹਾਂ ਦੀਆਂ ਲਾਸ਼ਾਂ ਕਿਸ਼ਤੀ ਦੇ ਅੰਦਰੋਂ ਮਿਲੀਆਂ। ਇਸ ਤੋਂ ਇਲਾਵਾ ਘਟਨਾ ਵਿੱਚ ਤਿੰਨ ਹੋਰ ਵਿਅਕਤੀ ਗੰਭੀਰ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਤੁਰੰਤ ਇਲਾਜ ਲਈ ਹਸਪਤਾਲ ਭੇਜਿਆ ਗਿਆ, ਜਦਕਿ 14 ਹੋਰ ਲੋਕਾਂ ਨੂੰ ਦਰਮਿਆਨੀ ਚੋਟਾਂ ਆਈਆਂ ਹਨ।ਇਸ ਮਾਮਲੇ ਦੀ ਜਾਂਚ ਫਰਾਂਸ ਦੇ ਬੋਲੋਨ-ਸੁਰ-ਮੇਰ ਪ੍ਰੋਸਿਕਿਊਟਰ ਦਫ਼ਤਰ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰੀਆਂ ਵੱਲੋਂ ਇਹ ਵੀ ਪਤਾ ਲਗਾਇਆ ਜਾ ਰਿਹਾ ਹੈ ਕਿ ਕਿਸ਼ਤੀ ਕਿਵੇਂ ਅਤੇ ਕਿਉਂ ਤਟ 'ਤੇ ਫਸੀ ਅਤੇ ਕੀ ਇਸ ਦੇ ਪਿੱਛੇ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ ਦੀ ਕੋਈ ਭੂਮਿਕਾ ਸੀ।ਬ੍ਰਿਟੇਨ ਦੇ ਗ੍ਰਹਿ ਮੰਤਰਾਲੇ ਨੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਚੈਨਲ ਵਿੱਚ ਹੋਣ ਵਾਲੀ ਹਰ ਮੌਤ ਇਕ ਵੱਡੀ ਤਰਾਸਦੀ ਹੈ। ਉਨ੍ਹਾਂ ਨੇ ਕਿਹਾ ਕਿ ਮਨੁੱਖੀ ਤਸਕਰ ਨਾਜ਼ੁਕ ਹਾਲਾਤਾਂ ਵਿੱਚ ਫਸੇ ਲੋਕਾਂ ਦਾ ਫਾਇਦਾ ਚੁੱਕਦੇ ਹੋਏ ਉਨ੍ਹਾਂ ਨੂੰ ਖਤਰਨਾਕ ਯਾਤਰਾਂ ਲਈ ਮਜਬੂਰ ਕਰਦੇ ਹਨ, ਜਿਸ ਕਾਰਨ ਅਕਸਰ ਜਾਨੀ ਨੁਕਸਾਨ ਹੁੰਦਾ ਹੈ।ਇਸੇ ਦੌਰਾਨ ਬ੍ਰਿਟੇਨ ਪਹੁੰਚਣ ਵਾਲੇ ਪਰਵਾਸੀਆਂ ਦੀ ਗਿਣਤੀ ਵੀ ਲਗਾਤਾਰ ਵੱਧ ਰਹੀ ਹੈ। ਸਰਕਾਰੀ ਅੰਕੜਿਆਂ ਮੁਤਾਬਕ ਪਿਛਲੇ ਸੱਤ ਦਿਨਾਂ ਵਿੱਚ 597 ਪਰਵਾਸੀ ਛੇ ਛੋਟੀਆਂ ਕਿਸ਼ਤੀਆਂ ਰਾਹੀਂ ਇੰਗਲੈਂਡ ਪਹੁੰਚੇ ਹਨ। ਪਿਛਲੇ ਕੁਝ ਸਾਲਾਂ ਵਿੱਚ ਇਹ ਰੁਝਾਨ ਤੇਜ਼ੀ ਨਾਲ ਵਧਿਆ ਹੈ ਅਤੇ 2025 ਦੌਰਾਨ 41 ਹਜ਼ਾਰ ਤੋਂ ਵੱਧ ਲੋਕ ਇਸ ਤਰ੍ਹਾਂ ਦੀਆਂ ਕਿਸ਼ਤੀਆਂ ਰਾਹੀਂ ਬ੍ਰਿਟੇਨ ਵਿੱਚ ਦਾਖਲ ਹੋਏ।ਇਸ ਸਮੱਸਿਆ ਨੂੰ ਰੋਕਣ ਲਈ ਬ੍ਰਿਟੇਨ ਅਤੇ ਫਰਾਂਸ ਵਿਚਕਾਰ ਹਾਲ ਹੀ ਵਿੱਚ ਇਕ ਨਵਾਂ ਸਮਝੌਤਾ ਵੀ ਕੀਤਾ ਗਿਆ ਹੈ, ਜਿਸ ਦੇ ਤਹਿਤ ਫਰਾਂਸ ਦੇ ਤਟਾਂ 'ਤੇ ਵਧੀਕ ਪੁਲਿਸ ਤਾਇਨਾਤ ਕੀਤੀ ਜਾਵੇਗੀ। ਇਸ ਦੇ ਨਾਲ ਹੀ ਡਰੋਨ, ਹੈਲੀਕਾਪਟਰ ਅਤੇ ਕੈਮਰਾ ਪ੍ਰਣਾਲੀ ਦੀ ਮਦਦ ਨਾਲ ਮਨੁੱਖੀ ਤਸਕਰੀ ਦੇ ਜਾਲ ਨੂੰ ਤੋੜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜਦ ਤੱਕ ਯੂਰਪ ਵਿੱਚ ਸ਼ਰਨ ਲੈਣ ਦੀ ਪ੍ਰਕਿਰਿਆ ਅਤੇ ਸੁਰੱਖਿਅਤ ਮਾਰਗ ਨਹੀਂ ਬਣਾਏ ਜਾਂਦੇ, ਤਦ ਤੱਕ ਲੋਕ ਆਪਣੀ ਜਾਨ ਖਤਰੇ ਵਿੱਚ ਪਾ ਕੇ ਇਸ ਤਰ੍ਹਾਂ ਦੀਆਂ ਖਤਰਨਾਕ ਯਾਤਰਾਂ ਕਰਨ ਲਈ ਮਜਬੂਰ ਰਹਿਣਗੇ।


## ਕਵੈਂਟਰੀ ਵਿਖੇ 6 ਬੈਡਰੂਮ ਦਾ ਘਰ ਵਿਕਾਊ ਹੈ



**Price**
**£4,50,000**
**O.N.O.**

**ਕੀਮਤ:**
**£4,50,000**
**ਸਾਢੇ ਚਾਰ ਲੱਖ ਪੌਂਡ**
**ਕੀਮਤ ਬਾਰੇ ਵਿਚਾਰ ਵੀ ਕੀਤੀ ਜਾ ਸਕਦੀ**

## 6 BED ROOMS PROPERTY FOR SALE

6 bedrooms property in Coventry is for immediate sale. Two separate entrances to the property, 2 well fitted kitchens with own entry, rear conservatory, fully double glazed, central heated. Block paved all garden, front. All rear slated. 2 off road parking spaces and own garage. Close to city center and university, well maintained.

For viewing and more information please contat Mr. Jay.

ਕਵੈਂਟਰੀ ਦੇ ਵਧੀਆ ਇਲਾਕੇ ਵਿੱਚ ਸਿਟੀ ਸੈਂਟਰ ਅਤੇ ਕਵੈਂਟਰੀ ਯੂਨੀਵਰਸਿਟੀ ਦੇ ਨੇੜੇ 6 ਬੈਡਰੂਮ ਦਾ ਘਰ ਵਿਕਾਊ ਹੈ। ਇਸ ਦੇ ਦੋ ਵੱਖਰੇ ਦਰਵਾਜ਼ੇ ਹਨ ਤੇ ਦੋ ਰਸੋਈਆਂ ਹਨ। ਪੂਰਾ ਘਰ ਡਬਲ ਗਲੇਜ਼ਡ ਤੇ ਸੈਂਟਰਲ ਹੀਟ ਹੋਇਆ ਹੈ। ਘਰ ਦੇ ਪਿਛਲੇ ਪਾਸੇ ਕੰਜ਼ਰਵੇਟਰੀ ਵੀ ਹੈ। ਸਾਰਾ ਬਗੀਚਾ ਅਤੇ ਮੋਹਰਲੇ ਪਾਸੇ ਇੱਟਾਂ ਦੇ ਫਰਸ਼ ਲੱਗੇ ਹੋਏ ਹਨ ਪਿਛਲੇ ਪਾਸੇ ਸਲੇਟਾਂ ਲੱਗੀਆਂ ਹਨ। ਦੋ ਕਾਰਾਂ ਦੀ ਪਾਰਕਿੰਗ ਅਤੇ ਗੈਰਜ ਵੀ ਹੈ। ਘਰ ਦੇਖਣ ਅਤੇ ਹੋਰ ਜਾਣਕਾਰੀ ਲੈਣ ਲਈ ਹੇਠਾਂ ਦਿੱਤੇ ਨੰਬਰ 'ਤੇ ਮਿ: ਜੇ ਨਾਲ ਸੰਪਰਕ ਕਰੋ ਜੀ;

**Mobile: 07946 366 612**

# 2026 ਲੰਡਨ ਮੈਰਾਥਨ ਦੌਰਾਨ ਸਮਾਜ ਸੇਵਾ ਲਈ 87.5 ਮਿਲੀਅਨ ਪੌਂਡ ਇਕੱਠਾ ਕਰਕੇ ਬਣਾਇਆ ਨਵਾਂ ਵਿਸ਼ਵ ਰਿਕਾਰਡ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 2026 ਲੰਡਨ ਮੈਰਾਥਨ ਦੌਰਾਨ ਸਮਾਜ ਸੇਵੀ ਸੰਸਥਾਵਾਂ ਲਈ ਯੂ ਕੇ ਭਰ ਚੋਂ ਦੌੜੇ ਦੌੜਾਕਾਂ ਨੇ ਚੈਰਿਟੀ ਲਈ 87.5 ਮਿਲੀਅਨ ਪੌਂਡ ਇਕੱਠੇ ਕੀਤੇ ਹਨ, ਜੋ ਇਸ ਸਾਲ ਹੁਣ ਤੱਕ ਦੀ ਆਪਣੀ ਕਿਸਮ ਦੀ ਸਭ ਤੋਂ ਵੱਡੀ ਇੱਕ-ਰੋਜ਼ਾ ਫੰਡ ਇਕੱਠਾ ਕਰਨ ਵਾਲਾ ਰਿਕਾਰਡ ਹੈ।

ਰਿਪੋਰਟ ਅਨੁਸਾਰ ਪ੍ਰਬੰਧਕਾਂ ਨੇ ਕਿਹਾ ਕਿ ਕੁੱਲ ਰਕਮ ਪਿਛਲੇ ਸਾਲ ਦੇ 87.3 ਮਿਲੀਅਨ ਪੌਂਡ ਨੂੰ ਪਾਰ ਕਰ ਗਈ ਹੈ, ਅਤੇ ਇਸ ਸਾਲ ਦੇ ਅੰਤ ਵਿੱਚ ਪੁਸ਼ਟੀ ਹੋਣ 'ਤੇ ਅੰਤਿਮ ਅੰਕੜਾ 90 ਮਿਲੀਅਨ ਪੌਂਡ ਤੋਂ ਵੱਧ ਹੋਣ ਦੀ ਉਮੀਦ ਹੈ। ਪਿਛਲੇ ਐਤਵਾਰ ਲੰਡਨ ਵਿੱਚ ਹੋਈ ਇਸ ਦੌੜ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਦੇਖਣ ਨੂੰ ਮਿਲਿਆ। ਕੀਨੀਆ ਦੇ ਸਬਾਸਟੀਅਨ ਸਾਵੇ ਨੇ ਦੋ ਘੰਟਿਆਂ ਤੋਂ ਘੱਟ ਸਮੇਂ ਵਿੱਚ ਅਧਿਕਾਰਤ ਮੈਰਾਥਨ ਪੂਰੀ ਕਰਨ ਵਾਲਾ ਪਹਿਲਾ ਐਥਲੀਟ ਬਣ ਕੇ ਇਤਿਹਾਸ ਰਚਿਆ, ਉਸ ਨੇ 26 ਮੀਲ ਦੀ ਮੈਰਾਥਨ ਦੌੜ 1 ਘੰਟਾ, 59 ਮਿੰਟ ਅਤੇ 30 ਸਕਿੰਟਾਂ ਵਿੱਚ ਸਮਾਪਤ ਕੀਤਾ। ਔਰਤਾਂ ਦੀ ਦੌੜ ਵਿੱਚ, ਇਥੋਪੀਆ ਦੀ ਟਿਗਸਟ ਅਸੇਫਾ ਨੇ 2 ਘੰਟੇ, 15 ਮਿੰਟ ਅਤੇ 41 ਸਕਿੰਟ ਦੇ ਸਮੇਂ ਨਾਲ ਇੱਕ ਨਵਾਂ ਔਰਤਾਂ ਲਈ ਵਿਸ਼ਵ ਰਿਕਾਰਡ ਕਾਇਮ ਕੀਤਾ।



ਇਸ ਪ੍ਰੋਗਰਾਮ ਨੇ ਭਾਗੀਦਾਰੀ ਦਾ ਇੱਕ ਮੀਲ ਪੱਥਰ ਵੀ ਸਥਾਪਤ ਕੀਤਾ, ਜਿਸ ਵਿੱਚ 59,830 ਦੌੜਾਕਾਂ ਨੇ ਫਾਈਨਲ ਲਾਈਨ ਪਾਰ ਕੀਤੀ। ਜੋ ਇੱਕ ਮੈਰਾਥਨ ਵਿੱਚ ਰਿਕਾਰਡ ਕੀਤੀ ਗਈ ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ ਸੀ। ਲੰਡਨ ਮੈਰਾਥਨ ਦੇ ਮੁੱਖ ਕਾਰਜਕਾਰੀ ਹਿਊਗ ਬ੍ਰਾਸ਼ਰ ਨੇ ਇਸ ਦਿਨ ਨੂੰ ਵਿਸ਼ਵ ਰਿਕਾਰਡਾਂ ਦਾ ਇੱਕ ਅਸਾਧਾਰਨ ਦਿਨ ਦੱਸਿਆ। ਉਹਨਾਂ ਕਿਹਾ ਕਿ ਦੌੜਾਕਾਂ ਅਤੇ ਦਾਨੀਆਂ ਦੇ ਸਮਰਥਨ ਦੇ ਪੈਮਾਨੇ ਨੇ ਇਸ ਪ੍ਰੋਗਰਾਮ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਹੈ। ਅਸੀਂ 2025 ਤੱਕ ਦੇ ਆਪਣੇ 87.3 ਮਿਲੀਅਨ ਪੌਂਡ ਦੇ ਵਿਸ਼ਵ ਰਿਕਾਰਡ ਨੂੰ ਪਾਰ ਕੀਤਾ ਹੈ।

## ਲੰਡਨ ਦੇ ਬ੍ਰਿਕਸਟਨ ਹਲਕੇ ਵਿੱਚ ਗੋਲੀਬਾਰੀ ਹਮਲੇ ਵਿੱਚ ਚਾਰ ਜ਼ਖਮੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦੱਖਣੀ ਲੰਡਨ ਦੇ ਬ੍ਰਿਕਸਟਨ ਇਲਾਕੇ ਵਿੱਚ ਹੋਈ ਗੋਲੀਬਾਰੀ ਕਾਰਨ 4 ਲੋਕ ਜਖ਼ਮੀ ਹੋ ਗਏ ਹਨ। ਲੰਡਨ ਵਿੱਚ ਬਾਅਦ ਦੁਪਹਿਰ ਇਹ ਕੋਲਡਹਾਰਬਰ ਲੇਨ ਤੇ ਇੱਕ ਵਾਹਨ ਵਿੱਚੋਂ ਗੋਲੀਆਂ ਚੱਲੀਆਂ ਜਿਸ ਨਾਲ 21, 25, 47 ਅਤੇ 70 ਸਾਲਾ ਵਿਅਕਤੀ ਜਖ਼ਮੀ ਹੋ ਗਏ। 25 ਸਾਲਾ ਵਿਅਕਤੀ ਗੰਭੀਰ ਰੂਪ ਵਿੱਚ ਜਖ਼ਮੀ ਹੈ। ਮੈਟਰੋਪੁਲੀਟਨ ਪੁਲਿਸ ਕੁਝ ਮਿੰਟਾਂ ਵਿੱਚ ਹੀ ਘਟਨਾਂ ਸਥਾਨ ਤੇ ਪਹੁੰਚ ਗਈ, ਪੁਲਿਸ ਅਨੁਸਾਰ 1 ਵੱਜ ਕੇ 15 ਕੁ ਮਿੰਟ ਤੇ ਘਟਨਾਂ ਵਾਪਰੀ ਹੈ, ਇਸ ਮਾਮਲੇ ਵਿੱਚ ਅਜੇ ਤੱਕ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ। ਪੁਲਿਸ ਨੇ ਮੌਕੇ ਦੇ ਗਵਾਹਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ। ਲੰਡਨ ਐਂਬੂਲੈਂਸ ਸਰਵਿਸ ਨੇ ਕਿਹਾ ਕਿ ਦੋ ਲੋਕਾਂ ਨੂੰ ਵੱਡੇ ਹਸਪਤਾਲ ਭੇਜਿਆ ਗਿਆ ਹੈ ਜਦ ਕਿ ਦੋ ਲੋਕਾਂ ਦਾ ਸਥਾਨਿਕ ਹਸਪਤਾਲ ਵਿੱਚ ਇਲਾਜ਼ ਕੀਤਾ ਜਾ ਰਿਹਾ ਹੈ। ਪੁਲਿਸ ਹਮਲਾਵਰਾਂ ਦੀ ਗੱਡੀ ਦੀ ਪਛਾਣ ਕਰਨ ਲਈ ਇਲਾਕੇ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਕਰ ਰਹੀ ਹੈ।



ਲੰਡਨ ਵਿੱਚ ਵਾਪਰੀ ਘਟਨਾਂ ਦੀ ਜਾਂਚ ਕਰਦਾ ਅਧਿਕਾਰੀ

## ਔਰਤਾਂ ਦੀ ਅਵਾਜ਼ ਬੁਲੰਦ ਕਰਨ ਲਈ ਇੰਗਲੈਂਡ ਵਿੱਚ ਸ਼ੀ ਵੀਵਾ ਨਾਮ ਦੀ ਸੰਸਥਾ ਦਾ ਗਠਨ



ਸ਼ੀ ਵੀਵਾ ਦਾ ਗਠਨ ਕਰਨ ਮੌਕੇ ਰੋਜ਼ੀ ਕੌਰ, ਗਗਨ ਕੌਰ ਅਤੇ ਸਾਥਣਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਵਿੱਚ ਏਸ਼ੀਅਨ ਅਤੇ ਖਾਸ ਤੌਰ ਤੇ ਭਾਰਤੀ ਅਤੇ ਪਾਕਿਸਤਾਨੀ ਮੂਲ ਦੀਆਂ ਮਹਿਲਾਵਾਂ ਦੀ ਅਵਾਜ਼ ਬੁਲੰਦ ਕਰਨ ਲਈ ਅਤੇ ਲੋੜਵੰਦ ਮਹਿਲਾਵਾਂ ਦੀ ਮਦਦ ਕਰਨ ਲਈ ਸ਼ੀ ਵੀਵਾ ਨਾਲ ਦੀ ਸੰਸਥਾ ਦਾ ਗਠਨ ਕੀਤਾ ਗਿਆ ਹੈ। ਸੰਸਥਾ ਸਬੰਧੀ ਚੇਅਰਪਰਸਨ ਰੋਜ਼ੀ ਕੌਰ, ਵਾਈਸ ਚੇਅਰਪਰਸਨ ਗਗਨ ਕੌਰ ਅਤੇ ਰਿਧਮ ਭਾਰਦਵਾਜ ਨੇ ਦੱਸਿਆ ਕਿ ਸ਼ੀ ਅੰਗਰੇਜ਼ੀ ਦਾ ਸ਼ਬਦ ਹੇ ਅਤੇ ਵੀਵਾ ਸਪੈਨਿਸ਼ ਭਾਸ਼ਾ ਦਾ ਜਿਸ ਦਾ ਅਰਥ ਹੈ ਜਿੰਦਾ ਦਿਲ ਅਤੇ ਵਿਸ਼ਵ ਭਰ ਦੀਆਂ ਜ਼ਿੰਦਾਦਿਲ ਮਹਿਲਾਵਾਂ ਨੂੰ ਇੱਕ ਮੰਚ ਤੇ ਇਕੱਠਾ ਕਰਨ ਦਾ ਯਤਨ ਕਰ ਰਹੀਆਂ ਹਾਂ। ਜਿਸ ਦਾ ਮੁੱਖ ਮਕਸਦ ਔਰਤਾਂ ਲਈ ਅਵਾਜ਼ ਬੁਲੰਦ ਕਰਨਾ ਅਤੇ ਲੋੜਵੰਦ ਮਹਿਲਾਵਾਂ ਦੀ ਮਦਦ ਕਰਨੀ। ਸ਼ੁਰੂਆਤੀ ਦੌਰ ਵਿੱਚ ਲੰਡਨ ਤੋਂ ਸਾਨਾ ਜ਼ੱਬਰ, ਲਿਵਰਪੂਲ ਤੋਂ ਅਮਨਦੀਪ ਕੌਰ, ਹੁੱਲ ਤੋਂ ਸਪਰੀ ਸ਼ਰਮਾਂ, ਲੀਡਜ਼ ਤੋਂ ਦਮਨ, ਸ਼ੈਫੀਲਡ ਤੋਂ ਨੀਲ ਖਾਨ, ਸਟੌਕਪੋਰਟ ਤੋਂ ਨਾਡੀਆ ਅਲੀ, ਮਾਨਚੈਸਟਰ ਤੋਂ ਅਮਨਦੀਪ ਕੌਰ, ਬੋਲਟਨ ਤੋਂ ਤਾਬਾਸਮ ਨਬੀ ਤੋਂ ਇਲਾਵਾ ਭਾਰਤ ਤੋਂ ਮਨਿੰਦਰ ਕੌਰ, ਜਰਮਨੀ ਤੋਂ ਜੱਸੀ, ਕੈਨਡਾ ਮੀਨੂੰ ਅਤੇ ਪਾਕਿਸਤਾਨ ਲੂਬਨਾ, ਕੈਲਗਰੀ ਤੋਂ ਸੁਖਜੀਤ ਕੌਰ, ਸਿੰਧ ਤੋਂ ਰੂਬੀਨਾ ਆਦਿ ਨੂੰ ਸ਼ੀ ਵੀਵਾ ਦੀ ਜਿੰਮੇਂਵਾਰੀ ਸੌਂਪੀ ਗਈ ਹੈ।

## ਚੰਡੀਗੜ੍ਹ ''ਚ ਇੰਡੀਗੋ ਦੀ ਫਲਾਈਟ ਵਿੱਚ ਪਾਵਰ ਬੈਂਕ ਧਮਾਕਾ, 5 ਯਾਤਰੀ ਜ਼ਖ਼ਮੀ

**ਚੰਡੀਗੜ੍ਹ : ਹੈਦਰਾਬਾਦ ਤੋਂ ਚੰਡੀਗੜ੍ਹ ਆ ਰਹੀ ਇੰਡੀਗੋ ਦੀ ਉਡਾਨ 6ਈ-108 ਵਿੱਚ ਮੰਗਲਵਾਰ ਨੂੰ ਪਾਵਰ ਬੈਂਕ ਵਿੱਚ ਧਮਾਕਾ ਹੋਣ ਨਾਲ ਹੜਕੰਪ ਮਚ ਗਿਆ। ਇਸ ਘਟਨਾ ਵਿੱਚ 5 ਯਾਤਰੀ ਜ਼ਖ਼ਮੀ ਹੋ ਗਏ। ਪਾਵਰ ਬੈਂਕ ਇੱਕ ਯਾਤਰੀ ਦੇ ਬੈਗ ਵਿੱਚ ਰੱਖਿਆ ਹੋਇਆ ਸੀ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਜਹਾਜ਼ ਹਵਾਈ ਅੱਡੇ ''ਤੇ ਖੜ੍ਹਾ ਸੀ। ਧਮਾਕੇ ਤੋਂ ਬਾਅਦ ਜਹਾਜ਼ ਅੰਦਰ ਧੂੰਆਂ ਫੈਲ ਗਿਆ, ਜਿਸ ਕਾਰਨ ਯਾਤਰੀ ਘਬਰਾ ਗਏ। ਤੁਰੰਤ ਸਾਰੇ ਯਾਤਰੀਆਂ ਨੂੰ ਸੁਰੱਖਿਅਤ ਢੰਗ ਨਾਲ ਜਹਾਜ਼ ਤੋਂ ਬਾਹਰ ਕੱਢਿਆ ਗਿਆ।**


# VACANCIES
# JSR CONTRACTS LTD.

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਕੈਨੇਡਾ ਦੀ ਦੋਹਰੀ ਚਾਲ: ਇੱਕ ਪਾਸੇ ਭਾਰਤ ਨਾਲ ਵਪਾਰਕ ਸਾਂਝ, ਦੂਜੇ ਪਾਸੇ ਸਿੱਖਾਂ ਦੇ ਹੱਕਾਂ ਦਾ ਘਾਣ

## ✪ ਭਾਰਤੀ ਦਖਲਅੰਦਾਜ਼ੀ 'ਤੇ ਪਰਦਾ ਪਾਉਣ ਦੀ ਕੋਸ਼ਿਸ਼ : ਕੈਨੇਡਾ ਦੀਆਂ ਖੁਫੀਆ ਏਜੰਸੀਆਂ ਦਾ ਦੋਹਰਾ ਚਿਹਰਾ ✪ ਕੈਨੇਡੀਅਨ ਸਿੱਖ ਸਿਆਸਤਦਾਨਾਂ ਦੀ ਗੂੰਗੀ ਜ਼ਮੀਰ: ਕੌਮ ਨਾਲੋਂ ਪਾਰਟੀ ਪਿਆਰੀ ?

### ਦਰਪਣ ਝੂਠ ਨਹੀ ਬੋਲਦਾ
**ਪੰਜਾਬ ਟਾਈਮਜ਼ ਮੀਡੀਆ**




> ਪੰਜਾਬ ਟਾਈਮਜ਼ ਅਨੁਸਾਰ ਕੈਨੇਡਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਅਤੇ ਆਪਣੀ ਵਿਦੇਸ਼ ਨੀਤੀ ਵਿੱਚ ਪਾਰਦਰਸ਼ਤਾ ਲਿਆਵੇ। ਸਿੱਖਾਂ ਦੇ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਸਿਰਫ਼ ਕਾਨੂੰਨੀ ਦਸਤਾਵੇਜ਼ਾਂ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ, ਸਗੋਂ ਇਹ ਜ਼ਮੀਨੀ ਪੱਧਰ 'ਤੇ ਵੀ ਦਿਖਾਈ ਦੇਣੀ ਚਾਹੀਦੀ ਹੈ। ਕਿਸੇ ਵੀ ਭਾਈਚਾਰੇ ਨੂੰ ਸਿਆਸੀ ਲਾਹੇ ਲਈ 'ਨਿਸ਼ਾਨਾ' ਬਣਾਉਣਾ ਜਾਂ ਕਿਸੇ ਬਾਹਰੀ ਦੇਸ਼ ਦੇ ਦਬਾਅ ਹੇਠ ਆਪਣੇ ਨਾਗਰਿਕਾਂ ਦੀ ਆਜ਼ਾਦੀ ਨੂੰ ਸੀਮਤ ਕਰਨਾ ਲੋਕਤੰਤਰ ਦੇ ਸਿਧਾਂਤਾਂ ਦੇ ਉਲਟ ਹੈ।

ਕੈਨੇਡੀਅਨ ਸਕਿਓਰਿਟੀ ਇੰਟੈਲੀਜੈਂਸ ਸਰਵਿਸ ਦੀ ਤਾਜ਼ਾ ਜਨਤਕ ਰਿਪੋਰਟ ਨੇ ਇੱਕ ਵਾਰ ਫਿਰ ਅੰਤਰਰਾਸ਼ਟਰੀ ਮੰਚ 'ਤੇ ਸਿਆਸੀ ਹਲਚਲ ਤੇਜ਼ ਕਰ ਦਿੱਤੀ ਹੈ। ਇੱਕ ਪਾਸੇ ਜਿੱਥੇ ਕੈਨੇਡਾ ਸਰਕਾਰ ਭਾਰਤ ਨਾਲ ਆਰਥਿਕ ਅਤੇ ਰਣਨੀਤਕ ਸਬੰਧਾਂ ਨੂੰ ਮੁੜ ਲੀਹ 'ਤੇ ਲਿਆਉਣ ਲਈ 'ਕੰਪਰੀਹੈਂਸਿਵ ਇਕਨਾਮਿਕ ਪਾਰਟਨਰਸ਼ਿਪ ਐਗਰੀਮੈਂਟ' ਵਰਗੇ ਵੱਡੇ ਸਮਝੌਤਿਆਂ ਵੱਲ ਵਧ ਰਹੀ ਹੈ, ਉੱਥੇ ਹੀ ਦੂਜੇ ਪਾਸੇ ਕੈਨੇਡਾ ਦੀਆਂ ਆਪਣੀਆਂ ਖੁਫੀਆ ਏਜੰਸੀਆਂ ਦੀ ਰਿਪੋਰਟ ਸਿੱਖ ਭਾਈਚਾਰੇ ਦੇ ਇੱਕ ਹਿੱਸੇ ਨੂੰ ਨਿਸ਼ਾਨੇ 'ਤੇ ਲੈ ਕੇ ਕਈ ਗੰਭੀਰ ਸਵਾਲ ਖੜ੍ਹੇ ਕਰਦੀ ਹੈ।

ਰਿਪੋਰਟ ਵਿੱਚ ਮੰਨਿਆ ਗਿਆ ਹੈ ਕਿ 'ਖਾਲਿਸਤਾਨ' ਲਈ ਸ਼ਾਂਤੀਪੂਰਨ ਵਕਾਲਤ ਕੈਨੇਡਾ ਵਿੱਚ ਇੱਕ ਕਾਨੂੰਨੀ ਗਤੀਵਿਧੀ ਹੈ। ਪਰ ਇਸ ਦੇ ਨਾਲ ਹੀ, 'ਸਿੱਖ ਕੱਟੜਪੰਥੀਆਂ' ਦੁਆਰਾ ਹਿੰਸਾ ਲਈ ਫੰਡ ਇਕੱਠਾ ਕਰਨ ਦੇ ਦੋਸ਼ ਲਗਾ ਕੇ ਸਮੁੱਚੇ ਭਾਈਚਾਰੇ ਦੀਆਂ ਜਮਹੂਰੀ ਗਤੀਵਿਧੀਆਂ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਲੋਕਤੰਤਰੀ ਦੇਸ਼ਾਂ ਵਿੱਚ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਹਰ ਨਾਗਰਿਕ ਦਾ ਬੁਨਿਆਦੀ ਹੱਕ ਹੈ। ਜਦੋਂ ਖੁਫੀਆ ਏਜੰਸੀਆਂ ਬਿਨਾਂ ਕਿਸੇ ਠੋਸ ਅਪਰਾਧਿਕ ਘਟਨਾ (ਜਿਵੇਂ ਕਿ ਰਿਪੋਰਟ ਵਿੱਚ ਖੁਦ ਮੰਨਿਆ ਗਿਆ ਹੈ ਕਿ 2025 ਵਿੱਚ ਕੋਈ ਹਿੰਸਕ ਘਟਨਾ ਨਹੀਂ ਹੋਈ) ਦੇ ਅਜਿਹੇ ਗੰਭੀਰ ਦੋਸ਼ ਲਗਾਉਂਦੀਆਂ ਹਨ, ਤਾਂ ਇਹ ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਕਿਸੇ ਖਾਸ ਭਾਈਚਾਰੇ ਦੇ 'ਪ੍ਰੋਫਾਈਲਿੰਗ' ਦਾ ਖਤਰਾ ਪੈਦਾ ਕਰਦਾ ਹੈ।

ਰਿਪੋਰਟ ਵਿੱਚ ਭਾਰਤ, ਚੀਨ ਅਤੇ ਰੂਸ ਵਰਗੇ ਦੇਸ਼ਾਂ 'ਤੇ ਕੈਨੇਡਾ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲਅੰਦਾਜ਼ੀ ਅਤੇ ਜਾਸੂਸੀ ਦੇ ਦੋਸ਼ ਲਗਾਏ ਗਏ ਹਨ। ਖਾਸ ਤੌਰ 'ਤੇ 'ਟ੍ਰਾਂਸਨੈਸ਼ਨਲ ਰਿਪ੍ਰੈਸ਼ਨ' ਯਾਨੀ ਵਿਦੇਸ਼ੀ ਧਰਤੀ 'ਤੇ ਕੈਨੇਡੀਅਨ ਸਿੱਖ ਨਾਗਰਿਕਾਂ ਨੂੰ ਡਰਾਉਣ-ਧਮਕਾਉਣ ਅਤੇ ਉਨ੍ਹਾਂ ਦੀ ਨਿਗਰਾਨੀ ਕਰਨ ਦਾ ਮੁੱਦਾ ਬੇਹੱਦ ਗੰਭੀਰ ਹੈ। ਜੇਕਰ ਕੋਈ ਵਿਦੇਸ਼ੀ ਤਾਕਤ ਕੈਨੇਡਾ ਵਿੱਚ ਰਹਿ ਰਹੇ ਸਿੱਖਾਂ ਜਾਂ ਕਿਸੇ ਹੋਰ ਭਾਈਚਾਰੇ ਦੇ ਲੋਕਤੰਤਰੀ ਅਧਿਕਾਰਾਂ ਨੂੰ ਕੁਚਲਣ ਦੀ ਕੋਸ਼ਿਸ਼ ਕਰ ਰਹੀ ਹੈ, ਤਾਂ ਇਹ ਕੈਨੇਡਾ ਸਰਕਾਰ ਦੀ ਨੈਤਿਕ ਅਤੇ ਕਾਨੂੰਨੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਏ।

ਹਾਲਾਂਕਿ ਕੈਨੇਡੀਅਨ ਸਿਕਊਰਟੀ ਇੰਟੈਲੀਜੈਂਸ ਸਰਵਿਸਦੀ 2025 ਦੀ ਰਿਪੋਰਟ ਵਿੱਚ ਸਪੱਸ਼ਟ ਤੌਰ 'ਤੇ ਭਾਰਤ ਨੂੰ "ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਦੇ ਮੁੱਖ ਦੇਸ਼ਾਂ ਵਿੱਚ ਰੱਖਿਆ ਗਿਆ ਹੈ, ਪਰ ਕੈਨੇਡੀਅਨ ਸਰਕਾਰ ਦੀ ਭਾਸ਼ਾ ਵਿੱਚ ਨਰਮੀ ਦੇ ਕੁਝ ਕਾਰਨ ਹਨ। ਮਾਰਕ ਕਾਰਨੀ ਦੀ ਸਰਕਾਰ ਭਾਰਤ ਨਾਲ ਮੁਕਤ ਵਪਾਰ ਸਮਝੌਤਾ ਸਿਰੇ ਚਾੜ੍ਹਨਾ ਚਾਹੁੰਦੀ ਹੈ। $100 ਬਿਲੀਅਨ ਦੇ ਨਿਵੇਸ਼ ਅਤੇ ਊਰਜਾ ਸਪਲਾਈ ਦੇ ਲਾਲਚ ਵਿੱਚ, ਕੈਨੇਡੀਅਨ ਸਰਕਾਰ ਭਾਰਤ 'ਤੇ ਸਿੱਧੇ ਸਿਆਸੀ ਹਮਲੇ ਕਰਨ ਤੋਂ ਗੁਰੇਜ਼ ਕਰ ਰਹੀ ਹੈ। ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਨਾਲ ਸਬੰਧਤ ਕਾਨੂੰਨਾਂ (ਜਿਵੇਂ ਕਿ ਪਾਰਟੀ ਇੰਟਰਫੀਰੈਂਸ ਰਜਿਸਟਰੀ ਨੂੰ ਲਾਗੂ ਕਰਨ ਵੇਲੇ ਸਰਕਾਰ ਸਾਰੇ ਦੇਸ਼ਾਂ ਨੂੰ ਇੱਕੋ ਲਾਈਨ ਵਿੱਚ ਖੜ੍ਹਾ ਕਰ ਦਿੰਦੀ ਹੈ ਤਾਂ ਜੋ ਕਿਸੇ ਇੱਕ ਵਿਸ਼ੇਸ਼ ਦੇਸ਼ (ਜਿਵੇਂ ਭਾਰਤ) ਨਾਲ ਸਬੰਧ ਪੂਰੀ ਤਰ੍ਹਾਂ ਨਾ ਟੁੱਟ ਜਾਣ।

ਇਹ ਇੱਕ ਕੌੜਾ ਸੱਚ ਹੈ ਕਿ ਕਈ ਸਿੱਖ ਸਿਆਸਤਦਾਨ (ਜੋ ਲਿਬਰਲ ਜਾਂ ਕੰਜ਼ਰਵੇਟਿਵ ਪਾਰਟੀਆਂ ਵਿੱਚ ਹਨ) ਇੱਕ ਦੋਹਰੀ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ। ਮਾਰਕ ਕਾਰਨੀ ਦੀ ਅਗਵਾਈ ਵਿੱਚ ਜਦੋਂ ਸਰਕਾਰ ਭਾਰਤ ਨਾਲ ਸਬੰਧ ਸੁਧਾਰਨ ਦੀ ਕੋਸ਼ਿਸ਼ ਕਰ ਰਹੀ ਹੈ, ਤਾਂ ਪਾਰਟੀ ਦੇ ਅੰਦਰ ਰਹਿ ਕੇ ਸਿੱਖ ਐਮ.ਪੀ. ਸਰਕਾਰ ਦੀ ਅਧਿਕਾਰਤ ਨੀਤੀ ਦੇ ਉਲਟ ਬੋਲਣ ਤੋਂ ਡਰਦੇ ਹਨ। ਕੈਨੇਡੀਅਨ ਸਿੱਖ ਭਾਈਚਾਰਾ ਖੁਦ ਵੱਖ-ਵੱਖ ਵਿਚਾਰਧਾਰਾਵਾਂ ਵਿੱਚ ਵੰਡਿਆ ਹੋਇਆ ਹੈ। ਸਿਆਸਤਦਾਨ ਅਜਿਹਾ ਸਟੈਂਡ ਲੈਣ ਤੋਂ ਬਚਦੇ ਹਨ ਜੋ ਉਨ੍ਹਾਂ ਦੇ ਗੈਰ-ਸਿੱਖ ਵੋਟਰਾਂ ਜਾਂ ਭਾਰਤ ਪੱਖੀ ਵੋਟਰਾਂ ਨੂੰ ਨਾਰਾਜ਼ ਕਰੇ। ਕਈ ਸਿਆਸਤਦਾਨਾਂ ਨੂੰ ਇਹ ਵੀ ਡਰ ਰਹਿੰਦਾ ਹੈ ਕਿ ਭਾਰਤ ਵਿਰੁੱਧ ਬੋਲਣ ਨਾਲ ਉਨ੍ਹਾਂ ਦੇ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਭਾਰਤੀ ਵੀਜ਼ੇ 'ਤੇ ਅਸਰ ਪੈ ਸਕਦਾ ਹੈ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਹੇਠ ਕੈਨੇਡਾ ਸਰਕਾਰ ਭਾਰਤ ਨਾਲ ਵਪਾਰਕ ਰਿਸ਼ਤੇ ਸੁਧਾਰਨ ਲਈ ਕਾਹਲੀ ਨਜ਼ਰ ਆ ਰਹੀ ਹੈ। ਵਪਾਰਕ ਹਿੱਤਾਂ (ਜਿਵੇਂ ਕਿ 100 ਬਿਲੀਅਨ ਡਾਲਰ ਦਾ ਨਿਵੇਸ਼ ਅਤੇ ਊਰਜਾ ਸਪਲਾਈ) ਨੂੰ ਮਨੁੱਖੀ ਅਧਿਕਾਰਾਂ ਤੋਂ ਉੱਪਰ ਰੱਖਣਾ ਕਿਸੇ ਵੀ ਸੱਭਿਅਕ ਦੇਸ਼ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਸਿੱਖ ਭਾਈਚਾਰਾ ਕੈਨੇਡਾ ਦੀ ਆਰਥਿਕਤਾ ਅਤੇ ਸਮਾਜਿਕ ਤਾਣੇ-ਬਾਣੇ ਦਾ ਅਨਿੱਖੜਵਾਂ ਅੰਗ ਹੈ। ਉਨ੍ਹਾਂ ਦੇ ਹੱਕਾਂ ਨੂੰ ਕਿਸੇ ਡਿਪਲੋਮੈਟਿਕ ਸੌਦੇਬਾਜ਼ੀ ਦੀ ਭੇਟ ਨਹੀਂ ਚੜ੍ਹਾਇਆ ਜਾਣਾ ਚਾਹੀਦਾ। ਇਹ ਇੱਕ ਕੌੜਾ ਸੱਚ ਹੈ ਕਿ ਕਈ ਸਿੱਖ ਸਿਆਸਤਦਾਨ (ਜੋ ਲਿਬਰਲ ਜਾਂ ਕੰਜ਼ਰਵੇਟਿਵ ਪਾਰਟੀਆਂ ਵਿੱਚ ਹਨ) ਇੱਕ ਦੋਹਰੀ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ। ਮਾਰਕ ਕਾਰਨੀ ਦੀ ਅਗਵਾਈ ਵਿੱਚ ਜਦੋਂ ਸਰਕਾਰ ਭਾਰਤ ਨਾਲ ਸਬੰਧ ਸੁਧਾਰਨ ਦੀ ਕੋਸ਼ਿਸ਼ ਕਰ ਰਹੀ ਹੈ, ਤਾਂ ਪਾਰਟੀ ਦੇ ਅੰਦਰ ਰਹਿ ਕੇ ਸਿੱਖ ਐਮ.ਪੀ. ਸਰਕਾਰ ਦੀ ਅਧਿਕਾਰਤ ਨੀਤੀ ਦੇ ਉਲਟ ਬੋਲਣ ਤੋਂ ਡਰਦੇ ਹਨ। ਕੈਨੇਡੀਅਨ ਸਿੱਖ ਭਾਈਚਾਰਾ ਖੁਦ ਵੱਖ-ਵੱਖ ਵਿਚਾਰਧਾਰਾਵਾਂ ਵਿੱਚ ਵੰਡਿਆ ਹੋਇਆ ਹੈ। ਸਿਆਸਤਦਾਨ ਅਜਿਹਾ ਸਟੈਂਡ ਲੈਣ ਤੋਂ ਬਚਦੇ ਹਨ ਜੋ ਉਨ੍ਹਾਂ ਦੇ ਗੈਰ-ਸਿੱਖ ਵੋਟਰਾਂ ਜਾਂ ਭਾਰਤ ਪੱਖੀ ਵੋਟਰਾਂ ਨੂੰ ਨਾਰਾਜ਼ ਕਰੇ। ਕਈ ਸਿਆਸਤਦਾਨਾਂ ਨੂੰ ਇਹ ਵੀ ਡਰ ਰਹਿੰਦਾ ਹੈ ਕਿ ਭਾਰਤ ਵਿਰੁੱਧ ਬੋਲਣ ਨਾਲ ਉਨ੍ਹਾਂ ਦੇ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਭਾਰਤੀ ਵੀਜ਼ੇ 'ਤੇ ਅਸਰ ਪੈ ਸਕਦਾ ਹੈ।

ਪੰਥਕ ਜਥੇਬੰਦੀਆਂ ਨੇ ਇਸ ਮੁੱਦੇ 'ਤੇ ਚੁੱਪ ਨਹੀਂ ਧਾਰੀ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਵਾਰ-ਵਾਰ ਕਿਹਾ ਹੈ ਕਿ ਕੈਨੇਡਾ ਵਿੱਚ ਸਿੱਖ ਨਾਗਰਿਕਾਂ ਦੀ ਸੁਰੱਖਿਆ ਨਾਲ ਸਮਝੌਤਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ 'ਵਿਦੇਸ਼ੀ ਦਖਲਅੰਦਾਜ਼ੀ' ਕਾਨੂੰਨ ਵਿੱਚ ਭਾਰਤ ਦਾ ਨਾਮ ਸਪੱਸ਼ਟ ਤੌਰ 'ਤੇ ਸ਼ਾਮਲ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤੀ ਏਜੰਸੀਆਂ ਕੈਨੇਡੀਅਨ ਸਿੱਖਾਂ ਦੀ ਨਿਗਰਾਨੀ ਕਰਕੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀਆਂ ਹਨ। ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ ਅਤੇ ਓਨਟਾਰੀਓ ਗੁਰਦੁਆਰਾ ਕੌਂਸਲ ਜਥੇਬੰਦੀਆਂ ਨੇ ਸਾਂਝੇ ਬਿਆਨਾਂ ਵਿੱਚ ਕੈਨੇਡਾ ਸਰਕਾਰ ਨੂੰ ਤਾੜਨਾ ਕੀਤੀ ਹੈ ਕਿ "ਵਪਾਰਕ ਸਬੰਧ ਸਿੱਖਾਂ ਦੀਆਂ ਜਾਨਾਂ ਤੋਂ ਕੀਮਤੀ ਨਹੀਂ ਹੋ ਸਕਦੇ।" ਉਨ੍ਹਾਂ ਨੇ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਪੈਦਾ ਹੋਏ ਹਾਲਾਤਾਂ ਦਾ ਹਵਾਲਾ ਦਿੰਦੇ ਹੋਏ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਵਿਰੁੱਧ ਸਖ਼ਤ ਕਾਨੂੰਨ ਦੀ ਮੰਗ ਕੀਤੀ ਹੈ। ਜਥੇਬੰਦੀਆਂ ਦਾ ਕਹਿਣਾ ਹੈ ਕਿ "ਪ੍ਰਮੋਟ ਅਤੇ ਫੰਡਰੇਜ਼ਿੰਗ" ਵਰਗੇ ਸ਼ਬਦਾਂ ਦੀ ਵਰਤੋਂ ਕਰਕੇ ਸ਼ਾਂਤਮਈ ਸਿਆਸੀ ਸਰਗਰਮੀਆਂ ਨੂੰ ਅਪਰਾਧਿਕ ਰੰਗਤ ਦਿੱਤੀ ਜਾ ਰਹੀ ਹੈ। ਜੇਕਰ 2025 ਵਿੱਚ ਕੋਈ ਹਿੰਸਾ ਨਹੀਂ ਹੋਈ, ਤਾਂ ਸਿੱਖਾਂ ਨੂੰ "ਰਾਸ਼ਟਰੀ ਸੁਰੱਖਿਆ ਲਈ ਖਤਰਾ" ਕਿਉਂ ਲਿਖਿਆ ਗਿਆ ? ਜਥੇਬੰਦੀਆਂ ਦਾ ਦੋਸ਼ ਹੈ ਕਿ ਕੈਨੇਡਾ ਪੁਲਿਸ (ਆਰਸੀਐਮਪੀ) ਅਤੇ ਸੀਐਸਆਈਐਸ ਭਾਰਤੀ ਦਖਲਅੰਦਾਜ਼ੀ ਨੂੰ ਰੋਕਣ ਵਿੱਚ ਨਾਕਾਮ ਰਹੇ ਹਨ, ਜਿਸ ਕਾਰਨ ਸਿੱਖਾਂ ਵਿੱਚ ਡਰ ਦਾ ਮਾਹੌਲ ਹੈ।

ਸਿਆਸਤਦਾਨਾਂ ਦੀ ਚੁੱਪ 'ਵੋਟਾਂ ਅਤੇ ਵਪਾਰ' ਦੀ ਸਿਆਸਤ ਦਾ ਹਿੱਸਾ ਹੈ, ਜਦਕਿ ਪੰਥਕ ਜਥੇਬੰਦੀਆਂ ਇਸ ਨੂੰ ਸਿੱਖਾਂ ਦੀ ਹੋਂਦ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ ਵਜੋਂ ਦੇਖ ਰਹੀਆਂ ਹਨ।

ਕੈਨੇਡਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਅਤੇ ਆਪਣੀ ਵਿਦੇਸ਼ ਨੀਤੀ ਵਿੱਚ ਪਾਰਦਰਸ਼ਤਾ ਲਿਆਵੇ। ਸਿੱਖਾਂ ਦੇ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਸਿਰਫ਼ ਕਾਨੂੰਨੀ ਦਸਤਾਵੇਜ਼ਾਂ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ, ਸਗੋਂ ਇਹ ਜ਼ਮੀਨੀ ਪੱਧਰ 'ਤੇ ਵੀ ਦਿਖਾਈ ਦੇਣੀ ਚਾਹੀਦੀ ਹੈ। ਕਿਸੇ ਵੀ ਭਾਈਚਾਰੇ ਨੂੰ ਸਿਆਸੀ ਲਾਹੇ ਲਈ 'ਨਿਸ਼ਾਨਾ' ਬਣਾਉਣਾ ਜਾਂ ਕਿਸੇ ਬਾਹਰੀ ਦੇਸ਼ ਦੇ ਦਬਾਅ ਹੇਠ ਆਪਣੇ ਨਾਗਰਿਕਾਂ ਦੀ ਆਜ਼ਾਦੀ ਨੂੰ ਸੀਮਤ ਕਰਨਾ ਲੋਕਤੰਤਰ ਦੇ ਸਿਧਾਂਤਾਂ ਦੇ ਉਲਟ ਹੈ।

# ਤਹਿਰਾਨ ਦੇ ਗੁਰਦੁਆਰੇ ਵਿੱਚ ਫਸੇ ਸਿੱਖ ਪਰਿਵਾਰਾਂ ਦੀ ਮਦਦ ਲਈ ਉੱਠੀ ਮੰਗ

## ✪ ਜੈਵੀਰ ਸ਼ੇਰਗਿੱਲ ਨੇ ਵਿਦੇਸ਼ ਮੰਤਰਾਲੇ ਨੂੰ ਲਾਈ ਗੁਹਾਰ

ਨਵੀਂ ਦਿੱਲੀ-ਪੱਛਮੀ ਏਸ਼ੀਆ ਵਿੱਚ ਲਗਾਤਾਰ ਡੂੰਘੇ ਹੋ ਰਹੇ ਸੁਰੱਖਿਆ ਸੰਕਟ ਦੇ ਵਿਚਕਾਰ ਇਰਾਨ ਦੀ ਰਾਜਧਾਨੀ ਤਹਿਰਾਨ ਵਿੱਚ ਫਸੇ ਕੁਝ ਸਿੱਖ ਪਰਿਵਾਰਾਂ ਦੀ ਸੁਰੱਖਿਅਤ ਵਾਪਸੀ ਦਾ ਮੁੱਦਾ ਗਰਮਾ ਗਿਆ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਕੌਮੀ ਬੁਲਾਰੇ ਜੈਵੀਰ ਸ਼ੇਰਗਿੱਲ ਨੇ ਭਾਰਤ ਸਰਕਾਰ ਅਤੇ ਵਿਦੇਸ਼ ਮੰਤਰਾਲੇ ਨੂੰ ਇਸ ਮਾਮਲੇ ਵਿੱਚ ਤੁਰੰਤ ਦਖਲ ਦੇਣ ਦੀ ਅਪੀਲ ਕੀਤੀ ਹੈ। ਜੈਵੀਰ ਸ਼ੇਰਗਿੱਲ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (ਟਵਿੱਟਰ) ਰਾਹੀਂ ਜਾਣਕਾਰੀ ਸਾਂਝੀ ਕੀਤੀ ਕਿ ਤਹਿਰਾਨ ਦੇ ਇਤਿਹਾਸਕ ਗੁਰਦੁਆਰਾ ਭਾਈ ਗੰਗਾ ਸਿੰਘ ਸਭਾ ਵਿੱਚ ਕੁਝ ਬਜ਼ੁਰਗ ਇਰਾਨੀ ਸਿੱਖ ਜੋੜੇ ਫਸੇ ਹੋਏ ਹਨ। ਉਹ ਭਾਰਤ ਵਾਪਸ ਆਉਣਾ ਚਾਹੁੰਦੇ ਹਨ, ਪਰ ਤਕਨੀਕੀ ਕਾਰਨਾਂ ਕਰਕੇ ਉਨ੍ਹਾਂ ਦੀ ਵਾਪਸੀ ਵਿੱਚ ਰੁਕਾਵਟ ਆ ਰਹੀ ਹੈ। ਸ਼ੇਰਗਿੱਲ ਅਨੁਸਾਰ, ਮਹਾਨ ਏਅਰਵੇਜ਼ ਦਾ ਇੱਕ ਜਹਾਜ਼ 5 ਮਈ ਨੂੰ ਤਹਿਰਾਨ ਤੋਂ ਭਾਰਤ ਲਈ ਰਵਾਨਾ ਹੋਣਾ ਹੈ। ਹਾਲਾਂਕਿ, ਏਅਰਲਾਈਨ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਹ ਭਾਰਤ ਸਰਕਾਰ ਦੀ ਅਧਿਕਾਰਤ ਇਜਾਜ਼ਤ ਤੋਂ ਬਿਨਾਂ ਇਨ੍ਹਾਂ ਸਿੱਖਾਂ ਨੂੰ ਜਹਾਜ਼ ਵਿੱਚ ਸਵਾਰ ਨਹੀਂ ਹੋ ਸਕਦੇ। ਸ਼ੇਰਗਿੱਲ ਨੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੂੰ ਟੈਗ ਕਰਦਿਆਂ ਬੇਨਤੀ ਕੀਤੀ ਹੈ ਕਿ ਮਾਨਵਤਾ ਦੇ ਨਾਤੇ ਅਤੇ ਮੌਜੂਦਾ ਜੰਗੀ ਹਾਲਾਤ ਨੂੰ ਦੇਖਦੇ ਹੋਏ ਇਨ੍ਹਾਂ ਪਰਿਵਾਰਾਂ ਨੂੰ ਲੋੜੀਂਦੀ ਇਜਾਜ਼ਤ ਦਿਵਾਈ ਜਾਵੇ ਤਾਂ ਜੋ ਉਹ ਸੁਰੱਖਿਅਤ ਆਪਣੇ ਵਤਨ ਪਰਤ ਸਕਣ।

### ਇਤਿਹਾਸਕ ਮਹੱਤਤਾ ਵਾਲਾ ਗੁਰਦੁਆਰਾ ਸਾਹਿਬ

ਤਹਿਰਾਨ ਸਥਿਤ ਭਾਈ ਗੰਗਾ ਸਿੰਘ ਸਭਾ ਗੁਰਦੁਆਰਾ ਨਾ ਸਿਰਫ਼ ਇਰਾਨ ਦੇ ਸਭ ਤੋਂ ਪੁਰਾਣੇ ਸਿੱਖ ਅਸਥਾਨਾਂ ਵਿੱਚੋਂ ਇੱਕ ਹੈ, ਸਗੋਂ ਇਹ ਭਾਰਤ-ਇਰਾਨ ਸਬੰਧਾਂ ਦਾ ਇੱਕ



ਅਹਿਮ ਪ੍ਰਤੀਕ ਵੀ ਹੈ।

ਸਾਲ 2016 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਇਰਾਨ ਯਾਤਰਾ ਦੌਰਾਨ ਇੱਥੇ ਨਤਮਸਤਕ ਹੋ ਕੇ ਸ਼ਰਧਾ ਭੇਟ ਕੀਤੀ ਸੀ। ਹਾਲ ਹੀ ਵਿੱਚ ਜੰਗ ਦੇ ਸਾਏ ਦੇ ਬਾਵਜੂਦ ਇੱਥੇ ਵਿਸਾਖੀ ਦਾ ਤਿਉਹਾਰ ਬੜੀ ਸ਼ਰਧਾ ਨਾਲ ਮਨਾਇਆ ਗਿਆ ਸੀ, ਜਿਸ ਵਿੱਚ ਸਥਾਨਕ ਲੋਕਾਂ ਨੇ ਵੀ ਸ਼ਮੂਲੀਅਤ ਕੀਤੀ ਸੀ।

ਪੱਛਮੀ ਏਸ਼ੀਆ ਵਿੱਚ ਇਰਾਨ ਅਤੇ ਹੋਰ ਦੇਸ਼ਾਂ ਵਿਚਕਾਰ ਚੱਲ ਰਹੇ ਖਿਚਾਅ ਕਾਰਨ ਉੱਥੇ ਰਹਿ ਰਹੇ ਘੱਟ ਗਿਣਤੀ ਭਾਈਚਾਰਿਆਂ ਅਤੇ ਵਿਦੇਸ਼ੀ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਹਨ। ਭਾਰਤ ਸਰਕਾਰ ਪਹਿਲਾਂ ਵੀ ਸੰਕਟ ਦੇ ਸਮੇਂ 'ਆਪ੍ਰੇਸ਼ਨ ਗੰਗਾ' ਅਤੇ 'ਆਪ੍ਰੇਸ਼ਨ ਕਾਵੇਰੀ' ਵਰਗੀਆਂ ਮੁਹਿੰਮਾਂ ਰਾਹੀਂ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਕੱਢਦੀ ਰਹੀ ਹੈ, ਹੁਣ ਸਿੱਖ ਭਾਈਚਾਰੇ ਦੀਆਂ ਨਜ਼ਰਾਂ ਮੁੜ ਸਰਕਾਰ ਦੇ ਅਗਲੇ ਕਦਮ 'ਤੇ ਟਿਕੀਆਂ ਹੋਈਆਂ ਹਨ।

# ਪਿਆਰ, ਧੋਖਾ ਤੇ ਹਾਈ-ਵੋਲਟੇਜ ਡਰਾਮਾ

## ✪ ਲੁਧਿਆਣਾ ਦੀ ਕੁੜੀ ਨੇ ਬਿਹਾਰ ਜਾ ਕੇ ਰੁਕਵਾਇਆ ਪ੍ਰੇਮੀ ਦਾ ਵਿਆਹ

ਲੁਧਿਆਣਾ/ਸੀਵਾਨ-ਪਿਆਰ ਵਿੱਚ ਮਿਲੇ ਧੋਖੇ ਦੀ ਇੱਕ ਹੈਰਾਨ ਕਰ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਲੁਧਿਆਣਾ ਦੀ ਇੱਕ ਮੁਟਿਆਰ ਨੇ ਸੈਂਕੜੇ ਕਿਲੋਮੀਟਰ ਦੂਰ ਬਿਹਾਰ ਦੇ ਸੀਵਾਨ ਜ਼ਿਲ੍ਹੇ ਵਿੱਚ ਪਹੁੰਚ ਕੇ ਆਪਣੇ ਪ੍ਰੇਮੀ ਦੇ ਵਿਆਹ ਵਿੱਚ ਭਾਰੀ ਹੰਗਾਮਾ ਕੀਤਾ। ਇਨਸਾਫ਼ ਦੀ ਮੰਗ ਕਰ ਰਹੀ ਕੁੜੀ ਨੇ ਖੂਹ ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਵੀ ਕੀਤੀ, ਜਿਸ ਕਾਰਨ ਚੱਲ ਰਹੇ ਵਿਆਹ ਦੀਆਂ ਰਸਮਾਂ ਨੂੰ ਵਿਚਾਲੇ ਹੀ ਰੋਕਣਾ ਪਿਆ।

ਪੀੜਤ ਲੜਕੀ ਲੁਧਿਆਣਾ ਦੇ ਸ਼ਿਮਲਾਪੁਰੀ ਇਲਾਕੇ ਦੀ ਰਹਿਣ ਵਾਲੀ ਹੈ। ਜਾਣਕਾਰੀ ਮੁਤਾਬਕ ਜਨਵਰੀ 2025 ਵਿੱਚ ਲੁਧਿਆਣਾ ਦੀ ਇੱਕ ਨਿੱਜੀ ਕੰਪਨੀ ਵਿੱਚ ਕੰਮ ਕਰਦਿਆਂ ਉਸ ਦੀ ਮੁਲਾਕਾਤ ਬਿਹਾਰ ਦੇ ਸੀਵਾਨ ਦੇ ਰਹਿਣ ਵਾਲੇ ਅਜੀਤ ਕੁਮਾਰ ਦੂਬੇ ਨਾਲ ਹੋਈ। ਦੋਵਾਂ ਵਿਚਾਲੇ ਨਜ਼ਦੀਕੀਆਂ ਵਧੀਆਂ ਅਤੇ ਮਈ 2025 ਤੋਂ ਉਹ ਲੁਧਿਆਣਾ ਵਿੱਚ ਹੀ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਰਹਿਣ ਲੱਗੇ। ਲੜਕੀ ਦਾ ਦੋਸ਼ ਹੈ ਕਿ ਅਜੀਤ ਨੇ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਸਰੀਰਕ ਸਬੰਧ ਬਣਾਏ, ਪਰ ਜਦੋਂ ਵਿਆਹ ਦੀ ਗੱਲ ਆਈ ਤਾਂ ਪਰਿਵਾਰ ਨੇ 'ਜਾਤ' ਦਾ ਬਹਾਨਾ ਬਣਾ ਕੇ ਮਨ੍ਹਾ ਕਰ ਦਿੱਤਾ।

ਲੜਕੀ ਨੂੰ ਅਜੀਤ ਦੇ ਇਰਾਦਿਆਂ ਬਾਰੇ ਉਦੋਂ ਪਤਾ ਲੱਗਾ ਜਦੋਂ ਉਸ ਨੇ ਸੋਸ਼ਲ ਮੀਡੀਆ ਰਾਹੀਂ ਦੇਖਿਆ ਕਿ ਅਜੀਤ ਆਪਣੇ ਪਿੰਡ ਛੋਨੀ ਛਾਪਰ ਵਿੱਚ ਚੁੱਪ-ਚੁਪੀਤੇ ਕਿਸੇ ਹੋਰ ਕੁੜੀ ਨਾਲ ਵਿਆਹ ਕਰਵਾ ਰਿਹਾ ਹੈ। ਬਿਨਾਂ ਦੇਰੀ ਕੀਤੇ, ਲੜਕੀ ਮੰਗਲਵਾਰ ਨੂੰ ਟ੍ਰੇਨ ਫੜ ਕੇ ਸਿੱਧੀ ਅਜੀਤ ਦੇ ਪਿੰਡ ਪਹੁੰਚ ਗਈ। ਜਦੋਂ ਲੜਕੀ ਵਿਆਹ ਵਾਲੇ ਘਰ ਪਹੁੰਚੀ ਤਾਂ ਉੱਥੇ ਹਫੜਾ-ਦਫੜੀ ਮਚ ਗਈ। ਆਪਣੇ ਹੱਕ ਲਈ ਲੜ ਰਹੀ ਕੁੜੀ ਨੇ ਪਿੰਡ ਦੇ ਇੱਕ ਖੂਹ 'ਤੇ ਚੜ੍ਹ ਕੇ ਛਾਲ ਮਾਰਨ ਦੀ ਧਮਕੀ ਦਿੱਤੀ। ਉਸ ਦਾ ਕਹਿਣਾ ਸੀ, "ਮੈਂ ਇੱਥੇ ਤਮਾਸ਼ਾ ਕਰਨ ਨਹੀਂ, ਸਗੋਂ ਆਪਣੇ ਹੱਕ ਅਤੇ ਸਨਮਾਨ ਲਈ ਆਈ ਹਾਂ।" ਮੇਰੇ ਨਾਲ ਵਿਆਹ ਦਾ ਵਾਅਦਾ ਕਰਕੇ ਹੁਣ ਕਿਸੇ ਹੋਰ ਨਾਲ ਫੇਰੇ ਲਏ ਜਾ ਰਹੇ ਹਨ। ਮੈਂ ਇਹ ਧੋਖਾ ਬਰਦਾਸ਼ਤ ਨਹੀਂ ਕਰਾਂਗੀ।"

### ਪੁਲਸ ਦੀ ਕਾਰਵਾਈ

ਹੰਗਾਮੇ ਦੀ ਸੂਚਨਾ ਮਿਲਦੇ ਹੀ ਮੈਰਵਾ ਥਾਣੇ ਦੀ ਪੁਲਸ ਮੌਕੇ 'ਤੇ ਪਹੁੰਚੀ। ਪੁਲਸ ਨੇ ਕਾਫੀ ਮੁਸ਼ੱਕਤ ਤੋਂ ਬਾਅਦ ਲੜਕੀ ਨੂੰ ਖੂਹ ਤੋਂ ਹੇਠਾਂ ਉਤਾਰਿਆ ਅਤੇ ਸ਼ਾਂਤ ਕਰਵਾਇਆ। ਥਾਣਾ ਇੰਚਾਰਜ ਰਾਹੁਲ ਕੁਮਾਰ ਨੇ ਦੱਸਿਆ ਕਿ ਦੋਵਾਂ ਧਿਰਾਂ ਨੂੰ ਥਾਣੇ ਲਿਆਂਦਾ ਗਿਆ ਹੈ। ਪੁਲਸ ਹੁਣ ਦੋਵਾਂ ਪੱਖਾਂ ਦੇ ਬਿਆਨ ਦਰਜ ਕਰ ਰਹੀ ਹੈ ਅਤੇ ਕਾਨੂੰਨੀ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ। ਫਿਲਹਾਲ ਵਿਆਹ ਦੀਆਂ ਰਸਮਾਂ ਰੁਕੀਆਂ ਹੋਈਆਂ ਹਨ ਅਤੇ ਪੁਲਸ ਮਾਮਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰ ਰਹੀ ਹੈ।

## ਪਤਨੀ ਨਾਲ ਪ੍ਰੇਮ ਸਬੰਧਾਂ ਦੇ ਸ਼ੱਕ ਵਿਚ ਚਚੇਰੇ ਭਰਾ 'ਤੇ ਕਾਤਲਾਨਾ ਹਮਲਾ, ਧੌਣ 'ਤੇ ਲੱਗੇ 9 ਟਾਂਕੇ

ਅਬੋਹਰ-ਇੱਥੇ ਇੱਕ ਵਿਅਕਤੀ ਨੇ ਆਪਣੀ ਪਤਨੀ ਨਾਲ ਪ੍ਰੇਮ ਸਬੰਧਾਂ ਦੇ ਸ਼ੱਕ ਵਿੱਚ ਆਪਣੇ ਹੀ ਚਚੇਰੇ ਭਰਾ 'ਤੇ ਕੱਸੀ (ਖੇਤੀਬਾੜੀ ਵਾਲਾ ਸੰਦ) ਨਾਲ ਹਮਲਾ ਕਰਕੇ ਉਸਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਜ਼ਖ਼ਮੀ ਨੌਜਵਾਨ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ ਜ਼ਖ਼ਮੀ ਨੌਜਵਾਨ ਦੀ ਪਛਾਣ 21 ਸਾਲਾ ਰਾਕੇਸ਼ ਕੁਮਾਰ ਵਜੋਂ ਹੋਈ ਹੈ। ਹਸਪਤਾਲ ਵਿੱਚ ਜ਼ੇਰੇ ਇਲਾਜ ਰਾਕੇਸ਼ ਨੇ ਦੱਸਿਆ ਉਸਦੇ ਤਾਏ ਦਾ ਪੁੱਤਰ ਉਸ 'ਤੇ ਸ਼ੱਕ ਕਰਦਾ ਸੀ ਕਿ ਰਾਕੇਸ਼ ਉਸਦੀ ਪਤਨੀ (ਭਾਬੀ) ਨਾਲ ਫੋਨ 'ਤੇ ਗੱਲਬਾਤ ਕਰਦਾ ਹੈ। ਰਾਕੇਸ਼ ਮੁਤਾਬਕ ਬੀਤੇ ਦਿਨੀਂ ਪਿੰਡ ਦੇ ਸਰਪੰਚ ਦੀ ਮੌਜੂਦਗੀ ਵਿੱਚ ਪੰਚਾਇਤ ਵੀ ਹੋਈ ਸੀ। ਹਾਲਾਂਕਿ ਰਾਕੇਸ਼ ਨੇ ਦੋਸ਼ਾਂ ਨੂੰ ਨਕਾਰਿਆ ਸੀ, ਫਿਰ ਵੀ ਪਰਿਵਾਰਕ ਸ਼ਾਂਤੀ ਲਈ ਉਸਨੇ ਮੁਆਫ਼ੀ ਮੰਗ ਲਈ ਸੀ ਅਤੇ ਭਵਿੱਖ ਵਿੱਚ ਗੱਲ ਨਾ ਕਰਨ ਦਾ ਭਰੋਸਾ ਦਿੱਤਾ ਸੀ। ਰਾਕੇਸ਼ ਨੇ ਦੱਸਿਆ ਕਿ ਪੰਚਾਇਤੀ ਸਮਝੌਤੇ ਦੇ ਬਾਵਜੂਦ ਉਸਦਾ ਭਰਾ ਰੰਜਿਸ਼ ਰੱਖ ਰਿਹਾ ਸੀ। ਬੀਤੀ ਰਾਤ ਜਦੋਂ ਰਾਕੇਸ਼ ਆਪਣੇ ਘਰ ਵਿੱਚ ਸੌਂ ਰਿਹਾ ਸੀ, ਤਾਂ ਉਸਦੇ ਚਚੇਰੇ ਭਰਾ ਨੇ ਘਰ ਵਿੱਚ ਦਾਖ਼ਲ ਹੋ ਕੇ ਉਸਦੀ ਧੌਣ 'ਤੇ ਕੱਸੀ ਨਾਲ ਵਾਰ ਕਰ ਦਿੱਤਾ। ਰਾਕੇਸ਼ ਨੇ ਮੁਸਤੈਦੀ ਦਿਖਾਉਂਦੇ ਹੋਏ ਉੱਥੋਂ ਭੱਜ ਕੇ ਆਪਣੀ ਜਾਨ ਬਚਾਈ। ਪਰਿਵਾਰਕ ਮੈਂਬਰਾਂ ਨੇ ਤੁਰੰਤ ਰਾਕੇਸ਼ ਨੂੰ ਸਰਕਾਰੀ ਹਸਪਤਾਲ ਪਹੁੰਚਾਇਆ। ਹਮਲਾ ਇੰਨਾ ਜ਼ਬਰਦਸਤ ਸੀ ਕਿ ਰਾਕੇਸ਼ ਦੀ ਧੌਣ 'ਤੇ 9 ਟਾਂਕੇ ਲੱਗੇ ਹਨ। ਪੀੜਤ ਨੇ ਪੁਲਸ ਪ੍ਰਸ਼ਾਸਨ ਤੋਂ ਇਨਸਾਫ਼ ਦੀ ਗੁਹਾਰ ਲਗਾਉਂਦੇ ਹੋਏ ਹਮਲਾਵਰ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।

## ਆਈ ਐਸ ਆਈ ਦੇ ਜਾਸੂਸੀ ਨੈੱਟਵਰਕ ਦਾ ਪਰਦਾਫ਼ਾਸ਼

# ਚੀਨੀ ਸੋਲਰ ਸੀਸੀਟੀਵੀ ਉਪਕਰਣਾਂ ਨਾਲ ਫ਼ੌਜੀ ਟਿਕਾਣਿਆਂ ਦੀ ਹੁੰਦੀ ਸੀ ਜਾਸੂਸੀ

ਜਲੰਧਰ/ਕਪੂਰਥਲਾ-ਪੰਜਾਬ ਵਿੱਚ ਦੇਸ਼ ਵਿਰੋਧੀ ਅਨਸਰਾਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਕਾਊਂਟਰ ਇੰਟੈਲੀਜੈਂਸ ਜਲੰਧਰ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ, ਜਦੋਂ ਉਨ੍ਹਾਂ ਨੇ ਪਾਕਿਸਤਾਨੀ ਖੁਫ਼ੀਆ ਏਜੰਸੀ ਆਈਐਸਆਈ ਦੁਆਰਾ ਚਲਾਏ ਜਾ ਰਹੇ ਇੱਕ ਹਾਈ-ਟੈਕ ਜਾਸੂਸੀ ਨੈੱਟਵਰਕ ਦਾ ਭੰਡਾਫੋੜ ਕੀਤਾ ਹੈ। ਪੁਲਸ ਨੇ ਇਸ ਮਾਮਲੇ ਵਿੱਚ ਮੁੱਖ ਸੰਚਾਲਕ ਨੂੰ ਗ੍ਰਿਫ਼ਤਾਰ ਕਰਕੇ ਬੇਹੱਦ ਸੰਵੇਦਨਸ਼ੀਲ ਉਪਕਰਣ ਬਰਾਮਦ ਕੀਤੇ ਹਨ। ਪੁਲਸ ਨੇ ਫਿਰੋਜ਼ਪੁਰ ਦੇ ਰਹਿਣ ਵਾਲੇ ਸੁਖਵਿੰਦਰ ਸਿੰਘ ਉਰਫ਼ ਸੁੱਖਾ ਨੂੰ ਗ੍ਰਿਫ਼ਤਾਰ ਕੀਤਾ ਹੈ। ਤਲਾਸ਼ੀ ਦੌਰਾਨ ਉਸ ਕੋਲੋਂ ਕਪੂਰਥਲਾ ਇਲਾਕੇ ਤੋਂ ਹੇਠ ਲਿਖੇ ਸਾਮਾਨ ਦੀ ਬਰਾਮਦਗੀ ਹੋਈ। ਚੀਨ ਨਿਰਮਿਤ ਸੋਲਰ ਸੀਸੀਟੀਵੀ ਕੈਮਰੇ ਕੈਮਰੇ ਸੂਰਜੀ ਊਰਜਾ ਨਾਲ ਚੱਲਦੇ ਹਨ, ਜਿਸ ਕਾਰਨ ਇਨ੍ਹਾਂ ਨੂੰ ਬਿਜਲੀ ਦੀ ਲੋੜ ਨਹੀਂ ਹੁੰਦੀ। 4ਜੀ ਕਨੈਕਟੀਵਿਟੀ ਉਪਕਰਣਾਂ ਵਿੱਚ 4ਜੀ ਸਿਮ ਕਾਰਡ ਰਾਹੀਂ ਇੰਟਰਨੈੱਟ ਦੀ ਵਰਤੋਂ ਕੀਤੀ ਜਾਂਦੀ ਸੀ। ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਮੁਢਲੀ ਜਾਂਚ ਵਿੱਚ ਬੇਹੱਦ ਹੈਰਾਨ ਕਰਨ ਵਾਲੇ ਖੁਲਾਸੇ ਹੋਏ ਹਨ। ਸੁਖਵਿੰਦਰ ਸਿੰਘ ਆਪਣੇ ਸਾਥੀਆਂ ਨਾਲ ਮਿਲ ਕੇ ਭਾਰਤੀ ਫ਼ੌਜ ਦੇ ਅਦਾਰਿਆਂ ਅਤੇ ਹੋਰ ਰਣਨੀਤਕ ਤੌਰ 'ਤੇ ਅਹਿਮ ਥਾਵਾਂ ਦੇ ਨੇੜੇ ਇਹ ਕੈਮਰੇ ਲਗਾ ਰਿਹਾ ਸੀ। ਮੋਬਾਇਲ ਐਪਲੀਕੇਸ਼ਨਾਂ ਰਾਹੀਂ ਇਨ੍ਹਾਂ ਕੈਮਰਿਆਂ ਦੀ ਲਾਈਵ ਫੁਟੇਜ ਸਿੱਧੀ ਪਾਕਿਸਤਾਨ ਵਿੱਚ ਬੈਠੇ ਆਈਐਸਆਈ ਹੈਂਡਲਰਾਂ ਨੂੰ ਭੇਜੀ ਜਾ ਰਹੀ ਸੀ। ਸੋਲਰ ਪੈਨਲ ਹੋਣ ਕਾਰਨ ਇਹ ਕੈਮਰੇ ਲੰਮੇ ਸਮੇਂ ਤੱਕ ਬਿਨਾਂ ਰੁਕਾਵਟ ਜਾਸੂਸੀ ਕਰਨ ਦੇ ਸਮਰੱਥ ਸਨ। ਇਸ ਮਾਮਲੇ ਵਿੱਚ ਅੰਮ੍ਰਿਤਸਰ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਵਿਖੇ ਐੱਫ.ਆਈ.ਆਰ.ਦਰਜ ਕੀਤੀ ਗਈ ਹੈ। ਪੁਲਸ ਹੁਣ ਇਹ ਪਤਾ ਲਗਾ ਰਹੀ ਹੈ ਕਿ ਇਸ ਮਾਡਿਊਲ ਵਿੱਚ ਹੋਰ ਕਿਹੜੇ ਮੈਂਬਰ ਸ਼ਾਮਲ ਹਨ। ਮੁਲਜ਼ਮ ਦੇ ਬੈਕਵਰਡ ਅਤੇ ਫਾਰਵਰਡ ਲਿੰਕਾਂ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਪੂਰੇ ਨੈੱਟਵਰਕ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾ ਸਕੇ।

# ਨਹੀਂ ਬਦਲੇਗੀ ਕੇਜਰੀਵਾਲ ਦੀ ਸਿਆਸਤ

**✪ ਰਾਜ ਸਭਾ ਮੈਂਬਰਾਂ ਦੇ ਜਾਣ ਅਤੇ ਵਿਵਾਦਾਂ ਦੇ ਬਾਵਜੂਦ ਆਪਣੇ ਰਾਹ 'ਤੇ ਕਾਇਮ**

**✪ ਵਿਚਾਰਧਾਰਾ ਨੂੰ ਛਿੱਕੇ ਟੰਗ ਕੇਜਰੀਵਾਲ ਦੀ 'ਸੁਪਰ ਫਾਸਟ' ਸਿਆਸਤ: ਕੀ ਸਿਰਫ਼ ਜਿੱਤ ਹੀ ਸਭ ਕੁਝ ਹੈ ?**

**✪ ਕੀ ਮਾਨ ਬਣਨਗੇ ਪੰਜਾਬ ਦੇ 'ਸੁਲਤਾਨ' ਜਾਂ ਕੇਜਰੀਵਾਲ ਦੀ ਰਣਨੀਤੀ ਅੱਗੇ ਹੋਣਗੇ ਢੇਰ**

## ਨਿਊਜ ਸਟੋਰੀ



ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅੱਜਕੱਲ੍ਹ ਕਈ ਸਿਆਸੀ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ, ਪਰ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਉਹ ਆਪਣੀ ਸਿਆਸਤ ਦਾ ਅੰਦਾਜ਼ ਬਦਲਣ ਦੇ ਮੂਡ ਵਿੱਚ ਨਹੀਂ ਹਨ। ਪੰਜਾਬ ਦੇ 6 ਰਾਜ ਸਭਾ ਮੈਂਬਰਾਂ ਅਤੇ ਦਿੱਲੀ ਤੋਂ ਸਵਾਤੀ ਮਾਲੀਵਾਲ ਦੇ ਪਾਰਟੀ ਛੱਡਣ ਵਰਗੀਆਂ ਘਟਨਾਵਾਂ ਦੇ ਬਾਵਜੂਦ ਕੇਜਰੀਵਾਲ ਇਸ ਨੂੰ ਭਾਜਪਾ ਦੇ 'ਆਪ੍ਰੇਸ਼ਨ ਲੋਟਸ' ਵਿਰੁੱਧ ਇੱਕ ਨਵੇਂ ਨੈਰੇਟਿਵ (ਬਿਰਤਾਂਤ) ਵਜੋਂ ਵਰਤ ਰਹੇ ਹਨ। ਜੇਕਰ ਪੰਜਾਬ ਦੇ ਆਮ ਘਰਾਂ ਨੂੰ 300 ਯੂਨਿਟ ਮੁਫ਼ਤ ਬਿਜਲੀ ਮਿਲਦੀ ਰਹੀ ਅਤੇ 'ਆਮ ਆਦਮੀ ਕਲੀਨਿਕ' ਸਫਲਤਾਪੂਰਵਕ ਚੱਲਦੇ ਰਹੇ, ਤਾਂ ਇੱਕ ਵੱਡਾ ਵਰਗ (ਖਾਸ ਕਰਕੇ ਗਰੀਬ ਅਤੇ ਮੱਧ ਵਰਗ) ਇਸ ਨੈਰੇਟਿਵ 'ਤੇ ਭਰੋਸਾ ਕਰੇਗਾ ਕਿ "ਕੰਮ ਤਾਂ ਹੋ ਰਿਹਾ ਹੈ।" ਕੇਜਰੀਵਾਲ ਦਾ ਇਹ ਕਹਿਣਾ ਕਿ "ਮੈਨੂੰ ਇਸ ਲਈ ਤੰਗ ਕੀਤਾ ਜਾ ਰਿਹਾ ਹੈ ਕਿਉਂਕਿ ਮੈਂ ਤੁਹਾਡੇ ਬੱਚਿਆਂ ਲਈ ਸਕੂਲ ਬਣਾ ਰਿਹਾ ਹਾਂ", ਪੰਜਾਬ ਦੇ ਭਾਵੁਕ ਵੋਟਰਾਂ 'ਤੇ ਅਸਰ ਪਾ ਸਕਦਾ ਹੈ, ਬਸ਼ਰਤੇ ਵਿਰੋਧੀ ਧਿਰਾਂ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਨੂੰ ਸਾਬਤ ਨਾ ਕਰ ਸਕਣ। ਜੇਕਰ ਅਕਾਲੀ ਦਲ ਅਤੇ ਕਾਂਗਰਸ ਆਪਣਾ ਗੁਆਚਿਆ ਹੋਇਆ ਭਰੋਸਾ ਮੁੜ ਬਹਾਲ ਨਹੀਂ ਕਰ ਪਾਉਂਦੇ, ਤਾਂ ਲੋਕਾਂ ਕੋਲ 'ਆਪ' 'ਤੇ ਦੁਬਾਰਾ ਭਰੋਸਾ ਕਰਨ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਬਚੇਗਾ।

ਕੇਜਰੀਵਾਲ ਦਾ ਮੰਨਣਾ ਹੈ ਕਿ ਉਨ੍ਹਾਂ ਦੀ 'ਵਿਚਾਰਧਾਰਾ ਵਿਹੀਨ' ਪਰ ਨਤੀਜਾ-ਮੁਖੀ ਰਾਜਨੀਤੀ ਨੇ ਉਨ੍ਹਾਂ ਨੂੰ ਦਿੱਲੀ ਵਿੱਚ ਤਿੰਨ ਵਾਰ ਸੱਤਾ ਅਤੇ ਪੰਜਾਬ ਵਿੱਚ ਪ੍ਰਚੰਡ ਬਹੁਮਤ ਦਿਵਾਇਆ ਸੀ। ਰਿਕਾਰਡ ਸਮੇਂ ਵਿੱਚ ਰਾਸ਼ਟਰੀ ਪਾਰਟੀ ਬਣਨ ਕਾਰਨ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦਾ ਤਰੀਕਾ ਬਿਲਕੁਲ ਸਹੀ ਹੈ। ਗੁਜਰਾਤ ਅਤੇ ਗੋਆ ਵਰਗੇ ਰਾਜਾਂ ਵਿੱਚ ਕਾਂਗਰਸ ਨੂੰ ਨੁਕਸਾਨ ਪਹੁੰਚਾ ਕੇ ਖੁਦ ਨੂੰ ਇੱਕ ਵੱਡੀ ਤਾਕਤ ਵਜੋਂ ਪੇਸ਼ ਕਰਨਾ ਉਨ੍ਹਾਂ ਦੀ ਰਣਨੀਤੀ ਦਾ ਹਿੱਸਾ ਰਿਹਾ ਹੈ।

ਪੰਜਾਬ ਵਿੱਚ ਜਿੱਥੇ ਮੁਕਾਬਲਾ ਮੁੱਖ ਤੌਰ 'ਤੇ ਕਾਂਗਰਸ, ਅਕਾਲੀ ਦਲ ਅਤੇ 'ਵਾਰਿਸ ਪੰਜਾਬ ਦੇ' ਵਰਗੇ ਗਰੁੱਪਾਂ ਨਾਲ ਹੈ, ਉੱਥੇ ਕੇਜਰੀਵਾਲ ਭਾਜਪਾ ਵੱਲੋਂ ਰਾਜ ਸਭਾ ਮੈਂਬਰਾਂ ਨੂੰ ਤੋੜਨ ਦੀ ਕੋਸ਼ਿਸ਼ ਨੂੰ ਪੰਜਾਬ ਵਿੱਚ ਉਨ੍ਹਾਂ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਵਜੋਂ ਪੇਸ਼ ਕਰ ਰਹੇ ਹਨ। ਭਾਵੇਂ ਭਾਜਪਾ ਪੰਜਾਬ ਵਿੱਚ ਹਿੰਦੂ ਵੋਟਾਂ ਦੇ ਸਹਾਰੇ ਆਪਣਾ ਪ੍ਰਯੋਗ ਕਰ ਰਹੀ ਹੈ, ਪਰ ਕੇਜਰੀਵਾਲ ਇਸ ਨੂੰ 'ਆਪ' ਦੀ ਵਧਦੀ ਤਾਕਤ ਤੋਂ ਭਾਜਪਾ ਦਾ ਡਰ ਦੱਸ ਰਹੇ ਹਨ।

ਕੇਜਰੀਵਾਲ ਇਹ ਪ੍ਰਭਾਵ ਦੇ ਰਹੇ ਹਨ ਕਿ ਭਾਜਪਾ ਉਨ੍ਹਾਂ ਦੀ ਵਧਦੀ ਲੋਕਪ੍ਰਿਯਤਾ ਤੋਂ ਡਰਦੀ ਹੈ, ਇਸੇ ਲਈ ਉਨ੍ਹਾਂ ਦੇ ਨੇਤਾਵਾਂ ਨੂੰ ਜੇਲ੍ਹ ਭੇਜਿਆ ਜਾ ਰਿਹਾ ਹੈ ਜਾਂ ਪਾਰਟੀ ਤੋੜੀ ਜਾ ਰਹੀ ਹੈ। ਹਾਲ ਹੀ ਵਿੱਚ ਤਾਮਿਲਨਾਡੂ ਅਤੇ ਹੋਰ ਰਾਜਾਂ ਵਿੱਚ ਕੇਜਰੀਵਾਲ ਨੇ 'ਰਾਜਾਂ ਦੇ ਅਧਿਕਾਰਾਂ' ਦੀ ਗੱਲ ਕਰਕੇ ਭਾਜਪਾ ਨੂੰ ਇੱਕ 'ਕੇਂਦਰੀ ਤਾਨਾਸ਼ਾਹ' ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸੁਆਲ ਇਹ ਹੈ ਕਿ ਕੀ ਭਗਵੰਤ ਮਾਨ ਕੇਜਰੀਵਾਲ ਤੋਂ ਅਲੱਗ ਹੋਣਗੇ ? ਫਿਲਹਾਲ ਭਗਵੰਤ ਮਾਨ ਲਈ ਕੇਜਰੀਵਾਲ ਤੋਂ ਅਲੱਗ ਹੋਣਾ ਜੋਖਮ ਭਰਿਆ ਹੋ ਸਕਦਾ ਹੈ ਕਿਉਂਕਿ ਪੰਜਾਬ ਵਿੱਚ 'ਆਪ' ਦੀ ਪਛਾਣ ਹਾਲੇ ਵੀ ਕੇਜਰੀਵਾਲ ਦੇ ਨਾਮ ਨਾਲ ਜੁੜੀ ਹੋਈ ਹੈ। ਹਾਲਾਂਕਿ, ਜੇਕਰ ਕੇਂਦਰੀ ਆਪ ਲੀਡਰਸ਼ਿਪ ਪੰਜਾਬ ਦੇ ਫੈਸਲਿਆਂ ਵਿੱਚ ਜ਼ਿਆਦਾ ਦਖ਼ਲ ਦਿੰਦੀ ਹੈ, ਤਾਂ ਭਵਿੱਖ ਵਿੱਚ ਮਾਨ ਆਪਣੀ ਇੱਕ ਸੁਤੰਤਰ ਪਛਾਣ ਬਣਾਉਣ ਦੀ ਕੋਸ਼ਿਸ਼ ਜ਼ਰੂਰ ਕਰ ਸਕਦੇ ਹਨ।

ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕੇਜਰੀਵਾਲ ਦੀਆਂ ਮੁੱਖ ਨੀਤੀਆਂ ਇਹ ਹੋ ਸਕਦੀਆਂ ਹਨ।

* ਮੁਫ਼ਤ ਬਿਜਲੀ, ਆਮ ਆਦਮੀ ਕਲੀਨਿਕ ਅਤੇ ਸਕੂਲ ਆਫ਼ ਐਮੀਨੈਂਸ ਵਰਗੀਆਂ ਸਹੂਲਤਾਂ ਨੂੰ ਗਰਾਊਂਡ ਪੱਧਰ 'ਤੇ ਮਜ਼ਬੂਤ ਕਰਨਾ ਤਾਂ ਜੋ ਲੋਕਾਂ ਦਾ ਭਰੋਸਾ ਬਣਿਆ ਰਹੇ।

* ਕੇਜਰੀਵਾਲ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਨਗੇ ਕਿ ਭਾਜਪਾ ਪੰਜਾਬ ਵਿਰੋਧੀ ਹੈ (ਜਿਵੇਂ ਕਿ ਕਿਸਾਨ ਅੰਦੋਲਨ ਜਾਂ ਫੰਡ ਰੋਕਣ ਦੇ ਮੁੱਦੇ)।

* ਰਾਜ ਸਭਾ ਮੈਂਬਰਾਂ ਦੇ ਜਾਣ ਤੋਂ ਬਾਅਦ, ਉਨ੍ਹਾਂ ਦੀ ਪਹਿਲੀ ਕੋਸ਼ਿਸ਼ ਪੰਜਾਬ ਦੇ 92 ਵਿਧਾਇਕਾਂ ਨੂੰ ਇਕਜੁੱਟ ਰੱਖਣ ਦੀ ਹੋਵੇਗੀ ਤਾਂ ਜੋ ਪਾਰਟੀ ਵਿੱਚ ਕੋਈ ਵੱਡੀ ਬਗਾਵਤ ਨਾ ਹੋਵੇ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕੇਜਰੀਵਾਲ ਲਈ ਨੇਤਾ ਕੇਵਲ ਇੱਕ 'ਸੰਦ' (ਟੂਲ) ਵਾਂਗ ਹਨ। ਚਾਹੇ ਉਹ ਪਾਰਟੀ ਦੇ ਮੁੱਢਲੇ ਸਮੇਂ ਦੇ ਵਿਚਾਰਧਾਰਕ ਸਾਥੀ ਹੋਣ (ਜਿਵੇਂ ਅੰਨਾ ਹਜ਼ਾਰੇ ਜਾਂ ਪ੍ਰਸ਼ਾਂਤ ਕਿਸ਼ੋਰ) ਜਾਂ ਮੌਜੂਦਾ ਅਰਬਪਤੀ ਰਾਜ ਸਭਾ ਮੈਂਬਰ, ਕੇਜਰੀਵਾਲ ਨੂੰ ਕਿਸੇ ਦੇ ਜਾਣ ਨਾਲ ਫਰਕ ਪੈਂਦਾ ਨਹੀਂ ਦਿਸਦਾ। ਉਨ੍ਹਾਂ ਦਾ ਭਰੋਸਾ ਆਪਣੇ ਨਿੱਜੀ ਅਕਸ ਅਤੇ ਜ਼ੀਰੋ ਤੋਂ ਨਵਾਂ ਨੈਰੇਟਿਵ ਖੜ੍ਹਾ ਕਰਨ ਦੀ ਸਮਰੱਥਾ 'ਤੇ ਹੈ। ਕੇਜਰੀਵਾਲ ਜਾਣਦੇ ਹਨ ਕਿ ਜੇਕਰ ਪੰਜਾਬ ਹੱਥੋਂ ਨਿਕਲ ਗਿਆ, ਤਾਂ 'ਆਪ' ਦੀ ਕੌਮੀ ਪਛਾਣ ਖ਼ਤਰੇ ਵਿੱਚ ਪੈ ਸਕਦੀ ਹੈ। ਇਸ ਲਈ ਉਹ ਪੰਜਾਬ ਵਿੱਚ ਹੁਣ ਪਹਿਲਾਂ ਨਾਲੋਂ ਜ਼ਿਆਦਾ ਸਰਗਰਮ ਨਜ਼ਰ ਆਉਣਗੇ।

### ਨਿਆਂਪਾਲਿਕਾ ਨਾਲ ਟਕਰਾਅ ਅਤੇ ਸਤਿਆਗ੍ਰਹਿ

ਹੁਣ ਕੇਜਰੀਵਾਲ ਨੇ ਨਿਆਂਪਾਲਿਕਾ ਨਾਲ ਵੀ ਟਕਰਾਅ ਦਾ ਮੋਰਚਾ ਖੋਲ੍ਹ ਦਿੱਤਾ ਹੈ। ਦਿੱਲੀ ਹਾਈ ਕੋਰਟ ਦੀ ਜਸਟਿਸ ਸਵਰਨਕਾਂਤਾ ਸ਼ਰਮਾ ਦੀ ਬੈਂਚ ਨੇ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਕਾਨੂੰਨੀ ਤੌਰ 'ਤੇ ਸਹੀ ਠਹਿਰਾਇਆ ਸੀ ਅਤੇ ਕੁਝ ਸਖ਼ਤ ਟਿੱਪਣੀਆਂ ਕੀਤੀਆਂ ਸਨ। ਕੇਜਰੀਵਾਲ ਅਤੇ ਉਨ੍ਹਾਂ ਦੀ ਟੀਮ ਨੂੰ ਲੱਗਦਾ ਹੈ ਕਿ ਇਹ ਟਿੱਪਣੀਆਂ ਪੱਖਪਾਤੀ ਹਨ, ਜਿਸ ਕਾਰਨ ਉਨ੍ਹਾਂ ਨੇ ਹੁਣ ਸਿੱਧਾ ਅਦਾਲਤੀ ਪ੍ਰਕਿਰਿਆ 'ਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਸ਼ਰਾਬ ਨੀਤੀ ਮਾਮਲੇ ਵਿੱਚ ਹਾਈ ਕੋਰਟ ਦੇ ਫੈਸਲਿਆਂ ਵਿਰੁੱਧ ਹੁਣ ਉਹ ਸਤਿਆਗ੍ਰਹਿ ਦੇ ਰਾਹ 'ਤੇ ਹਨ। ਸਤਿਆਗ੍ਰਹਿ ਰਾਹੀਂ ਕੇਜਰੀਵਾਲ ਇਹ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਨਹੀਂ, ਸਗੋਂ ਸਿਆਸੀ ਸਾਜ਼ਿਸ਼ ਤਹਿਤ ਫਸਾਇਆ ਗਿਆ ਹੈ। ਉਹ ਮੌਜੂਦਾ ਵਿਵਸਥਾ ਨੂੰ ਅੰਗਰੇਜ਼ਾਂ ਦੇ ਜ਼ਮਾਨੇ ਵਰਗੀ ਦੱਸ ਕੇ ਜਨਤਾ ਵਿੱਚ ਜਾਣ ਦੀ ਕੋਸ਼ਿਸ਼ ਕਰ ਰਹੇ ਹਨ। 'ਆਪ' ਦਾ ਕਹਿਣਾ ਹੈ ਕਿ ਕਰੋੜਾਂ ਦੇ ਘੁਟਾਲੇ ਦੇ ਇਲਜ਼ਾਮ ਲੱਗੇ ਹਨ, ਪਰ ਅਜੇ ਤੱਕ ਇੱਕ ਰੁਪਿਆ ਵੀ ਬਰਾਮਦ ਨਹੀਂ ਹੋਇਆ।ਉਹ ਦਲੀਲ ਦਿੰਦੇ ਹਨ ਕਿ ਗਵਾਹਾਂ 'ਤੇ ਦਬਾਅ ਪਾ ਕੇ ਜਾਂ ਉਨ੍ਹਾਂ ਨੂੰ ਲਾਲਚ (ਜ਼ਮਾਨਤ) ਦੇ ਕੇ ਕੇਜਰੀਵਾਲ ਦੇ ਖਿਲਾਫ ਬਿਆਨ ਦਿਵਾਏ ਗਏ ਹਨ। ਚੋਣਾਂ ਦੇ ਨੇੜੇ ਹੋਈ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਉਹ ਸਿਆਸੀ ਬਦਲਾਖੋਰੀ ਮੰਨਦੇ ਹਨ। ਜਾਂਚ ਏਜੰਸੀਆਂ (ਈਜੀ/ ਸੀਬੀਆਈ) ਦਾ ਕਹਿਣਾ ਹੈ ਕਿ ਸ਼ਰਾਬ ਨੀਤੀ ਨੂੰ ਜਾਣਬੁੱਝ ਕੇ ਅਜਿਹੇ ਤਰੀਕੇ ਨਾਲ ਬਦਲਿਆ ਗਿਆ ਸੀ ਜਿਸ ਨਾਲ ਖਾਸ ਕਾਰੋਬਾਰੀਆਂ ਨੂੰ ਫਾਇਦਾ ਹੋਵੇ ਅਤੇ ਬਦਲੇ ਵਿੱਚ ਰਿਸ਼ਵਤ ਲਈ ਜਾ ਸਕੇ। ਕਈ ਹੇਠਲੀਆਂ ਅਦਾਲਤਾਂ ਅਤੇ ਹਾਈ ਕੋਰਟ ਨੇ ਕੇਸ ਦੀ ਫਾਈਲ ਦੇਖਣ ਤੋਂ ਬਾਅਦ ਮੰਨਿਆ ਹੈ ਕਿ ਗ੍ਰਿਫ਼ਤਾਰੀ ਲਈ 'ਪੁਖ਼ਤਾ ਆਧਾਰ' ਮੌਜੂਦ ਹਨ। ਜੇਕਰ ਉਹ ਪੂਰੀ ਤਰ੍ਹਾਂ ਨਿਰਦੋਸ਼ ਹੁੰਦੇ, ਤਾਂ ਉੱਚ ਅਦਾਲਤਾਂ ਹੁਣ ਤੱਕ ਰਾਹਤ ਦੇ ਸਕਦੀਆਂ ਸਨ।

ਕੇਜਰੀਵਾਲ "ਸੱਚੇ" ਹਨ ਜਾਂ ਨਹੀਂ, ਇਸ ਦਾ ਅੰਤਿਮ ਫੈਸਲਾ ਅਦਾਲਤ ਹੀ ਕਰੇਗੀ ਜਦੋਂ ਮੁਕੱਦਮਾ ਪੂਰਾ ਹੋਵੇਗਾ। ਪਰ ਸਿਆਸੀ ਤੌਰ 'ਤੇ, ਕੇਜਰੀਵਾਲ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ "ਸੱਚਾਈ" ਸਿਰਫ਼ ਕਾਨੂੰਨੀ ਕਾਗਜ਼ਾਂ ਵਿੱਚ ਨਹੀਂ, ਸਗੋਂ ਲੋਕਾਂ ਦੇ ਵਿਸ਼ਵਾਸ ਵਿੱਚ ਹੁੰਦੀ ਹੈ।

ਅਰਵਿੰਦ ਕੇਜਰੀਵਾਲ ਰਵਾਇਤੀ ਰਾਜਨੀਤੀ ਦੇ ਰਸਤੇ 'ਤੇ ਚੱਲਣ ਵਾਲੇ ਨੇਤਾ ਨਹੀਂ ਹਨ। ਉਹ ਸਿਆਸੀ ਟਕਰਾਅ ਅਤੇ ਜੋਖਮ ਲੈਣ ਦੀ ਨੀਤੀ ਨੂੰ ਹੀ ਆਪਣੀ ਸਭ ਤੋਂ ਵੱਡੀ ਤਾਕਤ ਮੰਨਦੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਉਨ੍ਹਾਂ ਦੇ ਇਸੇ ਅੰਦਾਜ਼ ਵਿੱਚ ਬਣੇ ਰਹਿਣ ਦੀ ਸੰਭਾਵਨਾ ਹੈ।

# ਸਕੂਲ ਪ੍ਰਿੰਸੀਪਲ ਦੇ ਤਸ਼ੱਦਦ ਤੋਂ ਪ੍ਰੇਸ਼ਾਨ 11ਵੀਂ ਦੇ ਵਿਦਿਆਰਥੀ ਨੇ ਕੀਤੀ ਖੁਦਕੁਸ਼ੀ, ਕੇਸ ਦਰਜ

## ✪ ਪਰਿਵਾਰ ਨੇ ਸਿਹਰਾ ਸਜਾ ਕੇ ਦਿੱਤੀ ਅੰਤਿਮ ਵਿਦਾਇਗੀ

ਭੈਣੀ ਮੀਆਂ ਖਾਂ (ਗੁਰਦਾਸਪੁਰ)-ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਝੰਡਾ ਲੁਬਾਣਾ ਵਿੱਚ ਉਸ ਵੇਲੇ ਮਾਤਮ ਪਸਰ ਗਿਆ, ਜਦੋਂ ਇੱਕ 15 ਸਾਲਾ ਵਿਦਿਆਰਥੀ ਨਵਜੋਤ ਸਿੰਘ ਨੇ ਸਕੂਲ ਪ੍ਰਬੰਧਨ ਦੀਆਂ ਵਧੀਕੀਆਂ ਤੋਂ ਤੰਗ ਆ ਕੇ ਆਪਣੀ ਜੀਵਨ ਲੀਲ੍ਹਾ ਖ਼ਤਮ ਕਰ ਲਈ। ਮ੍ਰਿਤਕ ਨਵਜੋਤ ਦਸੂਹਾ ਦੇ ਇੱਕ ਨਾਮੀ ਪ੍ਰਾਈਵੇਟ ਸਕੂਲ ਵਿੱਚ 11ਵੀਂ ਜਮਾਤ ਦਾ ਵਿਦਿਆਰਥੀ ਸੀ। ਪਰਿਵਾਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਹ ਮਾਮਲਾ 27 ਅਪ੍ਰੈਲ ਨੂੰ ਸ਼ੁਰੂ ਹੋਇਆ ਸੀ।

ਦੱਸਿਆ ਜਾ ਰਿਹਾ ਹੈ ਕਿ ਸਕੂਲ ਪ੍ਰਿੰਸੀਪਲ ਨੇ ਕਿਸੇ ਮਾਮੂਲੀ ਗਲਤੀ ਕਾਰਨ ਨਵਜੋਤ ਨੂੰ ਸਖ਼ਤ ਸਜ਼ਾ ਦਿੱਤੀ। ਉਸ ਨੂੰ ਲਗਾਤਾਰ ਦੋ ਪੀਰੀਅਡ ਕੜਕਦੀ ਧੁੱਪ ਵਿੱਚ ਖੜ੍ਹਾ ਰੱਖਿਆ ਗਿਆ। ਇਸ ਜ਼ਲਾਲਤ ਕਾਰਨ ਨਵਜੋਤ ਕਾਫੀ ਮਾਨਸਿਕ ਪ੍ਰੇਸ਼ਾਨੀ ਵਿੱਚ ਸੀ, ਜਿਸ ਤੋਂ ਬਾਅਦ ਉਸ ਨੇ ਕੋਈ ਜ਼ਹਿਰੀਲੀ



ਦਵਾਈ ਨਿਗਲ ਲਈ। ਕਈ ਦਿਨਾਂ ਤੱਕ ਹਸਪਤਾਲ ਵਿੱਚ ਮੌਤ ਨਾਲ ਲੜਨ ਤੋਂ ਬਾਅਦ, ਆਖ਼ਰਕਾਰ ਨਵਜੋਤ ਸਿੰਘ ਦੀ ਮੌਤ ਹੋ ਗਈ।

ਨਵਜੋਤ ਦੀ ਮੌਤ ਤੋਂ ਬਾਅਦ ਪਿੰਡ ਵਿੱਚ ਮਾਹੌਲ ਬੇਹੱਦ ਗਮਗੀਨ ਸੀ। ਪਰਿਵਾਰ ਨੇ ਆਪਣੇ ਜਵਾਨ ਪੁੱਤ ਦੀ ਅਰਥੀ ਨੂੰ ਸਿਹਰੇ ਨਾਲ ਸਜਾ ਕੇ ਅੰਤਿਮ ਸਸਕਾਰ ਲਈ ਤੋਰਿਆ। ਸਸਕਾਰ ਮੌਕੇ ਪਹੁੰਚੇ ਸਕੂਲ ਦੇ ਹੋਰ ਵਿਦਿਆਰਥੀਆਂ ਨੇ ਵੀ ਸਕੂਲ ਪ੍ਰਬੰਧਨ ਦੇ ਮਾੜੇ ਵਤੀਰੇ ਅਤੇ ਵਧੀਕੀਆਂ ਦੇ ਖੁਲਾਸੇ ਕੀਤੇ। ਵਿਦਿਆਰਥੀਆਂ ਅਤੇ ਪੀੜਤ ਪਰਿਵਾਰ ਨੇ ਮੰਗ ਕੀਤੀ ਹੈ ਕਿ ਸਕੂਲ ਪ੍ਰਬੰਧਨ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਕਿਸੇ ਹੋਰ ਬੱਚੇ ਨਾਲ ਅਜਿਹਾ ਨਾ ਹੋਵੇ।

ਇਸ ਦੁਖਦਾਈ ਮਾਮਲੇ 'ਤੇ ਕਾਰਵਾਈ ਕਰਦੇ ਹੋਏ ਭੈਣੀ ਮੀਆਂ ਖਾਂ ਦੇ ਡੀ.ਐਸ.ਪੀ. ਕੁਲਵੰਤ ਸਿੰਘ ਮਾਨ ਨੇ ਪੁਸ਼ਟੀ ਕੀਤੀ ਹੈ ਕਿ ਪੁਲਿਸ ਵੱਲੋਂ ਸਕੂਲ ਪ੍ਰਬੰਧਕਾਂ ਦੇ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

### ਪੈਸਿਆਂ ਦੇ ਲਾਲਚ 'ਚ ਪੁੱਤ ਬਣਿਆ ਜਲਾਦ

# ਮਾਂ ਦਾ ਬੇਰਹਿਮੀ ਨਾਲ ਕਤਲ

ਅੰਮ੍ਰਿਤਸਰ/ਜੰਡਿਆਲਾ ਗੁਰੂ-ਅੰਮ੍ਰਿਤਸਰ ਦੇ ਹਲਕਾ ਜੰਡਿਆਲਾ ਅਧੀਨ ਪੈਂਦੇ ਪਿੰਡ ਤਨੇਲ ਤੋਂ ਇੱਕ ਅਜਿਹੀ ਖ਼ਬਰ ਸਾਹਮਣੇ ਆਈ ਹੈ ਜਿਸ ਨੇ ਇਨਸਾਨੀਅਤ ਨੂੰ ਸ਼ਰਮਸਾਰ ਕਰ ਦਿੱਤਾ ਹੈ। ਇੱਥੇ ਇੱਕ ਕਲਯੁਗੀ ਪੁੱਤ ਨੇ ਮਮਤਾ ਦਾ ਕਤਲ ਕਰਦਿਆਂ ਆਪਣੀ ਹੀ ਮਾਂ ਦੀ ਜਾਨ ਲੈ ਲਈ। ਇਸ ਖ਼ੌਫਨਾਕ ਵਾਰਦਾਤ ਤੋਂ ਬਾਅਦ ਪੂਰੇ ਇਲਾਕੇ ਵਿੱਚ ਸੋਗ ਅਤੇ ਦਹਿਸ਼ਤ ਦੀ ਲਹਿਰ ਦੌੜ ਗਈ ਹੈ ਜਾਣਕਾਰੀ ਅਨੁਸਾਰ ਮ੍ਰਿਤਕ ਔਰਤ ਦਾ ਪਤੀ ਭਾਰਤੀ ਫੌਜ ਵਿੱਚ ਸੇਵਾ ਨਿਭਾਉਂਦਾ ਸੀ, ਜਿਸ ਦੀ ਕਰੀਬ ਪੰਜ ਸਾਲ ਪਹਿਲਾਂ ਮੌਤ ਹੋ ਚੁੱਕੀ ਸੀ। ਫੌਜੀ ਦੀ ਮੌਤ ਤੋਂ ਬਾਅਦ ਪਰਿਵਾਰ ਨੂੰ ਮਿਲੇ ਲੱਖਾਂ ਰੁਪਏ ਦੇ ਮੁਆਵਜ਼ੇ ਅਤੇ ਪੈਨਸ਼ਨ ਦੇ ਪੈਸਿਆਂ ਨੂੰ ਲੈ ਕੇ ਘਰ ਵਿੱਚ ਲਗਾਤਾਰ ਵਿਵਾਦ ਚੱਲ ਰਿਹਾ ਸੀ। ਪਰਿਵਾਰਕ ਮੈਂਬਰਾਂ ਨੇ ਇਸ ਕਤਲ ਪਿੱਛੇ ਪੈਸਿਆਂ ਦੇ ਲਾਲਚ ਦੇ ਨਾਲ-ਨਾਲ ਬਾਹਰੀ ਉਕਸਾਵੇ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਹੈ। ਦੋਸ਼ ਹੈ ਕਿ ਮੁਲਜ਼ਮ ਮੁੰਡੇ ਦਾ ਫੁੱਫੜ ਉਸ ਨੂੰ ਲਗਾਤਾਰ ਆਪਣੀ ਮਾਂ ਦੇ ਖਿਲਾਫ ਭੜਕਾਉਂਦਾ ਰਹਿੰਦਾ ਸੀ। ਬੀਤੇ ਦਿਨ ਮੁਲਜ਼ਮ ਕਰਮਵੀਰ ਨੇ ਆਪਣੀ ਮਾਂ ਨੂੰ ਘਰ ਬੁਲਾਇਆ। ਦੁਪਹਿਰੇ ਘਰ ਦੇ ਦਰਵਾਜ਼ੇ ਅੰਦਰੋਂ ਬੰਦ ਕਰਕੇ ਉਸ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਕਰਮਵੀਰ ਨੇ ਪਹਿਲਾਂ ਚੁੰਨੀ ਨਾਲ ਮਾਂ ਦਾ ਗਲਾ ਘੁੱਟਿਆ ਅਤੇ ਫਿਰ ਸਿਰ 'ਤੇ ਘਾਤਕ ਵਾਰ ਕੀਤੇ, ਜਿਸ ਨਾਲ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਹੈਰਾਨੀ ਦੀ ਗੱਲ ਇਹ ਰਹੀ ਕਿ ਮੌਕੇ 'ਤੇ ਮੌਜੂਦ ਪੁਲਸ ਅਧਿਕਾਰੀ ਮੀਡੀਆ ਦੇ ਸਵਾਲਾਂ ਤੋਂ ਬਚਦੇ ਨਜ਼ਰ ਆਏ। ਪੁਲਸ ਦਾ ਕਹਿਣਾ ਹੈ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਉੱਚ ਅਧਿਕਾਰੀ ਇਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਨਗੇ। ਪੀੜਤ ਪਰਿਵਾਰ ਹੁਣ ਇਨਸਾਫ਼ ਦੀ ਮੰਗ ਕਰ ਰਿਹਾ ਹੈ। ਪੂਰਾ ਪਿੰਡ ਇਸ ਘਟਨਾ ਤੋਂ ਹੈਰਾਨ ਹੈ ਕਿ ਕਿਵੇਂ ਇੱਕ ਪੁੱਤ ਸਿਰਫ਼ ਪੈਸਿਆਂ ਦੇ ਲਾਲਚ ਵਿੱਚ ਆ ਕੇ ਆਪਣੀ ਉਸ ਮਾਂ ਦਾ ਕਾਤਲ ਬਣ ਗਿਆ ਜਿਸ ਨੇ ਉਸ ਨੂੰ ਪਾਲ-ਪੋਸ ਕੇ ਵੱਡਾ ਕੀਤਾ ਸੀ।

# ਪੰਜਾਬ ਪੁਲਿਸ ਦਾ 'ਏਆਈ' ਹਥਿਆਰ: "ਵੌਇਸ ਬੈਂਕ" ਰਾਹੀਂ ਵਿਦੇਸ਼ਾਂ ਵਿਚ ਬੈਠੇ ਗੈਂਗਸਟਰਾਂ 'ਤੇ ਕੱਸਿਆ ਜਾਵੇਗਾ ਸ਼ਿਕੰਜਾ

ਚੰਡੀਗੜ੍ਹ/ਮੋਹਾਲੀ-ਪੰਜਾਬ ਵਿੱਚ ਗੈਂਗਸਟਰ ਕਲਚਰ ਅਤੇ ਸਰਹੱਦੋਂ ਪਾਰੋਂ ਚੱਲ ਰਹੇ ਅਪਰਾਧਿਕ ਨੈੱਟਵਰਕ ਨੂੰ ਖ਼ਤਮ ਕਰਨ ਲਈ ਪੰਜਾਬ ਪੁਲਿਸ ਨੇ ਹੁਣ ਆਧੁਨਿਕ ਤਕਨਾਲੋਜੀ ਦਾ ਸਹਾਰਾ ਲਿਆ ਹੈ। "ਗੈਂਗਸਟਰ ਟੂ ਵਾਰ" ਮੁਹਿੰਮ ਦੇ ਤਹਿਤ ਪੁਲਿਸ ਨੇ ਪੰਜਾਬ ਆਰਟੀਫੀਸ਼ੀਅਲ ਇੰਟੈਲੀਜੈਂਸ ਸਿਸਟਮ ਨੂੰ ਸਰਗਰਮ ਕਰ ਦਿੱਤਾ ਹੈ, ਜੋ ਅਪਰਾਧੀਆਂ ਦੀ ਪਛਾਣ ਕਰਨ ਵਿੱਚ ਮੀਲ ਦਾ ਪੱਥਰ ਸਾਬਤ ਹੋ ਰਿਹਾ ਹੈ।

ਪੁਲਿਸ ਨੇ ਇੱਕ ਵਿਸ਼ਾਲ ਵੌਇਸ ਬੈਂਕ ਤਿਆਰ ਕੀਤਾ ਹੈ ਜਿਸ ਵਿੱਚ 84,000 ਤੋਂ ਵੱਧ ਸ਼ੱਕੀ ਅਪਰਾਧੀਆਂ ਦੀਆਂ ਆਵਾਜ਼ਾਂ ਦੇ ਨਮੂਨੇ ਮੌਜੂਦ ਹਨ। ਇਸ ਪ੍ਰਣਾਲੀ ਦੀ ਖ਼ਾਸੀਅਤ ਇਹ ਹੈ: ਕਿਸੇ ਵੀ ਫਿਰੌਤੀ ਦੀ ਕਾਲ ਜਾਂ ਆਡੀਓ ਮੈਸੇਜ ਨੂੰ ਮਿੰਟਾਂ ਵਿੱਚ ਇਸ ਡੇਟਾਬੇਸ ਨਾਲ ਮਿਲਾ ਕੇ ਅਪਰਾਧੀ ਦੀ ਪਛਾਣ ਕੀਤੀ ਜਾ ਸਕਦੀ ਹੈ। ਪੀਏਆਈਐਸ ਕੋਲ ਲਗਭਗ 3,90,000 ਅਪਰਾਧੀਆਂ ਦਾ ਪੂਰਾ ਰਿਕਾਰਡ ਹੈ, ਜਿਸ ਵਿੱਚ ਉਨ੍ਹਾਂ ਦੇ ਪੁਰਾਣੇ ਗੈਂਗ ਕਨੈਕਸ਼ਨ ਵੀ ਸ਼ਾਮਲ ਹਨ।

ਸਿਸਟਮ ਦੀ ਸਭ ਤੋਂ ਅਹਿਮ ਵਿਸ਼ੇਸ਼ਤਾ "ਗੈਂਗ ਟ੍ਰੀ ਸਰਚ" ਹੈ। ਇਹ ਜਾਂਚ ਏਜੰਸੀਆਂ ਨੂੰ ਇਹ ਸਮਝਣ ਵਿੱਚ ਮਦਦ ਕਰਦੀ ਹੈ ਕਿ ਕਿਵੇਂ ਇੱਕ ਸਥਾਨਕ ਪੱਧਰ ਦਾ ਅਪਰਾਧੀ ਵਿਦੇਸ਼ਾਂ ਵਿੱਚ ਬੈਠੇ ਮਾਸਟਰਮਾਈਂਡਾਂ ਨਾਲ ਜੁੜਿਆ ਹੋਇਆ ਹੈ।

ਮੌਜੂਦਾ ਅੰਕੜਿਆਂ ਅਨੁਸਾਰ ਪੰਜਾਬ ਦੇ ਕਰੀਬ 60 ਬਦਨਾਮ ਗੈਂਗਸਟਰ ਕੈਨੇਡਾ, ਅਮਰੀਕਾ ਅਤੇ ਇਟਲੀ ਵਰਗੇ ਦੇਸ਼ਾਂ ਤੋਂ ਅਪਰਾਧ ਚਲਾ ਰਹੇ ਹਨ। ਇਹ ਗੈਂਗਸਟਰ ਏਨਕ੍ਰਿਪਟਡ ਐਪਸ ਅਤੇ ਵਰਚੁਅਲ ਨੰਬਰਾਂ ਦੀ ਵਰਤੋਂ ਕਰਦੇ ਹਨ, ਜਿਨ੍ਹਾਂ ਨੂੰ ਹੁਣ ਏਆਈ ਰਾਹੀਂ ਟਰੈਕ ਕਰਨਾ ਸੌਖਾ ਹੋ ਗਿਆ ਹੈ।

ਐਡਜੀਪੀ ਪ੍ਰਮੋਦ ਬਾਨ ਨੇ ਦੱਸਿਆ ਕਿ "ਇਹ ਤਕਨਾਲੋਜੀ ਸਿਰਫ਼ ਅਪਰਾਧ ਤੋਂ ਬਾਅਦ ਜਾਂਚ ਵਿੱਚ ਹੀ ਨਹੀਂ, ਸਗੋਂ ਅਪਰਾਧ ਨੂੰ ਰੋਕਣ ਵਿੱਚ ਵੀ ਮਦਦਗਾਰ ਹੈ। ਅਸੀਂ ਵਿਦੇਸ਼ੀ ਹੈਂਡਲਰਾਂ ਅਤੇ ਸਥਾਨਕ ਨੌਜਵਾਨਾਂ ਵਿਚਕਾਰ ਹੋ ਰਹੀ ਗੱਲਬਾਤ ਨੂੰ ਟਰੈਕ ਕਰਕੇ ਕਈ ਸੰਭਾਵੀ ਹਮਲਿਆਂ ਨੂੰ ਵਾਪਰਨ ਤੋਂ ਪਹਿਲਾਂ ਹੀ ਨਾਕਾਮ ਕੀਤਾ ਹੈ।"

### ਅੰਤਰਰਾਸ਼ਟਰੀ ਪੱਧਰ 'ਤੇ ਕਾਰਵਾਈ

ਪੁਲਿਸ ਨੇ ਪੀਏਆਈਐਸ ਵਿੱਚ ਇੱਕ ਭਗੌੜੇ ਟਰੈਕਿੰਗ ਸੈੱਲ ਨੂੰ ਵੀ ਜੋੜਿਆ ਹੈ। ਇਹ ਸੈੱਲ ਇੰਟਰਪੋਲ ਵਰਗੀਆਂ ਅੰਤਰਰਾਸ਼ਟਰੀ ਏਜੰਸੀਆਂ ਨਾਲ ਤਾਲਮੇਲ ਕਰਕੇ ਵਿਦੇਸ਼ਾਂ ਵਿੱਚ ਲੁਕੇ ਅਪਰਾਧੀਆਂ ਦੀ ਹਵਾਲਗੀ ਦੀ ਪ੍ਰਕਿਰਿਆ ਨੂੰ ਤੇਜ਼ ਕਰੇਗਾ। ਇਸ ਰਣਨੀਤੀ ਨਾਲ ਪੁਲਿਸ ਹੁਣ ਸਿਰਫ਼ ਅਪਰਾਧੀ ਨੂੰ ਹੀ ਨਹੀਂ, ਸਗੋਂ ਫੰਡਿੰਗ ਅਤੇ ਯੋਜਨਾਬੰਦੀ ਕਰਨ ਵਾਲੇ ਪੂਰੇ ਨੈੱਟਵਰਕ ਨੂੰ ਇੱਕੋ ਸਮੇਂ ਨਿਸ਼ਾਨੇ 'ਤੇ ਲੈ ਰਹੀ ਹੈ।

# ਦੇਸ਼ ਵਿਚ ਰੇਲ ਗੱਡੀਆਂ ਨੂੰ ਉਡਾਉਣ ਦੀ ਧਮਕੀ; ਕੇਜੀਐਫ ਮੁਖੀ ਰਣਜੀਤ ਸਿੰਘ ਨੀਟਾ ਨੇ ਜਾਰੀ ਕੀਤਾ ਆਡੀਓ ਸੁਨੇਹਾ

ਅੰਮ੍ਰਿਤਸਰ-ਪਾਕਿਸਤਾਨ ਦੇ ਲਾਹੌਰ ਤੋਂ ਸਰਗਰਮ 'ਖ਼ਾਲਿਸਤਾਨ ਜ਼ਿੰਦਾਬਾਦ ਫੋਰਸ' ਦੇ ਮੁਖੀ ਰਣਜੀਤ ਸਿੰਘ ਨੀਟਾ ਉਰਫ਼ ਰਣਜੀਤ ਸਿੰਘ ਜੰਮੂ ਨੇ ਭਾਰਤ ਵਿੱਚ ਵੱਡੇ ਖਾੜਕੂ ਹਮਲੇ ਕਰਨ ਦੀ ਧਮਕੀ ਦਿੱਤੀ ਹੈ। ਇੱਕ ਤਾਜ਼ਾ ਆਡੀਓ ਸੁਨੇਹਾ ਜਾਰੀ ਕਰਦਿਆਂ ਨੀਟਾ ਨੇ ਦਾਅਵਾ ਕੀਤਾ ਹੈ ਕਿ ਅਗਲੇ 10 ਦਿਨਾਂ ਦੇ ਅੰਦਰ ਭਾਰਤ ਦੀਆਂ ਵੱਖ-ਵੱਖ ਯਾਤਰੂ ਰੇਲ ਗੱਡੀਆਂ ਵਿੱਚ ਬੰਬ ਧਮਾਕੇ ਕੀਤੇ ਜਾਣਗੇ। ਰਣਜੀਤ ਸਿੰਘ ਨੀਟਾ ਨੇ ਇਸ ਧਮਕੀ ਪਿੱਛੇ ਸ਼ੰਭੂ-ਅੰਬਾਲਾ ਰੇਲ ਮਾਰਗ 'ਤੇ ਹੋਏ ਹਾਲੀਆ ਧਮਾਕੇ ਨੂੰ ਆਧਾਰ ਬਣਾਇਆ ਹੈ। ਨੀਟਾ ਨੇ ਤਰਨਤਾਰਨ ਦੇ ਪਿੰਡ ਪੰਜਵੜ ਦੇ ਨਿਵਾਸੀ ਜਗਰੂਪ ਸਿੰਘ ਦੀ ਮੌਤ ਲਈ ਭਾਰਤੀ ਸੁਰੱਖਿਆ ਏਜੰਸੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਨੀਟਾ ਦਾ ਦਾਅਵਾ ਹੈ ਕਿ ਇਹ ਕੋਈ ਹਾਦਸਾ ਨਹੀਂ ਸੀ, ਸਗੋਂ ਭਾਰਤੀ ਸੁਰੱਖਿਆ ਏਜੰਸੀਆਂ ਦੁਆਰਾ ਜਾਣਬੁੱਝ ਕੇ ਕੀਤੀ ਗਈ ਇੱਕ ਕਾਰਵਾਈ ਸੀ। ਉਸ ਨੇ ਭਾਰਤੀ ਸਰਕਾਰ



ਅਤੇ ਸੁਰੱਖਿਆ ਏਜੰਸੀਆਂ ਨੂੰ ਚੌਕੰਨੇ ਰਹਿਣ ਦੀ ਚੁਣੌਤੀ ਦਿੱਤੀ ਹੈ।

ਕੌਣ ਹੈ ਰਣਜੀਤ ਸਿੰਘ ਨੀਟਾ?-ਖਾਲਿਸਤਾਨ ਜ਼ਿੰਦਾਬਾਦ ਫੋਰਸ ਦਾ ਮੁਖੀ ਰਣਜੀਤ ਸਿੰਘ ਨੀਟਾ (ਪੁੱਤਰ ਦਰਸ਼ਨ ਸਿੰਘ) ਭਾਰਤ ਸਰਕਾਰ ਦੀ 'ਮੋਸਟ ਵਾਂਟੇਡ' ਸੂਚੀ ਵਿੱਚ ਸ਼ਾਮਿਲ ਹੈ। ਮੂਲ ਰੂਪ ਵਿੱਚ ਜੰਮੂ ਦਾ ਰਹਿਣ ਵਾਲਾ ਹੈ। ਮੌਜੂਦਾ ਰਿਹਾਇਸ਼ ਲਾਹੌਰ (ਪਾਕਿਸਤਾਨ) ਵਿਚ ਹੈ। ਭਾਰਤੀ ਗ੍ਰਹਿ ਮੰਤਰਾਲੇ ਦੇ ਅੰਕੜਿਆਂ ਮੁਤਾਬਕ, ਨੀਟਾ ਪਹਿਲਾਂ ਵੀ ਕਈ ਰੇਲ ਅਤੇ ਬੱਸ ਧਮਾਕਿਆਂ ਵਿੱਚ ਸ਼ਾਮਿਲ ਰਿਹਾ ਹੈ-ਦਸੰਬਰ 1996: ਅੰਬਾਲਾ ਨੇੜੇ ਜਿਹਲਮ ਐਕਸਪ੍ਰੈੱਸ ਵਿੱਚ ਧਮਾਕਾ। 1997: ਪਠਾਨਕੋਟ ਵਿੱਚ ਦੋ ਬੱਸਾਂ ਵਿੱਚ ਧਮਾਕੇ। ਜੂਨ 1998: ਸ਼ਾਲੀਮਾਰ ਐਕਸਪ੍ਰੈੱਸ ਵਿੱਚ ਧਮਾਕਾ। ਨਵੰਬਰ 1999: ਪਠਾਨਕੋਟ ਕੋਲ ਪੂਜਾ ਐਕਸਪ੍ਰੈੱਸ ਵਿੱਚ ਧਮਾਕਾ। ਫ਼ਰਵਰੀ 2000: ਸਿਆਲਦਾ ਐਕਸਪ੍ਰੈੱਸ ਵਿੱਚ ਹੋਇਆ ਧਮਾਕਾ।

# ਅਮਰੀਕਾ ਵਿੱਚ ਸ਼ਰਨ ਮੰਗਣ ਵਾਲਿਆਂ ਲਈ ਮੁਸ਼ਕਲਾਂ ਵਧੀਆਂ

## ✪ ਵੀਜ਼ਾ ਨਿਯਮਾਂ ਵਿਚ ਵੱਡਾ ਬਦਲਾਅ ਹੋਏ

ਵਾਸ਼ਿੰਗਟਨ-ਅਮਰੀਕਾ ਜਾਣ ਦੇ ਚਾਹਵਾਨਾਂ ਅਤੇ ਉੱਥੇ ਸ਼ਰਨ ਮੰਗਣ ਵਾਲਿਆਂ ਲਈ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਆਪਣੀ ਵੀਜ਼ਾ ਪ੍ਰਣਾਲੀ ਵਿੱਚ ਸਖ਼ਤ ਬਦਲਾਅ ਕੀਤੇ ਹਨ, ਜਿਸ ਦਾ ਮੁੱਖ ਉਦੇਸ਼ ਗਲਤ ਜਾਣਕਾਰੀ ਦੇ ਕੇ ਸ਼ਰਨ ਪ੍ਰਾਪਤ ਕਰਨ ਵਾਲਿਆਂ ਨੂੰ ਰੋਕਣਾ ਹੈ। ਨਵੇਂ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਹੁਣ ਕੌਂਸਲਰ ਅਫਸਰਾਂ ਨੂੰ ਵੀਜ਼ਾ ਇੰਟਰਵਿਊ ਦੌਰਾਨ ਵਧੇਰੇ ਸਾਵਧਾਨੀ ਵਰਤਣ ਦੇ ਨਿਰਦੇਸ਼ ਦਿੱਤੇ ਗਏ ਹਨ। ਜੇਕਰ ਕੋਈ ਬਿਨੈਕਾਰ ਆਪਣੇ ਦੇਸ਼ ਵਾਪਸ ਜਾਣ 'ਤੇ ਖ਼ਤਰੇ ਜਾਂ ਦੁਰਵਿਵਹਾਰ ਦਾ ਡਰ ਜ਼ਾਹਰ ਕਰਦਾ ਹੈ, ਤਾਂ ਉਸ ਦੀ ਅਰਜ਼ੀ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ। ਹੁਣ ਵੀਜ਼ਾ ਇੰਟਰਵਿਊ ਦੌਰਾਨ ਦੋ ਸਵਾਲ ਪੁੱਛਣੇ ਲਾਜ਼ਮੀ ਕਰ ਦਿੱਤੇ ਗਏ ਹਨ, ਜੋ ਇਹ ਤੈਅ ਕਰਨਗੇ ਕਿ ਬਿਨੈਕਾਰ ਨੂੰ ਵੀਜ਼ਾ ਮਿਲੇਗਾ ਜਾਂ ਨਹੀਂ। ਕੀ ਤੁਹਾਨੂੰ ਪਹਿਲਾਂ ਆਪਣੇ ਦੇਸ਼ ਵਿੱਚ ਕਦੇ ਕੋਈ ਸਰੀਰਕ ਨੁਕਸਾਨ ਜਾਂ ਦੁਰਵਿਵਹਾਰ ਦਾ ਸਾਹਮਣਾ ਕਰਨਾ ਪਿਆ ਹੈ? ਕੀ ਤੁਹਾਨੂੰ ਆਪਣੇ ਦੇਸ਼ ਵਾਪਸ ਪਰਤਣ 'ਤੇ ਕਿਸੇ ਕਿਸਮ ਦੇ ਨੁਕਸਾਨ ਜਾਂ ਦੁਰਵਿਵਹਾਰ ਦਾ ਡਰ ਹੈ। ਜੇਕਰ ਬਿਨੈਕਾਰ ਇਹ ਸਾਬਤ ਨਹੀਂ ਕਰ ਸਕਦਾ ਕਿ ਉਹ ਅਸਲ ਵਿੱਚ ਖ਼ਤਰੇ ਵਿੱਚ ਹੈ, ਤਾਂ ਉਸ ਦੀ ਵੀਜ਼ਾ ਅਰਜ਼ੀ ਤੁਰੰਤ ਰੱਦ ਕੀਤੀ ਜਾ ਸਕਦੀ ਹੈ।

ਜੇਕਰ ਕੋਈ ਵਿਅਕਤੀ ਵੀਜ਼ਾ ਲੈਣ ਵੇਲੇ ਕਹਿੰਦਾ ਹੈ ਕਿ ਉਸਨੂੰ ਕੋਈ ਖ਼ਤਰਾ ਨਹੀਂ ਹੈ, ਪਰ ਅਮਰੀਕਾ ਪਹੁੰਚ ਕੇ ਉੱਥੇ ਸ਼ਰਨ ਫਾਈਲ ਕਰਦਾ ਹੈ, ਤਾਂ ਉਸ 'ਤੇ ਧੋਖਾਧੜੀ ਦਾ ਕੇਸ ਚੱਲ ਸਕਦਾ ਹੈ ਅਤੇ ਉਸਨੂੰ ਡਿਪੋਰਟ (ਦੇਸ਼ ਨਿਕਾਲਾ) ਕੀਤਾ ਜਾ ਸਕਦਾ ਹੈ।



2026 ਦੇ ਨਵੇਂ ਨਿਯਮਾਂ ਮੁਤਾਬਕ ਅਮਰੀਕੀ ਅਧਿਕਾਰੀ ਵੀਜ਼ਾ ਦੇਣ ਤੋਂ ਪਹਿਲਾਂ ਬਿਨੈਕਾਰ ਦੇ ਸੋਸ਼ਲ ਮੀਡੀਆ ਖਾਤਿਆਂ ਅਤੇ "ਆਨਲਾਈਨ ਮੌਜੂਦਗੀ" ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ। ਜੇਕਰ ਕਿਸੇ ਦੀਆਂ ਗਤੀਵਿਧੀਆਂ ਸ਼ੱਕੀ ਜਾਂ ਕੱਟੜਪੰਥੀ ਪਾਈਆਂ ਜਾਂਦੀਆਂ ਹਨ, ਤਾਂ ਵੀਜ਼ਾ ਮਿਲਣਾ ਲਗਭਗ ਅਸੰਭਵ ਹੋਵੇਗਾ।

ਅਮਰੀਕਾ ਵਿੱਚ ਪਹਿਲਾਂ ਤੋਂ ਰਹਿ ਰਹੇ ਲੋਕਾਂ ਲਈ ਇਹ ਨਵੇਂ ਨਿਯਮ ਕਾਫੀ ਚਿੰਤਾਜਨਕ ਹੋ ਸਕਦੇ ਹਨ, ਖਾਸ ਕਰਕੇ ਉਨ੍ਹਾਂ ਲਈ ਜਿਨ੍ਹਾਂ ਦੇ ਕੇਸ ਅਜੇ ਅਦਾਲਤਾਂ ਵਿੱਚ ਲੰਬਿਤ ਹਨ।

ਜੇਕਰ ਕੋਈ ਵਿਅਕਤੀ ਪਹਿਲਾਂ ਹੀ ਅਮਰੀਕਾ ਵਿੱਚ ਹੈ ਅਤੇ ਉਸਨੇ ਸ਼ਰਨ ਲਈ ਅਰਜ਼ੀ ਦਿੱਤੀ ਹੋਈ ਹੈ, ਤਾਂ ਹੁਣ ਉਨ੍ਹਾਂ ਦੀਆਂ ਇੰਟਰਵਿਊਆਂ ਵਧੇਰੇ ਸਖ਼ਤ ਹੋਣਗੀਆਂ। ਅਧਿਕਾਰੀ ਪੁਰਾਣੇ ਰਿਕਾਰਡਾਂ ਦੀ ਜਾਂਚ ਕਰਨਗੇ ਕਿ ਵੀਜ਼ਾ ਲੈਂਦੇ ਸਮੇਂ ਬਿਨੈਕਾਰ ਨੇ ਕੀ ਜਾਣਕਾਰੀ ਦਿੱਤੀ ਸੀ। ਜੇਕਰ ਉਸ ਸਮੇਂ ਦਿੱਤੀ ਜਾਣਕਾਰੀ ਅਤੇ ਹੁਣ ਦੇ ਦਾਅਵਿਆਂ ਵਿੱਚ ਕੋਈ ਫਰਕ ਪਾਇਆ ਜਾਂਦਾ ਹੈ, ਤਾਂ ਕੇਸ ਸਿੱਧਾ ਰੱਦ ਹੋ ਸਕਦਾ ਹੈ।

ਨਵੀਂ ਨੀਤੀ ਮੁਤਾਬਕ, ਧੋਖਾਧੜੀ ਕਰਕੇ ਸ਼ਰਨ ਮੰਗਣ ਵਾਲਿਆਂ ਨੂੰ ਹੁਣ ਸਿਰਫ ਦੇਸ਼ ਨਿਕਾਲਾ ਹੀ ਨਹੀਂ ਦਿੱਤਾ ਜਾਵੇਗਾ, ਬਲਕਿ ਉਨ੍ਹਾਂ 'ਤੇ ਤੁਰੰਤ ਦੇਸ਼ ਨਿਕਾਲਾ ਦੀ ਪ੍ਰਕਿਰਿਆ ਲਾਗੂ ਹੋ ਸਕਦੀ ਹੈ। ਇਸਦਾ ਮਤਲਬ ਹੈ ਕਿ ਅਦਾਲਤੀ ਸੁਣਵਾਈ ਤੋਂ ਬਿਨਾਂ ਹੀ ਉਨ੍ਹਾਂ ਨੂੰ ਵਾਪਸ ਭੇਜਿਆ ਜਾ ਸਕਦਾ ਹੈ।

ਪਹਿਲਾਂ ਤੋਂ ਰਹਿ ਰਹੇ ਲੋਕਾਂ ਦੀਆਂ ਸੋਸ਼ਲ ਮੀਡੀਆ ਗਤੀਵਿਧੀਆਂ ਦੀ ਵੀ ਜਾਂਚ ਹੋ ਸਕਦੀ ਹੈ। ਜੇਕਰ ਕੋਈ ਅਜਿਹੀ ਸਮੱਗਰੀ ਪਾਈ ਜਾਂਦੀ ਹੈ ਜੋ ਅਮਰੀਕੀ ਕਾਨੂੰਨ ਮੁਤਾਬਕ "ਕੱਟੜਪੰਥੀ" ਜਾਂ "ਗਲਤ ਜਾਣਕਾਰੀ" ਫੈਲਾਉਣ ਵਾਲੀ ਹੈ, ਤਾਂ ਉਨ੍ਹਾਂ ਦੇ ਵੀਜ਼ਾ ਸਟੇਟਸ ਜਾਂ ਗ੍ਰੀਨ ਕਾਰਡ ਦੀ ਪ੍ਰਕਿਰਿਆ ਰੁਕ ਸਕਦੀ ਹੈ।

### ਕੌਣ ਹੋਵੇਗਾ ਸਭ ਤੋਂ ਵੱਧ ਪ੍ਰਭਾਵਿਤ?

ਇਸ ਫੈਸਲੇ ਦਾ ਸਭ ਤੋਂ ਵੱਡਾ ਅਸਰ ਹੇਠ ਲਿਖੇ ਵਰਗਾਂ 'ਤੇ ਪਵੇਗਾ। ਯੂਕਰੇਨ ਅਤੇ ਅਫਗਾਨਿਸਤਾਨ ਵਰਗੇ ਦੇਸ਼ਾਂ ਦੇ ਨਾਗਰਿਕਾਂ ਲਈ ਪ੍ਰਕਿਰਿਆ ਹੁਣ ਹੋਰ ਜਟਿਲ ਹੋ ਜਾਵੇਗੀ। ਉਹ ਲੋਕ ਜੋ ਵਿਜ਼ਟਰ, ਸਟੂਡੈਂਟ ਜਾਂ ਬਿਜ਼ਨਸ ਵੀਜ਼ਾ 'ਤੇ ਅਮਰੀਕਾ ਜਾ ਕੇ ਬਾਅਦ ਵਿੱਚ ਸ਼ਰਨ ਦੀ ਮੰਗ ਕਰਦੇ ਹਨ, ਉਨ੍ਹਾਂ ਲਈ ਹੁਣ ਰਾਹ ਆਸਾਨ ਨਹੀਂ ਰਹੇਗਾ। ਅਮਰੀਕੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਦਮ ਵੀਜ਼ਾ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਧੋਖਾਧੜੀ ਦੇ ਮਾਮਲਿਆਂ ਨੂੰ ਘਟਾਉਣ ਲਈ ਚੁੱਕਿਆ ਗਿਆ ਹੈ। ਕੌਂਸਲਰ ਅਫਸਰ ਹੁਣ ਸਿਰਫ਼ ਉਦੋਂ ਹੀ ਵੀਜ਼ਾ ਜਾਰੀ ਕਰਨਗੇ ਜਦੋਂ ਇਹ ਸਪੱਸ਼ਟ ਹੋਵੇਗਾ ਕਿ ਬਿਨੈਕਾਰ ਦਾ ਮਕਸਦ ਸਹੀ ਹੈ ਅਤੇ ਉਸਨੂੰ ਆਪਣੇ ਦੇਸ਼ ਵਿੱਚ ਕੋਈ ਜਾਨੀ ਖ਼ਤਰਾ ਨਹੀਂ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵੱਡਾ ਫ਼ੈਸਲਾ: ਜਰਨੈਲ ਹਰੀ ਸਿੰਘ ਨਲੂਆ 'ਤੇ ਫ਼ਿਲਮ ਬਣਾਉਣ ਦੀ ਪੇਸ਼ਕਸ਼ ਰੱਦ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮਹਾਨ ਸਿੱਖ ਜਰਨੈਲ ਸ. ਹਰੀ ਸਿੰਘ ਨਲੂਆ ਦੇ ਜੀਵਨ 'ਤੇ ਫ਼ਿਲਮ ਬਣਾਉਣ ਦੀ ਮੰਗ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਜਥੇਦਾਰ ਨੇ ਪੰਜ ਸਿੰਘ ਸਾਹਿਬਾਨ ਵੱਲੋਂ ਪੁਰਾਤਨ ਸਿੱਖ ਯੋਧਿਆਂ ਬਾਰੇ ਲਏ ਗਏ ਸਖ਼ਤ ਫ਼ੈਸਲੇ ਦਾ ਹਵਾਲਾ ਦਿੰਦੇ ਹੋਏ ਇਸ ਪੇਸ਼ਕਸ਼ ਨੂੰ ਅਪ੍ਰਵਾਨ ਕੀਤਾ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਪੱਸ਼ਟ ਕੀਤਾ ਕਿ 28 ਦਸੰਬਰ 2025 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਇੱਕ ਮਤਾ ਪਾਸ ਕੀਤਾ ਗਿਆ ਸੀ। ਇਸ ਮਤੇ ਅਨੁਸਾਰ ਪੁਰਾਤਨ ਸਿੱਖ ਯੋਧਿਆਂ 'ਤੇ ਕੋਈ ਵੀ ਫੀਚਰ ਫ਼ਿਲਮ, ਐਨੀਮੇਸ਼ਨ ਫ਼ਿਲਮ ਜਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਵੀਡੀਓ ਨਹੀਂ ਬਣਾਈ ਜਾ ਸਕਦੀ। ਸ. ਹਰੀ ਸਿੰਘ ਨਲੂਆ ਪੁਰਾਤਨ ਸਿੱਖ ਯੋਧਿਆਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ, ਇਸ ਲਈ ਉਨ੍ਹਾਂ ਦੇ ਕਿਰਦਾਰ ਨੂੰ ਪਰਦੇ 'ਤੇ ਦਿਖਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਜ਼ਿਕਰਯੋਗ ਹੈ ਕਿ ਮੁੰਬਈ ਸਥਿਤ ਭਾਨੂਸ਼ਲੀ ਸਟੂਡੀਓ ਲਿਮੀਟਡ ਦੇ ਕੋ-ਪ੍ਰੋਡਿਊਸਰ ਭਾਵੇਸ਼ ਭਾਨੂਸ਼ਲੀ ਨੇ ਜਥੇਦਾਰ ਨੂੰ ਪੱਤਰ ਲਿਖ ਕੇ ਫ਼ਿਲਮ ਬਣਾਉਣ ਦੀ ਇੱਛਾ ਜ਼ਾਹਰ ਕੀਤੀ ਸੀ। ਉਹ ਇਸ ਸਬੰਧੀ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਮੁਲਾਕਾਤ ਕਰਕੇ ਵਿਚਾਰ-



ਵਟਾਂਦਰਾ ਕਰਨਾ ਚਾਹੁੰਦੇ ਸਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਦੇ ਇੰਚਾਰਜ ਸ. ਬਗੀਚਾ ਸਿੰਘ ਨੇ ਦੱਸਿਆ ਕਿ "ਪ੍ਰੋਡਿਊਸਰ ਨੂੰ ਲਿਖਤੀ ਰੂਪ ਵਿੱਚ ਜਵਾਬ ਭੇਜ ਦਿੱਤਾ ਗਿਆ ਹੈ। ਅਸੀਂ ਭਾਨੂਸ਼ਲੀ ਸਟੂਡੀਓ ਨੂੰ ਪੰਜ ਸਿੰਘ ਸਾਹਿਬਾਨ ਦੇ ਆਦੇਸ਼ਾਂ ਦੀਆਂ ਕਾਪੀਆਂ (ਪੰਜਾਬੀ ਅਤੇ ਅੰਗਰੇਜ਼ੀ ਅਨੁਵਾਦ ਸਮੇਤ) ਭੇਜ ਦਿੱਤੀਆਂ ਹਨ। ਇਹ ਇਸ ਲਈ ਕੀਤਾ ਗਿਆ ਹੈ ਤਾਂ ਜੋ ਭਵਿੱਖ ਵਿੱਚ ਕੋਈ ਵੀ ਫ਼ਿਲਮ ਨਿਰਮਾਤਾ ਸਿੱਖ ਵਿਸ਼ਿਆਂ 'ਤੇ ਕੰਮ ਕਰਨ ਤੋਂ ਪਹਿਲਾਂ ਸਿੱਖ ਮਰਯਾਦਾ ਅਤੇ ਪਾਬੰਦੀਆਂ ਦਾ ਧਿਆਨ ਰੱਖੇ।" ਇਹ ਫ਼ੈਸਲਾ ਸਿੱਖ ਇਤਿਹਾਸ ਦੇ ਮਹਾਨ ਪਾਤਰਾਂ ਦੀ ਪਵਿੱਤਰਤਾ ਅਤੇ ਉਨ੍ਹਾਂ ਨੂੰ ਫ਼ਿਲਮੀ ਪਰਦੇ 'ਤੇ ਗਲਤ ਤਰੀਕੇ ਨਾਲ ਪੇਸ਼ ਕੀਤੇ ਜਾਣ ਦੇ ਖਦਸ਼ਿਆਂ ਨੂੰ ਰੋਕਣ ਲਈ ਲਿਆ ਗਿਆ ਹੈ।

# ਪੰਜਾਬੀ ਭਾਈਚਾਰੇ ਲਈ ਮਾਣ ਬਣੀ ਪਰਬੀਨ ਕੌਰ ਮਾਨ

## ✪ ਐਬਟਸਫੋਰਡ ਸੂਬਾਈ ਅਦਾਲਤ ਦੀ ਜੱਜ ਹੋਈ ਨਿਯੁਕਤ

ਐਬਟਸਫੋਰਡ/ਵੈਨਕੂਵਰ-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਪੰਜਾਬੀ ਮੂਲ ਦੀਆਂ ਔਰਤਾਂ ਦੀ ਸਫਲਤਾ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਬ੍ਰਿਟਿਸ਼ ਕੋਲੰਬੀਆ ਸਰਕਾਰ ਦੇ ਅਟਾਰਨੀ ਜਨਰਲ ਮੰਤਰਾਲੇ ਨੇ ਸੀਨੀਅਰ ਪੰਜਾਬਣ ਵਕੀਲ ਪਰਬੀਨ ਕੌਰ ਮਾਨ ਨੂੰ ਐਬਟਸਫੋਰਡ ਦੀ ਸੂਬਾਈ ਅਦਾਲਤ ਦਾ ਜੱਜ ਨਿਯੁਕਤ ਕਰਕੇ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ। ਪਰਬੀਨ ਮਾਨ ਦਾ ਕਾਨੂੰਨੀ ਖੇਤਰ ਵਿੱਚ ਲਗਭਗ ਦੋ ਦਹਾਕਿਆਂ ਦਾ ਲੰਬਾ ਅਤੇ ਪ੍ਰਭਾਵਸ਼ਾਲੀ ਤਜ਼ਰਬਾ ਹੈ। ਉਨ੍ਹਾਂ ਨੇ ਸੰਨ 2001 ਵਿੱਚ ਵਕਾਲਤ ਦੀ ਸ਼ੁਰੂਆਤ ਕੀਤੀ। 2004 ਤੋਂ ਉਹ ਕੇਂਦਰੀ ਸਰਕਾਰੀ ਵਕੀਲ ਵਜੋਂ ਸੇਵਾਵਾਂ ਨਿਭਾਅ ਰਹੀ ਸੀ। 2007 ਵਿੱਚ ਉਹ ਪਬਲਿਕ ਪ੍ਰੋਸਕਿਊਸ਼ਨ ਸਰਵਿਸ ਆਫ ਕੈਨੇਡਾ ਨਾਲ ਜੁੜੀ। 2009 ਵਿੱਚ ਉਨ੍ਹਾਂ ਨੂੰ ਸੰਗਠਿਤ ਅਪਰਾਧਿਕ ਕੇਸਾਂ ਦੀ ਪ੍ਰੋਸਕਿਊਟਰ ਬਣਾਇਆ ਗਿਆ। 2022 ਵਿੱਚ ਉਹ ਪਬਲਿਕ ਪ੍ਰੋਸਕਿਊਸ਼ਨ ਸਰਵਿਸ ਆਫ ਕੈਨੇਡਾ ਦੇ ਸਰੀ ਦਫ਼ਤਰ ਦੀ ਟੀਮ ਮੁਖੀ ਬਣੀ। ਵਕਾਲਤ ਦੇ ਨਾਲ-ਨਾਲ ਉਨ੍ਹਾਂ ਨੇ ਅਕਾਦਮਿਕ ਖੇਤਰ ਵਿੱਚ ਵੀ ਯੋਗਦਾਨ ਪਾਇਆ ਹੈ। ਉਹ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਪੀਟਰ 'ਏ' ਅਲਰਡ ਸਕੂਲ ਆਫ ਲਾਅ ਵਿੱਚ ਸਹਾਇਕ ਪ੍ਰੋਫੈਸਰ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੀ ਹੈ।



### ਬ੍ਰਿਟਿਸ਼ ਕੋਲੰਬੀਆ: ਪੰਜਾਬਣ ਜੱਜਾਂ ਦਾ ਗੜ੍ਹ

ਇਹ ਇੱਕ ਇਤਿਹਾਸਕ ਤੱਥ ਹੈ ਕਿ ਬ੍ਰਿਟਿਸ਼ ਕੋਲੰਬੀਆ ਕੈਨੇਡਾ ਦਾ ਇੱਕੋ-ਇੱਕ ਅਜਿਹਾ ਸੂਬਾ ਬਣ ਗਿਆ ਹੈ ਜਿੱਥੇ ਹੁਣ 9 ਪੰਜਾਬਣਾਂ ਜੱਜ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਅ ਰਹੀਆਂ ਹਨ। ਜਸਟਿਸ ਪਲਬਿੰਦਰ ਕੌਰ ਸ਼ੇਰਗਿੱਲ, ਜਸਟਿਸ ਬਲਜਿੰਦਰ ਕੌਰ ਗਿਰਨ, ਜਸਟਿਸ ਨੀਨਾ ਸ਼ਰਮਾ ਸੁਪਰੀਮ ਕੋਰਟ ਦੀਆਂ ਜੱਜ ਬਣੀਆਂ ਹਨ। ਹਰਬੰਸ ਢਿੱਲੋਂ, ਸਤਿੰਦਰ ਸਿੱਧੂ, ਨੀਨਾ ਪੁਰੇਵਾਲ, ਸੁਜਨ ਸੰਘਾ, ਪਰਵੀਨ ਨਿੱਜਰ, ਪਰਬੀਨ ਮਾਨ ਸੂਬਾਈ ਅਦਾਲਤਾਂ ਦੀਆਂ ਜੱਜ ਬਣੀਆਂ ਹਨ। ਪਰਬੀਨ ਮਾਨ ਦੀ ਇਸ ਨਿਯੁਕਤੀ ਨਾਲ ਨਾ ਸਿਰਫ਼ ਨਿਆਂ ਪ੍ਰਣਾਲੀ ਮਜ਼ਬੂਤ ਹੋਵੇਗੀ, ਸਗੋਂ ਇਹ ਕੈਨੇਡਾ ਵਿੱਚ ਵੱਸਦੀਆਂ ਨੌਜਵਾਨ ਪੰਜਾਬੀ ਕੁੜੀਆਂ ਲਈ ਪ੍ਰੇਰਨਾ ਦਾ ਸਰੋਤ ਵੀ ਬਣੇਗੀ।

# ਪੰਜਾਬ ਵਿੱਚ ਭਾਜਪਾ ਦੀ 'ਸਿਆਸੀ ਸਰਜੀਕਲ ਸਟ੍ਰਾਈਕ': ਕੀ 2027 ਵਿੱਚ ਖਿੜੇਗਾ ਕਮਲ ?

## ✪ ਪੈਰਾਸ਼ੂਟ ਲੀਡਰਾਂ ਦੇ ਦਮ 'ਤੇ 'ਮਿਸ਼ਨ ਪੰਜਾਬ': ਕੀ ਵੋਟਰਾਂ ਦੇ ਦਿਲ ਜਿੱਤ ਸਕੇਗੀ ਭਾਜਪਾ ?


## ✪ ਬੁੱਧੀਜੀਵੀਆਂ ਦੀ ਰਾਏ: ਭਾਜਪਾ ਹੁਣ ਪੰਜਾਬ ਵਿੱਚ 'ਤੀਜੀ ਧਿਰ' ਨਹੀਂ, ਸਿੱਧੀ ਚੁਣੌਤੀ !



ਪੰਜਾਬ ਦੀ ਸਿਆਸਤ ਇਸ ਵੇਲੇ ਇੱਕ ਅਹਿਮ ਮੋੜ 'ਤੇ ਖੜ੍ਹੀ ਹੈ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਖੇਤੀ ਕਾਨੂੰਨਾਂ ਕਾਰਨ ਜਿਸ ਭਾਜਪਾ ਨੂੰ ਸੂਬੇ ਵਿੱਚ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ, ਅੱਜ ਉਹੀ ਪਾਰਟੀ ਦੂਜੀਆਂ ਪਾਰਟੀਆਂ ਦੇ ਮਹਾਂਰਥੀ ਆਗੂਆਂ ਦੀ 'ਪਹਿਲੀ ਪਸੰਦ' ਬਣਦੀ ਜਾ ਰਹੀ ਹੈ। ਹਾਲ ਹੀ ਵਿੱਚ ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰਾਂ, ਜਿਨ੍ਹਾਂ ਵਿੱਚ ਰਾਘਵ ਚੱਢਾ, ਹਰਭਜਨ ਸਿੰਘ ਅਤੇ ਸੰਦੀਪ ਪਾਠਕ ਵਰਗੇ ਪ੍ਰਮੁੱਖ ਨਾਮ ਸ਼ਾਮਲ ਹਨ, ਦੇ ਭਾਜਪਾ ਵਿੱਚ ਸ਼ਾਮਲ ਹੋਣ ਨੇ ਪੰਜਾਬ ਸਰਕਾਰ ਲਈ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨੂੰ 'ਲੋਕਤੰਤਰ ਦਾ ਕਤਲ' ਕਰਾਰ ਦਿੰਦਿਆਂ ਵਿਧਾਨ ਸਭਾ ਵਿੱਚ ਭਰੋਸਗੀ ਮਤਾ ਪਾਸ ਕਰਕੇ ਆਪਣੀ ਏਕਤਾ ਦਾ ਸਬੂਤ ਦਿੱਤਾ ਹੈ। ਪਰ ਸਵਾਲ ਇਹ ਉੱਠ ਰਿਹਾ ਹੈ ਕਿ ਕੀ ਇਹ ਦਲ ਬਦਲੀ ਭਾਜਪਾ ਨੂੰ ਪੰਜਾਬ ਦੇ ਪਿੰਡਾਂ ਵਿੱਚ ਮਜ਼ਬੂਤ ਕਰ ਸਕੇਗੀ ? ਕੈਪਟਨ ਅਮਰਿੰਦਰ ਸਿੰਘ ਤੋਂ ਲੈ ਕੇ ਸੁਨੀਲ ਜਾਖੜ ਅਤੇ ਰਵਨੀਤ ਬਿੱਟੂ ਤੱਕ, ਕਾਂਗਰਸ ਅਤੇ ਅਕਾਲੀ ਦਲ ਦੇ ਵੱਡੇ ਚਿਹਰਿਆਂ ਦਾ ਭਾਜਪਾ ਵਿੱਚ ਸ਼ਾਮਲ ਹੋਣਾ ਸੂਬੇ ਦੇ ਸਿਆਸੀ ਸਮੀਕਰਨਾਂ ਵਿੱਚ ਵੱਡੀ ਤਬਦੀਲੀ ਦਾ ਸੰਕੇਤ ਹੈ।

ਭਾਜਪਾ ਦੀ ਰਣਨੀਤੀ ਸਪੱਸ਼ਟ ਹੈ ਕਿ ਸੂਬੇ ਵਿੱਚ ਆਪਣੇ ਦਮ 'ਤੇ ਖੜ੍ਹੇ ਹੋਣਾ। ਪਹਿਲਾਂ ਭਾਜਪਾ ਸਿਰਫ਼ ਸ਼ਹਿਰੀ ਅਤੇ ਹਿੰਦੂ ਵੋਟ ਬੈਂਕ ਤੱਕ ਸੀਮਤ ਮੰਨੀ ਜਾਂਦੀ ਸੀ, ਪਰ ਹੁਣ ਸਿੱਖ ਚਿਹਰਿਆਂ ਅਤੇ ਪੇਂਡੂ ਪਿਛੋਕੜ ਵਾਲੇ ਲੀਡਰਾਂ ਨੂੰ ਨਾਲ ਜੋੜ ਕੇ ਪਾਰਟੀ ਆਪਣਾ ਦਾਇਰਾ ਵਧਾ ਰਹੀ ਹੈ। ਸਿਆਸੀ ਮਾਹਿਰਾਂ ਅਨੁਸਾਰ, ਦੂਜੀਆਂ ਪਾਰਟੀਆਂ ਦੀ ਘਟਦੀ ਭਰੋਸੇਯੋਗਤਾ ਸਿੱਧੇ ਤੌਰ 'ਤੇ ਭਾਜਪਾ ਲਈ ਫਾਇਦੇਮੰਦ ਸਾਬਤ ਹੋ ਰਹੀ ਹੈ। ਭਾਜਪਾ ਵੱਲੋਂ ਪੰਜਾਬ ਵਿੱਚ ਅਪਣਾਈ ਜਾ ਰਹੀ ਨਵੀਂ ਰਣਨੀਤੀ ਅਤੇ ਦੂਜੀਆਂ ਪਾਰਟੀਆਂ ਦੇ ਮਹਾਂਰਥੀਆਂ ਨੂੰ ਆਪਣੇ ਨਾਲ ਮਿਲਾਉਣ ਦੀ ਮੁਹਿੰਮ ਨੇ ਸੂਬੇ ਦੇ ਸਿਆਸੀ ਮਾਹਿਰਾਂ ਨੂੰ ਨਵੀਂ ਚਰਚਾ ਵਿੱਚ ਪਾ ਦਿੱਤਾ ਹੈ।

ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਭਾਜਪਾ ਸਭ ਤੋਂ ਵੱਡੀ ਚੁਣੌਤੀ ਸ਼੍ਰੋਮਣੀ ਅਕਾਲੀ ਦਲ ਲਈ ਪੈਦਾ ਕਰ ਰਹੀ ਹੈ। ਪਹਿਲਾਂ ਭਾਜਪਾ ਸਿਰਫ਼ ਸ਼ਹਿਰੀ ਹਿੰਦੂ ਵੋਟਾਂ ਤੱਕ ਸੀਮਤ ਸੀ ਅਤੇ ਅਕਾਲੀ ਦਲ ਪੰਥਕ ਤੇ ਪੇਂਡੂ ਵੋਟਾਂ ਦਾ ਮਾਲਕ ਸੀ। ਹੁਣ ਭਾਜਪਾ ਨੇ ਵੱਡੇ ਸਿੱਖ ਚਿਹਰਿਆਂ ਨੂੰ ਸ਼ਾਮਲ ਕਰਕੇ ਅਕਾਲੀ ਦਲ ਦੇ ਰਵਾਇਤੀ 'ਪੰਥਕ ਅਤੇ ਪੇਂਡੂ' ਅਧਾਰ ਵਿੱਚ ਸੰਨ੍ਹ ਲਾਉਣੀ ਸ਼ੁਰੂ ਕਰ ਦਿੱਤੀ ਹੈ।ਅਕਾਲੀ ਦਲ ਹੁਣ ਉਸ ਸਥਿਤੀ ਵਿੱਚ ਹੈ ਜਿੱਥੇ ਉਸ ਨੂੰ ਆਪਣੀ ਸਿਆਸੀ ਹੋਂਦ ਬਚਾਉਣ ਲਈ ਜਾਂ ਤਾਂ ਇਕੱਲਿਆਂ ਲੜਨਾ ਪੈ ਰਿਹਾ ਹੈ ਜਾਂ ਫਿਰ ਭਾਜਪਾ ਦੀਆਂ ਸ਼ਰਤਾਂ 'ਤੇ ਸਮਝੌਤੇ ਬਾਰੇ ਸੋਚਣਾ ਪੈ ਰਿਹਾ ਹੈ। ਕਾਂਗਰਸ ਲਈ ਵੀ ਭਾਜਪਾ ਇੱਕ ਜਥੇਬੰਦਕ ਚੁਣੌਤੀ ਹੈ। ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਅਤੇ ਮਨਪ੍ਰੀਤ ਸਿੰਘ ਬਾਦਲ ਵਰਗੇ ਆਗੂਆਂ ਦੇ ਜਾਣ ਨਾਲ ਕਾਂਗਰਸ ਦਾ ਉਹ ਮਜ਼ਬੂਤ ਢਾਂਚਾ ਹਿੱਲ ਗਿਆ ਹੈ ਜੋ ਸੂਬੇ ਵਿੱਚ ਦਹਾਕਿਆਂ ਤੋਂ ਕਾਇਮ ਸੀ। ਕਾਂਗਰਸ ਅਜੇ ਤਕ ਆਪਣੀ ਮਜ਼ਬੂਤ ਲੀਡਰਸ਼ਿਪ ਸਥਾਪਤ ਨਹੀਂ ਕਰ ਸਕੀ। ਪੰਜਾਬ ਦਾ ਹਿੰਦੂ ਵੋਟਰ, ਜੋ ਰਵਾਇਤੀ ਤੌਰ 'ਤੇ ਕਾਂਗਰਸ ਦਾ ਗੜ੍ਹ ਮੰਨਿਆ ਜਾਂਦਾ ਸੀ, ਹੁਣ ਤੇਜ਼ੀ ਨਾਲ ਭਾਜਪਾ ਵੱਲ ਮੁੜ ਰਿਹਾ ਹੈ, ਜਿਸ ਨਾਲ ਕਾਂਗਰਸ ਦੇ ਚੋਣ ਸਮੀਕਰਨ ਵਿਗੜ ਰਹੇ ਹਨ। ਬੁੱਧੀਜੀਵੀਆਂ ਅਨੁਸਾਰ, ਸੱਤਾਧਾਰੀ 'ਆਪ' ਲਈ ਭਾਜਪਾ ਇੱਕ 'ਵਿਕਲਪਿਕ ਵਿਰੋਧੀ' ਵਜੋਂ ਉੱਭਰ ਰਹੀ ਹੈ। ਭਾਜਪਾ ਕੇਂਦਰੀ ਗ੍ਰਾਂਟਾਂ, ਸਰਹੱਦੀ ਸੁਰੱਖਿਆ ਅਤੇ ਵਿਕਾਸ ਦੇ ਮੁੱਦਿਆਂ 'ਤੇ ਸਿੱਧਾ 'ਆਪ' ਸਰਕਾਰ ਨੂੰ ਘੇਰ ਰਹੀ ਹੈ। 'ਆਪ' ਦੇ ਰਾਜ ਸਭਾ ਮੈਂਬਰਾਂ ਦਾ ਭਾਜਪਾ ਵਿੱਚ ਜਾਣਾ ਇਹ ਦਰਸਾਉਂਦਾ ਹੈ ਕਿ ਭਾਜਪਾ ਸੱਤਾਧਾਰੀ ਪਾਰਟੀ ਦੇ ਅੰਦਰੂਨੀ ਢਾਂਚੇ ਵਿੱਚ ਸੰਨ੍ਹ ਲਾਉਣ ਦੇ ਸਮਰੱਥ ਹੈ।



ਸਿਆਸੀ ਮਾਹਿਰਾਂ ਅਨੁਸਾਰ, 2022 ਵਿੱਚ ਕਿਸਾਨ ਅੰਦੋਲਨ ਕਾਰਨ ਜੋ ਭਾਜਪਾ ਪ੍ਰਤੀ ਗੁੱਸਾ ਸੀ, ਉਹ ਹੁਣ ਹੌਲੀ-ਹੌਲੀ ਘਟਦਾ ਦਿਖਾਈ ਦੇ ਰਿਹਾ ਹੈ। ਪਾਰਟੀ ਵਿੱਚ ਵੱਡੇ ਸਿੱਖ ਲੀਡਰਾਂ ਦੇ ਆਉਣ ਨਾਲ ਲੋਕਾਂ ਵਿੱਚ ਭਾਜਪਾ ਪ੍ਰਤੀ 'ਝਿਜਕ' ਘਟੀ ਹੈ।ਵੋਟਰ ਹੁਣ ਸਿਰਫ਼ ਪਾਰਟੀ ਦੀ ਵਿਚਾਰਧਾਰਾ ਨਹੀਂ, ਸਗੋਂ ਸੂਬੇ ਵਿੱਚ ਅਮਨ-ਕਾਨੂੰਨ, ਨਸ਼ਾ ਅਤੇ ਬੇਰੁਜ਼ਗਾਰੀ ਵਰਗੇ ਗੰਭੀਰ ਮਸਲਿਆਂ ਦਾ ਹੱਲ ਲੱਭ ਰਹੇ ਹਨ।



ਸਵਾਲ ਇਹ ਉੱਠਦਾ ਹੈ ਕਿ ਕੀ ਇਨ੍ਹਾਂ 'ਪੈਰਾਸ਼ੂਟ ਲੀਡਰਾਂ' ਦੇ ਆਉਣ ਨਾਲ ਭਾਜਪਾ ਦਾ ਜਨ-ਅਧਾਰ ਸੱਚਮੁੱਚ ਵਧਿਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸੁਨੀਲ ਜਾਖੜ ਵਰਗੇ ਸੰਤੁਲਿਤ ਚਿਹਰੇ ਨੇ ਪਾਰਟੀ ਨੂੰ ਬੌਧਿਕ ਅਤੇ ਸਿਆਸੀ ਮਜ਼ਬੂਤੀ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਅਤੇ ਰਵਨੀਤ ਬਿੱਟੂ ਵਰਗੇ ਆਗੂਆਂ ਨੇ ਪਾਰਟੀ ਦੀ 'ਰਾਸ਼ਟਰਵਾਦ' ਵਾਲੀ ਛਵੀ ਨੂੰ ਪੰਜਾਬੀ ਸੰਦਰਭ ਵਿੱਚ ਪੇਸ਼ ਕਰਨ ਵਿੱਚ ਮਦਦ ਕੀਤੀ ਹੈ। ਹਾਲਾਂਕਿ, ਕੁਝ ਵਿਸ਼ਲੇਸ਼ਕ ਮੰਨਦੇ ਹਨ ਕਿ ਵੋਟਰ ਹੁਣ 'ਪਰਸਨੈਲਿਟੀ ਕਰੰਟ' (ਸ਼ਖ਼ਸੀਅਤ ਦੇ ਪ੍ਰਭਾਵ) ਦੀ ਬਜਾਏ ਮੁੱਦਿਆਂ-ਜਿਵੇਂ ਕਿ ਬੇਰੁਜ਼ਗਾਰੀ, ਕਾਨੂੰਨ ਵਿਵਸਥਾ ਅਤੇ ਕਿਸਾਨੀ ਮਸਲੇ-ਨੂੰ ਵੱਧ ਅਹਿਮੀਅਤ ਦੇ ਰਹੇ ਹਨ।

ਕਿਸੇ ਵੀ ਕੇਡਰ-ਆਧਾਰਿਤ ਪਾਰਟੀ ਲਈ ਬਾਹਰੀ ਲੀਡਰਾਂ ਨੂੰ ਉੱਚੇ ਅਹੁਦੇ ਦੇਣਾ ਇੱਕ ਜੋਖਮ ਭਰਿਆ ਕਦਮ ਹੁੰਦਾ ਹੈ। ਭਾਜਪਾ ਦੇ ਪੁਰਾਣੇ ਵਰਕਰਾਂ ਵਿੱਚ ਕੁਝ ਹੱਦ ਤੱਕ ਨਿਰਾਸ਼ਾ ਹੋਣਾ ਸੁਭਾਵਿਕ ਹੈ, ਕਿਉਂਕਿ ਕੱਲ੍ਹ ਤੱਕ ਜੋ ਲੀਡਰ ਭਾਜਪਾ ਦੀਆਂ ਨੀਤੀਆਂ ਦੀ ਨਿੰਦਾ ਕਰਦੇ ਸਨ, ਅੱਜ ਉਹ ਹੀ ਪਾਰਟੀ ਦੀ ਕਮਾਨ ਸੰਭਾਲ ਰਹੇ ਹਨ। ਪਰ ਕੇਂਦਰੀ ਲੀਡਰਸ਼ਿਪ ਦੀ ਮਜ਼ਬੂਤ ਪਕੜ ਕਾਰਨ ਇਹ ਵਿਰੋਧ ਫਿਲਹਾਲ ਦੱਬਿਆ ਹੋਇਆ ਹੈ।

ਭਾਵੇਂ ਭਾਜਪਾ 2027 ਦੀਆਂ ਚੋਣਾਂ ਵਿੱਚ ਆਪਣੇ ਬਲਬੂਤੇ ਸਰਕਾਰ ਬਣਾਉਣ ਦੇ ਸੁਫਨੇ ਦੇਖ ਰਹੀ ਹੈ, ਪਰ ਰਾਹ ਸੌਖੀ ਨਹੀਂ ਹੈ। ਪੰਜਾਬ ਵਿੱਚ ਸਿਰਫ਼ 'ਵੱਡੇ ਚਿਹਰੇ' ਇਕੱਠੇ ਕਰਨਾ ਹੀ ਕਾਫੀ ਨਹੀਂ ਹੋਵੇਗਾ; ਪਾਰਟੀ ਨੂੰ ਪੰਜਾਬ ਦੇ ਲੋਕਾਂ ਦੇ ਦਿਲਾਂ ਵਿੱਚ ਖੇਤੀ ਅੰਦੋਲਨ ਦੌਰਾਨ ਪੈਦਾ ਹੋਈ ਦੂਰੀ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਪਵੇਗਾ। ਡੇਰਿਆਂ ਦਾ ਪ੍ਰਭਾਵ ਅਤੇ ਦਲਿਤ-ਓਬੀਸੀ ਵੋਟਾਂ ਦਾ ਧਰੁਵੀਕਰਨ ਭਾਜਪਾ ਲਈ ਫੈਸਲਾਕੁੰਨ ਹੋ ਸਕਦਾ ਹੈ।

ਭਾਜਪਾ ਨੇ ਪੰਜਾਬ ਵਿੱਚ ਆਪਣੀ ਸਿਆਸੀ ਹੋਂਦ ਨੂੰ ਪਹਿਲਾਂ ਨਾਲੋਂ ਕਿਤੇ ਵੱਧ ਪ੍ਰਭਾਵਸ਼ਾਲੀ ਬਣਾ ਲਿਆ ਹੈ। ਹੋਰ ਪਾਰਟੀਆਂ ਦੇ ਆਗੂਆਂ ਦੇ ਆਉਣ ਨਾਲ ਪਾਰਟੀ ਨੂੰ 'ਸਵੀਕਾਰਤਾ' ਤਾਂ ਮਿਲੀ ਹੈ, ਪਰ ਇਸ ਨੂੰ 'ਵੋਟਾਂ' ਵਿੱਚ ਬਦਲਣਾ ਇੱਕ ਵੱਡੀ ਪ੍ਰੀਖਿਆ ਹੋਵੇਗੀ। ਕੀ ਪੰਜਾਬੀ ਵੋਟਰ 'ਭਾਜਪਾ' 'ਤੇ ਭਰੋਸਾ ਜਤਾਉਣਗੇ ਇਹ ਤਾਂ ਸਮਾਂ ਹੀ ਦੱਸੇਗਾ।ਭਾਜਪਾ ਦੇ ਸੀਨੀਅਰ ਆਗੂ ਇਕਬਾਲ ਸਿੰਘ ਲਾਲਪੁਰਾ ਦਾ ਕਹਿਣਾ ਹੈ ਕਿ ਪਾਰਟੀ ਹੁਣ ਕਿਸੇ ਦੀ 'ਵੈਸਾਖੀ' (ਗਠਜੋੜ) ਦੀ ਮੁਹਤਾਜ ਨਹੀਂ ਹੈ। ਪਾਰਟੀ 2027 ਦੀਆਂ ਚੋਣਾਂ ਆਪਣੇ ਬਲਬੂਤੇ ਲੜਨ ਦੀ ਤਿਆਰੀ ਕਰ ਰਹੀ ਹੈ।

ਸਿਆਸੀ ਮਾਹਿਰ ਜਗਰੂਪ ਸਿੰਘ ਸੇਖੋਂ ਅਨੁਸਾਰ, ਭਾਜਪਾ ਵਲੋਂ ਦੂਜੀਆਂ ਪਾਰਟੀਆਂ ਦਾ ਨੁਕਸਾਨ ਪਹੁੰਚਾਉਣਾ ਹੀ ਭਾਜਪਾ ਦਾ ਫਾਇਦਾ ਕਰੇਗਾ। ਲੋਕ ਹੁਣ ਪੁਰਾਣੀਆਂ ਪਾਰਟੀਆਂ ਤੋਂ ਨਿਰਾਸ਼ ਹਨ, ਜਿਸ ਦਾ ਲਾਭ ਭਾਜਪਾ ਨੂੰ ਮਿਲ ਰਿਹਾ ਹੈ। ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਅਨੁਸਾਰ, ਪੰਜਾਬ ਵਿੱਚ ਹੁਣ "ਹਿੰਦੂ-ਸਿੱਖ" ਵਾਲੀ ਪੁਰਾਣੀ ਵੰਡ ਘਟ ਰਹੀ ਹੈ ਅਤੇ ਲੋਕ ਮੁੱਦਿਆਂ ਦੇ ਅਧਾਰ 'ਤੇ ਵੋਟ ਪਾਉਣ ਬਾਰੇ ਸੋਚ ਰਹੇ ਹਨ, ਜਿਸ ਵਿੱਚ ਸੁਨੀਲ ਜਾਖੜ ਵਰਗੇ ਸੰਤੁਲਿਤ ਚਿਹਰੇ ਭਾਜਪਾ ਲਈ ਅਹਿਮ ਹਨ।

ਹਾਲਾਂਕਿ, ਚੁਣੌਤੀਆਂ ਅਜੇ ਵੀ ਬਰਕਰਾਰ ਹਨ। ਭਾਵੇਂ 'ਪੈਰਾਸ਼ੂਟ ਲੀਡਰਾਂ' ਨੇ ਭਾਜਪਾ ਨੂੰ ਹੈੱਡਲਾਈਨਾਂ ਵਿੱਚ ਤਾਂ ਲਿਆ ਦਿੱਤਾ ਹੈ, ਪਰ ਕੀ ਇਹ ਆਗੂ ਆਪਣੇ ਨਾਲ ਆਪਣਾ ਵੋਟ ਬੈਂਕ ਵੀ ਭਾਜਪਾ ਵੱਲ ਮੋੜ ਸਕਣਗੇ ? ਇਹ ਪੰਜਾਬ ਦੀ ਸਿਆਸਤ ਦਾ ਸਭ ਤੋਂ ਵੱਡਾ ਸਵਾਲ ਬਣਿਆ ਹੋਇਆ ਹੈ।

# ਸਕਾਟਲੈਂਡ ਦੇ ਯੂਕੇ ਨਾਲ ਸੰਬੰਧ ਅਤੇ ਭਵਿੱਖ ਤਹਿ ਕਰਨਗੀਆਂ ਇਸ ਵਾਰ ਦੀਆਂ ਸਕਾਟਿਸ਼ ਚੋਣਾਂ



ਗਲਾਸਗੋ (ਹਰਜੀਤ ਦੁਸਾਂਝ ਪੁਆਦੜਾ)-7ਵੀਂ ਸਕਾਟਲੈਂਡ ਸੰਸਦ ਲਈ 7 ਮਈ 2026 ਨੂੰ ਕੁੱਲ 129 ਸੀਟਾਂ ਲਈ ਵੋਟਾਂ ਪੈਣਗੀਆਂ। ਇਹਨਾਂ ਚੋਣਾਂ ਵਿੱਚ ਸਕਾਟਲੈਂਡ ਦੀਆਂ 29 ਰਾਜਨੀਤਿਕ ਪਾਰਟੀਆਂ ਦੇ 686 ਅਤੇ 35 ਆਜ਼ਾਦ ਉਮੀਦਵਾਰਾਂ ਸਮੇਤ ਕੁੱਲ 721 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ। ਇਨ੍ਹਾਂ ਚੋਣਾਂ ਵਿੱਚ 42,66700 ਵੋਟਰ ਆਪਣੇ ਮਤ ਦਾ ਇਸਤੇਮਾਲ ਕਰਨਗੇ। 1997 ਵਿੱਚ ਉਦੋਂ ਦੇ ਯੂਕੇ ਦੇ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਸਕਾਟਿਸ਼ ਸੰਸਦ ਦੇ ਗਠਨ ਲਈ ਰਾਏਸ਼ੁਮਾਰੀ ਕਰਵਾਈ ਸੀ, ਜਿਸਦੇ ਪੱਖ ਵਿੱਚ 74 ਫੀਸਦੀ ਅਤੇ ਵਿਰੋਧ ਵਿੱਚ 26 ਫੀਸਦੀ ਲੋਕਾਂ ਨੇ ਵੋਟਾਂ ਪਾਈਆਂ ਸਨ। 6 ਮਈ 1999 ਨੂੰ ਪਹਿਲੀ ਵਾਰ ਸਕਾਟਿਸ਼ ਸੰਸਦ ਲਈ ਵੋਟਾਂ ਪਾਈਆਂ ਗਈਆਂ ਅਤੇ 12 ਮਈ ਨੂੰ ਪਹਿਲੀ ਸਰਕਾਰ ਬਣੀ। ਸਕਾਟਿਸ਼ ਪਾਰਲੀਮੈਂਟ ਸਕਾਟਲੈਂਡ ਦੀ ਰਾਜਧਾਨੀ ਐਡਨਬਰਾ ਦੇ ਹੌਲੀਰੁੱਡ ਖੇਤਰ ਵਿੱਚ ਹੋਣ ਕਰਕੇ ਇਸ ਨੂੰ 'ਹੌਲੀਰੁੱਡ ਪਾਰਲੀਮੈਂਟ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਸਕਾਟਿਸ਼ ਸੰਸਦ ਵਿੱਚ ਕੁੱਲ 129 ਚੁਣੇ ਹੋਏ ਸਕਾਟਿਸ਼ ਸੰਸਦ ਮੈਂਬਰ ਬੈਠਦੇ ਹਨ।

ਸਕਾਟਿਸ਼ ਸੰਸਦ ਚੋਣਾਂ 'ਐਡੀਸ਼ਨਲ ਮੈਂਬਰ ਸਿਸਟਮ' ਅਨੁਸਾਰ ਕਰਵਾਈਆਂ ਜਾਂਦੀਆਂ ਹਨ। ਸਕਾਟਿਸ਼ ਸੰਸਦ ਲਈ ਵੋਟਰ ਕੋਲ ਦੋ ਵੋਟਾਂ ਪਾਉਣ ਦਾ ਅਧਿਕਾਰ ਹੁੰਦਾ ਹੈ। ਪਹਿਲੀ ਵੋਟ ਸਿੱਧੀ ਉਮੀਦਵਾਰ ਨੂੰ ਜਾਂਦੀ ਹੈ, ਜਿਸ ਨਾਲ 73 ਸੰਸਦ ਮੈਂਬਰਾਂ ਨੂੰ ਚੁਣਿਆ ਜਾਂਦਾ ਹੈ। ਦੂਜੀ ਵੋਟ ਖੇਤਰੀ ਮਤਦਾਨ (ਬੈਲਟ ਮਤਦਾਨ) ਰਾਹੀਂ ਆਪਣੀ ਪਸੰਦੀਦਾ ਪਾਰਟੀ ਨੂੰ ਪਾਈ ਜਾਂਦੀ ਹੈ। ਖੇਤਰੀ ਬੈਲਟ ਲਈ ਸਕਾਟਲੈਂਡ ਨੂੰ ਅੱਠ ਖੇਤਰਾਂ ਸੈਂਟਰਲ ਸਕਾਟਲੈਂਡ, ਗਲਾਸਗੋ, ਹਾਈਲੈਂਡਜ ਅਤੇ ਟਾਪੂ, ਲੋਥੀਅਨ, ਮੱਧ ਸਕਾਟਲੈਂਡ ਅਤੇ ਫਾਈਫ, ਉੱਤਰੀ ਪੂਰਬੀ ਸਕਾਟਲੈਂਡ, ਪੱਛਮੀ ਸਕਾਟਲੈਂਡ ਅਤੇ ਦੱਖਣੀ ਸਕਾਟਲੈਂਡ ਵਿੱਚ ਵੰਡਿਆ ਗਿਆ ਹੈ। ਐਡੀਸ਼ਨਲ ਮੈਂਬਰ ਸਿਸਟਮ ਦੁਆਰਾ ਹਰ ਖੇਤਰ ਵਿੱਚੋਂ 7 ਮੈਂਬਰ ਅਤੇ ਕੁੱਲ 56 ਮੈਂਬਰ ਚੁਣੇ ਜਾਂਦੇ ਹਨ। ਪਰ ਖੇਤਰੀ ਮਤਦਾਨ ਵਿੱਚ ਜਿੱਤ ਪ੍ਰਾਪਤ ਕਰਨ ਲਈ ਪਾਰਟੀ ਨੂੰ ਕੁੱਲ ਵੋਟਾਂ ਵਿੱਚੋਂ ਘੱਟੋ-ਘੱਟ 6 ਫੀਸਦੀ ਵੋਟਾਂ ਲੈਣੀਆਂ ਜ਼ਰੂਰੀ ਹਨ। ਕੁੱਲ 129 ਸੀਟਾਂ ਵਿੱਚੋਂ ਸਰਕਾਰ ਬਣਾਉਣ ਲਈ ਘੱਟੋ-ਘੱਟ 65 ਸੀਟਾਂ ਦਾ ਬਹੁਮਤ ਲੈਣਾ ਜ਼ਰੂਰੀ ਹੈ। ਸੱਭ ਤੋਂ ਵੱਧ ਸੀਟਾਂ ਲੈਣ ਵਾਲੀ ਪਾਰਟੀ ਸਹਿਯੋਗੀ ਪਾਰਟੀਆਂ ਜਾਂ ਅਜਾਦ ਉਮੀਦਵਾਰਾਂ ਨਾਲ ਬਹੁਮਤ ਹਾਸਲ ਕਰਕੇ ਸਰਕਾਰ ਬਣਾ ਸਕਦੀ ਹੈ। ਸਰਕਾਰ ਚਲਾਉਣ ਲਈ ਮੈਂਬਰ ਪਹਿਲਾ ਮੰਤਰੀ(ਫਸਟ ਮਨਿਸਟਰ) ਚੁਣਦੇ ਹਨ। ਫਸਟ ਮਨਿਸਟਰ ਸਰਕਾਰ ਦਾ ਮੁਖੀ ਅਤੇ ਮੰਤਰੀ ਮੰਡਲ ਚੁਣਦਾ ਹੈ ਅਤੇ ਮੰਤਰੀਆਂ ਦੇ ਵਿਭਾਗਾਂ ਦੀ ਵੰਡ ਕਰਦਾ ਹੈ।

ਸਕਾਟਲੈਂਡ ਸਰਕਾਰ ਸਿੱਖਿਆ, ਸਿਹਤ ਸੇਵਾਵਾਂ, ਵਾਤਾਵਰਣ, ਨਿਆਂ, ਹਾਊਸਿੰਗ ਅਤੇ ਟਰਾਂਸਪੋਰਟ ਸੰਬੰਧੀ ਨੀਤੀਆਂ ਘੜਦੀ ਹੈ ਅਤੇ ਸੰਸਦ ਵਿੱਚ ਬਿੱਲ ਪਾਸ ਕਰਕੇ ਕਾਨੂੰਨ ਬਣਾਉਣ ਦਾ ਅਧਿਕਾਰ ਰੱਖਦੀ ਹੈ, ਜਦੋਂ ਕਿ ਯੂਕੇ ਸਰਕਾਰ(ਸੈਂਟਰ ਸਰਕਾਰ) ਇਮੀਗ੍ਰੇਸ਼ਨ, ਪੈਨਸ਼ਨ, ਵਿਦੇਸ਼ ਨੀਤੀ ਅਤੇ ਸੁਰੱਖਿਆ ਆਦਿ ਦੇ ਅਧਿਕਾਰ ਆਪਣੇ ਕੋਲ ਰੱਖਦੀ ਹੈ। ਸਕਾਟਿਸ਼ ਸੰਸਦ ਕੁੱਝ ਟੈਕਸਾਂ ਜਿਵੇਂ ਆਮਦਨੀ ਕਰ ਅਤੇ ਲੋਕ ਭਲਾਈ ਕਾਰਜਾਂ 'ਤੇ ਵੀ ਕੰਟਰੋਲ ਰੱਖਦੀ ਹੈ।




1999 ਅਤੇ 2003 ਦੀਆਂ ਪਹਿਲੀਆਂ ਅਤੇ ਦੂਜੀਆਂ ਸਕਾਟਿਸ਼ ਸੰਸਦੀ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਕੇ ਲੇਬਰ ਪਾਰਟੀ ਨੇ ਸਰਕਾਰ ਬਣਾਈ। ਲੇਬਰ ਪਾਰਟੀ ਦੇ ਡੋਨਾਲਡ ਡੇਵਾਰ(1999-2000) ਪਹਿਲੀ ਵਾਰ ਸਕਾਟਲੈਂਡ ਦੇ ਫਸਟ ਮਨਿਸਟਰ ਬਣੇ। ਲੇਬਰ ਪਾਰਟੀ ਦੇ ਹੀ ਹੈਨਰੀ ਮੈਕਲੀਸ਼(2000-2001) ਦੂਜੇ ਅਤੇ ਜੈਕ ਮੈਕਨੀਲ(2001-2007) ਤੀਜੇ ਫਸਟ ਮਨਿਸਟਰ ਰਹੇ। 2007, 2011 ਅਤੇ 2016 ਦੀਆਂ ਚੋਣਾਂ ਜਿੱਤ ਕੇ ਸਕਾਟਲੈਂਡ ਦੀ ਖੇਤਰੀ ਪਾਰਟੀ ਸਕਾਟਿਸ਼ ਨੈਸ਼ਨਲ ਪਾਰਟੀ ਨੇ ਸਰਕਾਰ ਬਣਾਈ। 2007 ਤੋਂ 2014 ਤੱਕ ਸਕਾਟਿਸ਼ ਨੈਸ਼ਨਲ ਪਾਰਟੀ ਦੇ ਐਲਕ ਸਾਲਮੰਡ ਫਸਟ ਮਨਿਸਟਰ ਰਹੇ। ਐਲਕ ਸਾਲਮੰਡ ਨੇ 2014 ਵਿੱਚ ਸਕਾਟਲੈਂਡ ਦੀ ਅਜ਼ਾਦੀ ਦੇ ਪਹਿਲੇ ਜਨਮਤ ਵਿੱਚ ਹਾਰ ਜਾਣ ਤੋਂ ਬਾਅਦ ਅਸਤੀਫਾ ਦੇ ਦਿੱਤਾ। ਕਿਉਂਕਿ ਸਕਾਟਿਸ਼ ਨੈਸ਼ਨਲ ਪਾਰਟੀ ਦੀਆਂ ਚੋਣਾਂ ਵਿੱਚ ਸਕਾਟਲੈਂਡ ਦੀ ਅਜ਼ਾਦੀ ਹਮੇਸ਼ਾ ਮੁੱਖ ਮੁੱਦਾ ਰਿਹਾ ਹੈ। 2014 ਤੋਂ 2023 ਤੱਕ ਸਕਾਟਿਸ਼ ਨੈਸ਼ਨਲ ਪਾਰਟੀ ਦੀ ਨਿਕੋਲਾ ਸਟਰਜਨ ਸੱਭ ਵੱਧ ਤਿੰਨ ਵਾਰ ਅਤੇ ਸੱਭ ਤੋਂ ਵੱਧ ਸਮਾਂ ਲੱਗਭੱਗ 9 ਸਾਲ ਸਕਾਟਲੈਂਡ ਦੀ ਫਸਟ ਮਨਿਸਟਰ ਰਹੀ। 29 ਮਾਰਚ 2023 ਨੂੰ ਇੱਕ ਅਚਾਨਕ ਹੀ ਫੈਸਲੇ ਨਾਲ ਨਿਕੋਲਾ ਸਟਰਜਨ ਸਿਆਸਤ ਤੋਂ ਸੰਨਿਆਸ ਲੈ ਲਿਆ। 29 ਮਾਰਚ 2023 ਤੋਂ 7 ਮਈ 2024 ਤੱਕ ਏਸ਼ੀਆਈ ਮੂਲ ਦੇ ਹਮਜ਼ਾ ਯੂਸਫ਼ ਸਕਾਟਲੈਂਡ ਦੇ ਫਸਟ ਮਨਿਸਟਰ ਰਹੇ ਅਤੇ ਯੂਸਫ਼ ਤੋਂ ਬਾਅਦ ਸਕਾਟਿਸ਼ ਨੈਸ਼ਨਲ ਪਾਰਟੀ ਦੇ ਹੀ ਜੌਹਨ ਸਵਿੰਨੀ ਸਕਾਟਲੈਂਡ ਦੇ ਪਹਿਲੇ ਮੰਤਰੀ ਹਨ।

ਸਾਰੀਆਂ ਪਾਰਟੀਆਂ ਵੱਲੋਂ ਚੋਣ ਪ੍ਰਚਾਰ ਜ਼ੋਰਾਂ ਸ਼ੋਰਾਂ ਨਾਲ ਕੀਤਾ ਜਾ ਰਿਹਾ ਹੈ। ਉਮੀਦਵਾਰ ਅਤੇ ਪਾਰਟੀ ਕਾਰਕੁਨ ਨੁੱਕੜ ਮੀਟਿੰਗਾਂ, ਪੋਸਟਰਾਂ ਅਤੇ ਮੀਡੀਆ (ਅਖਬਾਰਾਂ, ਰੇਡੀਓ ਤੇ ਟੀਵੀ ਬਹਿਸਾਂ) ਰਾਹੀਂ ਸੰਪਰਕ ਕਰ ਕੇ ਵੋਟਰਾਂ ਦਾ ਧਿਆਨ ਆਪਣੀ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੇ ਹਨ।

ਸਕਾਟਲੈਂਡ ਦੀਆਂ ਮੁੱਖ ਪਾਰਟੀਆਂ ਦੇ ਆਗੂ ਜਿਹਨਾਂ ਵਿੱਚ ਸਕਾਟਿਸ਼ ਨੈਸ਼ਨਲ ਪਾਰਟੀ ਦੇ ਪ੍ਰਧਾਨ ਜੌਨ ਸਵਿਨੀ, ਸਕਾਟਿਸ਼ ਲੇਬਰ ਪਾਰਟੀ ਦੇ ਪ੍ਰਧਾਨ ਅਨਸ ਸਰਵਰ, ਸਕਾਟਿਸ਼ ਕਜੰਰਵੇਟਿਵ ਪਾਰਟੀ ਦੇ ਰਸਲ ਫਿੰਡਲੇ, ਗਰੀਨ ਪਾਰਟੀ ਦੇ ਰੌਸ ਗ੍ਰੀਰ, ਲਿਬਰਲ ਡੈਮੋਕ੍ਰਟਿਕ ਦੇ ਐਲੇਕਸ ਕੋਲ-ਹੈਮਿਲਟਨ ਅਤੇ ਰਿਫੌਰਮ ਯੂਕੇ ਦੇ ਮੈਲਕਮ ਆਫਰਡ ਆਪਣੇ ਚੋਣ ਮੈਨੀਫੈਸਟੋ ਜਾਂ ਮੁੱਦਿਆਂ ਰਾਹੀਂ ਵੋਟਰਾਂ ਤੱਕ ਪਹੁੰਚ ਕਰ ਰਹੇ ਹਨ। ਚੋਣਾਂ ਲੜ ਰਹੀਆਂ ਪ੍ਰਮੁੱਖ ਪਾਰਟੀਆਂ ਦੇ ਮੁੱਖ ਮੁੱਦੇ ਇਸ ਤਰ੍ਹਾਂ ਹਨ, ਸਕਾਟਲੈਂਡ ਵਿੱਚ ਪਿਛਲੇ 19 ਸਾਲਾਂ ਤੋਂ ਕਾਬਜ਼ ਸਕਾਟਿਸ਼ ਨੈਸ਼ਨਲ ਪਾਰਟੀ ਨੇ ਸਕਾਟਲੈਂਡ ਦੀ ਆਜ਼ਾਦੀ ਲਈ ਨਵਾਂ ਰੈਫਰੈਂਡਮ, ਐੱਨ. ਐੱਚ. ਐੱਸ. (ਸਿਹਤ ਸੇਵਾਵਾਂ) ਵਿੱਚ ਸੁਧਾਰ ਅਤੇ ਵਧੀਆ ਫੰਡਿੰਗ, ਜੀਵਨ ਪੱਧਰ ਦੀ ਲਾਗਤ (ਕ਼ੋਸਟ ੋਡ ਲ਼ਿਵਿਨਗ) ਨੂੰ ਘਟਾਉਣਾ, ਹਰੀ ਊਰਜਾ ਵਿੱਚ ਨਿਵੇਸ਼, ਮੁਫ਼ਤ ਸਿੱਖਿਆ ਅਤੇ ਵਿਦਿਆਰਥੀ ਸਹਾਇਤਾ ਦਾ ਵਾਅਦਾ ਕੀਤਾ ਹੈ ਅਤੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ 'ਤੇ ਚੋਣ ਲੜ ਰਹੀ ਹੈ। ਸਕਾਟਿਸ਼ ਲੇਬਰ ਪਾਰਟੀ ਐੱਨ.ਐੱਚ. ਐੱਸ. ਦੀ ਸਥਿਤੀ ਸੁਧਾਰ ਅਤੇ ਵੇਟਿੰਗ ਟਾਈਮ ਘਟਾਉਣਾ, ਗਰੀਬੀ ਘਟਾਉਣ ਲਈ ਨਵੀਆਂ ਸਕੀਮਾਂ, ਮਿਡਲ ਕਲਾਸ ਲਈ ਟੈਕਸ ਰਾਹਤ, ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਅਤੇ ਆਜ਼ਾਦੀ ਦੇ ਵਿਰੋਧ ਵਿੱਚ ਯੂਕੇ ਨਾਲ ਰਹਿਣ ਦਾ ਸਮਰਥਨ ਕਰ ਰਹੀ ਹੈ। ਸਕਾਟਿਸ਼ ਕਜੰਰਵੇਟਿਵ ਪਾਰਟੀ ਸਕਾਟਲੈਂਡ ਨੂੰ ਯੂਕੇ ਦਾ ਹਿੱਸਾ ਬਣਾਈ ਰੱਖਣ, ਟੈਕਸ ਘਟਾਉਣ ਅਤੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ, ਕਾਨੂੰਨ-ਵਿਵਸਥਾ ਮਜ਼ਬੂਤ ਕਰਨ, ਸਿੱਖਿਆ ਦਾ ਮਿਆਰ ਵਧਾਉਣ, ਸਰਕਾਰੀ ਖਰਚੇ 'ਤੇ ਨਿਯੰਤਰਣ ਕਰਨ ਦੇ ਮੁੱਦੇ ਉਠਾ ਰਹੀ ਹੈ। ਸਕਾਟਿਸ਼ ਲਿਬਰਲ ਡੈਮੋਕ੍ਰੇਟਿਕ ਸਿਹਤ ਸੇਵਾਵਾਂ ਵਿੱਚ ਵੱਡੇ ਸੁਧਾਰ, ਮਾਨਸਿਕ ਸਿਹਤ 'ਤੇ ਫੋਕਸ, ਸਿੱਖਿਆ ਅਤੇ ਸਕੂਲਾਂ ਵਿੱਚ ਨਿਵੇਸ਼, ਲੋਕਲ ਕਮਿਊਨਿਟੀ ਨੂੰ ਵੱਧ ਅਧਿਕਾਰ ਅਤੇ ਯੂਰਪ ਨਾਲ ਵਧੀਆ ਸੰਬੰਧਾਂ ਨੂੰ ਲੈ ਕੇ ਚੱਲ ਰਹੀ ਹੈ। ਸਕਾਟਿਸ਼ ਗਰੀਨ ਪਾਰਟੀ ਕਲਾਈਮਟ ਚੇਂਜ ਨਾਲ ਲੜਾਈ (ਂਇਟ ਗ਼ੲਰੋ ਟਾਰਗੇਟ), ਪਬਲਿਕ ਟ੍ਰਾਂਸਪੋਰਟ ਸਸਤਾ ਜਾਂ ਮੁਫ਼ਤ ਕਰਨ, ਘਰਾਂ ਦੀ ਕੀਮਤਾਂ ਅਤੇ ਕਿਰਾਏ ਕੰਟਰੋਲ ਕਰਨਾ, ਸਮਾਜਿਕ ਇਨਸਾਫ਼ ਅਤੇ ਬਰਾਬਰੀ ਅਤੇ ਸਕਾਟਲੈਂਡ ਦੀ ਆਜ਼ਾਦੀ ਦਾ ਸਮਰਥਨ ਕਰਨ ਦੇ ਮੁੱਦੇ ਰੱਖ ਰਹੀ ਹੈ।

ਸਕਾਟਲੈਂਡ ਚੋਣਾਂ ਵਿੱਚ ਕਈ ਤਰ੍ਹਾਂ ਦੇ ਚੋਣ ਮੁਕਾਬਲੇ ਚੱਲ ਰਹੇ ਹਨ, ਜਿਨ੍ਹਾਂ ਵਿੱਚ ਸਕਾਟਿਸ਼ ਨੈਸ਼ਨਲ਼ ਪਾਰਟੀ ਅਤੇ ਲੇਬਰ ਪਾਰਟੀ ਸਕਾਟਲੈਂਡ ਦੀ ਕੇਂਦਰੀ ਪੱਟੀ ਦੇ ਚੋਣ ਹਲਕਿਆਂ ਲਈ ਆਹਮੋ-ਸਾਹਮਣੇ ਹਨ। ਕੰਜ਼ਰਵੇਟਿਵ ਉੱਤਰ-ਪੂਰਬ ਅਤੇ ਦੱਖਣੀ ਸਰਹੱਦ ਦੇ ਨਾਲ-ਨਾਲ ਆਪਣੇ ਗੜ੍ਹਾਂ ਨੂੰ ਬਣਾਈ ਰੱਖਣ ਲਈ ਸਕਾਟਿਸ਼ ਨੈਸ਼ਨਲ ਪਾਰਟੀ ਨਾਲ ਲੜ ਰਹੇ ਹਨ। ਲਿਬਰਲ ਡੈਮੋਕਰੇਟ ਹਾਈਲੈਂਡਜ਼ ਅਤੇ ਟਾਪੂਆਂ ਅਤੇ ਰਾਜਧਾਨੀ ਐਡਨਬਰਾ ਵਿੱਚ ਆਪਣੇ ਗੜ੍ਹਾਂ ਦਾ ਵਿਸਥਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਦੋਂ ਕਿ ਗ੍ਰੀਨਜ਼ ਆਪਣੀਆਂ ਖੇਤਰੀ ਸੀਟਾਂ ਦੀ ਗਿਣਤੀ ਵਿੱਚ ਵਾਧਾ ਕਰਨ ਦੀ ਉਮੀਦ ਕਰ ਰਹੇ ਹਨ। ਰਿਫਾਰਮ ਯੂਕੇ ਸਕਾਟਲੈਂਡ ਵਿੱਚ ਸੀਟਾਂ ਜਿੱਤ ਕੇ ਆਪਣੀ ਪਛਾਣ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸਦੇ ਨਾਲ ਹੀ ਕੁੱਝ ਹੌਟ ਸੀਟਾਂ ਹਨ ਜਿਵੇਂ ਕਿ ਸਕਾਟਲੈਂਡ ਦੇ ਪਹਿਲੇ ਮੰਤਰੀ ਜੌਹਨ ਸਵਿੰਨੀ ਉੱਤਰੀ ਤੇਅਸਾਇਡ ਸੀਟ ਤੋਂ, ਸਕਾਟਿਸ਼ ਲੇਬਰ ਪਾਰਟੀ ਪ੍ਰਧਾਨ ਅਨਸ ਸਰਵਰ ਗਲਾਸਗੋ ਕੈਥਕਾਰਡ ਤੇ ਪੌਲਕ ਤੋਂ, ਲਿਬਰਲ ਡੈਮੋਕ੍ਰੇਟ ਪਾਰਟੀ ਪ੍ਰਧਾਨ ਐਲੈਕਸ ਕੋਲ ਹਮਿੰਲਟਨ ਐਡਨਬਰਾ ਉੱਤਰੀ, ਰਿਫੌਰਮ ਯੂਕੇ ਪਾਰਟੀ ਪ੍ਰਧਾਨ ਮੈਲਕਮ ਆਫਰਡ ਇਨਵਰਕਲਾਇਡ ਤੋਂ ਅਤੇ ਪੰਜਾਬੀ ਮੂਲ ਦੀ ਪਹਿਲੀ ਸਿੱਖ ਸਕਾਟਲੈਂਡ ਸੰਸਦ ਪੈਮ ਗੋਸਲ ਇੱਕ ਵਾਰ ਫਿਰ ਸਟਰੈਥਕੈਲਵਿਨ ਤੇ ਬੇਰਜਡਨ ਤੋਂ ਕਜੰਰਵੇਟਿਵ ਪਾਰਟੀ ਦੀ ਟਿਕਟ 'ਤੇ ਕਿਸਮਤ ਅਜ਼ਮਾ ਰਹੇ ਹਨ। ਕਜੰਰਵੇਟਿਵ ਪਾਰਟੀ ਨੇ ਹੀ ਪੰਜਾਬੀ ਮੂਲ ਦੀ ਸਤਬੀਰ ਕੌਰ ਗਿੱਲ ਨੂੰ ਪੇਜਲੀ ਤੋਂ ਟਿਕਟ ਦਿੱਤੀ ਹੈ।

ਇਹ ਚੋਣਾਂ ਸਿਰਫ਼ ਸਰਕਾਰ ਬਣਾਉਣ ਲਈ ਨਹੀਂ, ਬਲਕਿ ਸਕਾਟਲੈਂਡ ਦਾ ਭਵਿੱਖ, ਦਿਸ਼ਾ, ਯੂਕੇ ਨਾਲ ਸੰਬੰਧ, ਆਰਥਿਕ ਅਤੇ ਸਮਾਜਿਕ ਨੀਤੀਆਂ ਵੀ ਤਹਿ ਕਰਨਗੀਆਂ। ਸਾਰੀਆਂ ਪਾਰਟੀਆਂ ਅਤੇ ਉਮੀਦਵਾਰ ਵੋਟਰਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਇਹ ਤਾਂ 7 ਮਈ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਊਠ ਕਿਸ ਕਰਵਟ ਬੈਠਦਾ ਹੈ ਅਤੇ ਵਿਰੋਧੀ ਪਾਰਟੀਆਂ ਸਕਾਟਿਸ਼ ਨੈਸ਼ਨਲ ਪਾਰਟੀ ਦੇ ਜੇਤੂ ਰੱਥ ਨੂੰ ਰੋਕਣ ਵਿੱਚ ਕਾਮਯਾਬ ਹੁੰਦੀਆਂ ਹਨ ਜਾਂ ਨਹੀਂ?

* * * * *

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਮਈ ਮਹੀਨਾ 2026

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਕਾਰੋਬਾਰ ਦੇ ਹਾਲਾਤ ਆਮ ਵਰਗੇ ਰਹਿਣਗੇ। ਨਵੇਂ-ਨਵੇਂ ਪ੍ਰਸਤਾਵ ਵਿਚਾਰ ਵਾਸਤੇ ਹੋਣਗੇ। ਜਿਆਦਾ ਗੁੱਸੇ ਅਤੇ ਉਤੇਜਨਾ ਤੋਂ ਬਚੋ। ਕੁਝ ਰੁਕੇ ਹੋਏ ਕੰਮਾਂ ਵਿੱਚ ਸਫਲਤਾ ਮਿਲੇਗੀ। ਪਰਿਵਾਰ ਦੀ ਮਦਦ ਨਾਲ ਕਿਸੇ ਕਠਿਨ ਕੰਮ ਦੀ ਪੂਰਤੀ ਦੇ ਯੋਗ ਹਨ। ਧਨ ਲਾਭ ਦੇ ਸਾਧਨਾਂ ਵਿੱਚ ਵਾਧਾ ਅਤੇ ਤਰੱਕੀ ਦੇ ਮੌਕੇ ਮਿਲਣਗੇ। ਫਜ਼ੂਲ ਦਾ ਤਣਾਅ ਅਤੇ ਖਰਚ ਵੀ ਹੋਵੇਗਾ। ਨਵੇਂ ਕੰਮ ਵਿੱਚ ਧਨ ਸਾਵਧਾਨੀ ਨਾਲ ਹੀ ਲਗਾਉਣਾ ਚਾਹੀਦਾ ਹੈ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰੋ, ਘਰ ਵਿੱਚ ਸ਼ਾਂਤੀ ਆਵੇਗੀ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਰੁਕਾਵਟਾਂ ਦੇ ਬਾਵਜੂਦ ਧਨ ਲਾਭ ਅਤੇ ਕੰਮ ਵਿੱਚ ਸਫਲਤਾ ਮਿਲੇਗੀ। ਕੰਮਕਾਰ ਵਿੱਚ ਰੁਝੇਵਾਂ ਵਧੇਗਾ। ਵਪਾਰ ਵਿੱਚ ਕੁਝ ਤਬਦੀਲੀ ਦੀ ਸਲਾਹ ਬਣੇਗੀ। ਸਫਰ ਦੀ ਯੋਜਨਾ ਵੀ ਬਣ ਸਕਦੀ ਹੈ। ਕਿਸੇ ਪਿਆਰੇ ਸਾਥੀ ਨਾਲ ਮੁਲਾਕਾਤ ਦੇ ਯੋਗ ਹਨ। ਇਸਤਰੀ ਸੁੱਖ ਅਤੇ ਸ਼ੁੱਭ ਸਮਾਚਾਰ ਮਿਲਣਗੇ। ਵਿੱਦਿਆਰਥੀ ਵਰਗ ਦੇ ਲਈ ਸਮਾਂ ਸੰਘਰਸ਼ ਭਰਿਆ ਰਹੇਗਾ। ਵਿਸ਼ੇਸ਼ ਮਿਹਨਤ ਤੋਂ ਬਾਅਦ ਹੀ ਸਫਲਤਾ ਮਿਲ ਸਕੇਗੀ। ਗੁਰੂ ਘਰ ਬੱਚਿਆਂ ਸਮੇਤ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਇਸ ਸਮੇਂ ਵਿੱਚ ਹਾਲਾਤ ਮਿਲੇ-ਜੁਲੇ ਰਹਿਣਗੇ। ਫਜ਼ੂਲ ਦਾ ਮਾਨਸਿਕ ਤਣਾਅ, ਘਰੇਲੂ ਪ੍ਰੇਸ਼ਾਨੀ ਅਤੇ ਅਚਾਨਕ ਖਰਚ ਵਿੱਚ ਵਾਧਾ ਹੋਵੇਗਾ। ਅਜਿਹੇ ਵਿੱਚ ਵਧੇਰੇ ਦੌੜ-ਭੱਜ, ਆਮਦਨ ਨਾਲੋਂ ਖਰਚ ਜ਼ਿਆਦਾ ਅਤੇ ਬਣਦੇ ਕੰਮਾਂ ਵਿੱਚ ਰੁਕਾਵਟਾਂ ਆਉਣਗੀਆਂ। ਇਸ ਦੌਰਾਨ ਹਾਲਾਤ ਵਿੱਚ ਕੁਝ ਤਬਦੀਲੀ ਹੋਵੇਗੀ। ਉੱਚ-ਪੱਧਰੀ ਲੋਕਾਂ ਨਾਲ ਮੇਲ-ਜੋਲ ਹੋਵੇਗਾ। ਕਾਰੋਬਾਰ ਸਬੰਧੀ ਪ੍ਰੇਸ਼ਾਨੀ ਰਹੇਗੀ। ਸਰਕਾਰੀ ਕੰਮਾਂ ਵਿੱਚ ਸਫਲਤਾ ਮਿਲਣ ਦਾ ਯੋਗ ਹੈ। ਹਾਲਾਤਾਂ ਤੋਂ ਘਬਰਾਉਣ ਦੀ ਲੋੜ ਨਹੀਂ, ਡੱਟ ਕੇ ਸਾਹਮਣਾ ਕਰਨ 'ਤੇ ਹੀ ਹਾਲਾਤ ਬਦਲਦੇ ਹਨ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਸੁਭਾਅ ਵਿੱਚ ਤੇਜ਼ੀ ਅਤੇ ਮਾਨਸਿਕ ਤਣਾਅ ਬਣਿਆ ਰਹੇਗਾ। ਲਾਭ ਦੇ ਮੌਕੇ ਖਾਸ ਨਹੀਂ ਹਨ। ਫਜ਼ੂਲ ਦੇ ਸ਼ੱਕ ਕਾਰਨ ਮਾਨਸਿਕ ਸ਼ਾਂਤੀ ਭੰਗ ਹੋਵੇਗੀ। ਇਸਤਰੀ ਨਾਲ ਮੱਤਭੇਦ ਵਧਣਗੇ। ਖਰਚਾ ਵੀ ਜ਼ਿਆਦਾ ਹੋਵੇਗਾ। ਵਿੱਦਿਆਰਥੀ ਵਰਗ ਨੂੰ ਕਾਫੀ ਸੰਘਰਸ਼ ਕਰਨਾ ਪਵੇਗਾ। ਮਿੱਤਰ ਵੱਲੋਂ ਧੋਖਾ ਮਿਲ ਸਕਦਾ ਹੈ, ਸਾਵਧਾਨੀ ਵਰਤੋ । ਬਿਨਾਂ ਕਾਰਨ ਕ੍ਰੋਧ, ਉਤੇਜਨਾ ਅਤੇ ਬੇਚੈਨੀ ਰਹੇਗੀ। ਕਿਸੇ ਤਾਂਤਰਿਕ, ਜੋਤਸ਼ੀ ਜਾਂ ਅਖੌਤੀ ਬਾਬਿਆਂ ਦੇ ਚੁੰਗਲ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਇਸ ਸਮੇਂ ਕੋਈ ਸ਼ੁੱਭ ਸਮਾਚਾਰ ਮਿਲੇਗਾ, ਕੋਈ ਰੁਕਿਆ ਹੋਇਆ ਕੰਮ ਵੀ ਬਣੇਗਾ। ਮਿੱਤਰਾਂ ਦੀ ਮਦਦ ਅਤੇ ਇਸਤਰੀ ਵੱਲੋਂ ਕੋਈ ਸ਼ੁੱਭ ਸੰਦੇਸ਼ ਮਿਲੇਗਾ। ਅਚਾਨਕ ਧਨ ਪ੍ਰਾਪਤੀ ਦੇ ਵੀ ਯੋਗ ਹਨ। ਵਿਲਾਸਤਾ 'ਤੇ ਖਰਚ ਹੋਵੇਗਾ। ਦੁਸ਼ਮਣ ਆਪਣੀਆਂ ਚਾਲਾਂ ਜਾਰੀ ਰੱਖਣਗੇ, ਸੁਚੇਤ ਰਹਿਣ ਦੀ ਲੋੜ ਹੈ। ਘਰੇਲੂ ਹਾਲਾਤ ਹਰ ਪੱਖੋਂ ਸ਼ੁੱਭ ਰਹਿਣਗੇ। ਇਨ੍ਹਾਂ ਦਿਨਾਂ ਵਿੱਚ ਖਰਚ ਵਧੇਰੇ ਹੋਵੇਗਾ। ਯਾਤਰਾ ਦਾ ਵਿਚਾਰ ਵੀ ਬਣ ਸਕਦਾ ਹੈ। ਪਰਿਵਾਰਕ ਸਹਿਯੋਗ ਵੀ ਪੂਰਾ ਮਿਲੇਗਾ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਬੇਲੋੜੀ ਭੱਜ-ਦੌੜ ਜ਼ਿਆਦਾ ਰਹਿਣ ਦੇ ਯੋਗ ਹਨ। ਵਧੇਰੇ ਸੰਘਰਸ਼ ਮਗਰੋਂ ਹੀ ਗੁਜ਼ਾਰੇ ਯੋਗ ਧਨ ਪ੍ਰਾਪਤ ਹੋਵੇਗਾ। ਮਨ ਕਾਫੀ ਪ੍ਰੇਸ਼ਾਨ ਰਹੇਗਾ। ਪਰਿਵਾਰ ਵਿੱਚ ਮਨ-ਮੁਟਾਵ ਅਤੇ ਭਾਈ-ਬੰਧੂਆਂ ਨਾਲ ਟਕਰਾਅ ਦੇ ਹਾਲਾਤ ਪੈਦਾ ਹੋਣਗੇ। ਵਿਰੋਧੀਆਂ ਦੇ ਕਾਰਨ ਕੋਈ ਬਣਦਾ ਕੰਮ ਰੁੱਕ ਵੀ ਸਕਦਾ ਹੈ। ਉਪਾਅ ਕਰਨ 'ਤੇ ਦੋਸਤਾਂ ਦੀ ਮਦਦ ਨਾਲ ਕੋਈ ਮੁਸ਼ਕਿਲ ਹੱਲ ਹੋਵੇਗੀ, ਪਰ ਸੋਚ ਵਿਚਾਰ ਕੇ ਧਨ ਖਰਚ ਕਰਨਾ ਹੀ ਲਾਭਦਾਇਕ ਰਹੇਗਾ। ਸਵੇਰ ਤੇ ਸ਼ਾਮ ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਵਧੇਰੇ ਲਾਭ ਦੀ ਉਮੀਦ ਨਾਲ ਸਮਾਂ ਬੀਤੇ-ਗਾ। ਰਿਸ਼ਤੇਦਾਰਾਂ ਦੀ ਮਦਦ ਨਾਲ ਵਿਗੜੇ ਕੰਮ ਬਣਨਗੇ। ਮਿਹਨਤ ਦਾ ਨਤੀਜਾ ਕੁਝ ਹੀ ਸਮੇਂ ਬਾਅਦ ਮਿਲ ਜਾਵੇਗਾ। ਪੜ੍ਹਾਈ ਵਿੱਚ ਸਫਲਤਾ ਮਿਲੇਗੀ। ਸ਼ੁੱਭ ਸੂਚਨਾ ਦੇ ਵੀ ਯੋਗ ਹਨ। ਰਾਜਸੀ ਕੰਮਾਂ ਵਿੱਚ ਮਾਣ-ਇੱਜ਼ਤ ਵਧੇਗਾ। ਭਾਈ-ਬੰਧੂਆਂ ਨਾਲ ਮੇਲ-ਮਿਲਾਪ ਵਧੇਗਾ। ਇਸ ਸਮੇਂ ਦੌਰਾਨ ਯਾਤਰਾ ਦਾ ਵੀ ਯੋਗ ਬਣ ਸਕਦਾ ਹੈ। ਸਾਂਝੇਦਾਰੀ ਦੇ ਕੰਮ ਵਿੱਚ ਲਾਭ ਦੇ ਮੌਕੇ ਮਿਲਣਗੇ। ਸਮੇਂ ਨੂੰ ਵਿਅਰਥ ਨਾ ਗਵਾਉ, ਬਲਕਿ ਉਸ ਦਾ ਸਦਉਪਯੋਗ ਕਰੋ ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਰੁਕਾਵਟਾਂ ਅਤੇ ਉਲਝਣਾਂ ਦੇ ਬਾਵਜੂਦ ਗੁਜ਼ਾਰੇ ਯੋਗ ਧਨ ਮਿਲੇਗਾ। ਭਾਈ-ਬੰਧੂਆਂ ਨਾਲ ਮਨ-ਮੁਟਾਵ ਹੋਵੇਗਾ। ਸਥਾਨ ਬਦਲਾਵ ਦੇ ਵੀ ਯੋਗ ਹਨ। ਸਰੀਰਕ ਕਸ਼ਟ ਅਤੇ ਸੁਭਾਅ ਵਿੱਚ ਤੇਜ਼ੀ ਆਵੇਗੀ। ਇਸਤਰੀ ਅਤੇ ਸੰਤਾਨ ਵੱਲੋਂ ਖੁਸ਼ੀ ਮਿਲੇ-ਗੀ। ਘਰੇਲੂ ਪ੍ਰੇਸ਼ਾਨੀਆਂ ਕਰਕੇ ਤਣਾਅ ਹੋ ਸਕਦਾ ਹੈ। ਸੰਘਰਸ਼ ਕਰਨ 'ਤੇ ਹੀ ਸਫਲਤਾ ਮਿਲੇਗੀ। ਕਿਸੇ ਲੰਬੀ ਯਾਤਰਾ ਦੇ ਵੀ ਯੋਗ ਹਨ। ਕਾਰੋਬਾਰ ਦੇ ਹਾਲਾਤ ਠੀਕ ਅਤੇ ਬਿਹਤਰ ਰਹਿਣਗੇ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਅਤੇ ਕਲਿਆਣਕਾਰੀ ਹੋਵੇਗਾ।


**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਇਹ ਸਮਾਂ ਹਾਲਾਤਾਂ ਦੇ ਸੁਧਾਰ ਦਾ ਹੈ। ਫਿਰ ਵੀ ਪਰਿਵਾਰ ਸਬੰਧੀ ਉਲਝਣਾਂ ਵੱਧਣਗੀਆਂ। ਬਣਦੇ ਕੰਮਾਂ ਵਿੱਚ ਅੜਚਣਾਂ ਪੈ ਸਕਦੀਆਂ ਹਨ। ਇਸ ਸਮੇਂ ਦੌਰਾਨ ਧਨ ਲਾਭ ਦੇ ਵੀ ਯੋਗ ਬਣਨਗੇ। ਕਿਸੇ ਸ੍ਰੇਸ਼ਠ ਅਤੇ ਉੱਚ ਅਧਿਕਾਰੀ ਨਾਲ ਸੰਪਰਕ ਵਧੇਗਾ। ਨਵੇਂ ਕੰਮ ਦੀ ਯੋਜਨਾ ਬਣੇਗੀ। ਧਨ ਲਾਭ ਲਈ ਰਸਤੇ ਖੁੱਲਣਗੇ। ਪਰਿਵਾਰ ਵਿੱਚ ਕੋਈ ਖੁਸ਼ੀ ਪ੍ਰਾਪਤ ਹੋਵੇਗੀ। ਵਾਹਨ 'ਤੇ ਖਰਚ ਹੋਵੇਗਾ। ਇਸ ਸਭ ਦੇ ਬਾਵਜੂਦ ਆਪਣੇ ਮਾਤਾ ਪਿਤਾ ਨੂੰ ਗੁਰ-ਦੁਆਰਾ ਸਾਹਿਬ ਜਰੂਰ ਲੈ ਕੇ ਜਾਉ, ਮਨ ਨੂੰ ਸ਼ਾਂਤੀ ਮਿਲੇਗੀ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਕਿਸੇ ਖਾਸ ਕੰਮ ਵਿੱਚ ਰੁਕਾਵਟਾਂ ਤੋਂ ਬਾਅਦ ਸਫਲਤਾ ਮਿਲ ਜਾਵੇਗੀ। ਸ਼ੁੱਭ ਸਮਾਚਾਰਾਂ ਦਾ ਆਦਾਨ-ਪ੍ਰਦਾਨ ਹੋਵੇਗਾ, ਅਚਾਨਕ ਖਰਚ ਵਧਣਗੇ। ਵਿੱਦਿਆਰਥੀਆਂ ਨੂੰ ਸਮੇਂ ਦਾ ਸਹੀ ਉਪਯੋਗ ਕਰਨਾ ਅਤੇ ਵਿੱਦਿਆ ਵਿੱਚ ਤਰੱਕੀ ਲਈ ਮਿਹਨਤ ਕਰਨ ਦੀ ਲੋੜ ਹੈ। ਸ਼ੁੱਭ ਕਾਰਜਾਂ 'ਤੇ ਵਧੇਰੇ ਖਰਚ ਹੋਵੇਗਾ। ਕਿਸੇ ਨਜ਼ਦੀਕੀ ਰਿਸ਼ਤੇਦਾਰਾਂ ਤੋਂ ਧੋਖਾ ਵੀ ਮਿਲ ਸਕਦਾ ਹੈ, ਸੁਚੇਤ ਰਹਿਣ ਦੀ ਲੋੜ ਹੈ। ਮਨ ਅੰਦਰ ਪ੍ਰਮਾਤਮਾ ਨੂੰ ਯਾਦ ਕਰੋ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਇਸ ਸਮੇਂ ਆਮਦਨ ਘੱਟ ਅਤੇ ਖਰਚ ਜ਼ਿਆਦਾ ਹੋਵੇਗਾ। ਫਜ਼ੂਲ ਦੀ ਭੱਜ-ਦੌੜ ਅਤੇ ਫਜ਼ੂਲ ਖਰਚੀ ਵਧੇਗੀ। ਧਨ ਦਾ ਨੁਕਸਾਨ ਅਤੇ ਸਿਹਤ ਕੁਝ ਨਰਮ ਰਹੇਗੀ। ਬਣਦੇ ਕੰਮਾਂ ਵਿੱਚ ਰੁਕਾਵਟਾਂ ਆਉਣਗੀਆਂ। ਸੰਤਾਨ ਸਬੰਧੀ ਚਿੰਤਾ ਵਧੇਗੀ।ਪੜ੍ਹਾਈ ਵਿੱਚ ਸਫਲਤਾ ਅਤੇ ਕੋਈ ਸ਼ੁੱਭ ਕੰਮ ਹੋਵੇਗਾ। ਹਿੰਮਤ ਅਤੇ ਮਿਹਨਤ ਵਿੱਚ ਵਾਧਾ ਹੋਵੇਗਾ। ਹਾਲਾਤਾਂ ਵਿੱਚ ਸੁਧਾਰ ਹੋਵੇਗਾ। ਨਸ਼ਿਆਂ ਦੀ ਦਲਦਲ ਤੋਂ ਆਪਣੇ ਆਪ ਨੂੰ ਬਚਾ ਕੇ ਰੱਖੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਸਮਾਂ ਅਨੁਕੂਲ ਹੈ। ਮਿਹਨਤ ਕਰਨ 'ਤੇ ਸਫਲਤਾ ਮਿਲੇਗੀ। ਜਦਕਿ ਵਪਾਰ ਅਤੇ ਨੌਕਰੀ ਵਿੱਚ ਤਰੱਕੀ ਦੇ ਮੌਕੇ ਮਿਲਣਗੇ। ਇਸਤਰੀ ਅਤੇ ਸੰਤਾਨ ਸੁੱਖ ਮਿਲੇਗਾ। ਪਰਿਵਾਰ ਵਿੱਚ ਚੰਗੇ ਸਬੰਧ ਬਣਾਉਣ ਨਾਲ ਖਾਸ ਲਾਭ ਹੋਵੇਗਾ। ਸਿਹਤ ਖਰਾਬ, ਅੱਖਾਂ ਸਬੰਧੀ ਰੋਗ ਅਤੇ ਸੱਟ ਲੱਗਣ ਦਾ ਡਰ ਹੈ। ਘਰੇਲੂ ਉਲਝਣਾਂ ਕਾਰਨ ਮਨ ਪ੍ਰੇਸ਼ਾਨ ਅਤੇ ਤਣਾਅਪੂਰਨ ਰਹੇਗਾ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ, ਕਾਰੋਬਾਰ ਠੀਕ ਰਹਿਣਗੇ ਤੇ ਮਨ ਵੀ ਸ਼ਾਂਤ ਰਹੇਗਾ।

* * * * *

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੂਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ !
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਸਵ: ਸ੍ਰ. ਉਮਰਾਓ ਅਟਵਾਲ
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ
ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।
ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: M: 07966 388 388

# ਸਰਦਾਰ ਹਰੀ ਸਿੰਘ ਨਲੂਆ ’ਤੇ ਫ਼ਿਲਮ ਰੋਕਣ ਦੇ ਫ਼ੈਸਲੇ ’ਤੇ ਪ੍ਰੋ. ਸਰਚਾਂਦ ਸਿੰਘ ਖਿਆਲਾ ਦੇ ਤਿੱਖੇ ਸਵਾਲ

## ✪ ਜਥੇਦਾਰ ਗੜਗੱਜ ਆਪਣੇ ਫ਼ੈਸਲੇ ਦੀ ਸਿਧਾਂਤਕ ਸਪਸ਼ਟਤਾ ਸੰਗਤ ਸਾਹਮਣੇ ਰੱਖਣ: ਪ੍ਰੋ. ਖਿਆਲਾ

## ✪ ਨਲੂਆ ’ਤੇ ਰੋਕ, ਪਰ ‘ਪੰਜਾਬ 95’ ਦੀ ਵਕਾਲਤ-ਕੀ ਖਾਲੜਾ ਸਿੱਖ ਯੋਧਾ ਨਹੀਂ ?: ਖਿਆਲਾ



ਅੰਮ੍ਰਿਤਸਰ-ਸਿੱਖ ਚਿੰਤਕ ਅਤੇ ਭਾਜਪਾ ਪੰਜਾਬ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸਿੱਖ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦੀ ਜੀਵਨੀ ’ਤੇ ਫ਼ਿਲਮ ਬਣਾਉਣ ਦੇ ਪ੍ਰਸਤਾਵ ਨੂੰ ਰੱਦ ਕਰਨ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਫ਼ੈਸਲੇ ’ਤੇ ਹੈਰਾਨੀ ਜਤਾਉਂਦਿਆਂ ਕਿਹਾ ਹੈ ਕਿ ਇਸ ਦੇ ਪਿੱਛੇ ਸਿਧਾਂਤਕ ਸਪਸ਼ਟਤਾ ਸੰਗਤ ਦੇ ਸਾਹਮਣੇ ਰੱਖੀ ਜਾਵੇ।

ਉਨ੍ਹਾਂ ਕਿਹਾ ਕਿ ਜੇਕਰ ਧਾਰਮਿਕ ਮਰਯਾਦਾ ਦੀ ਰੱਖਿਆ ਮੁੱਖ ਉਦੇਸ਼ ਹੈ, ਤਾਂ ਫ਼ਿਲਮਾਂ ਲਈ ਸਪਸ਼ਟ ਮਾਪਦੰਡ ਤੈਅ ਕਰਕੇ ਨਿਰਦੇਸ਼ ਜਾਰੀ ਕਰਨੇ ਚਾਹੀਦੇ ਸਨ, ਨਾ ਕਿ ਸਾਰਿਆਂ ਉੱਤੇ ਇਕਸਾਰ ਰੋਕ ਲਗਾ ਕੇ ਸੰਦੇਹ ਪੈਦਾ ਕੀਤਾ ਜਾਵੇ। ਪ੍ਰੋ. ਖਿਆਲਾ ਨੇ ਗਿਆਨੀ ਗੜਗੱਜ ਦੇ ਫ਼ੈਸਲੇ ਵਿੱਚ ਦੋਹਰੇ ਮਾਪਦੰਡਾਂ ਉੱਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਜੇਕਰ ਸਿੱਖ ਯੋਧਿਆਂ ਉੱਤੇ ਫ਼ਿਲਮਾਂ ਬਣਾਉਣ ਦੀ ਮਨਾਹੀ ਹੈ, ਤਾਂ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਲਈ ਤਿਆਰ ਕੀਤੀਆਂ ਜਾਂ ਖ਼ਰੀਦੀਆਂ ਗਈਆਂ ਫ਼ਿਲਮਾਂ-ਜਿਵੇਂ ਚਾਰ ਸਾਹਿਬਜ਼ਾਦੇ, ਬਾਬਾ ਬੰਦਾ ਸਿੰਘ ਬਹਾਦਰ, ਸੁਖਾ ਸਿੰਘ-ਮਹਿਤਾਬ ਸਿੰਘ, ਬੋਤਾ ਸਿੰਘ-ਗਰਜਾ ਸਿੰਘ-ਅਤੇ ਦਮਦਮਾ ਸਾਹਿਬ ਵਿਖੇ ਮੌਜੂਦ ਸ. ਨਲੂਆ ਦੇ ਅਧਾਰਿਤ ਨਾਟਕ ਮੰਡਲੀਆਂ ਬਾਰੇ ਕੀ ਰਵੱਈਆ ਹੋਵੇਗਾ? ਕੀ ਇਹਨਾਂ ਨੂੰ ਵੀ ਉਸੇ ਕਸੌਟੀ ’ਤੇ ਪਰਖਿਆ ਜਾਵੇਗਾ? ਇਸ ਦੇ ਲਈ ਸ਼੍ਰੋਮਣੀ ਕਮੇਟੀ ਨੂੰ ਕਟਹਿਰੇ ’ਚ ਕਦੋਂ ਖੜ੍ਹਾ ਕਰੇਗਾ?

ਉਨ੍ਹਾਂ ਇਤਿਹਾਸਕ ਸੰਦਰਭ ਦਿੰਦਿਆਂ ਕਿਹਾ ਕਿ ਬੇਸ਼ੱਕ ਗੁਰੂ ਸਾਹਿਬਾਨ ਨੇ ਸਾਨੂੰ “ਸਾਖੀ ਪਰੰਪਰਾ” ਨਾਲ ਜੋੜਿਆ ਹੈ, ਨਾ ਕਿ “ਝਾਕੀ” ਨਾਲ। ਗੁਰਮਤ ਅਨੁਸਾਰ ਸਵਾਂਗ ਦੀ ਮਨਾਹੀ ਹੈ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੇ 20 ਫਰਵਰੀ 1934 ਨੂੰ ਗੁਰੂ ਸਾਹਿਬਾਨ ਅਤੇ ਸਿੱਖ ਸ਼ਹੀਦਾਂ ਦੇ ਮਾਨਵੀ ਚਿਤਰਨ ਨੂੰ ਅਸੂਲਾਂ ਦੇ ਖ਼ਿਲਾਫ਼ ਕਰਾਰ ਦਿੱਤਾ ਸੀ। ਇਸ ਤੋਂ ਬਾਅਦ 7 ਅਗਸਤ 1940 ਦੇ ਮਤੇ ਅਤੇ 10 ਜੁਲਾਈ 2003 ਦੀ ਪੁਸ਼ਟੀ ਅਤੇ ਫਿਰ 13 ਦਸੰਬਰ 2022 ਨੂੰ ਵੀ ਧਰਮ ਪ੍ਰਚਾਰ ਕਮੇਟੀ ਦੁਆਰਾ ਵੀ ਇਹ ਮਨਾਹੀ ਗੁਰੂ ਸਾਹਿਬਾਨ, ਉਹਨਾਂ ਦੇ ਪਰਿਵਾਰਕ ਮੈਂਬਰਾਂ ਅਤੇ ਪੰਜ ਪਿਆਰਿਆਂ ਤੱਕ ਸੀਮਿਤ ਰਹੀ ਹੈ। ਜਿਸ ’ਚ ਗਿਆਨੀ ਗੜਗੱਜ ਦੁਆਰਾ 2025 ’ਚ ਸਿੱਖ ਯੋਧਿਆਂ ਨੂੰ ਵੀ ਜੋੜ ਦਿਤਾ ਗਿਆ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ 2025 ਤੋਂ ਪਹਿਲਾਂ ਕਿਸੇ ਵੀ ਫ਼ੈਸਲੇ ਵਿੱਚ “ਸਿੱਖ ਯੋਧਿਆਂ” ਨੂੰ ਇਸ ਮਨਾਹੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ, ਜਦਕਿ ਹੁਣ ਇਸ ਦੀ ਵਿਸਥਾਰਿਤ ਵਿਆਖਿਆ ਕਰਕੇ ਯੋਧਿਆਂ ਨੂੰ ਵੀ ਇਸ ਵਿੱਚ ਜੋੜ ਦਿੱਤਾ ਗਿਆ ਹੈ, ਜੋ ਸਿਧਾਂਤਕ ਤੌਰ ’ਤੇ ਗੁੰਝਲਦਾਰ ਅਤੇ ਸੰਦੇਹਪੂਰਨ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਗਿਆਨੀ ਗੜਗੱਜ ਵੱਲੋਂ ਭਾਨੂਸ਼ਾਲੀ ਸਟੂਡੀਓ ਨੂੰ ਦਿੱਤੇ ਗਏ ਜਵਾਬ ਵਿੱਚ ਸਰਦਾਰ ਨਲੂਆ ਨੂੰ “ਪੁਰਾਤਨ ਸਿੱਖ ਯੋਧਾ” ਦੱਸ ਕੇ ਰੋਕ ਦਾ ਜਸਟਿਫਿਕੇਸ਼ਨ ਦੇਣਾ ਆਪਣੇ ਹੀ ਫ਼ੈਸਲੇ ਦੀ ਗਲਤ ਵਿਆਖਿਆ ਹੈ, ਕਿਉਂਕਿ 28 ਦਸੰਬਰ 2025 ਦੇ ਹੁਕਮਨਾਮੇ ਵਿੱਚ ਸਿੱਖ ਯੋਧਿਆਂ ਦੀ ਕੋਈ ਵੱਖਰੀ ਵਰਗੀਕਰਨ ਨਹੀਂ ਕੀਤੀ ਗਈ। ਉਨ੍ਹਾਂ ਇਸ ਮਾਮਲੇ ਵਿੱਚ ਹੋਰ ਤਿੱਖਾ ਸਵਾਲ ਖੜ੍ਹਾ ਕਰਦਿਆਂ ਕਿਹਾ ਕਿ ਜੇਕਰ ਸਿੱਖ ਯੋਧਿਆਂ ’ਤੇ ਫ਼ਿਲਮ ਬਣਾਉਣ ਦਾ ਵਿਰੋਧ ਕੀਤਾ ਜਾ ਰਿਹਾ ਹੈ, ਤਾਂ ਫਿਰ ਦਲਜੀਤ ਸਿੰਘ ਦੁਸਾਂਝ ਵੱਲੋਂ ਸ੍ਰੀ ਜਸਵੰਤ ਸਿੰਘ ਖਾਲੜਾ ’ਤੇ ਬਣਾਈ ਗਈ ਫ਼ਿਲਮ ‘ਪੰਜਾਬ 95’ ਦੀ ਵਕਾਲਤ ਕਿਵੇਂ ਕੀਤੀ ਜਾ ਸਕਦੀ ਹੈ? ਕੀ ਗਿਆਨੀ ਗੜਗੱਜ ਦੇ ਨਜ਼ਰੀਏ ਅਨੁਸਾਰ ਸ੍ਰੀ ਖਾਲੜਾ ਸਿੱਖ ਯੋਧਾ ਨਹੀਂ ਮੰਨੇ ਜਾਂਦੇ?

ਉਨ੍ਹਾਂ 22 ਮਈ 2018 ਨੂੰ ਬਣਾਏ ਗਏ “21 ਮੈਂਬਰੀ ਸਿੱਖ ਸੈਂਸਰ ਬੋਰਡ” ਦਾ ਹਵਾਲਾ ਦਿੰਦਿਆਂ ਕਿਹਾ ਕਿ ਜੇਕਰ ਫ਼ਿਲਮਾਂ ’ਤੇ ਪੂਰੀ ਪਾਬੰਦੀ ਹੀ ਲਗਾਉਣੀ ਸੀ, ਤਾਂ ਅਕਾਲ ਤਖ਼ਤ ਸਾਹਿਬ ਤੋਂ ਇਸ ਬੋਰਡ ਦੀ ਸਥਾਪਨਾ ਦਾ ਮਕਸਦ ਕੀ ਸੀ? ਇਸ ਨਾਲ ਸਪਸ਼ਟ ਹੁੰਦਾ ਹੈ ਕਿ ਪਹਿਲਾਂ ਨਿਯਮਿਤ ਕਰਨ ਦੀ ਸੋਚ ਸੀ, ਨਾ ਕਿ ਪੂਰੀ ਮਨਾਹੀ। ਪ੍ਰੋ. ਖਿਆਲਾ ਨੇ ਅਜੋਕੇ ਸਮੇਂ ਵਿੱਚ ਇਤਿਹਾਸਕ ਫ਼ਿਲਮਾਂ ਦੀ ਮਹੱਤਤਾ ਉਜਾਗਰ ਕਰਦਿਆਂ ਕਿਹਾ ਕਿ ਇਹ ਕੇਵਲ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਕੌਮੀ ਚੇਤਨਾ ਨੂੰ ਜਾਗਰੂਕ ਕਰਨ, ਸਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਨੂੰ ਆਪਣੇ ਮੂਲ ਅਤੇ ਮੁੱਲਾਂ ਨਾਲ ਜੋੜਨ ਦਾ ਬਹੁਤ ਪ੍ਰਭਾਵਸ਼ਾਲੀ ਮਾਧਿਅਮ ਹਨ। ਡਿਜ਼ੀਟਲ ਯੁੱਗ ਵਿੱਚ, ਜਿੱਥੇ ਕਿਤਾਬਾਂ ਨਾਲ ਦੂਰੀ ਵਧਦੀ ਜਾ ਰਹੀ ਹੈ, ਉੱਥੇ ਫ਼ਿਲਮਾਂ ਇਤਿਹਾਸ ਨੂੰ ਸਿਰਫ਼ ਪੜ੍ਹਨ ਯੋਗ ਨਹੀਂ, ਸਗੋਂ ਮਹਿਸੂਸ ਕਰਨ ਯੋਗ ਜੀਵੰਤ ਅਨੁਭਵ ਵਿੱਚ ਤਬਦੀਲ ਕਰਦੀਆਂ ਹਨ। ਇਹ ਭਾਸ਼ਾ, ਰਿਵਾਜ਼ਾਂ, ਪਹਿਰਾਵੇ ਅਤੇ ਜੀਵਨ-ਮੁੱਲਾਂ ਨੂੰ ਦ੍ਰਿਸ਼ਮਾਨ ਰੂਪ ਵਿੱਚ ਪੇਸ਼ ਕਰਕੇ ਅਗਲੀ ਪੀੜ੍ਹੀ ਤੱਕ ਸੁਰੱਖਿਅਤ ਢੰਗ ਨਾਲ ਪਹੁੰਚਾਉਂਦੀਆਂ ਹਨ। ਖ਼ਾਸ ਕਰਕੇ ਪੰਜਾਬੀ ਅਤੇ ਸਿੱਖ ਇਤਿਹਾਸ ਦੇ ਸੰਦਰਭ ਵਿੱਚ, ਇਹ ਫ਼ਿਲਮਾਂ ਸਿੱਖੀ ਦੇ ਮੂਲ ਸਿਧਾਂਤਾਂ, ਮਹਾਨ ਕੁਰਬਾਨੀਆਂ ਅਤੇ ਇਤਿਹਾਸਕ ਗੌਰਵ ਨੂੰ ਸਮਝਾਉਣ ਦਾ ਇੱਕ ਜੀਵੰਤ ਅਤੇ ਪ੍ਰਭਾਵਸ਼ਾਲੀ ਜਰੀਆ ਬਣ ਸਕਦੀਆਂ ਹਨ।

ਇਤਿਹਾਸਕ ਵਿਸ਼ਿਆਂ ’ਤੇ ਬਣਦੀਆਂ ਫ਼ਿਲਮਾਂ ਦੀ ਵਕਾਲਤ ਕਰਦਿਆਂ ਪ੍ਰੋ. ਖਿਆਲਾ ਨੇ ਕਿਹਾ ਕਿ 18ਵੀਂ ਸਦੀ ਦੇ ਸਿੱਖ ਇਤਿਹਾਸ



ਅਤੇ ਸਿੱਖ ਯੋਧਿਆਂ ਦੀ ਬਹਾਦਰੀ ਦੇ ਆਲੇ-ਦੁਆਲੇ ਘੁੰਮਦੀ ਪੰਜਾਬੀ ਫ਼ਿਲਮ ‘ਮਸਤਾਨੇ’ ਅਤੇ ਸਾਰਾਗੜ੍ਹੀ ਦੇ ਇਤਿਹਾਸ ’ਤੇ ਬਣੀਆਂ ਫ਼ਿਲਮਾਂ ਨੇ ਸਿੱਖਾਂ ਦੇ ਕਿਰਦਾਰ, ਸੰਘਰਸ਼ ਅਤੇ ਬਹਾਦਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੂਪਮਾਨ ਕਰਕੇ ਆਮ ਦਰਸ਼ਕਾਂ ਨੂੰ ਜੋੜਨ ਵਿੱਚ ਕਾਮਯਾਬੀ ਹਾਸਲ ਕੀਤੀ। ਇਸ ਤੋਂ ਪਹਿਲਾਂ ਫ਼ਿਲਮਾਂ ਵਿੱਚ ਅਕਸਰ ਸਿੱਖ ਕਿਰਦਾਰਾਂ ਨੂੰ ਵਿਅੰਗਾਤਮਿਕ ਜਾਂ ਹਾਸੇ-ਮਜ਼ਾਕ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਰਿਹਾ, ਪਰ ਅਜਿਹੀਆਂ ਇਤਿਹਾਸਕ ਫ਼ਿਲਮਾਂ ਨੇ ਸਿੱਖ ਪਛਾਣ ਨੂੰ ਗੰਭੀਰਤਾ, ਸ਼ਾਨ ਅਤੇ ਗੌਰਵ ਨਾਲ ਪੇਸ਼ ਕਰਨ ਦੀ ਦਿਸ਼ਾ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਇਤਿਹਾਸ ਅਤੇ ਵਿਰਸੇ ਨਾਲ ਜੋੜਨ ਲਈ ਅਜਿਹੀਆਂ ਫ਼ਿਲਮਾਂ ਨਿਰੰਤਰ ਬਣਨੀਆਂ ਚਾਹੀਦੀਆਂ ਹਨ। ਇਸੇ ਸ਼੍ਰੇਣੀ ਵਿੱਚ ਸਰਦਾਰ ਹਰੀ ਸਿੰਘ ਨਲੂਆ ਦੀ ਜੀਵਨੀ ਨਾ ਸਿਰਫ਼ ਨਵੀਂ ਪੀੜ੍ਹੀ ਲਈ, ਸਗੋਂ ਸਰਹੱਦਾਂ ’ਤੇ ਪਹਿਰਾ ਦੇ ਰਹੀਆਂ ਸਾਡੀਆਂ ਫ਼ੌਜਾਂ ਅਤੇ ਨੌਜਵਾਨਾਂ ਲਈ ਵੀ ਪ੍ਰੇਰਨਾ ਦਾ ਸਰੋਤ ਹੈ। ਸਰਦਾਰ ਹਰੀ ਸਿੰਘ ਨਲੂਆ ਵਰਗੇ ਮਹਾਨ ਇਤਿਹਾਸਕ ਯੋਧੇ ਉੱਤੇ ਫ਼ਿਲਮ ਬਣਾਉਣ ਦੀ ਲੋੜ ਕੇਵਲ ਮਨੋਰੰਜਨ ਲਈ ਨਹੀਂ, ਸਗੋਂ ਕੌਮੀ ਚੇਤਨਾ, ਇਤਿਹਾਸਕ ਯਾਦ ਅਤੇ ਰਾਸ਼ਟਰੀ ਗੌਰਵ ਨੂੰ ਮਜ਼ਬੂਤ ਕਰਨ ਲਈ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਹਾਲੀਵੁੱਡ ਅਤੇ ਬਾਲੀਵੁੱਡ ਵਿੱਚ ਕਈ ਇਤਿਹਾਸਕ ਵਿਸ਼ਿਆਂ ’ਤੇ ਉੱਚ ਪੱਧਰੀ ਫ਼ਿਲਮਾਂ ਬਣਦੀਆਂ ਹਨ, ਪਰ ਸਿੱਖ ਇਤਿਹਾਸ ਨੂੰ ਅਜੇ ਵੀ ਉਸ ਦਰਜੇ ਦੀ ਵਿਸ਼ਵ ਪੱਧਰੀ ਪਹੁੰਚ ਨਹੀਂ ਮਿਲੀ। ਸਰਦਾਰ ਹਰੀ ਸਿੰਘ ਨਲੂਆ ਵਰਗੇ ਮਹਾਨ ਕਿਰਦਾਰ ਉੱਤੇ ਰਿਸਰਚ-ਅਧਾਰਿਤ ਅਤੇ ਮਰਯਾਦਾ ਪੂਰਨ ਫ਼ਿਲਮ ਸਿੱਖ ਇਤਿਹਾਸ ਨੂੰ ਵਿਸ਼ਵ ਮੰਚ ’ਤੇ ਲੈ ਜਾ ਸਕਦੀ ਹੈ। ਸ. ਨਲੂਆ ਨੇ ਅਫ਼ਗਾਨ ਹਮਲਾਵਰਾਂ ਨੂੰ ਰੋਕ ਕੇ ਭਾਰਤ ਦੀ ਉੱਤਰ-ਪੱਛਮੀ ਸਰਹੱਦਾਂ ਦੀ ਰੱਖਿਆ ਕੀਤੀ। ਉਨ੍ਹਾਂ ਦੀ ਕਹਾਣੀ ਕੇਵਲ ਇੱਕ ਯੋਧੇ ਦੀ ਕਹਾਣੀ ਨਹੀਂ, ਸਗੋਂ ਭਾਰਤ ਦੀ ਸਰਹੱਦੀ ਸੁਰੱਖਿਆ, ਰਾਜਨੀਤਿਕ ਦੂਰ-ਦਰਸ਼ਤਾ ਅਤੇ ਸੈਨਿਕ ਸ਼ਕਤੀ ਦੇ ਮਜ਼ਬੂਤ ਇਤਿਹਾਸ ਦੀ ਪ੍ਰਤੀਕ ਹੈ।

ਅੰਤ ਵਿੱਚ ਉਨ੍ਹਾਂ ਕਿਹਾ ਕਿ ਹਰੀ ਸਿੰਘ ਨਲੂਆ ’ਤੇ ਫ਼ਿਲਮ ਬਣਾਉਣਾ ਕੇਵਲ ਕਲਾ ਪ੍ਰੋਜੈਕਟ ਨਹੀਂ, ਸਗੋਂ ਇਤਿਹਾਸਕ ਜ਼ਿੰਮੇਵਾਰੀ ਹੈ। ਹਾਲਾਂਕਿ, ਇਹ ਵੀ ਉਤਨਾ ਹੀ ਜ਼ਰੂਰੀ ਹੈ ਕਿ ਅਜਿਹੀ ਕਿਸੇ ਵੀ ਫ਼ਿਲਮ ਵਿੱਚ ਸਿੱਖ ਰਹਿਤ ਮਰਯਾਦਾ, ਧਾਰਮਿਕ ਸੰਵੇਦਨਸ਼ੀਲਤਾ ਅਤੇ ਪੰਥਕ ਨਿਯਮਾਂ ਦਾ ਪੂਰਾ ਆਦਰ ਕੀਤਾ ਜਾਵੇ-ਤਾਂ ਜੋ ਪ੍ਰੇਰਨਾ ਅਤੇ ਮਰਯਾਦਾ ਦੋਵੇਂ ਕਾਇਮ ਰਹਿਣ।

# 30,000 ਫੁੱਟ ਦੀ ਉਚਾਈ ‘ਤੇ ਮਹਿਲਾ ਨੇ ਬੱਚੇ ਨੂੰ ਦਿੱਤਾ ਜਨਮ, ਏਅਰਲਾਈਨ ਵੱਲੋਂ ਖਾਸ ਤੋਹਫ਼ਾ



ਨਵੀਂ ਦਿੱਲੀ ਇੱਕ ਹੈਰਾਨ ਕਰ ਦੇਣ ਵਾਲੀ ਘਟਨਾ ਵਿੱਚ ਇੱਕ ਗਰਭਵਤੀ ਮਹਿਲਾ ਨੇ ਹਵਾਈ ਯਾਤਰਾ ਦੌਰਾਨ ਕਰੀਬ 30,000 ਫੁੱਟ ਦੀ ਉਚਾਈ ਤੇ ਹੀ ਬੱਚੇ ਨੂੰ ਜਨਮ ਦੇ ਦਿੱਤਾ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਫਲਾਈਟ ਆਪਣੀ ਮੰਜ਼ਿਲ ਵੱਲ ਜਾ ਰਹੀ ਸੀ ਅਤੇ ਅਚਾਨਕ ਮਹਿਲਾ ਨੂੰ ਪ੍ਰਸਵ ਪੀੜਾ ਸ਼ੁਰੂ ਹੋ ਗਈ। ਫਲਾਈਟ ਵਿੱਚ ਮੌਜੂਦ ਕੈਬਿਨ ਕਰਿਊ ਨੇ ਤੁਰੰਤ ਸਥਿਤੀ ਨੂੰ ਸੰਭਾਲਿਆ ਅਤੇ ਯਾਤਰੀਆਂ ਵਿੱਚੋਂ ਕੁਝ ਡਾਕਟਰੀ ਜਾਣਕਾਰੀ ਰੱਖਣ ਵਾਲੇ ਲੋਕਾਂ ਦੀ ਮਦਦ ਨਾਲ ਜਨਮ ਦੀ ਪ੍ਰਕਿਰਿਆ ਨੂੰ ਸਫਲਤਾਪੂਰਵਕ ਪੂਰਾ ਕਰਵਾਇਆ ਗਿਆ। ਖੁਸ਼ਕਿਸਮਤੀ ਨਾਲ ਮਾਂ ਅਤੇ ਨਵਜਨਮੇ ਬੱਚੇ ਦੋਵੇਂ ਹੀ ਸਿਹਤਮੰਦ ਹਨ। ਇਸ ਵਿਲੱਖਣ ਘਟਨਾ ਤੋਂ ਪ੍ਰਭਾਵਿਤ ਹੋ ਕੇ ਏਅਰਲਾਈਨ ਨੇ ਬੱਚੇ ਦਾ ਨਾਮ Born To Be Blue ਰੱਖਣ ਦਾ ਐਲਾਨ ਕੀਤਾ। ਨਾਲ ਹੀ, ਕੰਪਨੀ ਵੱਲੋਂ ਇਹ ਵੀ ਘੋਸ਼ਣਾ ਕੀਤੀ ਗਈ ਕਿ ਬੱਚੇ ਨੂੰ ਜ਼ਿੰਦਗੀ ਭਰ ਲਈ ਮੁਫ਼ਤ ਹਵਾਈ ਯਾਤਰਾ ਦੀ ਸਹੂਲਤ ਦਿੱਤੀ ਜਾਵੇਗੀ। ਏਅਰਲਾਈਨ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਉਨ੍ਹਾਂ ਲਈ ਵੀ ਇਕ ਯਾਦਗਾਰ ਪਲ ਹੈ ਅਤੇ ਉਹ ਇਸ ਬੱਚੇ ਨੂੰ ਆਪਣੀ ਕੰਪਨੀ ਦੇ ਪਰਿਵਾਰ ਦਾ ਹਿੱਸਾ ਮੰਨਦੇ ਹਨ। ਇਹ ਘਟਨਾ ਸੋਸ਼ਲ ਮੀਡੀਆ ਤੇ ਵੀ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ ਅਤੇ ਲੋਕ ਇਸਨੂੰ ਇੱਕ ਚਮਤਕਾਰਕ ਅਤੇ ਪ੍ਰੇਰਣਾਦਾਇਕ ਕਹਾਣੀ ਵਜੋਂ ਸਾਂਝਾ ਕਰ ਰਹੇ ਹਨ। ਡਾਕਟਰਾਂ ਦੇ ਅਨੁਸਾਰ, ਹਵਾਈ ਯਾਤਰਾ ਦੌਰਾਨ ਅਜਿਹੀਆਂ ਘਟਨਾਵਾਂ ਬਹੁਤ ਘੱਟ ਹੁੰਦੀਆਂ ਹਨ, ਪਰ ਐਮਰਜੈਂਸੀ ਸਥਿਤੀਆਂ ਲਈ ਕਰਿਊ ਨੂੰ ਤਿਆਰ ਕੀਤਾ ਜਾਂਦਾ ਹੈ। ਇਸ ਘਟਨਾ ਨੇ ਇੱਕ ਵਾਰ ਫਿਰ ਸਾਬਤ ਕੀਤਾ ਕਿ ਸਮੇਂ ਤੇ ਮਿਲੀ ਸਹਾਇਤਾ ਨਾਲ ਕਿਸੇ ਵੀ ਮੁਸ਼ਕਲ ਹਾਲਾਤ ਨੂੰ ਸੰਭਾਲਿਆ ਜਾ ਸਕਦਾ ਹੈ।

# ਦਿੱਲੀ ਤੋਂ ਨਿਊਆਰਕ ਦੀ ਫਲਾਈਟ ਵਿੱਚ ਵਿਛੜੀ ਧੀ ਮਿਲੀ

### ਉਜਾਗਰ ਸਿੰਘ



ਮੈਂ ਅਤੇ ਮੇਰੀ ਪਤਨੀ ਸੁਰਜੀਤ ਕੌਰ 2004 ਤੋਂ ਲਗਾਤਾਰ ਲਗਪਗ ਹਰ ਦੂਜੇ ਸਾਲ ਅਮਰੀਕਾ ਆਪਣੇ ਲੜਕੇ ਕੋਲ ਜਾ ਰਹੇ ਹਾਂ। ਇਸ ਵਾਰ ਮੇਰਾ ਅਮਰੀਕਾ ਜਾਣ ਦੇ ਸਮੇਂ ਹਵਾਈ ਜਹਾਜ ਦੇ ਸਫਰ ਦਾ ਤਜ਼ਰਬਾ ਨਿਵੇਕਲਾ ਰਿਹਾ। ਅਸੀਂ 8 ਅਪ੍ਰੈਲ 2026 ਨੂੰ ਯੂਨਾਈਟਡ ਏਅਰ ਲਾਈਨਜ਼ ਦੀ ਫਲਾਈਟ ਵਿੱਚ ਦਿੱਲੀ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਨਿਊ ਆਰਕ ਲਈ ਰਵਾਨਾ ਹੋਏ। ਇਸ ਫਲਾਈਟ ਨੇ ਸਾਢੇ ਸੋਲਾਂ ਘੰਟੇ ਵਿੱਚ ਨਿਊ ਆਰਕ ਹਵਾਈ ਅੱਡੇ 'ਤੇ ਪਹੁੰਚਣਾ ਸੀ। ਉਥੇ 6 ਘੰਟੇ ਦੇ ਠਹਿਰਾਓ ਤੋਂ ਬਾਅਦ ਅਸੀਂ ਲਾਸ ਏਂਜਲਸ ਦੀ ਫਲਾਈਟ ਫੜ੍ਹਨੀ ਸੀ। ਇਹ ਫਲਾਈਟ ਵੀ 6 ਘੰਟੇ ਦੀ ਸੀ। ਲਾਸ ਏਂਜਲਸ ਤੋਂ ਸਾਡੇ ਲੜਕੇ ਨੇ ਕਾਰ ਰਾਹੀਂ ਸੈਂਡੀਆਗੋ ਲੈ ਕੇ ਜਾਣਾ ਸੀ। ਲਾਸ ਏਂਜਲਸ ਤੋਂ ਦੋ ਘੰਟੇ ਦਾ ਸੈਂਡੀਆਗੋ ਦਾ ਸਫਰ ਸੀ। ਪਟਿਆਲਾ ਤੋਂ ਚਲਕੇ ਸੈਂਡੀਆਗੋ ਪਹੁੰਚਣ ਲਈ 40 ਚਾਲੀ ਘੰਟੇ ਲੱਗਣੇ ਸੀ। ਮੱਧ ਵਰਗੀ ਪਰਿਵਾਰ ਵਿੱਚੋਂ ਹੋਣ ਕਰਕੇ ਅਸੀਂ ਹਮੇਸ਼ਾ ਇਕਾਨਮੀ ਕਲਾਸ ਵਿੱਚ ਸਫਰ ਕਰਦੇ ਸੀ। ਇਸ ਵਾਰ ਸਾਡੀ ਵਡੇਰੀ ਉਮਰ ਤੇ ਲੰਬਾ ਸਫਰ ਹੋਣ ਕਰਕੇ ਮੇਰੇ ਲੜਕੇ ਨੇ ਸਾਡੇ ਲਈ ਪਰੀਮੀਅਮ ਪਲੱਸ ਕਲਾਸ ਦੀਆਂ ਟਿਕਟਾਂ ਲੈ ਕੇ ਦਿੱਤੀਆਂ ਤਾਂ ਜੋ ਅਸੀਂ ਥੋੜ੍ਹਾ ਆਰਾਮ ਨਾਲ ਲੰਬਾ ਸਫਰ ਬਿਨਾ ਤਕਲੀਫ਼ ਤਹਿ ਕਰ ਸਕੀਏ। ਇਸ ਤੋਂ ਪਹਿਲਾਂ ਜਦੋਂ ਅਸੀਂ ਸਫਰ ਕਰਦੇ ਸੀ, ਉਸ ਸਮੇਂ ਇੰਟਰਨੈਟ ਦਾ ਜ਼ਮਾਨਾ ਨਹੀਂ ਸੀ। ਪੁਰਾਣੀ ਤਕਨੀਕ ਵਾਲੀਆਂ ਸੀਟਾਂ ਹੁੰਦੀਆਂ ਸਨ। ਹੁਣ ਤਾਂ ਫਲਾਈਟ ਵਿੱਚ ਇੰਟਰਨੈਟ ਅਤੇ ਟੈਲੀਫ਼ੋਨ, ਲੈਪਟਾਪ ਅਤੇ ਹੋਰ ਹਰ ਇਲੈਕਟਰੌਨਿਕ ਔਜ਼ਾਰ ਨੂੰ ਚਾਰਜ ਕਰਨ ਦੀ ਸਹੂਲਤ ਵੀ ਉਪਲਭਧ ਹੁੰਦੀ ਹੈ। ਆਧੁਨਿਕ ਤਕਨਾਲੋਜੀ ਦੇ ਸਮੇਂ ਵਿੱਚ ਬਹੁਤ ਸਾਰੀਆਂ ਨਵੀਂਆਂ ਖੋਜਾਂ ਹੋ ਰਹੀਆਂ ਹਨ, ਜਿਸ ਕਰਕੇ ਜਹਾਜ ਦੀਆਂ ਸੀਟਾਂ ਵਿੱਚ ਵੀ ਤਬਦੀਲੀਆਂ ਹੋ ਰਹੀਆਂ ਹਨ। ਜਹਾਜਾਂ ਦੀਆਂ ਸੀਟਾਂ ਅਤੇ ਹੋਰ ਸਹੂਲਤਾਂ ਵਿੱਚ ਨਵੀਂਆਂ ਤਕਨੀਕਾਂ ਦੇ ਆ ਜਾਣ ਨਾਲ ਸਾਡੇ ਵਰਗੇ ਪੁਰਾਣੇ ਮਾਡਲ ਦੇ ਬਜ਼ੁਰਗਾਂ ਨੂੰ ਇਨ੍ਹਾਂ ਦੀ ਵਰਤੋਂ ਕਰਨ ਦੀ ਮੁਸ਼ਕਲ ਆ ਰਹੀ ਸੀ। ਅਸੀਂ ਸੀਟ ਨੂੰ ਅਡਜਸਟ ਕਰਨ ਦੀ ਕੋਸ਼ਿਸ਼ ਕਰ ਰਹੇ ਸੀ ਤਾਂ ਜੋ ਲੱਤਾਂ ਨਿਸਾਲਕੇ ਆਰਾਮ ਨਾਲ ਸੌਂ ਸਕੀਏ, ਪ੍ਰੰਤੂ ਸੀਟਾਂ ਅਡਜਸਟ ਨਹੀਂ ਹੋ ਰਹੀਆਂ ਸਨ। ਸਾਡੀਆਂ ਸੀਟਾਂ ਤੋਂ ਥੋੜ੍ਹੀ ਦੂਰ ਬੈਠੀ ਇੱਕ ਪੜ੍ਹੀ ਲਿਖੀ ਨੌਜਵਾਨ ਦਿੱਲੀ ਦੀ ਲੜਕੀ ਨੇ ਸਾਡੇ ਕੋਲ ਆ ਕੇ ਸੀਟਾਂ ਨੂੰ ਅਡਜਸਟ ਕਰਨ ਬਾਰੇ ਜਾਣਕਾਰੀ ਹੀ ਨਹੀਂ ਦਿੱਤੀ, ਸਗੋਂ ਆਪ ਹੀ ਸਾਰਾ ਕੁਝ ਕਰ ਦਿੱਤਾ। ਮੇਰੇ ਕੋਲ ਭਾਰਤੀ ਨੰਬਰ ਵਾਲਾ ਮੋਬਾਈਲ ਸੀ। ਬੇਟੇ ਨੇ ਦੱਸਿਆ ਸੀ ਕਿ ਯੂਨਾਈਟਡ ਏਅਰ ਲਾਈਨਜ਼ ਦੀ ਫਲਾਈਟ ਵਿੱਚ ਇੰਟਰਨੈਟ ਦੀ ਸਹੂਲਤ ਹੁੰਦੀ ਹੈ। ਤੁਸੀਂ ਸਾਡੇ ਨਾਲ ਵਟਸ ਅਪ ਰਾਹੀਂ ਤਾਲਮੇਲ ਕਰਦੇ ਰਹਿਣਾ ਤਾਂ ਜੋ ਸਾਨੂੰ ਤੁਹਾਡੇ ਬਾਰੇ ਜਾਣਕਾਰੀ ਮਿਲਦੀ ਰਹੇ। ਮੇਰੇ ਕੋਲੋਂ



ਟੈਲੀਫ਼ੋਨ ਤੇ ਇੰਟਰਨੈਟ ਦੀ ਇਹ ਸਹੂਲਤ ਲੱਖ ਕੋਸ਼ਿਸ਼ ਕਰਨ ਦੇ ਬਾਵਜੂਦ ਉਪਲਭਧ ਨਹੀਂ ਹੋ ਰਹੀ ਸੀ। ਮੈਨੂੰ ਪਰੇਸ਼ਾਨ ਵੇਖਕੇ ਉਹ ਲੜਕੀ ਫਿਰ ਸਾਡੇ ਕੋਲ ਆ ਕੇ ਪੁਛਣ ਲੱਗੀ ਕਿ ਅੰਕਲ ਤੁਸੀਂ ਪਰੇਸ਼ਾਨ ਕਿਉਂ ਹੋ? ਮੈਂ ਉਸ ਲੜਕੀ ਨੂੰ ਦੱਸਿਆ ਕਿ ਮੈਨੂੰ ਇੰਟਰਨੈਟ ਦੀ ਸਹੂਲਤ ਲੈਣ ਵਿੱਚ ਮੁਸ਼ਕਲ ਆ ਰਹੀ ਹੈ। ਉਸਨੇ ਵੀ ਕੋਸ਼ਿਸ਼ ਕੀਤੀ, ਪ੍ਰੰਤੂ ਉਹ ਵੀ ਅਸਫਲ ਰਹੀ। ਫਿਰ ਉਸਨੇ ਕਿਹਾ ਕਿ ਤੁਸੀਂ ਆਪਣੇ ਲੜਕੇ ਦਾ ਨੰਬਰ ਦੇ ਦਿਓ ਮੈਂ ਆਪਣੇ ਫੋਨ ਤੋਂ ਉਸਨੂੰ ਮੈਸਜ ਕਰ ਦਿੰਦੀ ਹਾਂ ਕਿ ਤੁਸੀਂ ਸਭ ਠੀਕ ਹੋ। ਉਸ ਲੜਕੀ ਨੇ ਸਾਡੇ ਬੇਟੇ ਨੂੰ ਮੈਸਜ ਕਰ ਦਿੱਤਾ ਤੇ ਸਾਡੇ ਲੜਕੇ ਦਾ ਵੀ ਜਵਾਬ ਉਸਨੇ ਸਾਨੂੰ ਦੱਸ ਦਿੱਤਾ। ਉਹ ਕਹਿਣ ਲੱਗੀ ਕਿ ਫਲਾਈਟ ਵਿੱਚ ਇੰਟਰਨੈਟ ਦਾ ਕੁਨੈਕਸ਼ਨ ਖ੍ਰੀਦਣਾ ਪੈਂਦਾ ਹੈ। ਮੇਰੇ ਲੜਕੇ ਨੇ ਉਸ ਲੜਕੀ ਨੂੰ ਕਿਹਾ ਕਿ ਉਹ ਇਹ ਕੁਨੈਕਸ਼ਨ ਲੈ ਦੇਵੇ ਤੇ ਪੈਸੇ ਮੈਂ ਆਨ ਲਾਈਨ ਦੇ ਦੇਵਾਂਗਾ। ਮੈਂ ਵੀ ਕਿਹਾ ਕਿ ਮੈਂ ਨਕਦ ਪੈਸੇ ਦੇ ਦੇਵਾਂਗਾ। ਉਹ ਕਹਿਣ ਲੱਗੀ ਕਿਉਂ ਵਾਧੂ ਖ਼ਰਚ ਕਰਨਾ ਹੈ ? ਮੈਂ ਤੁਹਾਡੀ ਵੇਖ ਭਾਲ ਆਪ ਹੀ ਕਰਦੀ ਰਹਾਂਗੀ ਤੇ ਤੁਹਾਡੇ ਬੇਟੇ ਨੂੰ ਜਾਣਕਾਰੀ ਵੀ ਦਿੰਦੀ ਰਹਾਂਗੀ। ਥੋੜ੍ਹੀ ਦੇਰ ਬਾਅਦ ਉਹ ਫਿਰ ਸਾਡੇ ਕੋਲ ਆ ਗਈ ਅਤੇ ਸਾਡੇ ਮੋਬਾਈਲ ਉਸਨੇ ਇੰਟਰਨੈਟ ਨਾਲ ਜੋੜ ਦਿੱਤੇ। ਉਸ ਲੜਕੀ ਨੇ ਜਾਂ ਤਾਂ ਨੈਟ ਖ੍ਰੀਦਿਆਂ ਹੋਵੇਗਾ ਅਤੇ ਜਾਂ ਫਿਰ ਆਪਣੇ ਮੋਬਾਈਲ ਦੇ ਪਰਸਨਲ ਹਾਟ ਸਪਾਟ ਨਾਲ ਜੋੜਕੇ ਸਾਡੇ ਵਟਸ ਅਪ ਚਲਣ ਲਾ ਦਿੱਤੇ ਹੋਣਗੇ। ਪਰ ਸਾਡੇ ਕੋਲੋਂ ਕੋਈ ਪੈਸੇ ਨਹੀਂ ਲਏ। ਕਿਤਨੀ ਦਿਆਲੂ ਲੜਕੀ ਸੀ। ਸਾਡੇ ਕੋਈ ਲੜਕੀ ਨਹੀਂ ਹੈ, ਸਾਨੂੰ ਇਉਂ ਲੱਗਿਆ ਕਿ ਪਰਮਾਤਮਾ ਨੇ ਸਾਨੂੰ ਲੜਕੀ ਦੇ ਦਿੱਤੀ ਹੈ। ਲੜਕੀਆਂ ਕਿਤਨੀਆਂ ਹਮਦਰਦ ਅਤੇ ਦੁੱਖ-ਸੁੱਖ ਦੀਆਂ ਸਹਾਇਕ ਹੁੰਦੀਆਂ ਹਨ। ਖਾਸ ਤੌਰ ਤੇ ਬਜ਼ੁਰਗਾਂ ਲਈ ਸਹਾਰਾ ਬਣਦੀਆਂ ਹਨ। ਸ਼ਾਇਦ ਉਸਨੂੰ ਸਾਡੇ ਰਾਹੀਂ ਉਸਦੇ ਆਪਣੇ ਮਾਪੇ ਹੀ ਵਿਖਾਈ ਦੇਣ ਲੱਗ ਪਏ ਸੀ। ਏਥੇ ਹੀ ਬਸ ਨਹੀਂ ਮੇਰੀ ਕੰਨ੍ਹਾਂ ਵਾਲੀ ਮਸ਼ੀਨ ਦਾ ਚਾਰਜ ਖ਼ਤਮ ਹੋ ਗਿਆ। ਮੈਂ ਆਪਣੀ ਸੀਟ ਦੇ ਨਾਲ ਚਾਰਜ ਕਰਨ ਦੇ ਪੁਆਇੰਟ ਤੇ ਆਪਣਾ ਚਾਰਜਰ ਲਗਾ ਰਿਹਾ ਸੀ। ਉਹ ਪੁਰਾਣੀ ਤਕਨੀਕ ਦਾ ਹੋਣ ਕਰਕੇ ਲੱਗ ਨਹੀਂ ਰਿਹਾ ਸੀ। ਉਸ ਲੜਕੀ ਦੀ ਕਮਾਲ ਵੇਖੋ, ਉਹ ਫਿਰ ਆ ਕੇ ਆਪ ਅਡਜਸਟ ਕਰਨ ਲੱਗੀ, ਪਰੰਤੂ ਉਹ ਚਾਰਜਰ ਫਿਟ ਨਾ ਹੋਇਆ। ਫਿਰ ਉਸਨੇ ਮੇਰੀ ਕੰਨਾਂ ਵਾਲੀ ਮਸ਼ੀਨ ਆਪਣੇ ਚਾਰਜਰ ਤੇ ਚਾਰਜ ਕਰ ਦਿੱਤੀ। ਉਤਨੀ ਦੇਰ ਨੂੰ ਸਾਡੇ ਦੋਹਾਂ ਦੇ ਫੋਨ ਵੀ ਵਟਸ ਅਪ ਚਲਣ ਕਰਕੇ ਉਨ੍ਹਾਂ ਦਾ ਚਾਰਜ ਖ਼ਤਮ ਹੋ ਗਏ। ਉਸਦਾ ਚਾਰਜਰ ਨਵੀਂ ਤਕਨੀਕ ਦਾ ਸੀ। ਇੱਕ ਚਾਰਜਰ ਨਾਲ ਕਈ ਤਾਰਾਂ ਸਨ। ਉਸਨੇ ਸਾਡੇ ਫੋਨ ਵੀ ਚਾਰਜ ਕਰ ਦਿੱਤੇ। ਆਲੇ ਦੁਆਲੇ ਦੀਆਂ ਸੀਟਾਂ ਵਾਲੇ ਪੈਸੰਜਰ ਉਸ ਲੜਕੀ ਦੀ ਦਰਿਆਦਿਲੀ ਵੇਖਕੇ ਹੈਰਾਨ ਹੋ ਰਹੇ ਸਨ। ਨਿਊ ਆਰਕ ਪਹੁੰਚਕੇ ਉਸਨੇ ਸਾਡੇ ਫੋਨ ਏਅਰਪੋਰਟ ਦੇ ਨੈਟ ਨਾਲ ਜੋੜ ਦਿੱਤੇ। ਜਦੋਂ ਅਸੀਂ ਆਪਣੇ ਅਟੈਚੀ ਕੇਸ (ਲੱਗੇਜ) ਲੈ ਰਹੇ ਸੀ ਤਾਂ ਉਹ ਉਥੇ ਵੀ ਸਾਡੇ ਕੋਲ ਆ ਗਈ ਅਤੇ ਸਾਡਾ ਸਾਮਾਨ ਉਸਨੇ ਚੁੱਕਕੇ ਟਰਾਲੀ ਤੇ ਰਖਵਾਇਆ। ਫਿਰ ਉਹ ਮੈਨੂੰ ਕਹਿਣ ਲੱਗੀ ਕਿ ਲਾਸ ਏਂਜਲਸ ਏਅਰਪੋਰਟ ਤੇ ਵੀ ਆਪਣੇ ਫੋਨ ਵੀਲ ਚੇਅਰ ਵਾਲੇ ਤੋਂ ਇੰਟਰਨੈਟ ਨਾਲ ਜੁੜਵਾਕੇ ਆਪਣੇ ਲੜਕੇ ਨਾਲ ਗੱਲ ਕਰ ਲੈਣਾ। ਉਸ ਲੜਕੀ ਨੇ ਮੈਨੂੰ ਮੇਰੇ ਟੈਲੀਫ਼ੋਨ ਤੇ ਇੰਟਰਨੈਟ ਨਾਲ ਜੋੜਨ ਦਾ ਤਰੀਕਾ ਸਮਝਾਇਆ। ਮੈਂ ਉਸਨੂੰ ਦੱਸਿਆ ਕਿ ਮੈਂ ਗਲੋਬਲ ਆਪਣੇ ਟੈਲੀਫੋਨ ਲਈ ਗਲਬਲ ਪੈਕੇਜ ਲਿਆ ਹੈ, ਜਹਾਜ ਤੋਂ ਬਾਹਰ ਤਾਂ ਮੇਰਾ ਟੈਲੀਫੋਨ ਚਲ ਪਵੇਗਾ। ਉਸਨੇ ਦੱਸਿਆ ਕਿ ਉਹ ਹੁਸਟਨ ਆਪਣੇ ਪਰਿਵਾਰ ਨਾਲ ਰਹਿੰਦੀ ਹੈ, ਪ੍ਰੰਤੂ ਉਸਦੇ ਮਾਪੇ ਦਿੱਲੀ ਰਹਿੰਦੇ ਹਨ ਤੇ ਉਹ ਦਿੱਲੀ ਆਪਣੇ ਬਿਮਾਰ ਪਿਤਾ ਦੀ ਬੀਮਾਰੀ ਦਾ ਪਤਾ ਲੱਗਣ ਤੇ ਦਿੱਲੀ ਪਿਤਾ ਦੀ ਖ਼ਬਰ ਲੈਣ ਆਈ ਸੀ। ਸਾਡੇ ਸਮਾਜ ਵਿੱਚ ਲੜਕੀਆਂ ਨਾਲੋਂ ਲੜਕਿਆਂ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ। ਲੜਕੀਆਂ ਦੀ ਭਰੂਣ ਹੱਤਿਆ ਕਰਵਾ ਦਿੱਤੀ ਜਾਂਦੀ ਹੈ। ਜਦੋਂ ਕਿ ਲੜਕੀਆਂ ਹੀ ਆਪਣੇ ਮਾਪਿਆਂ ਦਾ ਸਭ ਤੋਂ ਵੱਧ ਧਿਆਨ ਰੱਖਦੀਆਂ ਹਨ। ਅਖ਼ਬਾਰਾਂ ਦੀਆਂ ਖ਼ਬਰਾਂ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਲੜਕੇ ਜ਼ਮੀਨ ਜਾਇਦਾਦਾਂ ਦੇ ਝਗੜਿਆਂ ਕਰਕੇ ਆਪਣੇ ਮਾਪਿਆਂ ਨਾਲ ਚੰਗਾ ਵਿਵਹਾਰ ਨਹੀਂ ਕਰਦੇ। ਅਸੀਂ ਪਰਵਾਸ ਵਿੱਚ ਜਾਂਦੇ ਰਹਿੰਦੇ ਹਾਂ। ਉਥੇ ਆਮ ਸੁਣਨ ਤੇ ਵੇਖਣ ਵਿੱਚ ਆਉਂਦਾ ਹੈ ਕਿ ਜਿਹੜੇ ਬਜ਼ੁਰਗਾਂ ਦੇ ਪਾਰਕਾਂ ਵਿੱਚ ਆਉਣ ਸਮੇਂ ਪਰੈਸ ਕੀਤੇ ਸਾਫ ਸੁਥਰੇ ਕਪੜੇ ਪਹਿਨੇ ਹੁੰਦੇ ਹਨ, ਉਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਪਣੀ ਲੜਕੀ ਕੋਲ ਰਹਿੰਦੇ ਹੋਣਗੇ। ਭਾਵ ਲੜਕੀਆਂ ਮਾਪਿਆਂ ਦਾ ਬਿਹਤਰੀਨ ਢੰਗ ਨਾਲ ਧਿਆਨ ਰੱਖਦੀਆਂ ਹਨ। ਪ੍ਰੰਤੂ ਲੜਕਿਆਂ ਦਾ ਪ੍ਰਭਾਵ ਬਹੁਤਾ ਚੰਗਾ ਨਹੀਂ। ਫਿਰ ਵੀ ਸਾਡਾ ਪੰਜਾਬੀ ਸਮਾਜ ਲੜਕੀ ਦੇ ਜੰਮਣ ਨੂੰ ਚੰਗਾ ਨਹੀਂ ਸਮਝਦਾ।

ਮੇਰਾ ਤਜ਼ਰਬਾ ਦੱਸਦਾ ਹੈ ਕਿ ਲੜਕੀਆਂ, ਲੜਕਿਆਂ ਤੋਂ ਕਿਸੇ ਗੱਲੋਂ ਵੀ ਘੱਟ ਨਹੀਂ ਹੁੰਦੀਆਂ। ਲੜਕੀਆਂ ਸਭਿਆ ਸਮਾਜ ਦਾ ਸਰਮਾਇਆ ਹੁੰਦੀਆਂ ਹਨ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

## ਨਸ਼ਾ-ਖੋਰੀ 'ਤੇ ਪਾਬੰਦੀ ਦਾ ਨੁਸਖਾ !



ਇੱਕ ਵੇਰ ਇੱਕ ਬਾਦਸ਼ਾਹ ਪਾਸ ਬਹੁਤ ਸਾਰੇ ਪਤਵੰਤੇ ਰਾਜ ਮਹਿਲ ਵਿੱਚ ਜਾ ਕੇ ਉਹਦੇ ਅੱਗੇ ਫਰਿਆਦੀ ਹੋਏ-

"ਮਹਾਰਾਜ ! ਇਹ ਆਪ ਦੀ ਬੜੀ ਕ੍ਰਿਪਾਲਤਾ ਹੋਵੇਗੀ ਅਗਰ ਤੁਸੀਂ ਫੁਰਮਾਨ ਜਾਰ੍ਹੀ ਕਰਕੇ ਆਪਣੀ ਪਰਜਾ ਵਿੱਚ ਹਰ ਤਰਾਂ ਦੀ ਸ਼ਰਾਬ ਤੇ ਹੋਰ ਨਸ਼ਿਆਂ ਦੀ ਵਰਤੋਂ ਮਨ੍ਹਾਂ ਕਰ ਦੇਵੋ !"

ਲੇਕਿਨ ਬਾਦਸ਼ਾਹ ਨੇ ਇਸ ਗੱਲ ਵੱਲ ਕੋਈ ਧਿਆਨ ਨਾ ਦਿੱਤਾ ਸਗੋਂ ਹੱਸਦਾ ਹੋਇਆ ਉੱਥੋਂ ਚਲਾ ਗਿਆ।

ਪਤਵੰਤੇ ਸੱਜਣ ਮੁੜਨ ਵੇਲੇ ਮਹਿਲ ਦੇ ਦਰਬਾਨ ਨੂੰ ਮਿਲ਼ੇ। ਉਨ੍ਹਾਂ ਦੇ ਮਾਯੂਸ ਤੇ ਦੁਖੀ ਚਿਹਰੇ ਦੇਖ ਕੇ ਦਰਬਾਨ ਨੇ ਆਪਣੀ ਰਾਇ ਦਿੱਤੀ-

"ਮੇਰੇ ਮਿੱਤਰੋ ਹਾਲਾਤ ਕੁੱਝ ਤਰਸਯੋਗ ਹਨ। ਅਗਰ ਤੁਸੀਂ ਬਾਦਸ਼ਾਹ ਨੂੰ ਉਸ ਵੇਲੇ ਮਿਲ਼ਦੇ ਜਦ ਕਿ ਉਹ ਪੂਰੀ ਤਰਾਂ ਨਸ਼ੇ ਵਿੱਚ ਗੁੱਟ ਹੁੰਦਾ ਤਾਂ ਤੁਹਾਡਾ ਬੇਨਤੀ-ਪੱਤਰ ਪ੍ਰਵਾਨ ਹੋਣਾ ਲਾਜ਼ਮੀਂ ਸੀ, ਪਰ.... !

(ਖਲੀਲ ਜ਼ਿਬਰਾਨ ਦੇ ਬਚਨ ਬਿਲਾਸ-ਸਫਾ 48 ਸੰਪਾਦਕ ਪ੍ਰੋਫੈਸਰ ਪਿਆਰਾ ਸਿੰਘ ਪਦਮ)



ਚੋਣਕਾਰ-ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuir@yahoo.com

# ਏ ਆਈ ਭਵਿੱਖ ਵਿੱਚ ਹੋਵੇਗਾ ਫਾਇਦੇਮੰਦ ਜਾਂ ਨੁਕਸਾਨ ਦਾਇਕ... ?

**ਸੰਦੀਪ ਕੁਮਾਰ**
7009807121



ਆਰਟੀਫੀਸ਼ੀਅਲ ਇੰਟੈਲੀਜੈਂਸ ਆਧੁਨਿਕ ਯੁੱਗ ਦੀ ਸਭ ਤੋਂ ਵੱਡੀ ਤਕਨੀਕੀ ਤਰੱਕੀ ਹੈ, ਜਿਸ ਨੇ ਮਨੁੱਖੀ ਜੀਵਨ ਦੇ ਹਰ ਖੇਤਰ ਨੂੰ ਪ੍ਰਭਾਵਿਤ ਕੀਤਾ ਹੈ। ਭਵਿੱਖ ਵਿੱਚ ਇਸ ਦਾ ਰੋਲ ਇੱਕ ਵੱਡਾ ਸਵਾਲ ਬਣਿਆ ਹੋਇਆ ਹੈ ਕਿ ਇਹ ਫਾਇਦੇਮੰਦ ਸਾਬਤ ਹੋਵੇਗਾ ਜਾਂ ਨੁਕਸਾਨ ਦਾਇਕ। ਇਸ ਲੇਖ ਵਿੱਚ ਇਸ ਗੱਲ ਨੂੰ ਦਲੀਲਾਂ ਨਾਲ ਜਸਟੀਫਾਈ ਕੀਤਾ ਜਾਵੇਗਾ ਕਿ ਏ ਆਈ ਭਵਿੱਖ ਵਿੱਚ ਨੁਕਸਾਨ ਦਾਇਕ ਤੋਂ ਫਾਇਦੇਮੰਦ ਵਧੇਰੇ ਹੋਵੇਗਾ, ਬਸ਼ਰਤੇ ਕਿ ਇਸ ਨੂੰ ਜ਼ਿੰਮੇਵਾਰੀ ਨਾਲ ਵਿਕਸਿਤ ਅਤੇ ਵਰਤਿਆ ਜਾਵੇ। ਇਸ ਦੇ ਲਾਭ ਲੋਕਾਂ ਦੀ ਜੀਵਨ ਗੁਣਵੱਤਾ ਵਧਾਉਣ, ਆਰਥਿਕ ਵਿਕਾਸ ਲਿਆਉਣ ਅਤੇ ਗਲੋਬਲ ਚੁਣੌਤੀਆਂ ਹੱਲ ਕਰਨ ਵਿੱਚ ਇਸ ਦੀ ਯੋਗਤਾ ਉੱਤੇ ਆਧਾਰਿਤ ਹਨ, ਜਦਕਿ ਨੁਕਸਾਨਾਂ ਨੂੰ ਉਚਿਤ ਨਿਯਮਾਂ ਅਤੇ ਏਥਿਕਲ ਗਾਈਡਲਾਈਨਜ਼ ਰਾਹੀਂ ਘਟਾਇਆ ਜਾ ਸਕਦਾ ਹੈ।

ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਫਾਇਦਿਆਂ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਇਸ ਦੀ ਉਤਪਾਦਕਤਾ ਵਧਾਉਣ ਵਾਲੀ ਤਾਕਤ ਨੂੰ ਵੇਖਣਾ ਲਾਜ਼ਮੀ ਹੈ। ਵਰਤਮਾਨ ਸਮੇਂ ਵਿੱਚ ਏ ਆਈ ਰੁਟੀਨ ਕੰਮਾਂ ਨੂੰ ਆਟੋਮੇਟ ਕਰਕੇ ਮਨੁੱਖੀ ਸੰਸਾਧਨਾਂ ਨੂੰ ਮੁਕਤ ਕਰਦਾ ਹੈ, ਜਿਸ ਨਾਲ ਲੋਕ ਵਧੇਰੇ ਰਚਨਾਤਮਕ ਅਤੇ ਉੱਚ ਪੱਧਰੀ ਗਤੀਵਿਧੀਆਂ ਉੱਤੇ ਧਿਆਨ ਕੇਂਦਰਿਤ ਕਰ ਸਕਦੇ ਹਨ। ਉਦਾਹਰਣ ਵਜੋਂ, ਹੈਲਥਕੇਅਰ ਖੇਤਰ ਵਿੱਚ ਏ ਆਈ ਡਾਇਗਨੋਸਿਸ ਨੂੰ ਤੇਜ਼ ਅਤੇ ਸਟੀਕ ਬਣਾਉਂਦਾ ਹੈ, ਜਿਸ ਨਾਲ ਬੀਮਾਰੀਆਂ ਦੀ ਜਲਦੀ ਪਛਾਣ ਹੋ ਸਕਦੀ ਹੈ ਅਤੇ ਲੱਖਾਂ ਜੀਵਨ ਬਚਾਏ ਜਾ ਸਕਦੇ ਹਨ। ਇਸ ਤੋਂ ਇਲਾਵਾ, ਖੋਜ ਅਤੇ ਵਿਕਾਸ ਵਿੱਚ ਏ ਆਈ ਡਾਟਾ ਵਿਸ਼ਲੇਸ਼ਣ ਰਾਹੀਂ ਨਵੀਆਂ ਦਵਾਈਆਂ ਖੋਜਣ ਵਿੱਚ ਮਦਦ ਕਰਦਾ ਹੈ, ਜੋ ਪਹਿਲਾਂ ਸਾਲਾਂ ਲੈਂਦੀ ਸੀ ਉਸ ਨੂੰ ਮਹੀਨਿਆਂ ਵਿੱਚ ਘਟਾ ਦਿੰਦਾ ਹੈ। ਇਸ ਤਰ੍ਹਾਂ ਏ ਆਈ ਨਾ ਸਿਰਫ਼ ਡਾਕਟਰਾਂ ਦੀ ਮਦਦ ਕਰਦਾ ਹੈ ਬਲਕਿ ਗਰੀਬ ਇਲਾਕਿਆਂ ਵਿੱਚ ਵੀ ਬਿਹਤਰ ਸਿਹਤ ਸੇਵਾਵਾਂ ਪਹੁੰਚਾਉਣ ਵਿੱਚ ਯੋਗਦਾਨ ਪਾਉਂਦਾ ਹੈ। ਇਸੇ ਤਰ੍ਹਾਂ ਖੇਤੀਬਾੜੀ ਵਿੱਚ ਏ ਆਈ ਮੌਸਮ ਦੀ ਭਵਿੱਖਬਾਣੀ, ਫਸਲਾਂ ਦੀ ਨਿਗਰਾਨੀ ਅਤੇ ਪਾਣੀ ਦੀ ਵਰਤੋਂ ਨੂੰ ਅਨੁਕੂਲ ਬਣਾਉਂਦਾ ਹੈ, ਜਿਸ ਨਾਲ ਭੋਜਨ ਸੁਰੱਖਿਆ ਵਧਦੀ ਹੈ ਅਤੇ ਵਾਤਾਵਰਣੀ ਨੁਕਸਾਨ ਘਟਦਾ ਹੈ। ਇਹ ਲਾਭ ਖਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਲਈ ਮਹੱਤਵਪੂਰਨ ਹਨ, ਜਿੱਥੇ ਸੰਸਾਧਨ ਸੀਮਤ ਹਨ।




ਆਰਥਿਕ ਖੇਤਰ ਵਿੱਚ ਏ ਆਈ ਦਾ ਯੋਗਦਾਨ ਅਣਮਿਥਿਆ ਹੈ। ਇਹ ਉਦਯੋਗਾਂ ਵਿੱਚ ਉਤਪਾਦਕਤਾ ਵਧਾਉਂਦਾ ਹੈ ਅਤੇ ਨਵੀਆਂ ਨੌਕਰੀਆਂ ਰਚਦਾ ਹੈ, ਭਾਵੇਂ ਕਿ ਕੁਝ ਰਵਾਇਤੀ ਨੌਕਰੀਆਂ ਬਦਲ ਜਾਣ। ਉਦਾਹਰਣ ਵਜੋਂ, ਪ੍ਰੋਗਰਾਮਿੰਗ ਅਤੇ ਕਸਟਮਰ ਸਰਵਿਸ ਵਰਗੇ ਖੇਤਰਾਂ ਵਿੱਚ ਏ ਆਈ ਟੂਲਜ਼ ਕੰਮ ਨੂੰ ਤੇਜ਼ ਕਰਦੇ ਹਨ, ਜਿਸ ਨਾਲ ਕੰਪਨੀਆਂ ਵਧੇਰੇ ਲਾਭ ਕਮਾਉਂਦੀਆਂ ਹਨ ਅਤੇ ਇਸ ਲਾਭ ਨੂੰ ਨਵੀਆਂ ਤਕਨੀਕਾਂ ਵਿੱਚ ਲਗਾਉਂਦੀਆਂ ਹਨ। ਇਸ ਨਾਲ ਗਲੋਬਲ ਆਰਥਿਕ ਵਾਧਾ ਹੁੰਦਾ ਹੈ ਅਤੇ ਲੋਕਾਂ ਦੀ ਆਮਦਨ ਵਧਦੀ ਹੈ। ਇੱਕ ਰਿਪੋਰਟ ਅਨੁਸਾਰ ਏ ਆਈ ਆਉਣ ਵਾਲੇ ਸਾਲਾਂ ਵਿੱਚ ਟ੍ਰਿਲੀਅਨ ਡਾਲਰ ਦਾ ਯੋਗਦਾਨ ਪਾ ਸਕਦਾ ਹੈ। ਇਸ ਤੋਂ ਇਲਾਵਾ, ਏ ਆਈ ਛੋਟੇ ਕਾਰੋਬਾਰਾਂ ਨੂੰ ਵੀ ਮਜ਼ਬੂਤ ਬਣਾਉਂਦਾ ਹੈ ਤਾਂ ਜੋ ਉਹ ਵੱਡੀਆਂ ਕੰਪਨੀਆਂ ਨਾਲ ਮੁਕਾਬਲਾ ਕਰ ਸਕਣ। ਇਹ ਆਰਥਿਕ ਅਸਮਾਨਤਾ ਘਟਾਉਣ ਵਿੱਚ ਵੀ ਮਦਦਗਾਰ ਸਾਬਤ ਹੋ ਸਕਦਾ ਹੈ ਜੇਕਰ ਇਸ ਦੀ ਪਹੁੰਚ ਸਾਰਿਆਂ ਤੱਕ ਹੋਵੇ।

ਆਰਥਿਕ ਖੇਤਰ ਵਿੱਚ ਏ ਆਈ ਦਾ ਯੋਗਦਾਨ ਅਣਮਿਥਿਆ ਹੈ। ਇਹ ਉਦਯੋਗਾਂ ਵਿੱਚ ਉਤਪਾਦਕਤਾ ਵਧਾਉਂਦਾ ਹੈ ਅਤੇ ਨਵੀਆਂ ਨੌਕਰੀਆਂ ਰਚਦਾ ਹੈ, ਭਾਵੇਂ ਕਿ ਕੁਝ ਰਵਾਇਤੀ ਨੌਕਰੀਆਂ ਬਦਲ ਜਾਣ। ਉਦਾਹਰਣ ਵਜੋਂ, ਪ੍ਰੋਗਰਾਮਿੰਗ ਅਤੇ ਕਸਟਮਰ ਸਰਵਿਸ ਵਰਗੇ ਖੇਤਰਾਂ ਵਿੱਚ ਏ ਆਈ ਟੂਲਜ਼ ਕੰਮ ਨੂੰ ਤੇਜ਼ ਕਰਦੇ ਹਨ, ਜਿਸ ਨਾਲ ਕੰਪਨੀਆਂ ਵਧੇਰੇ ਲਾਭ ਕਮਾਉਂਦੀਆਂ ਹਨ ਅਤੇ ਇਸ ਲਾਭ ਨੂੰ ਨਵੀਆਂ ਤਕਨੀਕਾਂ ਵਿੱਚ ਲਗਾਉਂਦੀਆਂ ਹਨ। ਇਸ ਨਾਲ ਗਲੋਬਲ ਆਰਥਿਕ ਵਾਧਾ ਹੁੰਦਾ ਹੈ ਅਤੇ ਲੋਕਾਂ ਦੀ ਆਮਦਨ ਵਧਦੀ ਹੈ। ਇੱਕ ਰਿਪੋਰਟ ਅਨੁਸਾਰ ਏ ਆਈ ਆਉਣ ਵਾਲੇ ਸਾਲਾਂ ਵਿੱਚ ਟ੍ਰਿਲੀਅਨ ਡਾਲਰ ਦਾ ਯੋਗਦਾਨ ਪਾ ਸਕਦਾ ਹੈ। ਇਸ ਤੋਂ ਇਲਾਵਾ, ਏ ਆਈ ਛੋਟੇ ਕਾਰੋਬਾਰਾਂ ਨੂੰ ਵੀ ਮਜ਼ਬੂਤ ਬਣਾਉਂਦਾ ਹੈ ਤਾਂ ਜੋ ਉਹ ਵੱਡੀਆਂ ਕੰਪਨੀਆਂ ਨਾਲ ਮੁਕਾਬਲਾ ਕਰ ਸਕਣ। ਇਹ ਆਰਥਿਕ ਅਸਮਾਨਤਾ ਘਟਾਉਣ ਵਿੱਚ ਵੀ ਮਦਦਗਾਰ ਸਾਬਤ ਹੋ ਸਕਦਾ ਹੈ ਜੇਕਰ ਇਸ ਦੀ ਪਹੁੰਚ ਸਾਰਿਆਂ ਤੱਕ ਹੋਵੇ। ਭਵਿੱਖ ਵਿੱਚ ਏ ਆਈ ਏਜੰਟਸ ਰਾਹੀਂ ਵਧੇਰੇ ਆਟੋਨੋਮਸ ਵਰਕਫਲੋ ਬਣਨਗੇ, ਜਿਸ ਨਾਲ ਲੋਕ ਵਧੇਰੇ ਮੀਨਿੰਗਫੁਲ ਕੰਮਾਂ ਉੱਤੇ ਧਿਆਨ ਦੇ ਸਕਣਗੇ।

ਪਰ ਏ ਆਈ ਦੇ ਨੁਕਸਾਨਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇੱਕ ਵੱਡੀ ਚਿੰਤਾ ਨੌਕਰੀਆਂ ਦਾ ਘਾਟਾ ਹੈ, ਖਾਸ ਕਰਕੇ ਵ੍ਹਾਈਟ-ਕਾਲਰ ਜੌਬਜ਼ ਵਿੱਚ। ਆਟੋਮੇਸ਼ਨ ਕਾਰਨ ਕੁਝ ਰੋਲਜ਼ ਘਟ ਸਕਦੇ ਹਨ, ਜਿਸ ਨਾਲ ਬੇਰੁਜ਼ਗਾਰੀ ਵਧਣ ਦਾ ਖਤਰਾ ਹੈ। ਇਸ ਤੋਂ ਇਲਾਵਾ, ਡਾਟਾ ਪ੍ਰਾਈਵੇਸੀ ਅਤੇ ਬਾਇਸ ਇੱਕ ਵੱਡੀ ਸਮੱਸਿਆ ਹੈ। ਏ ਆਈ ਸਿਸਟਮਜ਼ ਉਨ੍ਹਾਂ ਡਾਟਾ ਉੱਤੇ ਟ੍ਰੇਨ ਹੁੰਦੇ ਹਨ ਜਿਨ੍ਹਾਂ ਵਿੱਚ ਮਨੁੱਖੀ ਪੱਖਪਾਤ ਸ਼ਾਮਲ ਹੋ ਸਕਦਾ ਹੈ, ਜਿਸ ਨਾਲ ਫੈਸਲੇ ਅਨੁਚਿਤ ਹੋ ਸਕਦੇ ਹਨ। ਡੀਪਫੇਕ ਵੀਡੀਓਜ਼ ਅਤੇ ਫੇਕ ਨਿਊਜ਼ ਰਾਹੀਂ ਸਮਾਜਿਕ ਭਰਮ ਪੈਦਾ ਹੋਣ ਦਾ ਖਤਰਾ ਵੀ ਮੌਜੂਦ ਹੈ। ਇਸ ਤੋਂ ਇਲਾਵਾ, ਏ ਆਈ ਦੀ ਵਰਤੋਂ ਰਾਹੀਂ ਸਾਈਬਰ ਅਟੈਕ ਜਾਂ ਫਰਾਡ ਵਧ ਸਕਦੇ ਹਨ। ਵਾਤਾਵਰਣੀ ਨੁਕਸਾਨ ਵੀ ਇੱਕ ਚਿੰਤਾ ਹੈ ਕਿਉਂਕਿ ਡਾਟਾ ਸੈਂਟਰਜ਼ ਵੱਡੀ ਮਾਤਰਾ ਵਿੱਚ ਊਰਜਾ ਖਰਚ ਕਰਦੇ ਹਨ। ਇਹ ਸਭ ਨੁਕਸਾਨ ਏ ਆਈ ਨੂੰ ਨੁਕਸਾਨ ਦਾਇਕ ਬਣਾ ਸਕਦੇ ਹਨ ਜੇਕਰ ਇਨ੍ਹਾਂ ਨੂੰ ਅਣਦੇਖਿਆ ਕੀਤਾ ਗਿਆ।

ਫਿਰ ਵੀ, ਇਹ ਨੁਕਸਾਨ ਏ ਆਈ ਦੇ ਫਾਇਦਿਆਂ ਤੋਂ ਵਧੇਰੇ ਨਹੀਂ ਹਨ ਅਤੇ ਇਨ੍ਹਾਂ ਨੂੰ ਪ੍ਰਬੰਧਿਤ ਕੀਤਾ ਜਾ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਹਰ ਨਵੀਂ ਤਕਨਾਲੋਜੀ ਜਿਵੇਂ ਇੰਟਰਨੈੱਟ ਜਾਂ ਇਲੈਕਟ੍ਰੀਸਿਟੀ ਨੇ ਸ਼ੁਰੂ ਵਿੱਚ ਚੁਣੌਤੀਆਂ ਪੇਸ਼ ਕੀਤੀਆਂ ਸਨ ਪਰ ਲੰਮੇ ਗਾਲ ਵਿੱਚ ਫਾਇਦੇਮੰਦ ਸਾਬਤ ਹੋਈਆਂ। ਏ ਆਈ ਵੀ ਇਸੇ ਤਰ੍ਹਾਂ ਹੈ। ਰੈਗੂਲੇਸ਼ਨਜ਼ ਅਤੇ ਏਥਿਕਲ ਫ੍ਰੇਮਵਰਕ ਰਾਹੀਂ ਬਾਇਸ ਘਟਾਏ ਜਾ ਸਕਦੇ ਹਨ, ਪ੍ਰਾਈਵੇਸੀ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ ਅਤੇ ਨਵੀਆਂ ਨੌਕਰੀਆਂ ਰਾਹੀਂ ਬੇਰੁਜ਼ਗਾਰੀ ਨੂੰ ਘਟਾਇਆ ਜਾ ਸਕਦਾ ਹੈ। ਉਦਾਹਰਣ ਵਜੋਂ, ਏ ਆਈ ਸਬੰਧੀ ਨਿਯਮ ਬਣਾਉਣ ਵਾਲੀਆਂ ਅੰਤਰਰਾਸ਼ਟਰੀ ਕੋਸ਼ਿਸ਼ਾਂ ਜਿਵੇਂ ਏ ਆਈ ਸੇਫਟੀ ਸਮਿਟ ਇਸ ਗੱਲ ਨੂੰ ਦਰਸਾਉਂਦੀਆਂ ਹਨ ਕਿ ਖਤਰਿਆਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਏ ਆਈ ਲਿਟਰੇਸੀ ਵਧਾਉਣ ਅਤੇ ਵਰਕਫੋਰਸ ਨੂੰ ਰੀ-ਸਕਿੱਲ ਕਰਨ ਨਾਲ ਨੁਕਸਾਨ ਘਟਾਏ ਜਾ ਸਕਦੇ ਹਨ। ਭਵਿੱਖ ਵਿੱਚ ਏ ਆਈ ਨੂੰ ਹਿਊਮਨ-ਇਨ- ਦੀ ਲੂਪ ਰੱਖ ਕੇ ਇਸ ਨੂੰ ਵਧੇਰੇ ਸੁਰੱਖਿਅਤ ਬਣਾਇਆ ਜਾ ਸਕਦਾ ਹੈ। ਏ ਆਈ ਦੀਆਂ ਐਗਜ਼ਿਸਟੈਂਸ਼ੀਅਲ ਰਿਸਕਜ਼ ਬਾਰੇ ਵੀ ਚਰਚਾ ਹੋਈ ਹੈ, ਜਿਵੇਂ ਕਿ ਸੁਪਰ-ਇੰਟੈਲੀਜੈਂਟ ਏ ਆਈ ਦਾ ਮਨੁੱਖੀ ਨਿਯੰਤਰਣ ਤੋਂ ਬਾਹਰ ਹੋਣਾ। ਇਹ ਖਤਰਾ ਅਸਲ ਵਿੱਚ ਮੌਜੂਦ ਹੈ ਪਰ ਇਸ ਨੂੰ ਓਵਰਐਸਟੀਮੇਟ ਨਹੀਂ ਕਰਨਾ ਚਾਹੀਦਾ। ਏ ਆਈ ਐਲਾਈਨਮੈਂਟ ਰਿਸਰਚ ਇਸ ਖਤਰੇ ਨੂੰ ਘਟਾਉਣ ਲਈ ਕੰਮ ਕਰ ਰਿਹਾ ਹੈ ਅਤੇ ਇਸ ਨੂੰ ਘਟਾਇਆ ਜਾ ਸਕਦਾ ਹੈ। ਇਸ ਲਈ ਏ ਆਈ ਨੂੰ ਰੋਕਣਾ ਨਹੀਂ ਬਲਕਿ ਇਸ ਨੂੰ ਸੁਰੱਖਿਅਤ ਢੰਗ ਨਾਲ ਵਿਕਸਿਤ ਕਰਨਾ ਲਾਜ਼ਮੀ ਹੈ।

ਅੰਤ ਵਿੱਚ, ਏ ਆਈ ਭਵਿੱਖ ਵਿੱਚ ਫਾਇਦੇਮੰਦ ਹੋਵੇਗਾ ਕਿਉਂਕਿ ਇਸ ਦੀਆਂ ਤਾਕਤਾਂ ਮਨੁੱਖੀ ਤਰੱਕੀ ਨੂੰ ਤੇਜ਼ ਕਰਨ ਵਾਲੀਆਂ ਹਨ। ਇਹ ਸਿਹਤ, ਆਰਥਿਕਤਾ, ਵਾਤਾਵਰਣ ਅਤੇ ਵਿਗਿਆਨ ਵਿੱਚ ਇੱਕ ਟ੍ਰਾਂਸਫਾਰਮੇਟਿਵ ਟੂਲ ਬਣ ਸਕਦਾ ਹੈ। ਨੁਕਸਾਨ ਮੌਜੂਦ ਹਨ ਪਰ ਉਹ ਇੰਨੇ ਜਿਆਦਾ ਨਹੀਂ ਹਨ ਅਤੇ ਉਚਿਤ ਪ੍ਰਬੰਧਨ ਰਾਹੀਂ ਘਟਾਏ ਜਾ ਸਕਦੇ ਹਨ। ਸਮਾਜ, ਸਰਕਾਰਾਂ ਅਤੇ ਟੈਕ ਕੰਪਨੀਆਂ ਨੂੰ ਏਥਿਕਲ ਗਵਰਨੈਂਸ, ਰੈਗੂਲੇਸ਼ਨ ਅਤੇ ਐਜੂਕੇਸ਼ਨ ਉੱਤੇ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਏ ਆਈ ਦਾ ਲਾਭ ਸਾਰਿਆਂ ਤੱਕ ਪਹੁੰਚੇ। ਜੇਕਰ ਅਸੀਂ ਇਸ ਨੂੰ ਜ਼ਿੰਮੇਵਾਰੀ ਨਾਲ ਅਪਣਾਉਂਦੇ ਹਾਂ ਤਾਂ ਏ ਆਈ ਇੱਕ ਫਾਇਦੇਮੰਦ ਤਕਨੀਕ ਬਣ ਕੇ ਮਨੁੱਖਤਾ ਨੂੰ ਇੱਕ ਨਵੀਂ ਉਚਾਈ ਤੱਕ ਲੈ ਜਾਵੇਗਾ, ਨਾ ਕਿ ਨੁਕਸਾਨ ਦਾਇਕ ਬਣਾਏਗਾ। ਭਵਿੱਖ ਉਸ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਇਸ ਤਕਨੀਕ ਨੂੰ ਕਿਵੇਂ ਵਰਤਦੇ ਹਾਂ, ਇੱਕ ਟੂਲ ਵਜੋਂ ਜਾਂ ਇੱਕ ਖਤਰੇ ਵਜੋਂ। ਇਸ ਲਈ ਫਾਇਦੇਮੰਦ ਵਾਲੀ ਗੱਲ ਹੀ ਵਧੇਰੇ ਤਰਕਸੰਗਤ ਅਤੇ ਵਾਸਤਵਿਕ ਲੱਗਦੀ ਹੈ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

ਲੜੀਵਾਰ ਨਾਵਲ
ਲੇਖਕ
ਗੁਰਨਾਮ ਬਾਵਾ
ਮ +91 83073 6430



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-6

# ਬੰਦੂਕ ਤੋਂ ਕਲਮ ਤੱਕ

**ਅੱਜ ਉਨ੍ਹਾਂ ਨੂੰ ਚੱਲਿਆਂ ਦੋ ਰਾਤਾਂ ਤੇ ਤੀਜਾ ਦਿਨ ਸੀ । ਨਿਰਮਲ ਨੇ ਗੱਡੀ ਆਗਰਾ ਸ਼ਹਿਰ ਵਿੱਚੋਂ ਕੱਢ, ਕਾਨਪੁਰ ਵਾਲੀ ਜੀ।ਟੀ। ਰੋਡ 'ਤੇ ਪਾਈ ਤਾਂ, ਸੋਨੂੰ ਨੇ ਫਿਰ ਨਾਵਲ ਪੜ੍ਹਨਾ ਸ਼ੁਰੂ ਕਰ ਦਿੱਤਾ ਤੇ ਇਕ ਹੋਰ ਭਾਗ ਖ਼ਤਮ ਹੋ ਗਿਆ । ਸੋਨੂੰ ਨੇ ਕਿਤਾਬ ਬੰਦ ਕਰਦਿਆਂ ਮਨ ਹੀ ਮਨ ਕਿਹਾ, ਇਸ ਨੂੰ ਕਹਿੰਦੇ ਹਨ, ਮੂਸਾ ਭੱਜੇ ਮੌਤ ਤੋਂ ਤੇ ਅੱਗੇ ਮੌਤ ਖੜ੍ਹੀ, ਆਇਆ ਤਾਂ ਵਿਚਾਰਾ ਘਰੋਂ ਇਹ ਸੋਚ ਕੇ ਸੀ ਕਿ ਕੁੜੀ ਦੇ ਵਿਆਹ ਲਈ ਮਾਲਕ ਤੋਂ ਮਦਦ ਮੰਗੇਗਾ ਪਰ ਇਹ ਕੀ ! ਲਾਲਚੀ ਮਾਲਕ ਨੇ ਉਸ ਤੋਂ ਵੱਧ ਪੜ੍ਹਿਆ ਤੇ ਦੋ ਕੰਮ ਕਰਨ ਵਾਲਾ ਇਕੋ ਮੁਲਾਜ਼ਮ ਉਹ ਵੀ ਉਸ ਤੋਂ ਘੱਟ ਤਨਖਾਹ 'ਤੇ ਰੱਖ ਲਿਆ ਸੀ ਤੇ ਉਸ ਨੂੰ ਆਉਂਦੇ ਨੂੰ ਹੀ ਦੋ ਚਾਰ ਗੱਲਾਂ ਸੁਣਾ, ਹਿਸਾਬ ਕਰਕੇ ਵਾਪਸ ਤੋਰ ਦਿੱਤਾ ਪਰ ਜੇਕਰ ਉਹ ਘਰ ਨਹੀਂ ਗਿਆ ? ਤਾਂ ਫਿਰ ਸੱਚਮੁਚ, ਉਸ ਨੇ ਖੁਦਕੁਸ਼ੀ ਕਰ ਲਈ ਹੋਵੇਗੀ ।**

## ਭਾਗ 7

ਨਿਰਮਲ ਐਥੇ ਆ ਕੇ ਚੁੱਪ ਹੋ ਗਿਆ। ਉਸ ਨੇ ਗੁੱਸੇ ਨਾਲ ਪੁਲਸ ਨੂੰ ਬਹੁਤ ਗੰਦੀ ਗਾਲ੍ਹ ਕੱਢੀ ਅਤੇ ਰੇਸ ਦਾ ਪੈਡਲ ਉਸ ਤੋਂ ਤੇਜ਼ੀ ਨਾਲ ਦਬਾਇਆ ਗਿਆ। ਦੋਵੇਂ ਹੁਣ ਚੁੱਪ ਸਨ। ਇਹ ਚੁੱਪੀ ਅਚਾਨਕ ਕਿਸੇ ਚੀਜ਼ ਦੇ ਟੁੱਟਣ ਦੀ ਆਵਾਜ਼ ਨਾਲ ਟੁੱਟ ਗਈ।

ਸੋਨੂੰ ਚੌਕਸ ਹੋ ਕੇ ਬੋਲਿਆ, ਬਾਈ, ਇਹ ਕੀ ਹੋਇਆ ?

ਨਿਰਮਲ ਨੇ ਜਵਾਬ ਨਾ ਦਿੱਤਾ। ਪਹਿਲਾਂ ਗੱਡੀ ਕੰਟਰੋਲ ਕੀਤੀ, ਹੌਲੀ-ਹੌਲੀ ਕੱਚੇ ਵੱਲ ਲਾਹ ਕੇ ਰੋਕੀ।

ਆਵਾਜ਼ ਹੋਰ ਤੇਜ਼ ਹੋ ਗਈ।

ਹੁਣ ਨਿਰਮਲ ਨੇ ਹੌਲੀ ਜਿਹੇ ਕਿਹਾ - ਆਜਾ ਹੇਠਾਂ, ਉਤਰ ਕੇ ਵੇਖੀਏ।

ਉਹ ਹੇਠਾਂ ਉਤਰਿਆ, ਗੱਡੀ ਦੇ ਚਾਰੇ ਪਾਸੇ ਘੁੰਮਿਆ, ਤੇ ਕਲੀਨਰ ਸਾਈਡ ਵਾਲੇ ਪਿਛਲੇ ਟਾਇਰ ਕੋਲ ਰੁੱਕ ਗਿਆ।

ਮੱਥੇ 'ਤੇ ਹੱਥ ਮਾਰਦਾ ਬੋਲਿਆ, ਲੈ ਸੁਣ, ਇਹ ਤਾਂ ਐਕਸਲ ਟੁੱਟ ਗਿਆ। ਲੱਗਦਾ ਰਾਤ ਇਥੇ ਹੀ ਕੱਟਣੀ ਪਊ। ਆਗਰਾ ਤੋਂ ਪਹਿਲਾਂ ਕੋਈ ਵਰਕਸ਼ਾਪ ਨਹੀਂ ਮਿਲਣੀ। ਉਹ ਵੀ ਆਪਣੇ ਆਪ ਮਕੈਨਿਕ ਲੈ ਕੇ ਆਉਣਾ ਪੈਣਾ।

ਨਿਰਮਲ ਇਹ ਕਹਿ ਕੇ ਸੜਕ ਵੱਲ ਤੱਕਣ ਲੱਗਾ। ਉਸ ਨੂੰ ਇਕ ਟਰੱਕ ਆਉਂਦਾ ਦਿਸਿਆ। ਉਸ ਨੇ ਹੱਥ ਦੇ ਕੇ ਰੋਕਿਆ।

ਉਸ ਟਰੱਕ ਦਾ ਡਰਾਈਵਰ ਵੀ ਪੰਜਾਬੀ ਨਿਕਲਿਆ।

ਟਰੱਕ ਕੱਚੇ ਵੱਲ ਲਾਹ ਕੇ ਉਹ ਵੀ ਹੇਠਾਂ ਉਤਰ ਆਇਆ ਤੇ ਨਿਰਮਲ ਦੀ ਗੱਲ ਸੁਣ ਕੇ ਉਸ ਨੇ ਕਿਹਾ, ਐਥੋਂ ਆਗਰਾ ਤੀਹ-ਪੈਂਤੀ ਕਿਲੋਮੀਟਰ ਰਹਿ ਗਿਐ। ਹਾਂ, ਦੋ-ਤਿੰਨ ਕਿਲੋਮੀਟਰ ਪਿੱਛੇ ਨਵਾਂ ਢਾਬਾ ਖੁੱਲ੍ਹਿਆ ਹੈ। ਉਥੋਂ ਮਕੈਨਿਕ ਵੀ ਮਿਲ ਜਾਣੇ। ਨਾਲ ਹੀ ਸਪੇਅਰ ਪਾਰਟਸ ਦੀ ਦੁਕਾਨ ਵੀ ਹੈ। ਆ ਬੈਠ ਮੇਰੇ ਨਾਲ, ਉਥੇ ਚੱਲੀਏ। ਤੁਹਾਨੂੰ ਰਾਤ ਕਾਲੀ ਨਹੀਂ ਕਰਨੀ ਪਊ।

ਸੋਨੂੰ ਨੇ ਨਿਰਮਲ ਵੱਲ ਵੇਖ ਕੇ ਕਿਹਾ, ਬਾਈ, ਜਾ ਇਨ੍ਹਾਂ ਨਾਲ ਮਕੈਨਿਕ ਨੂੰ ਲੈ ਆ। ਮੈਂ ਐਥੇ ਗੱਡੀ ਕੋਲ ਹੀ ਰੁੱਕਦਾ ਹਾਂ।

ਨਿਰਮਲ ਨੇ ਟਰੱਕ ਵਿੱਚ ਬੈਠਦਿਆਂ ਹੱਥ ਹਿਲਾਇਆ - ਆਪਣਾ ਧਿਆਨ ਰੱਖੀਂ, ਮੈਂ ਜਲਦੀ ਆਉਂਦਾ ਹਾਂ।

ਸੋਨੂੰ ਇਕੱਲਾ ਰਹਿ ਗਿਆ। ਉਸ ਨੇ ਟਰੱਕ ਦੇ ਕੈਬਨ ਵਿੱਚ ਬੈਠ ਕੇ ਬੈਗ ਵਿੱਚੋਂ ਨਾਵਲ ਕੱਢਿਆ। ਕਵਰ ਵੇਖ ਕੇ ਹੈਰਾਨ ਰਹਿ ਗਿਆ - ਇਹ ਕੀ ਨਾਮ ਹੈ... ਪਵਿੱਤਰ ਪਾਪੀ। ਪਾਪੀ ਵੀ ਪਵਿੱਤਰ ਹੋ ਸਕਦਾ ?

ਫਿਰ ਸੋਚਿਆ - ਚੱਲ... ਪੜ੍ਹ ਕੇ ਤਾਂ ਵੇਖੀਏ।

ਉਹ ਪੜ੍ਹਨ ਲੱਗਾ। ਲੇਖਕ ਤੇ ਮੁੱਖ ਪਾਤਰ ਦੀ ਗੱਲਬਾਤ ਐਨੀਂ ਜ਼ਿੰਦਾਦਿਲ ਸੀ ਕਿ ਉਸ ਦੇ ਮੂੰਹੋਂ ਆਪੇ ਨਿਕਲਿਆ, ਕਿਆ ਬਾਤ ਹੈ। ਕਮਾਲ ਦੀ ਜ਼ਿੰਦ ਹੈ!

ਉਸੇ ਵੇਲੇ ਸਾਹਮਣੇ ਤੋਂ ਆਉਂਦੀਆਂ ਲਾਈਟਾਂ ਵੇਖ ਕੇ ਉਹ ਚੌਕਸ ਹੋ ਕੇ ਬੈਠ ਗਿਆ। ਜੀਪ ਨੇੜੇ ਆ ਕੇ ਰੁਕੀ। ਦਰਵਾਜ਼ੇ ਖੁੱਲ੍ਹੇ।

ਉਸ ਵਿੱਚ ਨਿਰਮਲ ਹੀ ਸੀ, ਨਾਲ ਦੋ ਹੋਰ ਬੰਦੇ ਵੀ ਸਨ। ਨਿਰਮਲ ਨੇ ਆਵਾਜ਼ ਮਾਰੀ, ਆਜਾ ਸੋਨੂੰ, ਹੇਠਾਂ ਆ ਕੇ ਮਦਦ ਕਰੀਂ।

ਇਕ ਬੰਦੇ ਨੇ ਜੀਪ ਵਿੱਚੋਂ ਜੈਕ ਕੱਢਿਆ। ਨਿਰਮਲ ਨੇ ਗੱਡੀ ਵਿੱਚੋਂ ਦੋ ਵੱਡੇ ਲੱਕੜ ਦੇ ਗੁੱਟਕੇ ਕੱਢ ਲਿਆਂਦੇ ਤੇ ਐਕਸਲ ਬਦਲਿਆ ਗਿਆ।

ਲਗਭਗ ਘੰਟੇ ਬਾਅਦ ਕੰਮ ਮੁੱਕ ਗਿਆ। ਨਿਰਮਲ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਪੁੱਛਿਆ, ਵੀਰਾ, ਕਿੰਨੇ ਪੈਸੇ ਬਣੇ? ਉਨ੍ਹਾਂ ਨੇ 2000 ਮੰਗੇ। ਨਿਰਮਲ ਨੇ ਬਿਨਾਂ ਰੁਕਾਵਟ ਜੇਬ ਵਿੱਚੋਂ ਨੋਟ ਕੱਢੇ, ਗਿਣਤੀ ਕੀਤੀ ਤੇ ਹੱਥ ਵਿੱਚ ਫੜਾ ਦਿੱਤੇ। ਉਹ ਬੰਦੇ ਹੱਥ ਮਿਲਾ ਕੇ ਚਲੇ ਗਏ।

ਨਿਰਮਲ ਨੇ ਟਰੱਕ ਚਲਾਉਂਦਿਆਂ ਸੋਨੂੰ ਵੱਲ ਤੱਕਿਆ ਤੇ ਕਿਹਾ - ਹੁਣ ਆਪਾਂ ਆਗਰਾ ਜਾ ਕੇ ਗੁਰਦੁਆਰਾ ਗੁਰੂ ਕੇ ਤਾਲ ਰੁਕਾਂਗੇ। ਫੇਰ ਸਵੇਰੇ ਅੱਗੇ ਚੱਲਾਂਗੇ।


## ਭਾਗ 8

ਅਗਲੀ ਸਵੇਰ ਜਦ ਨਿਰਮਲ ਉਠਿਆ, ਤਾਂ ਉਸ ਨੇ ਦੇਖਿਆ ਕਮਰੇ ਵਿੱਚ ਰੰਗੀਨ ਬੱਲਬ ਦੀ ਮੱਧਮ ਰੋਸ਼ਨੀ ਵਿੱਚ ਸੋਨੂੰ ਨਾਵਲ ਪੜ੍ਹ ਰਿਹਾ ਸੀ। ਨਿਰਮਲ ਨੇ, ਥੋੜ੍ਹੇ ਗੁੱਸੇ ਨਾਲ ਪੁੱਛਿਆ, ਤੂੰ ਸੁੱਤਾ ਨਹੀਂ ਰਾਤ ਨੂੰ ?

ਸੋਨੂੰ ਨੇ ਕਿਹਾ, ਸੌਂ ਤਾਂ ਗਿਆ ਸੀ ਪਰ ਆ ਤੇਰੇ ਸਰਦਾਰ ਜੀ ਨੇ ਜੋ ਇਹ ਨਾਵਲ ਦਿੱਤਾ ਸੀ, ਇਸ ਵਿੱਚ ਖਿੱਚ ਹੀ ਏਨੀ ਹੈ, ਮਨ ਕਰਦਾ ਸਾਰਾ ਪੜ੍ਹ ਲਵਾਂ ਇਕ ਵਾਰ ਵਿੱਚ ਹੀ।

ਚੱਲ ਆ ਚਾਹ ਪੀ ਕੇ ਆਈਏ, ਤੇ ਤਿਆਰ ਹੋਈਏ, ਚੱਲੀਏ, ਬੜਾ ਲੰਬਾ ਸਫ਼ਰ ਪਿਆ ਅਜੇ ਆਪਣਾ, ਹਲੇ ਤਾਂ ਸੇਰ ਵਿੱਚੋਂ ਪੂਣੀ ਪੂਣੀ ਵੀ ਨਹੀਂ ਕੱਤੀ। ਨਿਰਮਲ ਨੇ ਕਿਹਾ

ਅੱਜ ਉਨ੍ਹਾਂ ਨੂੰ ਚੱਲਿਆਂ ਦੋ ਰਾਤਾਂ ਤੇ ਤੀਜਾ ਦਿਨ ਸੀ। ਨਿਰਮਲ ਨੇ ਗੱਡੀ ਆਗਰਾ ਸ਼ਹਿਰ ਵਿੱਚੋਂ ਕੱਢ, ਕਾਨਪੁਰ ਵਾਲੀ ਜੀ.ਟੀ. ਰੋਡ 'ਤੇ ਪਾਈ ਤਾਂ, ਸੋਨੂੰ ਨੇ ਫਿਰ ਨਾਵਲ ਪੜ੍ਹਨਾ ਸ਼ੁਰੂ ਕਰ ਦਿੱਤਾ ਤੇ ਇਕ ਹੋਰ ਭਾਗ ਖ਼ਤਮ ਹੋ ਗਿਆ। ਸੋਨੂੰ ਨੇ ਕਿਤਾਬ ਬੰਦ ਕਰਦਿਆਂ ਮਨ ਹੀ ਮਨ ਕਿਹਾ, ਇਸ ਨੂੰ ਕਹਿੰਦੇ ਹਨ, ਮੂਸਾ ਭੱਜੇ ਮੌਤ ਤੋਂ ਤੇ ਅੱਗੇ ਮੌਤ ਖੜ੍ਹੀ, ਆਇਆ ਤਾਂ




ਵਿਚਾਰਾ ਘਰੋਂ ਇਹ ਸੋਚ ਕੇ ਸੀ ਕਿ ਕੁੜੀ ਦੇ ਵਿਆਹ ਲਈ ਮਾਲਕ ਤੋਂ ਮਦਦ ਮੰਗੇਗਾ ਪਰ ਇਹ ਕੀ! ਲਾਲਚੀ ਮਾਲਕ ਨੇ ਉਸ ਤੋਂ ਵੱਧ ਪੜ੍ਹਿਆ ਤੇ ਦੋ ਕੰਮ ਕਰਨ ਵਾਲਾ ਇਕੋ ਮੁਲਾਜ਼ਮ ਉਹ ਵੀ ਉਸ ਤੋਂ ਘੱਟ ਤਨਖਾਹ 'ਤੇ ਰੱਖ ਲਿਆ ਸੀ ਤੇ ਉਸ ਨੂੰ ਆਉਂਦੇ ਨੂੰ ਹੀ ਦੋ ਚਾਰ ਗੱਲਾਂ ਸੁਣਾ, ਹਿਸਾਬ ਕਰਕੇ ਵਾਪਸ ਤੋਰ ਦਿੱਤਾ ਪਰ ਜੇਕਰ ਉਹ ਘਰ ਨਹੀਂ ਗਿਆ ? ਤਾਂ ਫਿਰ ਸੱਚਮੁਚ, ਉਸ ਨੇ ਖੁਦਕੁਸ਼ੀ ਕਰ ਲਈ ਹੋਵੇਗੀ।

ਇਸ ਉਤਸੁਕਤਾ ਨਾਲ ਜਦ ਸੋਨੂੰ ਅੱਗੋਂ ਹੋਰ ਪੜ੍ਹਨ ਲੱਗਾ ਤਾਂ ਨਿਰਮਲ ਬੋਲ ਪਿਆ, ਇਸ ਕਿਤਾਬ ਵਿੱਚ ਐਸਾ ਕੀ ਹੈ? ਜੋ ਤੂੰ ਇਸ ਵਿੱਚ ਹੀ ਗੁਆਚ ਗਿਆ। ਮੈਂ ਤਾਂ ਤੈਨੂੰ ਪੁੱਛਿਆ ਸੀ, ਕੋਈ ਆਪਣੇ ਬਾਰੇ ਗੱਲਬਾਤ ਸੁਣਾ, ਤੂੰ ਤਾਂ ਕਿਤਾਬੀ ਕੀੜਾ ਹੀ ਬਣ ਗਿਆ। ਚੱਲ ਛੱਡ ਇਸ ਨੂੰ, ਤੂੰ ਇਸ ਰਾਹ ਪੈ ਕਿਵੇਂ ਗਿਆ ?

ਸੋਨੂੰ ਨੇ ਪਹਿਲਾਂ ਬਾਰੀ ਵਿੱਚੋਂ ਸੜਕ ਕਿਨਾਰੇ ਲੱਗੇ ਮੀਲ ਪੱਥਰ ਵੱਲ ਦੇਖਿਆ, ਉਸ 'ਤੇ ਲਿਖਿਆ ਸੀ, ਕਾਨਪੁਰ ਦੋ ਸੋ ਪੰਜਾਹ ਕਿਲੋਮੀਟਰ।

ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਸੋਨੂੰ ਬੋਲਿਆ, ਬਾਈ ਮੈਂ, ਖਾੜਕੂ ਸ਼ੌਕ ਨਾਲ ਨਹੀਂ ਬਣਿਆ, ਇਸ ਪੁਲਸ ਦੀਆਂ ਕਰਤੂਤਾਂ ਅਤੇ ਗੰਦੀ ਸਰਕਾਰ ਦੀਆਂ ਨੀਤੀਆਂ ਨੇ, ਮੈਨੂੰ ਹਥਿਆਰ ਚੁੱਕਣ ਲਈ ਮਜ਼ਬੂਤ ਕੀਤਾ, ਨਾਲੇ ਮੈਨੂੰ ਹੀ ਨਹੀਂ, ਪੰਜਾਬ ਦੇ ਸੈਂਕੜੇ ਨੌਜਵਾਨਾਂ ਨੂੰ ਵੀ, ਬਾਕੀ ਮੈਂ ਮੌਤ ਤੋਂ ਡਰਦਾ ਨਹੀਂ ਜਾ ਰਿਹਾ... ਚੱਲ ਛੱਡ ਬਾਈ। ਸੋਨੂੰ ਬੋਲਦਾ-ਬੋਲਦਾ ਰੁਕ ਗਿਆ, ਤਾਂ ਨਿਰਮਲ ਬੋਲਿਆ, ਇਹੋ ਤਾਂ ਮੈਂ ਜਾਣਨਾ ਚਾਹੁੰਦਾ ਹਾਂ। ਤੂੰ ਇਸ ਰਾਹ ਕਿਉਂ ਪਿਆ ? ਮੇਰਾ ਤਾਂ ਬਾਪ ਪੁਲਸ ਨੇ ਨਜਾਇਜ਼ ਚੁੱਕ ਕੇ ਖਪਾ ਦਿੱਤਾ ਸੀ, ਤਾਂ ਵੀ ਮੇਰੀ ਮਾਂ ਨੇ ਮੈਨੂੰ, ਬਦਲਾ ਲੈਣ ਵਾਲੇ ਰਾਹ ਨਹੀਂ ਪੈਣ ਦਿੱਤਾ। ਮਨ ਤਾਂ ਮੇਰਾ ਵੀ ਕਰਦਾ ਹੈ, ਉਸ ਥਾਣੇਦਾਰ ਦਾ, ਗੋਲੀਆਂ ਮਾਰ-ਮਾਰ ਸੀਨਾ ਪਾੜ ਦਿਆਂ।

ਸੋਨੂੰ ਨੂੰ ਬਾਈ ਦੇ ਬਾਪੂ ਦੀ ਮੌਤ ਵਾਲੀ ਗੱਲ ਨੇ ਅੰਦਰ ਤੱਕ ਝੰਜੋੜ ਦਿੱਤਾ। ਸੋਨੂੰ ਸਹਿਜ ਵਿੱਚ ਆ ਕੇ ਬੋਲਿਆ, ਚੱਲ, ਸੁਣ ਫਿਰ ਬਾਈ।

ਚਲਦਾ......

## ਸਰੀ ਦੇ ਨਿਊਟਨ ਇਲਾਕੇ 'ਚ ਗੋਲੀਬਾਰੀ: ਪੰਜਾਬੀ ਮੂਲ ਦੇ ਇੱਕ ਵਿਅਕਤੀ ਦੀ ਮੌਤ

ਵੈਨਕੂਵਰ-(ਮਲਕੀਤ ਸਿੰਘ) - ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਦੇ ਨਿਊਟਨ ਇਲਾਕੇ ਵਿੱਚ ਵਾਪਰੀ ਗੋਲੀਬਾਰੀ ਦੀ ਘਟਨਾ ਦੌਰਾਨ ਪੰਜਾਬੀ ਮੂਲ ਦੇ ਇੱਕ ਵਿਅਕਤੀ ਦੀ ਮੌਤ ਹੋਣ ਦੀ ਸੂਚਨਾ ਮਿਲੀ ਹੈ। ਪੁਲਿਸ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਇਹ ਘਟਨਾ ਸੋਮਵਾਰ ਬਾਅਦ ਦੁਪਹਿਰ ਵਾਪਰੀ।ਮੌਕੇ 'ਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਇੱਕ ਵਿਅਕਤੀ ਗੰਭੀਰ ਹਾਲਤ ਵਿੱਚ ਮਿਲਿਆ, ਜਿਸਨੂੰ ਬਚਾਇਆ ਨਾ ਜਾ ਸਕਿਆ ਅਤੇ ਉਸਦੀ ਮੌਤ ਹੋ ਗਈ। ਇਹ ਘਟਨਾ ਪਿਛਲੇ ਇੱਕ ਹਫ਼ਤੇ ਦੇ ਅੰਦਰ ਸ਼ਹਿਰ ਵਿੱਚ ਵਾਪਰੀ ਦੂਜੀ ਮਾਰੂ ਗੋਲੀਬਾਰੀ ਦੱਸੀ ਜਾ ਰਹੀ ਹੈ, ਜਿਸ ਕਾਰਨ ਇਲਾਕੇ ਵਿੱਚ ਚਿੰਤਾ ਦਾ ਮਾਹੌਲ ਬਣ ਗਿਆ ਹੈ। ਪੁਲਿਸ ਵੱਲੋਂ ਘਟਨਾ ਸਥਾਨ ਨੂੰ ਘੇਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਮਾਮਲੇ ਨਾਲ ਸੰਬੰਧਿਤ ਸਬੂਤ ਇਕੱਠੇ ਕੀਤੇ ਜਾ ਰਹੇ ਹਨ

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ ! -ਸੰਪਾਦਕ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**698. ਸਾਕਤ ਮੂੜ ਦਿਵਾਨੇ ਕੌਣ ਹੁੰਦੇ ਹਨ? ਉਹ ਕੀ ਕਰਦੇ ਹਨ?**

ਜਿਨ੍ਹਾਂ ਮਨੁੱਖਾਂ ਨੇ ਗੁਰੂ ਸਤਿਗੁਰ ਨਾਲ਼ ਮਿਲਾਪ ਨਹੀਂ ਕੀਤਾ, ਉਹ ਸਾਕਤ (ਮਾਇਆਧਾਰੀ - ਪਰਮਾਤਮਾ ਨਾਲੋਂ ਟੁੱਟੇ ਹੋਏ) ਮੂਰਖ ਤੇ ਕਮਲੇ ਹੁੰਦੇ ਹਨ । ਧੁਰੋਂ (ਪ੍ਰਭੂ ਨੇ) ਉਹਨਾਂ ਨੂੰ ਨੇਕ ਕਰਮਾਂ ਤੋਂ ਸੱਖਣੇ ਰੱਖਿਆ ਹੈ, ਉਹ ਮਾਇਆ ਦੇ ਮੋਹ ਵਿਚ ਇੱਦਾਂ ਸੜਦੇ ਰਹਿੰਦੇ ਹਨ ਜਿੱਦਾਂ ਦੀਵੇ ਨੂੰ ਵੇਖ ਕੇ ਪਤੰਗਾ । "ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ ਤੇ ਸਾਕਤ ਮੂੜ ਦਿਵਾਨੇ ॥ ਤਿਨ ਕੇ ਕਰਮ ਹੀਨ ਧੁਰਿ ਪਾਏ ਦੇਖਿ ਦੀਪਕੁ ਮੋਹਿ ਪਚਾਨੇ ॥3॥ ਅੰਗ 170" । ਮੂਰਖ ਤੇ ਅਪਵਿਤ੍ਰ ਸਾਕਤ ਜਿਉਂਦੇ ਜੀ ਪ੍ਰਭੂ ਨੂੰ ਚੇਤੇ ਨਹੀਂ ਕਰਦਾ, ਦੁਨੀਆਂ 'ਚ ਖਚਤ ਹੋ ਕੇ ਜ਼ਿੰਦਗੀ ਗੁਜਾਰਦਾ ਹੈ ਤੇ ਮਰ ਕੇ ਮਿੱਟੀ ਵਿਚ ਰਲ ਜਾਂਦਾ ਹੈ । "ਸਲੋਕ ਮ: 5 ॥ ਜੀਵਦਿਆ ਨ ਚੇਤਿਓ ਮੁਆ ਰਲੰਦੜੋ ਖਾਕ ॥ ਨਾਨਕ ਦੁਨੀਆ ਸੰਗਿ ਗੁਦਾਰਿਆ ਸਾਕਤ ਮੂੜ ਨਪਾਕ ॥1॥ ਅੰਗ 523" । ਮੂਰਖ ਸਾਕਤ ਮਾਇਆ ਦੇ ਬੰਨ੍ਹੇ ਹੋਏ ਮਾਇਆ ਵਿਚ ਹੀ ਭਟਕਦੇ ਰਹਿੰਦੇ ਹਨ । "ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥ ਅੰਗ 800" । ਮੂਰਖ ਸਾਕਤ ਸੁੱਤੇ ਸਿੱਧ ਪ੍ਰਭੂ ਨੂੰ ਨਹੀਂ ਚਿਤਵਦਾ, ਜਦੋਂ ਦੁੱਖ ਲੱਗਦਾ ਹੈ ਤਾਂ ਪ੍ਰਭੂ ਨੂੰ ਪੁਕਾਰਦਾ ਹੈ । "ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥13॥ ਅੰਗ 1030" । ਜਿਹੜੇ ਬੰਦੇ ਸੰਸਾਰ ਰੂਪੀ ਬਿਖੇ ਵਨ ਵਿਚ ਭਰਮ ਕੇ ਭਰਮਦੇ ਫਿਰਦੇ ਹਨ ਉਹ ਮੂਰਖ ਸਾਕਤ ਲੁੱਟੇ ਪੁੱਟੇ ਜਾਂਦੇ ਹਨ । "ਜੋ ਨਰ ਭਰਮਿ ਭਰਮਿ ਉਦਿਆਨੇ ਤੇ ਸਾਕਤ ਮੂੜ ਮੁਹੇ ॥ ਅੰਗ 1336" ।

**699. ਮਨੁੱਖ ਪਰਗਟ (ਪ੍ਰਸਿੱਧ) ਕਿੱਦਾਂ ਹੁੰਦਾ ਹੈ?**

ਹੇ ਪ੍ਰਭ ! ਜਿਨ੍ਹਾਂ ਮਨੁੱਖਾਂ ਨੂੰ ਤੂੰ ਮਿਹਰ ਕਰ ਕੇ (ਗੁਰੂ ਨਾਲ) ਮਿਲਾਉਂਦਾ ਹੈਂ, ਉਹ ਪ੍ਰਭੂ ਦੀ ਸੇਵਾ ਭਗਤੀ ਵਿਚ ਲਗਦੇ ਹਨ । ਹੇ ਦਾਸ ਨਾਨਕ ! ਉਹ ਪ੍ਰਭੂ ਦਾ ਨਾਮ ਜਪ ਜਪ ਕੇ ਪ੍ਰਗਟ (ਉੱਘੇ) ਹੋ ਜਾਂਦੇ ਹਨ, ਗੁਰੂ ਦੀ ਮਤਿ ਰਾਹੀਂ ਉਹ ਪ੍ਰਭੂ ਦੇ ਨਾਮ ਵਿਚ ਲੀਨ ਹੋ ਜਾਂਦੇ ਹਨ ।4।4।18।56। "ਜਿਨ ਕਉ ਤੁਮ ਦਇਆ ਕਰਿ ਮੇਲਹੁ ਤੇ ਹਰਿ ਹਰਿ ਸੇਵ ਲਗਾਨੇ ॥ ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ ਮਤਿ ਗੁਰ-ਮਤਿ ਨਾਮਿ ਸਮਾਨੇ ॥4॥4॥18॥56॥ ਅੰਗ 170" । ਨਾਮ ਨੂੰ ਮੰਨਣ ਨਾਲ਼ ਬੰਦਾ ਇੱਜ਼ਤ ਨਾਲ਼ ਪ੍ਰਗਟ ਹੋ ਕੇ (ਪ੍ਰਭੂ ਦੀ ਦਰਗਹ) ਵਿਚ ਜਾਂਦਾ ਹੈ । "ਮੰਨੈ ਪਤਿ ਸਿਉ ਪਰਗਟੁ ਜਾਇ ॥ ਅੰਗ 3" । ਜਿਹਨਾਂ ਨੂੰ ਸਤਿਗੁਰੂ ਨੇ ਥਾਪ ਦਿੱਤਾ ਉਹਨਾਂ ਨੂੰ ਕੋਈ ਮਿਟਾ ਨਹੀਂ ਸਕਦਾ । ਉਹਨਾਂ ਦੇ ਅੰਦਰ ਨਾਮ ਦਾ ਖਜ਼ਾਨਾ ਹੈ ਤੇ ਨਾਮ ਰਾਹੀਂ ਉਹ ਪ੍ਰਗਟ (ਪ੍ਰਸਿੱਧ) ਹੋ ਜਾਂਦੇ ਹਨ । "ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ ॥ ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ ॥ ਅੰਗ 17" । ਜਿਹੜਾ ਮਨੁੱਖ ਪ੍ਰਭੂ ਦਾ ਨਾਮ ਸਿਮਰਦਾ ਹੈ, ਉਹ ਸੁਖੀ ਰਹਿੰਦਾ ਹੈ, ਉਸ ਦਾ ਮੂੰਹ (ਲੋਕ ਪਰਲੋਕ ਵਿਚ) ਰੌਸ਼ਨ ਹੁੰਦਾ ਹੈ । ਨਾਮ ਪੂਰੇ ਗੁਰੂ ਤੋਂ ਮਿਲਦਾ ਹੈ (ਤੇ ਨਾਮ ਸਦਕਾ) ਬੰਦਾ ਸਾਰੇ ਲੋਕਾਂ ਵਿਚ ਪ੍ਰਗਟ ਹੋ ਜਾਂਦਾ ਹੈ । "ਨਾਮੁ ਧਿਆਏ ਸੋ ਸੁਖੀ ਜਿਸੁ ਮੁਖੁ ਊਜਲੁ ਹੋਇ ॥ ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ ॥ ਅੰਗ 44" । ਜਿਹੜਾ ਪ੍ਰਭੂ ਦਾ ਹੁਕਮ ਮੰਨਦਾ ਹੈ, ਉਹ ਪ੍ਰਗਟ ਹੋ ਕੇ ਪ੍ਰਭੂ ਪਾਸ ਜਾਂਦਾ ਹੈ । "ਮੰਨੇ ਹੁਕਮੁ ਸੁ ਪਰਗਟੁ ਜਾਇ ॥ ਅੰਗ 355" । ਸਤਿਗੁਰ ਬਚਨ ਤੁਮ੍ਹਾਰੇ ॥ ਦੀ ਸ਼ੁਰੂਆਤ ਵਾਲੇ ਇਕ ਸ਼ਬਦ ਵਿਚ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਸਤਿਗੁਰੂ ਦੇ ਬਚਨਾਂ ਸਦਕਾ ਉਹ ਪੁਰਸ਼ ਜਿਹਨਾਂ ਨੂੰ ਕੋਈ ਜਾਣਦਾ ਨਹੀਂ ਸੀ ਕੋਈ ਪਛਾਣਦਾ ਨਹੀਂ ਸੀ, ਉਹ ਵੀ ਪ੍ਰਭੂ ਦੇ ਦਰ ਤੇ ਪ੍ਰਗਟ ਹੋ ਗਏ। "ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ ॥3॥ ਅੰਗ 406"। ਜਿਹੜੇ ਮਨੁੱਖ ਸਦਾ-ਥਿਰ ਪ੍ਰਭੂ ਦੇ ਨਾਮ ਵਿਚ ਰੰਗੇ ਜਾਂਦੇ ਹਨ, ਉਹ ਪਵਿਤ੍ਰ ਹੋ ਜਾਂਦੇ ਹਨ ਉਹਨਾਂ ਨੂੰ ਸਦਾ ਕਾਇਮ ਰਹਿਣ ਵਾਲ਼ੀ ਸੋਭਾ ਮਿਲਦੀ ਹੈ । ਇਸ ਦੁਨੀਆ ਵਿਚ ਉਹ ਹਰੇਕ ਘਰ ਵਿਚ ਜਾਣੇ ਜਾਂਦੇ ਹਨ ਤੇ ਪਰਲੋਕ ਵਿਚ ਭੀ ਉਹ ਜੁਗ ਜੁਗ (ਭਾਵ ਹਰ ਜੁਗ/ਸਦਾ ਲਈ) ਪ੍ਰਗਟ ਹੋ ਜਾਂਦੇ ਹਨ। "ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ॥ ਐਥੈ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ ਪਰਗਟੁ ਹੋਇ ॥1॥ ਅੰਗ 427" । ਭਗਤ ਰਵਿਦਾਸ ਜੀ ਨਿੱਤ ਮਰੇ ਹੋਏ ਪਸ਼ੂ ਢੋਂਦੇ ਸਨ, ਉਹਨਾਂ ਨੇ ਮਾਇਆ ਨੂੰ ਤਿਆਗ ਦਿੱਤਾ । ਸਾਧ ਸੰਗਤਿ ਸਦਕਾ ਉਹ ਪ੍ਰਗਟ ਹੋ ਗਏ ਤੇ ਉਹਨਾਂ ਨੂੰ ਪ੍ਰਭੂ ਦਾ ਦਰਸ਼ਨ ਹੋ ਗਿਆ । "ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥ ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ ॥2॥ ਅੰਗ 487" । ਪ੍ਰਭੂ ਦੇ ਨਾਮ ਵਿਚ ਰੰਗਿਆਂ ਸੇਵਕ ਜਨ ਪ੍ਰਗਟ (ਪ੍ਰਸਿੱਧ) ਹੋ ਜਾਂਦਾ ਹੈ । "ਨਾਮਿ ਰਤਾ ਜਨੁ ਪਰਗਟੁ ਹੋਇ ॥2॥ ਅੰਗ 1174" । ਪ੍ਰਭੂ ਦੀ ਮਿਹਰ ਦੇ ਛਤਰ ਹੇਠਾਂ ਮੈਂ ਸਾਰੇ ਸੰਸਾਰ ਵਿਚ ਪ੍ਰਗਟ ਹੋ ਗਿਆ ਹਾਂ । "ਪਰਗਟੁ ਭਇਆ ਸੰਸਾਰਿ ਮਿਹਰ ਛਾਵਾਣਿਆ ॥ ਅੰਗ 1291" ।

**700. ਪ੍ਰਭੂ ਕਿੱਦਾਂ ਪ੍ਰਗਟ ਹੁੰਦਾ ਹੈ?**

ਹੇ ਦਾਸ ਨਾਨਕ ਗੁਰੂ ਅਨੁਸਾਰੀ ਦੇ ਅੰਦਰ ਪ੍ਰਭੂ ਪ੍ਰਗਟ ਹੋ ਜਾਂਦਾ ਹੈ । "ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥4॥2॥ ਅੰਗ 12 ਅਤੇ 365" । ਗੁਰੂ ਅਨੁਸਾਰੀ ਹੋ ਕੇ ਜੇ (ਨਾਮ ਜਪਣ ਦੀ) ਕਾਰ ਕੀਤੀ ਜਾਏ ਤਾਂ ਸਦਾ-ਥਿਰ ਰਹਿਣ ਵਾਲ਼ਾ ਪ੍ਰਭੂ ਹਿਰਦੇ ਵਿਚ ਪ੍ਰਗਟ ਹੋ ਜਾਂਦਾ ਹੈ । "ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥ ਅੰਗ 27" । ਹੇ ਪ੍ਰਭੂ! ਤੂੰ ਸਾਰੇ ਜੀਵਾਂ ਵਿਚ ਵਿਆਪਕ ਹੈਂ । ਪਰ ਉਸ ਕਰਤਾਰ ਨੇ ਆਪਣੇ ਆਪ ਨੂੰ ਲੁਕਾ ਕੇ (ਗੁਪਤ) ਰੱਖਿਆ ਹੋਇਆ ਹੈ । ਹੇ ਨਾਨਕ! ਜਿਸ ਗੁਰੂ ਅਨੁਸਾਰੀ ਦੇ ਅੰਦਰ ਕਰਤਾਰ ਨੇ ਆਪਣੀ ਜੋਤਿ ਟਿਕਾਈ ਹੈ, ਉਸ ਦੇ ਅੰਦਰ ਕਰਤਾਰ ਪਰਗਟ ਹੋ ਜਾਂਦਾ ਹੈ । "ਤੂੰ ਸਭਨਾ ਮਾਹਿ ਸਮਾਇਆ ॥ ਤਿਨਿ ਕਰਤੈ ਆਪੁ ਲੁਕਾਇਆ ॥ ਨਾਨਕ ਗੁਰਮੁਖਿ ਪਰਗਟੁ ਹੋਇਆ ਜਾ ਕਉ ਜੋਤਿ ਧਰੀ ਕਰਤਾਰਿ ਜੀਉ ॥15॥ ਅੰਗ 72" । ਗੁਰੂ ਦੇ ਸ਼ਬਦ ਰਾਹੀਂ ਰਾਤ ਦਿਨ ਪ੍ਰਭੂ ਦੇ ਨਾਮ ਨੂੰ ਧਿਆਉਣ ਨਾਲ ਸੁਖਾਂ ਦਾ ਦਾਤਾ ਪ੍ਰਭੂ (ਅੰਦਰ) ਪ੍ਰਗਟ ਹੋ ਜਾਂਦਾ ਹੈ । "ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥5॥ ਅੰਗ 126" ।

ਬਾਕੀ ਅਗਲੇ ਹਫਤੇ ਪੜ੍ਹੋ


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.......................................................................................
ADDRESS..................................................................................
.............................................................POST CODE...........................
TEL.........................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*


## ਅਗਲੇ 3 ਮਹੀਨਿਆਂ ਲਈ ਭਾਰਤ ਤੋਂ ਕੈਨੇਡਾ, ਅਮਰੀਕਾ, ਆਸਟਰੇਲੀਆ ਲਈ ਕਈ ਫ਼ਲਾਈਟਾਂ ਰੱਦ



ਨਵੀਂ ਦਿੱਲੀ : ਭਾਰਤ ਤੋਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਲਈ ਅਗਲੇ ਤਿੰਨ ਮਹੀਨਿਆਂ ਲਈ ਕਈ ਫ਼ਲਾਈਟਾਂ ਰੱਦ ਕੀਤੀਆਂ ਗਈਆਂ ਹਨ । ਏਅਰ ਇੰਡੀਆ ਨੇ ਮਈ ਤੋਂ ਜੁਲਾਈ 2026 ਤਕ ਕਈ ਫ਼ਲਾਈਟਾਂ ਰੱਦ ਕਰਨ ਦਾ ਫ਼ੈਸਲਾ ਕੀਤਾ ਹੈ। ਇਰਾਨ ਜੰਗ ਕਾਰਨ ਤੇਲ ਦੀਆਂ ਕੀਮਤਾਂ ਵਧਣ ਤੋਂ ਬਾਅਦ ਏਅਰ ਇੰਡੀਆ ਨੇ ਲਗਭਗ 100 ਉਡਾਣਾਂ ਘਟਾ ਦਿਤੀਆਂ। ਏਅਰਲਾਈਨ ਦੇ ਸੀ.ਈ.ਓ. ਦਾ ਕਹਿਣਾ ਹੈ ਕਿ ਜਹਾਜ਼ ਦੀ ਤੇਲ ਕੀਮਤ ਵਿਚ ਭਾਰੀ ਵਾਧਾ ਅਤੇ ਭਾਰਤ ਦੇ ਗੁਆਂਢ ਚ ਹਵਾਈ ਖੇਤਰ ਬੰਦ ਹੋਣ ਕਾਰਨ ਬਹੁਤ ਸਾਰੀਆਂ ਕੌਮਾਂਤਰੀ ਉਡਾਣਾਂ ਚਲਾਉਣਾ ਗ਼ੈਰ-ਲਾਭਕਾਰੀ ਹੋ ਗਿਆ ਹੈ।

ਭਾਰਤ, ਅਮਰੀਕਾ ਅਤੇ ਯੂਰਪ ਦੀਆਂ ਮੁੱਖ ਏਅਰਲਾਈਨਜ਼ ਨੇ ਅਪਣੇ ਸੰਚਾਲਨ ਖਰਚੇ ਘਟਾਉਣ ਲਈ ਉਡਾਣਾਂ ਚ ਕਟੌਤੀ ਅਤੇ ਸ਼ਡਿਊਲ ਵਿਚ ਬਦਲਾਅ ਕਰਨਾ ਸ਼ੁਰੂ ਕਰ ਦਿਤਾ ਹੈ। ਕਈ ਲੰਬੀ ਦੂਰੀ ਦੇ ਰੂਟ ਹੁਣ ਵਪਾਰਕ ਤੌਰ ਤੇ ਘਾਟੇ ਦਾ ਸੌਦਾ ਸਾਬਤ ਹੋ ਰਹੇ ਹਨ। ਭਾਰਤ ਦੀ ਮੁੱਖ ਏਅਰਲਾਈਨ ਏਅਰ ਇੰਡੀਆ ਨੇ ਜੂਨ ਅਤੇ ਜੁਲਾਈ ਦੌਰਾਨ ਅਪਣੀਆਂ ਕਈ ਕੌਮਾਂਤਰੀ ਸੇਵਾਵਾਂ ਘਟਾਉਣ ਦਾ ਫ਼ੈਸਲਾ ਕੀਤਾ ਹੈ। ਜਾਣਕਾਰੀ ਮੁਤਾਬਿਕ ਕੰਪਨੀ ਰੋਜ਼ਾਨਾ ਲਗਭਗ 100 ਉਡਾਣਾਂ ਦੀ ਕਟੌਤੀ ਕਰਨ ਜਾ ਰਹੀ ਹੈ, ਜੋ ਕਿ ਉਸ ਦੇ ਕੁਲ ਸ਼ਡਿਊਲ ਦਾ 10% ਹੈ। ਇਸ ਦਾ ਸੱਭ ਤੋਂ ਵੱਧ ਅਸਰ ਯੂਰਪ, ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਜਾਣ ਵਾਲੇ ਰੂਟਾਂ ਤੇ ਪਵੇਗਾ। ਏਅਰ ਇੰਡੀਆ ਦਾ ਕਹਿਣਾ ਹੈ ਕਿ ਉਹ ਹਰ ਪੰਦਰਵਾੜੇ ਕਟੌਤੀਆਂ ਦੀ ਸਮੀਖਿਆ ਕਰੇਗਾ। ਜੇ ਪਛਮੀ ਸੰਕਟ ਘੱਟ ਜਾਂਦਾ ਹੈ ਤਾਂ ਰੱਦ ਕੀਤੀਆਂ ਫਲਾਈਟਾਂ ਮੁੜ ਬਹਾਲ ਕੀਤੀਆਂ ਜਾ ਸਕਦੀਆਂ ਹਨ। ਇਸੇ ਤਰ੍ਹਾਂ, ਦੇਸ਼ ਦੀ ਸੱਭ ਤੋਂ ਵੱਡੀ ਏਅਰਲਾਈਨ ਇੰਡੀਗੋ ਨੇ ਵੀ ਮਈ ਮਹੀਨੇ ਲਈ ਅਪਣੀ ਕੌਮਾਂਤਰੀ ਸਮਰੱਥਾ ਚ 17% ਦੀ ਕਮੀ ਕੀਤੀ ਹੈ।

# ਗੁਰੂ ਬੈਠਾ ਅਮਰੁ ਸਰੂਪ ਹੋਇ


- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




## ਕਿਸ਼ਤ-36

ਏਥੇ ਗੁਰੂ ਜੀ ਦੇ ਅਨੇਕ ਸਿੱਖ ਓਸ ਬਿਧੀ ਨਾਲ ਇਸ਼ਨਾਨ ਅਤੇ ਜਪੁਜੀ ਸਾਹਿਬ ਦੇ ਪਾਠ ਕਰਦੇ ਰਹਿੰਦੇ ਹਨ। ਏਸ ਬਉਲੀ ਦਾ ਆਰੰਭ 1616 ਬਿਕ੍ਰਮੀ ਨੂੰ ਹੋਯਾ ਤੇ ਸੱਤ ਸਾਲ ਬਣਦੀ ਰਹੀ। ਤ.ਖ਼.

ਯਾਤਰੂਆਂ ਦੀ ਵਰਤੋਂ ਲਈ 1559 ਈ. ਵਿਚ 84 ਪੌੜੀਆਂ ਵਾਲੀ ਇਕ ਬਾਉਲੀ ਬਣਾਈ ਗਈ। ਸਿ.ਇ.

ਸੰਨ 1559 ਵਿਚ ਗੁਰੂ ਅਮਰਦਾਸ ਜੀ ਨੇ ਬਾਉਲੀ ਬਣਵਾਣੀ ਸ਼ੁਰੂ ਕਰ ਦਿੱਤੀ। ਗੁਰੂ ਨਾਨਕ ਸਾਹਿਬ ਅਤੇ ਗੁਰੂ ਅੰਗਦ ਸਾਹਿਬ ਜੀ ਦੇ ਵੇਲੇ ਹਾਲਾਤ ਅਨੁਸਾਰ ਕਦੇ ਐਸੀ ਲੋੜ ਨਹੀਂ ਸੀ ਪਈ ਕਿ ਕੋਈ ਅਸਥਾਨ ਐਸਾ ਤਿਆਰ ਕੀਤਾ ਜਾਏ ਜਿਸ ਵਿਚ ਸਿਰਫ਼ ਸਿੱਖਾਂ ਨੂੰ ਹੀ ਦਿਲਚਸਪੀ ਹੋਵੇ। ਜ.ਬਿ. ਪ੍ਰੋ. ਸਾਹਿਬ ਸਿੰਘ

ਅੱਸੂ ਵਦੀ ਦਸਵੀਂ, 5 ਸਤੰਬਰ ਸੰਨ 1553 ਦੀ ਸਵੇਰ ਨੂੰ ਬਾਉਲੀ ਦਾ ਟੱਕ ਲਾਉਣ ਦੀ ਆਗਿਆ ਬਾਬਾ ਬੁੱਢਾ ਜੀ ਨੂੰ ਗੁਰੂ ਸਾਹਿਬ ਨੇ ਦਿੱਤੀ। ਬਾਉਲੀ ਦਾ ਕੜ ਵੈਸਾਖੀ ਵਾਲੇ ਦਿਹਾੜੇ 1558 ਨੂੰ ਟੁੱਟਾ ਸੀ।ਪੰਨਾ 92 ਤੇ 96 ਪ.ਮੇ.

ਸਾਡੀ ਜਾਚੇ, ਸੰਨ 1558 ਦੀ ਵੈਸਾਖੀ ਜੋੜ-ਮੇਲੇ ਦੌਰਾਨ ਸੰਗਤਾਂ ਨਾਲ ਵਿਚਾਰ ਹੋਈ। ਕਾਰੀਗਰਾਂ ਦੀ ਰਾਇ ਅਨੁਸਾਰ ਢੁੱਕਵੀਂ ਜ਼ਮੀਨ ਦੀ ਭਾਲ ਕਰਦਿਆਂ ਗੁਰੂ ਕੇ ਮਹਿਲਾਂ ਤੋਂ ਕੁਝ ਦੂਰ ਬਿਆਸ ਦਰਿਆ ਦੇ ਨੇੜੇ ਦੀ ਚੋਣ ਹੋਈ। ਇਸ ਸਬੰਧੀ ਸਾਰਾ ਇੰਤਜ਼ਾਮ ਕਰਨ ਬਾਦ ਹਜ਼ੂਰ ਨੇ ਸੰਗਤਾਂ ਨੂੰ ਹੁਮ-ਹੁਮਾ ਕੇ ਆਉਣ ਲਈ ਪੱਤ੍ਰ ਲਿਖਵਾਏ ਅਰ ਸੰਨ 1559/ ਸੰਮਤ 1616 ਦੀ ਵੈਸਾਖੀ ‘ਤੇ ਇਹ ਸੇਵਾ ਆਰੰਭ ਹੋਈ ਜੋ 6-7 ਸਾਲ ਵਿਚ ਸੰਪੂਰਨ ਹੋਈ।

### ਬਾਉਲੀ ਸੇਵਾ ਆਰੰਭ

ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਉਪਰੰਤ ਗੁਰੂ ਸਾਹਿਬ ਜੀ ਨੇ ਕੁਝ ਬਚਨ



ਗੁ. ਤਪ ਅਸਥਾਨ ਸਤੀ ਘਾਟ ਜਿਥੇ ਗੁਰੂ ਅਮਰਦਾਸ ਜੀ ਕੁਝ ਦਿਨ ਠਹਿਰੇ ਅਰ ਭਰਮੀ ਲੋਕਾਂ ਨੂੰ ਨਾਮ-ਬਾਣੀ ਨਾਲ ਜੋੜਿਆ। ਗੁ. ਤਪ ਅਸਥਾਨ ਦੀ ਤਸਵੀਰ

ਕੀਤੇ, ਕੜਾਹ ਪ੍ਰਸ਼ਾਦ ਤਿਆਰ ਹੋਇਆ ਆ ਚੁੱਕਾ ਸੀ। ਸ੍ਰੀ ਬੁੱਢਾ ਜੀ ਨੇ ਸਾਰੀ ਸੰਗਤ ਸਹਿਤ ਗੁਰੂ-ਸਾਹਿਬਾਨ ਜੀ ਦੇ ਨਾਂ ਲੈ ਕੇ ਕਰਤਾਰ ਅੱਗੇ ਕਾਰਜ ਦੀ ਸਫ਼ਲਤਾ ਦੀ ਅਰਦਾਸ ਕੀਤੀ। ਉਪਰੰਤ ਸਾਰੇ ਦਰਿਆ ਵਾਲੇ ਪਾਸੇ ਆ ਗਏ। ਨਿਸਚਤ ਥਾਂ ‘ਤੇ ਪਹੁੰਚ ਕੇ ਗੁਰੂ ਪਾਤਸ਼ਾਹ ਜੀ ਨੇ ਬਾਬਾ ਬੁੱਢਾ ਨੂੰ ਟੱਕ ਲਗਾਉਣ ਦਾ ਹੁਕਮ ਕੀਤਾ। ਉਨ੍ਹਾਂ ਨੇ ਗੁਰੂ ਆਗਿਆ ਅਨੁਸਾਰ ਕਹੀ ਨਾਲ ਮਿੱਟੀ ਦੀ ਪਹਿਲੀ ਟੋਕਰੀ ਭਰ ਕੇ ਆਪਣੇ ਸਿਰ ਉਠਾਈ ਤਾਂ ਹਜ਼ੂਰ ਨੇ ਬਾਕੀ ਸਿਖਾਂ ਭਾਈ ਪਾਰੋ, ਭਾਈ ਸਾਧਾਰਨ, ਭਾਈ ਲਾਲੂ, ਭਾਈ ਸੱਚਨ-ਸੱਚ ਅਰ ਭਾਈ ਜੇਠਾ ਜੀ ਆਦਿ ਨੂੰ ਵੀ ਸੇਵਾ ਕਰਨ ਦੀ ਆਗਿਆ ਕੀਤੀ। ਕਹੀਆਂ ਅਤੇ ਟੋਕਰੀਆਂ ਦਾ ਪ੍ਰਬੰਧ ਪਹਿਲਾਂ ਕੀਤਾ ਹੋਇਆ ਸੀ, ਸਾਰੇ ਗੁਰੂ ਕੇ ਲਾਲ ਚਾਅ ਨਾਲ ਕਹੀਆਂ ਫੜ ਕੇ ਮਿੱਟੀ ਪੁੱਟਣ ਲਗੇ। ਬਾਉਲੀ ਦੀ ਸੇਵਾ ਆਰੰਭ ਹੋਣ ‘ਤੇ ਭਾਈ ਬੱਲੂ ਜੀ ਨੇ ਗੁਰੂ ਆਗਿਆ ਅਨੁਸਾਰ ਕੜਾਹ ਪ੍ਰਸ਼ਾਦ ਵਰਤਾਇਆ ਅਰ ਸਭਨਾਂ ਨੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

### ਇਤਿਹਾਸਕ ਹਵਾਲੇ:

ਤਬ ਕ੍ਰਿਪਾਸਿੰਧ ਸਭ ਸਿਖ ਬੁਲਾਏ।
ਤੀਰਥ ਠੌਰ ਪੁਨ ਦੀਆ ਬਤਾਏ।
ਖੋਦਨ ਲਗੇ ਬਾਵਲੀ ਕੂਪ।
ਧਰਮ ਛੇਤ੍ਰ ਤੀਰਥ ਆਨੂਪ।3॥
ਸਭ ਸੰਗਤ ਤਹਾ ਕਾਰ ਕਮਾਵੈ।
ਮਿਟੀ ਖੋਦੈ ਸੀਸ ਉਠਾਵੈ।
ਸਤਿਗੁਰ ਬਚਨ ਹਿਰਦੈ ਧਰਿ ਸੇਵੈ।
ਲੋਕ ਪ੍ਰਲੋਕ ਸਫਲ ਫਲੇਵੈ।4॥ ਮ.ਪ੍ਰ.

ਸੁਥਲ ਜਾਨਿ ਗੁਰੁ ਇਸਥਿਤ ਭਏ।
(ਠੀਕ ਥਾਂ ‘ਤੇ ਸਤਿਗੁਰੂ ਜਾ ਖੜੇ)
ਟਕ ਲਾਵਨਿ ਕੀ ਆਇਸੁ ਦਏ।
(ਅਤੇ ਟੱਕ ਲਾਉਣ ਲਈ ਹੁਕਮ ਕੀਤਾ)
ਬੁੱਢੇ ਪ੍ਰਥਮ ਕਹੀ ਕਰ ਗਹੀ।
(ਪਹਿਲਾਂ ਬੁੱਢੇ ਹੱਥ ਵਿਚ ਕਹੀ ਉਠਾਈ)
ਜਹਿਂ ਗੁਰ ਕਹੀ ਤਿਰਥ ਕਰਿ ਸਹੀ।8॥
(ਜਿਥੇ ਹਜ਼ੂਰ ਨੇ ਕਿਹਾ ਸੀ)
ਤਹਿਂ ਤੇ ਮਾਟੀ ਲੀਨਿ ਉਪਾਟੀ।
(ਠੀਕ ਓਥੋਂ ਮਿੱਟੀ ਪੱਟ ਕੇ ਟੋਕਰੀ ਭਰੀ)
ਭਰੀ ਟੋਕਰੀ ਸਿਰ ਧਰਿ ਸਾਟੀ।
(ਸਿਰ ‘ਤੇ ਚੁੱਕ ਕੇ ਪਰ੍ਹਾਂ ਜਾ ਸੁੱਟੀ)
ਬਹੁਰੋ ਸਕਲ ਸਿਖ ਲਗਿ ਪਰੇ।
(ਫਿਰ ਸਾਰੇ ਸਿਖ ਸੇਵਾ ਕਰਨ ਲੱਗੇ)
ਧਰੇ ਚੌਂਪ ਸੇਵਾ ਹਿਤ ਕਰੇ।9॥51॥
ਰਾਸ 1 (ਬੜੇ ਉਤਸ਼ਾਹ ਅਤੇ ਪ੍ਰੇਮ ਨਾਲ)

ਇਸ ਪ੍ਰਕਾਰ ਬਾਉਲੀ ਸਾਹਿਬ ਦੀ ਸੇਵਾ ਸ਼ੁਰੂ ਹੋਣ ‘ਤੇ ਸੰਗਤਾਂ ਨਿਤਾਪ੍ਰਤੀ ਹੀ ਬਹੁਤ ਉਤਸ਼ਾਹ ਨਾਲ ਪਹੁੰਚਣ ਲੱਗੀਆਂ। ਹੱਥੀਂ ਸੇਵਾ ਕਰਨ ਵਾਲਿਆਂ ਨੂੰ ਲੋੜ ਅਨੁਸਾਰ ਕਹੀਆਂ ਅਤੇ ਟੋਕਰੀਆਂ ਆਦਿ ਗੁਰੂ ਸਾਹਿਬ ਜੀ ਦੀ ਆਗਿਆ ਅਨੁਸਾਰ ਸ੍ਰੀ (ਗੁਰੂ) ਰਾਮਦਾਸ ਜੀ ਵੰਡ ਦੇਂਦੇ ਅਰ ਜਾਣ ਤੋਂ ਬਾਦ ਸੰਭਾਲ ਲੈਂਦੇ। ਇਸੇ ਤਰਹ ਇਸ ਕਾਰਜ ਨੂੰ ਤਰਤੀਬ ਵਿਚ ਲਗਾਤਾਰ ਤੋਰਨ ਲਈ ਕੁਝ ਮਿਸਤਰੀ ਅਤੇ ਮਜ਼ਦੂਰ ਵੀ ਲਗਾਏ ਗਏ ਸਨ ਜਿਨ੍ਹਾਂ ਦੀ ਮਜ਼ਦੂਰੀ ਦਾ ਹਿਸਾਬ ਵੀ ਸ੍ਰੀ ਜੇਠਾ ਜੀ ਦੇ ਹੱਥ ਹੀ ਦਿੱਤਾ ਗਿਆ ਸੀ।

ਬਾਉਲੀ ਸਾਹਿਬ ਦੀ 6-7 ਸਾਲ ਦੀ ਸੇਵਾ ਦੌਰਾਨ ਅਨੇਕ ਵਰਨਣ ਯੋਗ ਘਟਨਾਵਾਂ ਵਾਪਰੀਆਂ। ਸਾਰੀਆਂ ਦਾ ਜ਼ਿਕਰ ਕਰ ਸੱਕਣਾ ਤਾਂ ਅਸੰਭਵ ਹੈ ਪਰ, ਜੋ ਕੁਝ ਸਾਨੂੰ ਇਤਿਹਾਸਕਾਰਾਂ ਕੋਲੋਂ ਪ੍ਰਾਪਤ ਹੋਇਆ ਹੈ, ਜੋ ਸੰਭਵ ਹੋ ਸਕਿਆ, ਸੰਖੇਪਤਾ ਨਾਲ ਪਾਠਕਾਂ ਦੇ ਸਨਮੁਖ ਅਗਲੇ ਪੰਨਿਆਂ ਵਿਚ ਰੱਖਣ ਦਾ ਯਤਨ ਕਰਾਂਗੇ।

## ਇਮੀਗ੍ਰੇਸ਼ਨ ਸਖ਼ਤੀਆਂ ਦਾ ਅਸਰ, ਕੈਨੇਡਾ ’ਚ ਕਿਰਾਏ ਲਈ ਚਾੜ੍ਹੇ ਘਰਾਂ ’ਚ ਬੋਲ ਰਹੇ ਨੇ ਘੁੱਗੂ

ਕੈਨੇਡਾ ਵਿਚ ਜਦੋਂ ਤੋਂ ਇਮੀਗ੍ਰੇਸ਼ਨ ਤੇ ਬਰੇਕਾਂ ਲੱਗੀਆਂ ਹਨ ਉਦੋਂ ਤੋਂ ਬਹੁਤ ਸਾਰੇ ਖੇਤਰ ਪ੍ਰਭਾਵਤ ਹੋਏ ਹਨ। ਕੈਨੇਡਾ ਦੇ ਪ੍ਰਮੁੱਖ ਉਦਯੋਗ ਰੀਅਲ ਅਸਟੇਟ ਦੀ ਗੱਲ ਕਰੀਏ ਤਾਂ ਇਹ ਸੱਭ ਤੋਂ ਵੱਧ ਪ੍ਰਭਾਵਤ ਹੋਈ ਹੈ। ਜਦੋਂ ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀਆਂ ਤੇ ਪਰਵਾਸੀਆਂ ਦੀ ਆਮਦ ਸਿਖਰਾਂ ਉੱਤੇ ਸੀ ਤਾਂ ਇਥੇ ਉਨ੍ਹਾਂ ਲੋਕਾਂ ਨੇ ਧੜਾਧੜ ਘਰ ਖਰੀਦਣੇ ਸ਼ੁਰੂ ਕਰ ਦਿਤੇ ਜਿਨ੍ਹਾਂ ਕੋਲ ਚਾਰ ਪੈਸੇ ਸਨ, ਤਾਂ ਜੋ ਘਰ ਕਿਰਾਏ ਤੇ ਚੜ੍ਹਾਅ ਕੇ ਚੋਖੀ ਕਮਾਈ ਕਰ ਸਕਣ। ਇਸ ਨਾਲ ਰੀਅਲ ਅਸਟੇਟ ਦੇ ਕਾਰੋਬਾਰ ਵਿਚ ਉਛਾਲ ਆਇਆ ਤੇ ਘਰਾਂ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ।ਪਰ ਮਾਰਕ ਕਾਰਨੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਮੀਗ੍ਰੇਸ਼ਨ ਤੇ ਸਖਤੀਆਂ ਵਧੀਆਂ ਤੇ ਤੇਜ਼ੀ ਨਾਲ ਕੌਮਾਂਤਰੀ ਵਿਦਿਆਰਥੀਆਂ ਸਣੇ ਪਰਵਾਸੀਆਂ ਦੀ ਗਿਣਤੀ ਘਟੀ। ਜਿਹੜੇ ਲੋਕ ਕੈਨੇਡਾ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਸਨ ਜਾਂ ਜਿਨ੍ਹਾਂ ਦੀ ਪੜ੍ਹਾਈ ਪੂਰੀ ਹੋ ਗਈ, ਉਨ੍ਹਾਂ ਨੂੰ ਵਾਪਸ ਅਪਣੇ -ਅਪਣੇ ਮੁਲਕਾਂ ਵਿਚ ਭੇਜਿਆ ਜਾ ਰਿਹਾ ਹੈ। ਕੋਈ ਸਮਾਂ ਸੀ ਜਦੋਂ ਕੈਨੇਡਾ ਵਿਚ ਬੇਸਮੈਂਟਾਂ ਵੀ ਭਰੀਆਂ ਰਹਿੰਦੀਆਂ ਸਨ ਪਰ ਹੁਣ ਇਮੀਗ੍ਰੇਸ਼ਨ ਤੇ ਸਖਤੀਆਂ ਤੋਂ ਬਾਅਦ ਮਕਾਨ ਮਾਲਕਾਂ ਨੂੰ ਕਿਰਾਏਦਾਰ ਵੀ ਨਹੀਂ ਲੱਭ ਰਹੇ। ਕੈਨੇਡਾ ਦੇ ਵੱਡੇ ਸ਼ਹਿਰਾਂ ਚ ਮਕਾਨ ਖਾਲੀ ਪਏ ਹਨ, ਜਿਥੇ ਘੁੱਗੂ ਬੋਲ ਰਹੇ ਹਨ। ਸਾਲ 2025 ਦੀ ਰੀਪੋਰਟ ਮੁਤਾਬਿਕ ਕੈਨੇਡਾ ਦੀ ਆਬਾਦੀ ਨੂੰ ਬਰੇਕਾਂ ਲੱਗ ਗਈਆਂ। ਆਬਾਦੀ ਵਿਚ ਕੋਈ ਵਾਧਾ ਨਹੀਂ ਹੋਇਆ।


## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਪੀਟਰਬਰੋ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ

ਪੀਟਰਬਰੋ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ, ਕੰਮ ਦਾ ਵੇਰਵਾ, ਯੋਗਤਾ ਅਤੇ ਸ਼ਰਤਾਂ ਹੇਠਾਂ ਲਿਖੇ ਅਨੁਸਾਰ ਹਨ: **ਸਥਾਨ:-** ਪੀਟਰਬਰੋ ਵਿਖੇ
**ਮੁੱਖ ਕੰਮ:-** ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਕਰਨਾ ਅਤੇ ਅਖੰਡ ਪਾਠ ਕਰਨ ਜਾਣਦਾ ਹੋਵੇ।
**ਸਮਾਂ:-** ਦੋ ਸਾਲ ਲਈ ਸਵੇਰੇ ਸ਼ਾਮ ਸੇਵਾ, (ਕੰਮ 28 ਘੰਟੇ ਪ੍ਰਤੀ ਹਫ਼ਤਾ)।
ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ।
**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਰਸੋਈ ਵਿੱਚ ਪ੍ਰਸ਼ਾਦ ਬਨਾਉਣ ਦੀ ਸੇਵਾ ਵੀ ਕਰ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ । ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ । ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਨੂੰ ਪਹਿਲ ਦਿੱਤੀ ਜਾ ਸਕਦੀ ਹੈ। ਯੂ ਕੇ ਵਿੱਚ ਕਾਨੂੰਨੀ ਤੌਰ ’ਤੇ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।
**ਬੰਦ ਹੋਣ ਦੀ ਤਾਰੀਕ:-** ਗਿਆਨਵਾਨ ਅਤੇ ਤਜ਼ਰਬੇਕਾਰ ਬਿਨੈਕਾਰ ਹੇਠਾਂ ਦਿੱਤੇ ਪਤੇ ‘ਤੇ ਲਿਖਤੀ ਅਰਜ਼ੀਆਂ 5 ਜੂਨ 2026 ਤੋਂ ਪਹਿਲਾਂ ਭੇਜਣ ਦੀ ਕ੍ਰਿਪਾ ਕਰਨ। ਜਾਂ ਅਮਰੀਕ ਸਿੰਘ ਨੂੰ ਈਮੇਲ ਰਾਹੀਂ ਭੇਜੋ।

## Vacancy for (Tier - 5) Religious worker

**Main Duties:** Performing Kirtan (Hymn Singing), Nitnem, Sukhmani Sahib Paath, Akhand Paath Kirtan in Morning and Evening.
**Location:** Peterborough.
**Duration & Remuneration:** 24 months. Attractive Salary will be according to UK employment Law. Job related accomodation shall be provided.
**Requirements:** Should be able to perform Kirtan and carry out other religious activities as listed in main duties. Must be able to carryout making Parsaad. Must read and speak Punjabi. Must have sufficient experience. Work reference required from previous employer. Must have right to work in U.K.
*Candidates with knowledge and experience Please apply with ‘cv’ to* **Email:sangha.amrik@btinternet.com *before 5th June 2026***


**SRI GURU SINGH SABHA GURDWARA, PETERBOROUGH**
**NEWARK ROAD, PETERBOROUGH, PE1 5XS, U.K.**
*For Information contact:* **Amrik Singh Sangha: 07979 706505**

**ਨਿਰਮਲ ਸਿੰਘ ਕੰਧਾਲਵੀ**



# ਬੀਬੀਆਂ ਦਾ ਏ.ਟੀ.ਐੱਮ.

**ਸਿਆਣੇ ਸੱਚ ਹੀ ਕਹਿੰਦੇ ਹਨ ਕਿ ਇਹ, ਪੀਰ, ਬਾਬੇ, ਕਰਨੀ ਵਾਲੇ ਮਹਾਂਪੁਰਸ਼ ਆਪ ਨਹੀਂ ਉਡਦੇ, ਇਨ੍ਹਾਂ ਨੂੰ ਉਡਾਉਣ ਵਾਲੇ ਇਨ੍ਹਾਂ ਦੇ ਚੇਲੇ- ਬਾਲਕੇ ਹੁੰਦੇ ਹਨ ਜੋ ਇਨ੍ਹਾਂ ਦੇ ਨਾਮ ਨਾਲ ਕਰਾਮਾਤੀ ਘਟਨਾਵਾਂ ਜੋੜਦੇ ਹਨ। ਉਨ੍ਹਾਂ ਕਹਾਣੀਆਂ ਵਿਚ ਕਿਸੇ ਵਿਅਕਤੀ ਦਾ ਨਾਮ, ਉਹਦਾ ਥਹੁ- ਟਿਕਾਣਾ ਆਦਿ ਨਹੀਂ ਦੱਸਿਆ ਹੁੰਦਾ ਬਸ ਕਹਾਣੀ ਇਉਂ ਹੁੰਦੀ ਹੈ ਕਿ ਇਕ ਪਿੰਡ 'ਚ ਇਕ ਬੰਦੇ ਦੀ ਮੱਝ ਸਿਰਫ਼ ਕੱਟੇ ਹੀ ਦਿੰਦੀ ਸੀ, ਬਾਬਾ ਜੀ ਦੀ ਕਿਰਪਾ ਤੋਂ ਬਾਅਦ ਮੁੜ ਕੱਟਾ ਨਹੀਂ ਹੋਇਆ ਤੇ ਉਹ ਬੰਦਾ ਹੁਣ ਕੱਟੀਆਂ ਵੇਚ ਵੇਚ ਕੇ ਹੀ ਕਰੋੜਪਤੀ ਹੋ ਗਿਆ। ਕੌਣ ਨਹੀਂ ਬਣਨਾ ਚਾਹੇਗਾ ਕਰੋੜਪਤੀ ਬਈ? ਤੇ ਦੁਨੀਆਂ ਭੇਡ -ਚਾਲ ਦੀ ਤਰ੍ਹਾਂ ਲੱਗ ਤੁਰਦੀ ਐ ਮਗਰ।**



ਦੀਵਾਨ ਦੀ ਸਮਾਪਤੀ ਤੋਂ ਬਾਅਦ ਬਾਬਾ ਜੀ ਆਪਣੇ ਸਾਜ਼ਿੰਦਿਆਂ ਨਾਲ ਕਾਰ 'ਚ ਬੈਠੇ ਤੇ ਆਪਣੇ ਗੜਵਈ ਨੱਥਾ ਸਿੰਘ ਨੂੰ ਸੰਬੋਧਨ ਹੋ ਕੇ ਬੋਲੇ, "ਨੱਥਾ ਸਿਆਂ ਅੱਜ ਬੀਬੀਆਂ ਦੇ ਏ.ਟੀ.ਐਮ. ਵਲੋਂ ਕੰਮ ਢਿੱਲਾ ਜਿਹਾ ਹੀ ਰਿਹਾ, ਪਰਸ ਉਵੇਂ ਨਹੀਂ ਖੁੱਲ੍ਹੇ ਜਿੱਦਾਂ ਅੱਗੇ ਖੁੱਲ੍ਹਦੇ ਹੁੰਦੇ ਆ," ਬਾਬਾ ਜੀ ਨੇ ਬੀਬੀਆਂ ਦੀ ਸੰਗਤ ਨੂੰ ਏ.ਟੀ.ਐਮ. ਦਾ ਨਾਮ ਦਿਤਾ ਹੋਇਆ ਸੀ ਕਿਉਂਕਿ ਬਾਬਾ ਜੀ ਜਦ ਕਥਾ ਵਖਿਆਨ ਵਿਚ ਝੂਠ ਸੱਚ ਦੇ ਗੱਪ ਗਪੌੜਿਆਂ ਵਾਲੀਆਂ ਕਹਾਣੀਆਂ, ਵਿਸ਼ੇਸ਼ ਕਰ ਕਿਸੇ ਬੀਬੀ ਦੇ ਪੁੱਤਰ ਨਾ ਹੋਣ ਕਰ ਕੇ ਬੜੇ ਰੋਣਹਾਕੇ ਅੰਦਾਜ਼ 'ਚ ਸੁਣਾਉਂਦੇ ਤਾਂ ਬੀਬੀਆਂ ਦੇ ਪਰਸ ਆਪ-ਮੁਹਾਰੇ ਖੁੱਲ੍ਹਣ ਲਈ ਬੇਕਰਾਰ ਹੋ ਜਾਂਦੇ ਸਨ।

ਸਿਆਣੇ ਸੱਚ ਹੀ ਕਹਿੰਦੇ ਹਨ ਕਿ ਇਹ, ਪੀਰ, ਬਾਬੇ, ਕਰਨੀ ਵਾਲੇ ਮਹਾਂਪੁਰਸ਼ ਆਪ ਨਹੀਂ ਉਡਦੇ, ਇਨ੍ਹਾਂ ਨੂੰ ਉਡਾਉਣ ਵਾਲੇ ਇਨ੍ਹਾਂ ਦੇ ਚੇਲੇ- ਬਾਲਕੇ ਹੁੰਦੇ ਹਨ ਜੋ ਇਨ੍ਹਾਂ ਦੇ ਨਾਮ ਨਾਲ ਕਰਾਮਾਤੀ ਘਟਨਾਵਾਂ ਜੋੜਦੇ ਹਨ। ਉਨ੍ਹਾਂ ਕਹਾਣੀਆਂ ਵਿਚ ਕਿਸੇ ਵਿਅਕਤੀ ਦਾ ਨਾਮ, ਉਹਦਾ ਥਹੁ- ਟਿਕ-ਾਣਾ ਆਦਿ ਨਹੀਂ ਦੱਸਿਆ ਹੁੰਦਾ ਬਸ ਕਹਾਣੀ ਇਉਂ ਹੁੰਦੀ ਹੈ ਕਿ ਇਕ ਪਿੰਡ 'ਚ ਇਕ ਬੰਦੇ ਦੀ ਮੱਝ ਸਿਰਫ਼ ਕੱਟੇ ਹੀ ਦਿੰਦੀ ਸੀ, ਬਾਬਾ ਜੀ ਦੀ ਕਿਰਪਾ ਤੋਂ ਬਾਅਦ ਮੁੜ ਕੱਟਾ ਨਹੀਂ ਹੋਇਆ ਤੇ ਉਹ ਬੰਦਾ ਹੁਣ ਕੱਟੀਆਂ ਵੇਚ ਵੇਚ ਕੇ ਹੀ ਕਰੋੜਪਤੀ ਹੋ ਗਿਆ। ਕੌਣ ਨਹੀਂ ਬਣਨਾ ਚਾਹੇਗਾ ਕਰੋੜਪਤੀ ਬਈ? ਤੇ ਦੁਨੀਆਂ ਭੇਡ -ਚਾਲ ਦੀ ਤਰ੍ਹਾਂ ਲੱਗ ਤੁਰਦੀ ਐ ਮਗਰ। ਇੰਜ ਹੀ ਇਕ ਇਸ ਤਰ੍ਹਾਂ ਦਾ ਗਪੌੜ ਛੱਡਣਗੇ ਕਿ ਇਕ ਬੰਦੇ ਦਾ ਕੈਂਸਰ ਅਮਰੀਕਾ ਤੱਕ ਠੀਕ ਨਹੀਂ ਹੋਇਆ, ਬਾਬਾ ਜੀ ਦੀ ਇਕ ਨਜ਼ਰ ਸਵੱਲੀ ਹੋਈ, ਬਸ ਉਹ ਬੰਦਾ ਅੱਜ ਹੋਰ ਕੱਲ੍ਹ ਹੋਰ।

ਨੱਥਾ ਸਿਉਂ ਬੋਲਿਆ, " ਬਾਬਾ ਜੀ, ਪੰਗਾ ਤਾਂ ਤੁਸੀਂ ਆਪ ਲਿਆ, ਏ.ਟੀ.ਐੱਮ. 'ਚ ਪਾਸਕੋਡ ਹੀ ਗ਼ਲਤ ਪਾ 'ਤਾ, ਕੀ ਲੋੜ ਸੀ ਭਗਤ ਧੰਨੇ ਜੱਟ ਦੀ ਗੱਲ ਛੇੜਨ ਦੀ?" ਗੱਲ ਅਸਲ 'ਚ ਇੰਜ ਹੋਈ ਕਿ ਆਰਤੀ ਦੀ ਕਥਾ ਕਰਦਿਆਂ ਜਦੋਂ ਤੁਕ ਆਈ 'ਘਰ ਕੀ ਗੀਹਨ ਚੰਗੀ ਜਨ ਧਨਾ ਲੇਵੈ ਮੰਗੀ' ਬਸ ਇਥੋਂ ਹੀ ਬਾਬਾ ਜੀ ਪੈ ਗਏ ਹੋਰ ਰਾਹੇ ਪਈ ਜੇ ਮਾੜੀਆਂ ਔਰਤਾਂ ਹੁੰਦੀਆਂ ਹਨ ਤਾਂ ਹੀ ਧੰਨੇ ਨੇ ਚੰਗੀ ਔਰਤ ਮੰਗੀ ਐ। ਬਾਬਾ ਜੀ ਜਾ ਵੜੇ ਆਪਣੀ ਜਵਾਨੀ ਦੇ ਦਿਨਾਂ ਵਿਚ। 'ਕੱਲਾ 'ਕੱਲਾ ਮੁੰਡਾ ਤੇ ਉਹ ਵੀ ਮਾਂ ਦਾ ਵਿਗਾੜਿਆ ਹੋਇਆ। ਹਰੇਕ ਨੂੰ ਟਿੱਚ ਜਾਣੇ। ਨਿੱਤ ਨਵੇਂ ਉਲਾਂਭੇ। ਧੀਆਂ ਭੈਣਾਂ ਦੀ ਇੱਜ਼ਤ ਨੂੰ ਕੱਖ ਨਾ ਜਾਣੇ। ਮਾਂ ਪਿਉ ਨੇ ਸੋਚਿਆ ਇਹਨੂੰ ਕਿੱਲੇ ਨਾਲ ਬੰਨ੍ਹ ਦੇਈਏ, ਆਪੇ ਸੁਧਰ ਜਾਵੇਗਾ। ਸੋ, ਇਹਨੂੰ ਦਸਵੀਂ ਫੇਲ੍ਹ ਢੱਗੇ ਨੂੰ ਬਾਰ੍ਹਵੀਂ ਪਾਸ ਕੁੜੀ ਨਾਲ ਵਿਆਹ ਦਿਤਾ। ਇਹਨੇ ਉਸ ਕੁੜੀ ਦਾ ਜਿਊਣਾ ਵੀ ਮੁਹਾਲ ਕਰ ਦਿਤਾ। ਉਸ ਨੇ ਟਿੱਲ ਲਾ ਲਿਆ ਇਹਨੂੰ ਸਹੀ ਰਾਸਤੇ 'ਤੇ ਲਿਆਉਣ ਲਈ ਪਰ ਉਹਦੀ ਕੋਈ ਪੇਸ਼ ਨਾ ਗਈ। ਇਹ ਹਰੇਕ ਗੱਲ 'ਚ ਉਸ ਨੂੰ ਹੀ ਦੋਸ਼ੀ ਠਹਿਰਾਇਆ ਕਰੇ। ਬਸ ਇਕੋ ਗੱਲ ਚਾਹੁੰਦਾ ਕਿ ਆਪ ਜੋ ਮਰਜ਼ੀ ਕਰੇ, ਪਤਨੀ ਰੱਬ ਵਾਂਗ ਉਹਦੀ ਪੂਜਾ ਕਰੇ। ਕਿਤੇ ਦੋ ਬੰਦਿਆਂ 'ਚ ਬਹਿੰਦਾ ਤਾਂ ਔਰਤ ਜ਼ਾਤ ਨੂੰ ਹੀ ਭੰਡਦਾ ਰਹਿੰਦਾ।

ਔਖੇ ਸੌਖੇ ਦੋ ਕੁ ਸਾਲ ਲੰਘੇ ਤੇ ਅਖੀਰ ਛੱਡ ਛਡਾਈਆ ਹੋ ਗਿਆ ਤੇ ਇਹ ਘਰੋਂ ਨਿੱਕਲ ਕੇ ਪੰਜ ਸੱਤ ਸਾਲ ਡੇਰਿਆਂ ਆਦਿ 'ਚ ਘੁੰਮਦਾ ਰਿਹਾ, ਰੂਪ ਬਦਲ ਲਿਆ ਤੇ ਵਾਜਾ ਵਜਾਉਣਾ, ਮਾੜੀ ਮੋਟੀ ਕਥਾ ਕਰਨੀ ਵੀ ਸਿੱਖ ਲਈ। ਇਕ ਦੋ ਸੱਜਣ ਮਿਲੇ ਜਿਨ੍ਹਾਂ ਨੇ ਇਸ ਨੂੰ ਸੰਗਤ 'ਚੋਂ ਮਾਇਆ ਖਿੱਚਣ ਦੇ ਗੁਰ ਵੀ ਸਮਝਾ ਦਿਤੇ। ਇਕ ਡੇਰੇ 'ਚੋਂ ਇਸ ਨੂੰ ਚੁਸਤ ਚਾਲਾਕ ਤੇ ਗੱਲਕਾਰ ਬੰਦਾ ਨੱਥਾ ਸਿੰਘ ਮਿਲ ਗਿਆ ਤੇ ਢੋਲਕੀ ਅਤੇ ਚਿਮਟੇ ਵਾਲਾ ਇਹਨੇ ਇਕ ਹੋਰ ਜਥੇ 'ਚੋਂ ਖਿੱਚ ਲਏ। ਆਪਣੇ ਜੱਦੀ ਪਿੰਡ ਤੋਂ 80-90 ਮੀਲ ਦੂਰ ਹੌਲੀ ਹੌਲੀ ਆਪਣਾ ਪਰਚਾਰ ਦਾ ਜੁਗਾੜ ਫਿੱਟ ਕਰ ਲਿਆ ਤੇ ਕੰਮ ਵਾਹਵਾ ਚੱਲ ਨਿੱਕਲਿਆ।

ਅੱਜ ਬਸ ਇਕੋ ਗ਼ਲਤੀ ਕਰ ਗਿਆ ਬਾਬਾ ਕਿ 'ਮਾੜੀਆਂ' ਔਰਤਾਂ ਨੂੰ ਨਿੰਦਦੇ ਨਿੰਦਦੇ ਉਸਨੇ ਐਕਸੀਲੇਟਰ ਪੂਰਾ ਹੀ ਦੱਬ ਰੱਖਿਆ। ਬਾਬਾ ਪੂਰਾ ਸਹਿਮਤ ਸੀ ਨੱਥਾ ਸਿੰਘ ਦੇ ਵਿਚਾਰ ਨਾਲ ਪਰ ਹੁਣ ਕੀ ਹੋ ਸਕਦਾ ਸੀ। ਬਾਬਾ ਹੁਣ ਸੋਚੀਂ ਪਿਆ ਹੋਇਆ ਸੀ ਕਿ ਕੱਲ੍ਹ ਨੂੰ ਹੋਣ ਵਾਲੇ ਪ੍ਰੋਗਰਾਮ ਵਿਚ ਬੀਬੀਆਂ ਦੇ ਏ.ਟੀ.ਐਮ.'ਚ ਕਿਹੜਾ ਪਾਸਕੋਡ ਪਾਵੇ ਕਿ ਅੱਜ ਵਾਲਾ ਘਾਟਾ ਵੀ ਪੂਰਾ ਹੋ ਜਾਵੇ।

# ਸਵਰਗੀ ਢੀਂਡਸਾ ਜੀ ਦੀ ਯਾਦ ਵਿਚ ਹੋਇਆ ਸਮਾਗਮ ਅਕਾਲੀ ਦਲ ਪੁਨਰ ਸੁਰਜੀ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਬਣਿਆਂ!





ਸੈਨਹੋਜ਼ੇ-ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੋ ਦਸੰਬਰ ਵੀਹ ਸੌ ਚੌਵੀ ਦੇ ਇਤਿਹਾਸਕ ਦਿਨ 'ਤੇ ਜੋ ਫੁਰਮਾਨ ਜਾਰੀ ਹੋਏ,ਉਨ੍ਹਾਂ ਆਦੇਸ਼ਾਂ ਦੀ ਰੌਸ਼ਨੀ ਵਿੱਚ ਚਲਦਿਆਂ ਹੀ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਹੋਂਦ ਵਿੱਚ ਆਇਆ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਅਧੀਨ ਹੀ ਅਗਾਂਹ ਦੀ ਕਾਰਜਵਿਧੀ ਵੀ ਪੰਥ ਪੰਜਾਬ ਦੇ ਭਲੇ ਹਿਤ ਅਪਣਾਈ ਜਾਵੇ ਗੀ! ਇਹ ਭਾਵਪੂਰਤ ਸ਼ਬਦ, ਸਾਬਕਾ ਖਜ਼ਾਨਾ ਮੰਤਰੀ ਪੰਜਾਬ ਅਤੇ ਪੁਨਰ ਸੁਰਜੀਤ ਅਕਾਲੀ ਦਲ ਦੇ ਮੋਹਰੀ ਆਗੂ ਸਰਦਾਰ ਪ੍ਰਮਿੰਦਰ ਸਿੰਘ ਢੀਂਡਸਾ ਨੇ ਸੰਗਤ ਨਾਲ ਸਾਂਝੇ ਕੀਤੇ।ਲੰਘੇ ਸ਼ਨੀਵਾਰ ਗੁਰਦੁਆਰਾ ਸੰਤ ਸਾਗਰ ਸੈਕਰਾਮੈਂਟੋ (ਕੈਲੇਫੋਰਨੀਆਂ) ਵਿਖੇ ਸਵਰਗੀ ਸੁਖਦੇਵ ਸਿੰਘ ਢੀਂਡਸਾ ਦੀ ਯਾਦ ਵਿੱਚ ਹੋਏ ਸਮਾਗਮ ਮੌਕੇ ਵਰਤਮਾਨ ਪੰਥਕ ਹਾਲਾਤ ਬਾਰੇ ਬੋਲਦਿਆਂ ਉਨ੍ਹਾਂ ਆਪਣੇ ਸਤਿਕਾਰਤ ਬਾਪ ਪਾਸੋਂ ਵਿਰਾਸਤ ਵਿਚ ਮਿਲੇ ਪੰਥਕ ਪਿਆਰ ਅਤੇ ਸਿਧਾਂਤਕ ਸਿਆਸਤ ਕਰਨ ਦੀ ਪ੍ਰੇਰਨਾ ਬਾਰੇ ਵੀ ਸੰਖੇਪ ਵਿੱਚ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸਿੱਖ ਫਿਲਾਸਫੀ ਨੂੰ ਦਰਕਿਨਾਰ ਕਰਕੇ ਪੰਥਕ ਸਿਆਸਤ ਕੀਤੀ ਹੀ ਨਹੀਂ ਜਾ ਸਕਦੀ!

ਇਸ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਵੇਲੇ ਤੋਂ ਅਰੰਭ ਸੁਖਮਨੀ ਸਾਹਿਬ ਦੇ ਭੋਗ ਮਗਰੋਂ ਹੋਏ ਕੀਰਤਨ ਦੀ ਸਮਾਪਤੀ ਉਪਰੰਤ ਮੁੱਖ ਸੇਵਾਦਾਰ ਭਾਈ ਨਰਿੰਦਰ ਪਾਲ ਸਿੰਘ ਹੁੰਦਲ ਨੇ ਸਟੇਜ ਸਕੱਤਰ ਦੇ ਫਰਜ਼ ਨਿਭਾਉਂਦਿਆਂ ਪੰਜਾਬ ਤੋਂ ਆਏ ਹੋਏ ਅਤੇ ਸਥਾਨਕ ਸਿੱਖ ਆਗੂਆਂ ਨੂੰ ਸਟੇਜ ਉੱਤੇ ਵਿਚਾਰ ਵਿਅਕਤ ਕਰਨ ਲਈ ਸਮਾਂ ਦਿੱਤਾ।ਸਾਰੇ ਬੁਲਾਰਿਆਂ ਨੇ ਸਰਦਾਰ ਪ੍ਰਮਿੰਦਰ ਸਿੰਘ ਢੀਂਡਸਾ ਨੂੰ ਪੁਨਰ ਸੁਰਜੀਤ ਅਕਾਲੀ ਦਲ ਦੀ ਦ੍ਰਿੜਤਾ ਅਤੇ ਚੜ੍ਹਦੀ ਕਲਾ ਵਾਸਤੇ ਸੁਝਾਅ ਮਸ਼ਵਰੇ ਦਿੱਤੇ।ਇਸ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਵਿਚ ਹੋਰਾਂ ਤੋਂ ਇਲਾਵਾ ਅਮਰੀਕਨ ਵਕੀਲ ਜਸਪ੍ਰੀਤ ਸਿੰਘ, ਜਥੇਦਾਰ ਰਘਬੀਰ ਸਿੰਘ ਰਾਜਾਸਾਂਸੀ, ਤਰਲੋਚਨ ਸਿੰਘ ਦੁਪਾਲ ਪੁਰ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ, ਨਰਿੰਦਰ ਸਿੰਘ ਥਾਂਦੀ ਪ੍ਰਧਾਨ ਗੁਰਦੁਆਰਾ ਕਮੇਟੀ ਵੈਸਟ ਸੈਕਰਾਮੈਂਟੋ, ਦਲਜੀਤ ਸਿੰਘ ਭੰਗੂ, ਗੁਰਨਾਮ ਸਿੰਘ ਫਿਲੌਰ, ਨਵਦੀਪ ਸਿੰਘ, ਹਰਪਾਲ ਸਿੰਘ ਚਾਹਲ ਅਤੇ ਪ੍ਰਸਿੱਧ ਪੱਤਰਕਾਰ ਸ੍ਰੀ ਅਸ਼ੋਕ ਭੌਰਾ ਨੇ ਵੀ ਆਪਣੇ ਵਿਚਾਰ ਰੱਖੇ।ਅਖੀਰ ਵਿਚ ਨਰਿੰਦਰ ਪਾਲ ਸਿੰਘ ਹੁੰਦਲ ਨੇ ਸਮਾਗਮ ਵਿੱਚ ਪਹੁੰਚੇ ਸਾਰੇ ਪਤਵੰਤੇ ਸੱਜਣਾ ਸਮੇਤ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ।ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।


## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ ।**

**ਵੱਲੋਂ - ਸੰਪਾਦਕ ਪੰਜਾਬ ਟਾਈਮਜ਼ ਡਰਬੀ**

ਗੁਰਮੀਤ ਸਿੰਘ ਪਲਾਹੀ
-9815802070

# ਸਦਾ ਬਹਾਰ ਚੋਣਾਂ : ਸਿਰਫ਼ ਇੱਕ ਸਿਆਸੀ ਖੇਡ



ਸਵਾਲਾਂ ਦਾ ਸਵਾਲ ਅਤੇ ਅੰਤਿਮ ਸਵਾਲ ਇਕੋ ਕਿ ਕੀ ਲਗਾਤਾਰ ਚੋਣਾਂ ਦਾ ਪ੍ਰਚਾਰ ਲੋਕਤੰਤਰ ਨੂੰ ਮਜ਼ਬੂਤ ਕਰਦਾ ਹੈ?

ਪੱਛਮੀ ਬੰਗਾਲ ਚੋਣਾਂ ਦੇ ਨਤੀਜੇ ਆਏ ਵੀ ਨਹੀਂ ਕਿ ਪੰਜਾਬ, ਉੱਤਰ ਪ੍ਰਦੇਸ਼ ਦਾ ਚੋਣ ਮੈਦਾਨ ਭੱਖ ਗਿਆ ਹੈ। ਪੰਜਾਬ ਅਤੇ ਉੱਤਰ ਪ੍ਰਦੇਸ਼ 'ਚ ਚੋਣਾਂ 2027 'ਚ ਹੋਣੀਆਂ ਹਨ, ਪਰ ਜਨਤਾ ਨੂੰ ਚੋਣ ਵਾਇਦੇ ਅਤੇ ਇਰਾਦੇ ਹੁਣੇ ਹੀ ਸੁਣਾਈ ਦੇਣ ਲੱਗੇ ਹਨ।

ਪੰਜਾਬ ਦਾ ਮਾਹੌਲ ਇੰਨੀ ਤੇਜ਼ੀ ਨਾਲ ਬਦਲ ਰਿਹਾ ਹੈ ਕਿ ਕੁਝ ਸਮਝਣਾ ਔਖਾ ਹੈ। ਭਾਜਪਾ ਦੀ ਰਣਨੀਤੀ ਨੇ ਚੋਣਾਂ ਨੂੰ ਬਾਰਾਂ ਮਾਸੀ ਪ੍ਰਕਿਰਿਆ ਬਣਾ ਦਿੱਤਾ ਹੈ। ਇੱਕ ਸੂਬੇ ਦੇ ਨਤੀਜੇ ਆਉਣ ਤੋਂ ਪਹਿਲਾਂ ਇਹ ਪੂਰਾ ਭਾਜਪਾ ਚੋਣ ਮਾਮਲਾ ਦੂਜੇ ਸੂਬੇ ਵੱਲ ਕੂਚ ਕਰ ਜਾਂਦਾ ਹੈ। ਇੱਥੇ ਹੀ ਬੱਸ ਨਹੀਂ ਹਰ ਨੀਤੀਗਤ ਫ਼ੈਸਲੇ ਉੱਤੇ ਚੋਣ ਸਮੀਕਰਨ ਭਾਰੀ ਰਹਿੰਦੀ ਹੈ। ਕੇਂਦਰੀ ਮੰਤਰੀਆਂ ਦਾ ਜੱਥਾ ਕਿਸੇ ਨਾ ਕਿਸੇ ਸੂਬੇ ਵਿੱਚ ਚੋਣ ਤਿਆਰੀ ਲਈ ਡੇਰਾ ਲਾਈ ਰੱਖਦਾ ਹੈ। ਕੋਈ ਵੀ ਯੋਜਨਾ ਹੋਵੇ, ਕੋਈ ਵੀ ਸਕੀਮ ਹੋਵੇ, ਉਸ ਦੇ ਉਦਘਾਟਨ ਨੂੰ ਚੋਣ ਰੈਲੀ 'ਚ ਬਦਲ ਦਿੱਤਾ ਜਾਂਦਾ ਹੈ। ਅਸਲ 'ਚ ਭਾਜਪਾ ਦੀ ਟੀਮ ਇੱਕ ਚੋਣ ਮਸ਼ੀਨਰੀ ਦੀ ਤਰ੍ਹਾਂ ਕੰਮ ਕਰਦੀ ਦਿਖਦੀ ਹੈ ।

ਆਓ, ਭਾਜਪਾ ਦੀ ਚੋਣ ਮਸ਼ੀਨਰੀ ਨੂੰ ਸਮਝੀਏ। ਉਸ ਤੋਂ ਵੀ ਪਹਿਲਾਂ ਭਾਜਪਾ ਦੀ ਮੈਂਬਰਸ਼ਿਪ ਨੂੰ ਵਾਚੀਏ। ਸਤੰਬਰ 2024 ਵਿਚ ਇਕ ਦਿਨ ਵਿੱਚ ਹੀ ਭਾਜਪਾ ਨੂੰ 47 ਲੱਖ ਮੈਂਬਰਸ਼ਿਪ ਕਰ ਲਈ। ਪਹਿਲੇ ਪੜਾਅ ਵਿੱਚ 6 ਕਰੋੜ ਅਤੇ ਕੁੱਲ 10 ਕਰੋੜ ਤੋਂ ਜਿਆਦਾ ਮੈਂਬਰਸ਼ਿਪ ਦਾ ਮੀਲ ਪੱਥਰ ਭਾਜਪਾ ਨੇ ਪ੍ਰਾਪਤ ਕੀਤਾ। ਸਿੱਟਾ ਸਾਲ 2014, ਸਾਲ 2019 ਅਤੇ ਫਿਰ 2024 ਵਿੱਚ ਭਾਜਪਾ-ਰਾਜਗ ਨੇ ਬਹੁਮਤ ਹਾਸਲ ਕੀਤਾ, ਹਾਲਾਂਕਿ 2024 'ਚ ਉਹ 240 ਸੀਟਾਂ ਲੈ ਜਾ ਸਕੀ ਤੇ ਉਸਦੀ ਗਠਬੰਧਨ 'ਤੇ ਨਿਰਭਰਤਾ ਵੱਧ ਗਈ।

2014 ਦੇ ਬਾਅਦ ਭਾਰਤ ਦੀ ਸਿਆਸਤ ਪੂਰੀ ਤਰ੍ਹਾਂ ਬਦਲ ਗਈ ਹੈ। ਜਾਂ ਬਦਲ ਦਿੱਤੀ ਗਈ ਹੈ। ਨਰਿੰਦਰ ਮੋਦੀ ਦੀ ਚੋਣ ਜਿੱਤਣ ਲਈ ਸਿਟੀਜਨ ਫਾਰ ਅਕਾਊਂਟੇਬਲ ਗਵਰਨੈਂਸ (ਸੀ.ਏ.ਜੀ.) ਜਿਹੀ ਭਾਜਪਾ ਸੰਸਥਾ ਨੇ ਕੰਮ ਕੀਤਾ। ਚੋਣ ਰੈਲੀਆਂ ਦੀ ਮਨਜ਼ੂਰੀ ਤੋਂ ਲੈ ਕੇ, ਉਮੀਦਵਾਰਾਂ ਦੀ ਚੋਣ ਤੱਕ ਦਾ ਕੰਮ ਇਹੋ ਸੰਸਥਾ ਕਰਦੀ ਰਹੀ। ਇਹ ਰਿਪੋਰਟ ਸੈਂਟਰ ਫਾਰ ਇੰਟਰਨੈਸ਼ਨਲ ਗਵਰਨੈਂਸ ਇੰਨੋਵੇਸ਼ਨ ਨੇ ਛਾਪੀ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਉੱਤਰ ਪ੍ਰਦੇਸ਼ ਵਿੱਚ ਭਾਜਪਾ ਦੀ ਆਈ.ਟੀ. ਟੀਮ ਦੇ 6 ਜ਼ੋਨ ਹਨ, 11 ਮੈਂਬਰਾਂ ਦੀ ਸੋਸ਼ਲ ਮੀਡੀਆ ਟੀਮ ਹੈ, ਜ਼ਿਲ੍ਹੇ ਵਿੱਚ 11, ਮੰਡਲ ਵਿੱਚ 5, ਵਾਰਡ ਵਿੱਚ ਦੋ ਅਤੇ ਹਰ ਬੂਥ ਉੱਤੇ ਪੰਜ ਸਰਗਰਮ ਮੈਂਬਰ ਹਨ। ਇਹ ਢਾਂਚਾ ਚੋਣਾਂ ਦੇ ਮਹੀਨਿਆਂ ਵਿੱਚ ਹੀ ਨਹੀਂ ਸਾਲ ਭਰ ਚੱਲਦਾ ਰਹਿੰਦਾ ਹੈ।

ਇਹ ਗੱਲ ਸਮਝਣੀ ਔਖੀ ਨਹੀਂ ਹੈ ਕਿ ਇਸ ਪੂਰੀ ਮਸ਼ੀਨਰੀ ਪਿੱਛੇ ਤਾਕਤ ਆਰ.ਐਸ.ਐਸ. ਦੀ ਹੈ। ਬਰਟਾਨਿਕਾ ਖੰਗਾਲੋ । ਆਰ. ਐਸ. ਐਸ. ਦੀਆਂ ਸ਼ਾਖਾਵਾਂ ਦੀ ਗਿਣਤੀ ਸਾਲ 2025 ਤੱਕ ਵੱਧ ਕੇ 80 ਹਜ਼ਾਰ ਹੋ ਗਈ। ਇੱਕ ਹੋਰ ਰਿਪੋਰਟ ਅਨੁਸਾਰ ਸਾਲ 2014 ਵਿੱਚ ਆਰ. ਐਸ. ਐਸ. ਦੀਆਂ ਸ਼ਾਖਾਵਾਂ (ਪ੍ਰਤੀ ਦਿਨ, ਹਫਤਾਵਾਰ ਅਤੇ ਮਹੀਨਾਵਾਰ) 44,982 ਸਨ ਜੋ ਮਾਰਚ 2025 ਤੱਕ ਵੱਧ ਕੇ 83,129 ਸ਼ਾਖਾਵਾਂ ਹੋ ਗਈਆਂ, ਜਿਨਾਂ ਦੀਆਂ ਮੀਟਿੰਗਾਂ 32,147 ਅਤੇ ਮੰਡਲੀਆਂ 12,091 ਬਣ ਗਈਆਂ। ਸਮਝ ਲਵੋ 10 ਸਾਲਾਂ ਵਿੱਚ ਲਗਭਗ ਦੁਗਣੀਆਂ। ਇਸ ਸਬੰਧੀ ਫੌਰਨ ਅਫੇਅਰਜ਼ ਦੀ ਇੱਕ ਰਿਪੋਰਟ ਅੱਖਾਂ ਖੋਲਣ ਵਾਲੀ ਹੈ ਕਿ ਸਾਲ 2024 ਵਿੱਚ ਲੋਕ ਸਭਾ ਚੋਣਾਂ ਤੋਂ ਬਾਅਦ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਪ੍ਰਚਾਰ ਮੁਹਿੰਮ ਵਿੱਚ ਸਭ ਤੋਂ ਅੱਗੇ ਆਰ.ਐਸ.ਐਸ. ਦਾ ਵਿਸ਼ਾਲ ਕਾਡਰ ਸੀ, ਜੋ ਵੋਟਰਾਂ ਦੇ ਘਰ-ਘਰ ਪਹੁੰਚਿਆ।

ਸਮਝਣਾ ਪਵੇਗਾ ਕਿ ਚੋਣ-ਦਰ-ਚੋਣ, ਹਰ ਵੇਲੇ ਚੋਣ ਸਰਕਾਰੀ ਕੰਮ 'ਚ ਰੁਕਾਵਟ ਬਣਦੀ ਹੈ। ਸਾਲ 2014 ਤੋਂ 2026 ਤੱਕ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ 36 ਤੋਂ ਜ਼ਿਆਦਾ ਚੋਣਾਂ ਹੋ ਚੁੱਕੀਆਂ ਹਨ। ਲਗਭਗ ਹਰ ਤਿਮਾਹੀ ਇੱਕ ਚੋਣ। ਹਰ ਵਾਰ ਆਦਰਸ਼ ਚੋਣ ਜ਼ਾਬਤਾ ਲੱਗਦਾ ਹੈ ਅਤੇ ਵਿਕਾਸ ਕਾਰਜ ਠੱਪ ਹੋ ਜਾਂਦੇ ਹਨ। ਸਰਕਾਰੀ ਘੋਸ਼ਣਾਵਾਂ ਵੀ ਬੰਦ ਹੋ ਜਾਂਦੀਆਂ ਹਨ। ਅਸਲ ਵਿੱਚ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਜਿਹੜੀ ਲਕੀਰ, ਸ਼ਾਸਨ ਅਤੇ ਚੋਣ ਪ੍ਰਚਾਰ ਦਰਮਿਆਨ ਸੀ, ਕਿ ਉਹ ਮਿੱਟ ਤਾਂ ਨਹੀਂ ਗਈ? ਦੇਸ਼ ਦਾ ਪ੍ਰਧਾਨ ਮੰਤਰੀ ਹਰ ਵੇਲੇ ਚੋਣ ਮੋਡ ਵਿੱਚ ਰਹਿੰਦਾ। ਉਸਦੀ ਕੈਬਨਿਟ ਸ਼ਾਸਨ, ਪ੍ਰਸ਼ਾਸਨ ਨਾਲੋਂ ਵੱਧ ਚੋਣ ਮੁਹਿੰਮ 'ਚ ਜੁਟੀ ਰਹਿੰਦੀ ਹੈ। ਪੱਛਮੀ ਬੰਗਾਲ ਦੀ ਸਾਲ 2026 ਚੋਣ ਦੇ ਲਈ ਉੜੀਸਾ ਦੇ ਮੁੱਖ ਮੰਤਰੀ ਮੋਹਨ ਮਾਝੀ, ਕੈਬਨਟ ਮੰਤਰੀ ਅਤੇ ਵਿਧਾਇਕਾਂ ਦੀਆਂ ਟੋਲੀਆਂ ਬੂਥ ਪ੍ਰਬੰਧਨ ਲਈ ਕਲਕੱਤਾ ਪਹੁੰਚੀਆਂ। ਸਿੱਧਾ ਸਪਸ਼ਟ ਸੰਕੇਤ ਇਹ ਹੈ ਕਿ ਇੱਕ ਸੂਬੇ ਦੀ ਚੁਣੀ ਹੋਈ ਸਰਕਾਰ, ਦੂਜੇ ਸੂਬੇ ਵਿੱਚ ਚੋਣ ਲੜ ਰਹੀ ਹੈ। ਕਿਉਂਕਿ ਭਾਜਪਾ ਜਾਣਦੀ ਹੈ ਕਿ ਕੇਂਦਰ ਵਿੱਚ ਸੱਤਾ ਦੀ ਸਥਾਪਤੀ ਸੂਬਿਆਂ 'ਚ ਜਿੱਤ ਰਾਹੀਂ ਪ੍ਰਾਪਤ ਹੋ ਸਕਦੀ ਹੈ। ਸੂਬਿਆਂ ਵਿਚਲੀ ਜਿੱਤ ਰਾਜ ਸਭਾ ਵਿੱਚ ਤਾਕਤ ਵਧਾਉਂਦੀ ਹੈ, ਜੋ ਸੰਵਿਧਾਨਿਕ ਸੋਧਾਂ ਲਈ ਅਤਿਅੰਤ ਜ਼ਰੂਰੀ ਹੈ। ਇਸ ਲਈ ਭਾਜਪਾ ਲਈ ਹਰ ਵਿਧਾਨ ਸਭਾ ਚੋਣ ਰਾਸ਼ਟਰੀ ਉਦੇਸ਼ ਬਣ ਜਾਂਦਾ ਹੈ, ਜਿਸ ਲਈ ਭਾਜਪਾ ਚੋਣਾਂ 'ਚ ਅੱਡੀ ਚੋਟੀ ਦਾ ਜ਼ੋਰ ਲਾਉਂਦੀ ਹੈ।

ਉੱਤਰ ਪ੍ਰਦੇਸ਼ ਵਿਧਾਨ ਸਭਾ ਦੀ ਚੋਣ 2027 ਵਿੱਚ ਹੈ। ਭਾਜਪਾ ਨੇ ਮੋਰਚਾ ਹੁਣੇ ਹੀ ਖੋਲ ਦਿੱਤਾ ਹੈ। ਪ੍ਰਧਾਨ ਮੰਤਰੀ ਵਾਰਾਨਸੀ ਦੌਰੇ 'ਤੇ ਗਏ ਹਨ। ਪੰਜਾਬ 'ਚ ਚੋਣ ਸਰਗਰਮੀਆਂ ਆਰੰਭ ਹੋ ਗਈਆਂ ਹਨ। ਭਾਜਪਾ ਦੇ ਉੱਚ ਅਧਿਕਾਰੀ ਕਾਨਫਰੰਸਾਂ ਕਰਨ ਲੱਗ ਪਏ ਹਨ। ਵਰਕਰਾਂ ਦੀਆਂ ਮੀਟਿੰਗਾਂ ਹੋ ਰਹੀਆਂ ਹਨ। ਪੰਜਾਬ ਚੋਣਾਂ ਤੋਂ ਪਹਿਲਾਂ ਸੱਤ ਰਾਜ ਸਭਾ ਮੈਂਬਰ ਈਡੀ ਅਤੇ ਹੋਰ ਏਜੰਸੀਆਂ ਦਾ ਡਰ ਪਾ ਕੇ ਆਪਣੇ ਨਾਲ ਭਾਜਪਾ ਨੇ ਜੋੜ ਲਏ ਹਨ। ਹੋਰ ਪਾਰਟੀਆਂ ਵਿੱਚੋਂ ਵੱਡੇ ਨੇਤਾ ਆਪਣੀ ਪਾਰਟੀ ਵਿੱਚ ਸ਼ਾਮਲ ਕੀਤੇ ਜਾਣ ਲਈ ਯਤਨ ਆਰੰਭੇ ਜਾ ਚੁੱਕੇ ਹਨ। ਇਥੋਂ ਤੱਕ ਕਿ ਸੋਸ਼ਲ ਮੀਡੀਆ, ਟੀ. ਵੀ. ਚੈਨਲਾਂ ਉੱਤੇ ਭਾਜਪਾ ਸਰਗਰਮੀ ਵਧਾ ਦਿੱਤੀ ਗਈ ਹੈ। ਵਿਕਾਸ ਯੋਜਨਾਵਾਂ ਦੇ ਨੀਹ ਪੱਥਰ ਰੱਖੇ ਜਾਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਨੂੰ ਬਦਨਾਮ ਕਰਨ ਲਈ ਸਰਗਰਮੀਆਂ ਸਿਖ਼ਰਾਂ 'ਤੇ ਹਨ ।

ਇਥੋਂ ਤੱਕ ਕਿ ਪਹਿਲੀ ਮਈ ਦੇ ਵਿਧਾਨ ਸਭਾ ਸੈਸ਼ਨ ਦੌਰਾਨ ਬਰਾਬਰ ਭਾਜਪਾ ਨੇ ਵਿਧਾਨ ਸਭਾ ਦੇ ਬਾਹਰ ਸੈਸ਼ਨ ਚਲਾਇਆ। ਸੂਬੇ 'ਚ ਬੇਰੁਜ਼ਗਾਰੀ, ਨਸ਼ਿਆਂ ਦੇ ਪ੍ਰਕੋਪ, ਕਾਨੂੰਨ ਵਿਵਸਥਾ ਸਬੰਧੀ ਵੱਡੇ ਸਵਾਲ ਚੁੱਕੇ।

ਲੋਕਤੰਤਰ ਵਿੱਚ ਚੋਣਾਂ ਹੁਣ ਮਿਸ਼ਨ ਨਹੀਂ ਰਿਹਾ। ਪਾਰਟੀਆਂ ਚੋਣਾਂ ਤੋਂ ਪਹਿਲਾਂ ਚੋਣ ਮੈਨੀਫੈਸਟੋ ਜਾਰੀ ਕਰਦੀਆਂ ਹਨ। ਲੋਕਾਂ ਦੇ ਵਿਹੜੇ ਜਾਂਦੀਆਂ ਸਨ, ਲੋਕਾਂ ਦੀ ਗੱਲ ਸੁਣਦੀਆਂ ਸਨ, ਪਰ ਹੁਣ ਭਾਜਪਾ ਨੇ ਚੋਣਾਂ ਨੂੰ ਇੱਕ ਮਸ਼ੀਨ ਬਣਾ ਦਿੱਤਾ ਹੈ ਅਤੇ ਵਿਰੋਧੀਆਂ ਨੂੰ ਚਿੱਤ ਕਰ ਸੁੱਟਿਆ ਹੈ, ਕਿਉਂਕਿ ਵਿਰੋਧੀਆਂ ਕੋਲ ਸਾਧਨ ਨਹੀਂ, ਸਮਾਨ ਨਹੀਂ ਅਤੇ ਉੱਪਰੋਂ ਇਹ ਕੇ ਵਿਰੋਧੀ ਧਿਰ ਵਿਖਰੀ ਪਈ ਹੈ।

ਭਾਜਪਾ ਆਪਣੀ ਚੋਣ ਮਸ਼ੀਨਰੀ ਰਾਹੀਂ ਡਾਟਾ ਇਕੱਠਾ ਕਰਦੀ ਹੈ, ਸੰਗਠਨ ਰਾਹੀਂ ਕੰਮ ਕਰਦੀ ਹੈ, ਚੋਣ ਜਿੱਤਣ ਲਈ ਰਣਨੀਤੀ ਬਣਾਉਂਦੀ ਹੈ। ਸੋਸ਼ਲ ਮੀਡੀਆ ਦੀ ਵਰਤੋਂ ਕਰਦੀ ਹੈ। ਚੋਣ ਮੈਨੇਜਮੈਂਟ ਕਰਦੀ ਹੈ। ਫੰਡ ਇਕੱਠੇ ਕਰਦੀ ਹੈ ਅਤੇ ਪੂਰੇ ਜੋਸ਼ ਨਾਲ ਜਿੱਤ ਵੱਲ ਵਧਦੀ ਹੈ ਅਤੇ ਇਸ ਕੰਮ ਲਈ ਸਾਮ, ਦਾਮ, ਦੰਡ ਦੀ ਵਰਤੋਂ ਕਰਨ ਤੋਂ ਗੁਰੇਜ਼ ਨਹੀਂ ਕਰਦੀ। ਉਂਝ ਵੀ ਭਾਜਪਾ ਦਾ ਕੰਮ ਕਰਨ ਦਾ ਤਰੀਕਾ ਚਾਣਕਿਆ ਵਾਲਾ ਹੈ। ਉਸਨੇ ਇਹਨਾਂ ਪੱਛਮੀ ਬੰਗਾਲ ਅਤੇ ਚਾਰ ਹੋਰ ਰਾਜਾਂ ਦੀਆਂ ਚੋਣਾਂ ਜਿੱਤਣ ਲਈ ਲੋਕ ਸਭਾ ਦਾ ਸਪੈਸ਼ਲ ਇਜਲਾਸ ਬੁਲਾਇਆ। ਪਰਸੀਮਨ (ਹਲਕਾ ਬੰਦੀ) ਮੱਤਾ ਪਾਸ ਕਰਵਾਉਣ ਲਈ ਨਾਰੀ ਸੰਸ਼ੋਧਨ ਬਿੱਲ ਪਾਰਲੀਮੈਂਟ 'ਚ ਲਿਆਉਣ ਦੀ ਚਾਲ ਚੱਲੀ। ਪਾਸ ਨਾ ਹੋਣ ਦੀ ਸੂਰਤ 'ਚ ਵਿਰੋਧੀ ਧਿਰ ਉੱਤੇ ਨਾਰੀ ਵਿਰੋਧੀ ਹੋਣ ਦਾ ਚੋਣ ਪ੍ਰਚਾਰ ਕੀਤਾ। ਹਾਲਾਂਕਿ ਪੱਛਮੀ ਬੰਗਾਲ ਵਿੱਚ ਨਾਰੀ ਮੁੱਖ ਮੰਤਰੀ ਹੈ ਅਤੇ ਭਾਜਪਾ ਦੀਆਂ 19 ਸੂਬਾ ਸਰਕਾਰਾਂ ਦੀ ਕੋਈ ਵੀ ਮੁੱਖ ਮੰਤਰੀ ਨਾਰੀ ਨਹੀਂ, ਹਾਂ ਅੱਧੀ-ਅਧੂਰੀ ਸਟੇਟ ਦਿੱਲੀ ਦੀ ਮੁੱਖ ਮੰਤਰੀ ਜ਼ਰੂਰ ਨਾਰੀ ਬਣਾਈ ਹੋਈ ਹੈ।

ਇਹਨਾਂ ਚੋਣਾਂ ਦੌਰਾਨ "ਇੱਕ ਦੇਸ਼ ਇਕ ਚੋਣ" ਖੇਡਣ ਦਾ ਭਾਜਪਾ ਯਤਨ ਕਰ ਰਹੀ ਹੈ। ਹਾਲਾਂਕਿ ਮਨ ਤੋਂ ਭਾਜਪਾ ਕਦੇ ਵੀ ਇਸ ਬਿੱਲ ਨੂੰ ਪਾਸ ਨਹੀਂ ਹੋਣ ਦੇਵੇਗੀ, ਜਿਸ ਨੂੰ ਪਾਸ ਕਰਵਾਉਣ ਲਈ ਦੋ ਤਿਹਾਈ ਬਹੁਮਤ ਚਾਹੀਦਾ ਹੈ, ਕਿਉਂਕਿ ਭਾਜਪਾ ਨੂੰ ਨਿੱਤ ਚੋਣ ਸੰਗਰਾਮ ਲੋੜੀਂਦਾ ਹੈ, ਜਿਸ ਨਾਲ ਉਹ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੇ ਨੀਤੀਗਤ ਫ਼ੈਸਲੇ, ਜਿਸ ਵਿੱਚ ਭਾਰਤੀ ਸੰਵਿਧਾਨ ਨੂੰ ਮੁੜ ਲਿਖੇ ਜਾਣ ਅਤੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਨੂੰ ਲਾਗੂ ਕਰਨਾ ਸ਼ਾਮਿਲ ਹੈ, ਵੱਲ ਲੋਕਾਂ ਦਾ ਧਿਆਨ ਖਿੱਚਦੀ ਰਹੇ। ਜੇਕਰ ਸੱਚਮੁੱਚ ਇਹ ਸੋਧ, ਜਿਸ ਵਿੱਚ ਲੋਕ ਸਭਾ, ਵਿਧਾਨ ਸਭਾ ਦੀਆਂ ਚੋਣਾਂ ਇੱਕੋ ਵੇਲੇ ਕਰਨਾ ਅਤੇ ਉਸਦੇ 100 ਦਿਨਾਂ ਦੇ ਅੰਦਰ ਪੰਚਾਇਤਾਂ ਅਤੇ ਨਗਰ ਪਾਲਿਕਾ ਦੀਆਂ ਚੋਣਾਂ ਕਰਵਾਉਣਾ ਸ਼ਾਮਿਲ ਹੈ, ਤਾਂ ਉਹ ਮਾਮਲੇ ਨੂੰ ਲਟਕਾਉਂਦੀ ਨਾ। ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਮਾਰਚ 2024 ਵਿੱਚ ਇਸ ਸਬੰਧੀ ਇੱਕ ਰਿਪੋਰਟ ਪੇਸ਼ ਕੀਤੀ ਅਤੇ ਸੰਵਿਧਾਨ ਦੀ ਧਾਰਾ 82 -ਏ ਅਤੇ 324- ਏ ਵਿੱਚ ਤਰਮੀਮ ਦਾ ਸੁਝਾਅ ਦਿੱਤਾ। ਪਰ ਇਹ ਸੁਝਾਅ ਹਾਲੇ ਤੱਕ ਪਰਵਾਨ ਨਹੀਂ ਹੋਇਆ ਕਿਉਂਕਿ ਇਹ ਭਾਜਪਾ ਨੂੰ ਰਾਸ ਨਹੀਂ ਆਉਂਦਾ। ਜਦਕਿ ਵਿਰੋਧੀ ਧਿਰ ਕਾਂਗਰਸ ਇਸ ਨੂੰ ਕੇਂਦਰੀਕਰਨ ਦੀ ਰਣਨੀਤੀ ਦੱਸਦੀ ਹੈ।

ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਲਗਾਤਾਰ ਚੋਣ ਪ੍ਰਚਾਰ ਅਤੇ ਉਹ ਵੀ ਹਰ ਦਿਨ-ਹਰ ਰਾਤ, ਹਰ ਮਹੀਨੇ ਲਗਾਤਾਰ ਲੋਕ ਹਿੱਤ ਜਾਂ ਦੇਸ਼ ਹਿੱਤ ਵਿੱਚ ਹੈ?

ਕੀ ਇਹ ਲਗਾਤਾਰ ਸਦਾ ਬਹਾਰ ਚੋਣ ਮੌਸਮ ਲੋਕਤੰਤਰ ਦੀਆਂ ਜੜ੍ਹਾਂ 'ਚ ਤੇਲ ਨਹੀਂ ਦਿੰਦਾ ਹੈ? ਮੰਤਰੀ ਦੌਰੇ 'ਤੇ ਰਹਿੰਦੇ ਹਨ, ਨੀਤੀਆਂ ਬਣਦੀਆਂ ਨਹੀਂ ਜਾਂ ਬਣੀਆ ਨੀਤੀਆਂ ਲਾਗੂ ਨਹੀਂ ਹੁੰਦੀਆਂ। ਇਸ ਦੀ ਕੀਮਤ ਆਮ ਲੋਕਾਂ ਨੂੰ ਤਾਰਨੀ ਪੈਂਦੀ ਹੈ। ਦੂਜੀ ਕੀਮਤ ਵਿਰੋਧੀ ਧਿਰਾਂ ਦੇ ਲੋਕਾਂ ਨੂੰ ਤਾਰਨੀ ਪੈਂਦੀ, ਜਿਸ ਦੇ ਨੇਤਾਵਾਂ ਵਿਰੁੱਧ ਹਾਕਮ ਧਿਰ ਲਗਾਤਾਰ ਈ.ਡੀ ਅਤੇ ਹੋਰ ਏਜੰਸੀਆਂ ਤੋਂ ਮੁਕੱਦਮੇ ਦਰਜ ਕਰਵਾਉਂਦੀ ਹੈ। 2014 ਤੋਂ 2025 ਦੇ ਦਰਮਿਆਨ ਈ.ਡੀ. ਨੇ 121 ਨੇਤਾਵਾਂ ਵਿਰੁੱਧ ਜਾਂਚ ਕੀਤੀ, ਇਹਨਾਂ ਵਿੱਚੋਂ ਸਿਰਫ਼ 11 ਹੀ ਸੱਤਾਧਾਰੀ ਧਿਰਾਂ ਦੇ ਸਨ।

ਇੱਥੇ ਇਹ ਗੱਲ ਵੀ ਕਰਨੀ ਬਣਦੀ ਹੈ ਕਿ 2017 ਵਿੱਚ ਜੋ ਚੋਣ ਬਾਂਡ ਜਾਰੀ ਕੀਤੇ ਗਏ, ਉਸ ਵਿੱਚ ਭਾਜਪਾ ਨੂੰ ਸਭ ਤੋਂ ਵੱਧ ਫੰਡ ਮਿਲਿਆ। ਫਰਵਰੀ 2024 ਵਿੱਚ ਸੁਪਰੀਮ ਕੋਰਟ ਨੇ ਇਸ ਨੂੰ ਗ਼ੈਰ-ਸੰਵਿਧਾਨਿਕ ਕਿਹਾ। ਪਰ ਇਹ ਗੱਲ ਸਪੱਸ਼ਟ ਹੋਈ ਕਿ ਕੰਪਨੀਆਂ ਨੇ ਜੋ ਚੰਦੇ ਭਾਜਪਾ ਨੂੰ ਦਿੱਤੇ, ਉਸ ਦਾ ਨੀਤੀਗਤ ਫ਼ਾਇਦਾ ਵੀ ਇਹਨਾਂ ਕੰਪਨੀਆਂ ਨੇ ਹੀ ਚੁੱਕਿਆ। ਭਾਰਤ ਦੀ ਭਾਜਪਾ ਹੀ ਨਹੀਂ, ਸੂਬੇ ਵਿਚਲੀਆਂ ਵਿਰੋਧੀ ਧਿਰਾਂ (ਜਿੱਥੇ ਉਹ ਹਾਕਮ ਹਨ) ਵੀ ਇਸੇ ਰਾਹ ਉੱਤੇ ਹਨ, ਭਾਵ ਜਿੱਥੇ ਉਹਨਾਂ ਦੀਆਂ ਸਰਕਾਰਾਂ ਕਾਬਜ਼ ਹਨ। ਪੰਜਾਬ ਇਸ ਦੀ ਉਦਾਹਰਨ ਹੈ।

ਜੇਕਰ ਤੁਲਨਾਤਮਕ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਤਾਂ ਬਰਤਾਨੀਆ 'ਚ ਸਿਰਫ਼ 25 ਦਿਨ, ਜਪਾਨ 'ਚ 12 ਦਿਨ, ਕੈਨੇਡਾ 'ਚ ਵੱਧ ਤੋਂ ਵੱਧ 78 ਦਿਨ ਅਤੇ ਮੈਕਸੀਕੋ ਵਿੱਚ 147 ਦਿਨਾਂ ਦੀ ਚੋਣ ਪ੍ਰਚਾਰ ਕਾਨੂੰਨੀ ਸੀਮਾ ਹੈ। ਬਾਕੀ ਸਮਾਂ ਸ਼ਾਸ਼ਨ ਕਰਨ ਲਈ ਹੈ। ਪਰ ਭਾਰਤ 'ਚ ਤਾਂ ਕੋਈ ਸੀਮਾ ਹੀ ਨਹੀਂ ਹੈ, ਇਸ ਲਈ ਮੌਸਮੀ, ਬੇ-ਮੌਸਮੀ ਚੋਣ ਪ੍ਰਚਾਰ ਨਿਰੰਤਰ ਜਾਰੀ ਰਹਿੰਦਾ ਹੈ। ਭਾਰਤ ਵਿੱਚ ਸਿਆਸੀ ਆਦਰਸ਼ ਦਾ ਪਤਨ ਇੱਕ ਸਥਾਪਿਤ ਪ੍ਰਵਿਰਤੀ ਬਣ ਚੁੱਕਾ ਹੈ, ਜਿਸ ਵਿੱਚ ਚੋਣਾਂ ਤੇ ਕੇਂਦਰੀ ਸਿਆਸਤ ਅਤੇ ਸਾਸ਼ਨ ਦੇ ਵਿਚਲਾ ਸੰਤੁਲਨ ਇੱਕ ਵੱਡਾ ਕਾਰਨ ਹੈ।ਭਾਵੇਂ ਕਿ ਭਾਰਤ ਹੀ ਇਹੋ ਜਿਹਾ ਇੱਕ ਦੇਸ਼ ਨਹੀਂ ਹੈ, ਜਿੱਥੇ 12 ਮਹੀਨੇ ਚੋਣ ਮੌਸਮ ਰਹਿੰਦਾ ਹੈ, 2024 ਵਿੱਚ ਅਮਰੀਕਾ ਦੇ ਰਾਸ਼ਟਰਪਤੀ ਡੋਨਰਡ ਟਰੰਪ ਚੋਣਾਂ ਤੋਂ 721 ਦਿਨ ਪਹਿਲਾਂ ਅਤੇ ਜੋਅ ਬਾਇਡਨ ਨੇ 560 ਦਿਨ ਪਹਿਲਾਂ ਚੋਣ ਪ੍ਰਚਾਰ ਆਰੰਭਿਆ। ਅਮਰੀਕਾ ਵਿੱਚ ਇਸ ਪਰਿਵਰਤੀ ਨੇ ਰਿਪਬਲੀਕਨ ਪ੍ਰਣਾਲੀ ਅਰਥਾਤ ਪ੍ਰਤੀਨਿਧਤਵ ਅਧਾਰਤ ਸਾਸ਼ਨ ਨੂੰ ਤੋੜ ਦਿੱਤਾ ਹੈ। ਇਹੀ ਖ਼ਤਰਾ ਹੁਣ ਭਾਰਤ ਵਿੱਚ ਹੈ। ਜਦੋਂ ਨੀਤੀਗਤ ਫ਼ੈਸਲਾ ਵੋਟ ਦੀ ਕਸੌਟੀ ਨਾਲ ਹੀ ਤੋਲਿਆ ਜਾਏਗਾ, ਜਦ ਹਰ ਮੰਤਰੀ ਦਾ ਦਿਮਾਗ ਅਗਲੀਆਂ ਚੋਣਾਂ ਵੱਲ ਹੀ ਰਹੇਗਾ ਤਾਂ ਨਾਗਰਿਕ ਅਤੇ ਉਸ ਦੇ ਨਾਲ ਜੁੜੇ ਸਾਰੋਕਾਰ, ਮੁੱਦੇ ਕੀ ਪਿੱਛੇ ਨਹੀਂ ਛੁੱਟ ਜਾਣਗੇ?

ਲੋਕਤੰਤਰ ਵਿੱਚ ਚੋਣਾਂ ਇੱਕ ਸਾਧਨ ਹਨ, ਪਰ ਜਦੋਂ ਇਹ ਸਾਧਨ ਹੀ ਸਭ ਕੁਝ ਬਣ ਜਾਵੇ ਤਾਂ ਸਾਧ (ਲੋਕ ਭਲਾਈ) ਗੁਆਚ ਜਾਂਦਾ ਹੈ।ਜੇਕਰ ਚੋਣਾਂ ਦਾ ਮਕਸਦ ਸਿਰਫ਼ ਸੱਤਾ ਹਾਸਲ ਕਰਨਾ ਅਤੇ ਵਿਰੋਧੀਆਂ ਨੂੰ ਪਛਾੜਨਾ ਰਹਿ ਜਾਵੇ ਤਾਂ ਇਹ ਲੋਕਤੰਤਰ ਨਹੀਂ ਸਗੋਂ ਕੇਵਲ ਇੱਕ ਚੋਣਤੰਤਰ ਬਣ ਕੇ ਰਹਿ ਜਾਂਦਾ ਹੈ।

13 ਮਈ ਨੂੰ ਜਨਮ ਦਿਨ 'ਤੇ ਵਿਸ਼ੇਸ਼





– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com


# ਸੰਸਾਰ ਦੇ ਸਮੁੱਚੇ ਧਰਮਾਂ ਦੀ ਸਤਿਕਾਰੀ ਸ਼ਖ਼ਸੀਅਤ – ਸੰਤ ਤੇਜਾ ਸਿੰਘ ਮਸਤੂਆਣਾ

ਸੰਸਾਰ ਭਰ ਦੇ ਸਾਰੇ ਧਰਮਾਂ ਦੀ ਸਤਿਕਾਰੀ ਉੱਘੀ ਸ਼ਖ਼ਸੀਅਤ ਸਨ – ਸੰਤ ਤੇਜਾ ਸਿੰਘ ਮਸਤੂਆਣਾ। ਸੰਤ ਬਾਬਾ ਅਤਰ ਸਿੰਘ ਮਸਤੂਆਣਾ ਨੇ 20ਵੀਂ ਸਦੀ ਦੇ ਆਰੰਭਿਕ ਵਰ੍ਹਿਆਂ ਵਿੱਚ ਜਦੋਂ ਇਸ ਗੱਲ ਨੂੰ ਭਲੀ ਭਾਂਤ ਅਨੁਭਵ ਕੀਤਾ, ਉਸ ਸਮੇਂ ਅੰਗ੍ਰੇਜ਼ ਹਕੂਮਤ ਦਾ ਡੰਕਾ ਪੂਰੀ ਦੁਨੀਆਂ ਵਿੱਚ ਵੱਜਦਾ ਸੀ। ਗੁਰੂ ਨਾਨਕ ਸਾਹਿਬ ਦੇ ਮਾਨਵਤਾ ਦੇ ਭਲੇ ਦੇ ਸੁਨੇਹੇ ਨੂੰ ਸੰਸਾਰ ਦੇ ਦੂਜੇ ਦੇਸ਼ਾਂ ਵਿੱਚ ਕਿਵੇਂ ਪਹੁੰਚਾਇਆ ਜਾਵੇ ਤਾਂ ਉਨ੍ਹਾਂ ਉਚੇਚੇ ਤੌਰ 'ਤੇ ਦੁਨਿਆਵੀਂ ਵਿਦਿਆ ਦੀ ਪ੍ਰਾਪਤੀ ਲਈ ਉਸ ਸਮੇਂ ਦੇ ਵਿਕਸਤ ਦੇਸ਼ਾਂ ਵਿੱਚ ਸੰਤ ਤੇਜਾ ਸਿੰਘ ਨੂੰ ਭੇਜਣ ਦਾ ਵੱਡਾ ਉਪਰਾਲਾ ਕੀਤਾ। ਸੰਤ ਤੇਜਾ ਸਿੰਘ ਦਾ ਸਮੁੱਚਾ ਜੀਵਨ ਇਕ ਵਿਦਵਾਨ ਪ੍ਰਚਾਰਕ ਤੋਂ ਇਲਾਵਾ ਬੰਦਗੀ, ਨਿਰਮਾਣਤਾ, ਸਾਦਗੀ, ਵਿਦਿਆਦਾਨੀ ਅਤੇ ਸਿੱਖਿਆ ਸ਼ਾਸਤਰੀ ਆਦਿ ਗੁਣਾਂ ਦਾ ਬਹੁ-ਰੰਗਾਂ ਗੁਲਦਸਤਾ ਸੀ। ਸੰਸਾਰ ਦੇ ਧਰਮੀ ਲੋਕਾਂ ਵਿੱਚ ਆਪ ਰੌਸ਼ਨ ਮੀਨਾਰ ਵਜੋਂ ਜਾਣੇ ਜਾਂਦੇ ਸਨ। ਇਨ੍ਹਾਂ ਦਾ ਜਨਮ ਪੱਛਮੀ ਪੰਜਾਬ (ਪਾਕਿਸਤਾਨ) ਦੇ ਗੁਜਰਾਂਵਾਲਾ ਦੇ ਪਿੰਡ ਬਲੋਵਾਲੀ ਵਿੱਚ ਸ. ਰੁਲੀਆ ਸਿੰਘ ਦੇ ਗ੍ਰਹਿ ਵਿਖੇ ਮਾਤਾ ਸਦਾ ਕੌਰ ਦੀ ਕੁੱਖ ਤੋਂ ਹੋਇਆ। ਸੰਤ ਤੇਜਾ ਸਿੰਘ ਦਾ ਬਚਪਨ ਦਾ ਨਾਂਅ ਨਿਰੰਜਨ ਸਿੰਘ ਸੀ। 20 ਵਰ੍ਹੇ ਦੀ ਭਰ ਜਵਾਨੀ ਦੀ ਉਮਰ ਵਿੱਚ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਪਾਸੋਂ ਖੰਡੇ ਬਾਟੇ ਦੀ ਦਾਤ ਪ੍ਰਾਪਤ ਕਰਕੇ ਤੇਜਾ ਸਿੰਘ ਦਾ ਨਾਂਅ ਪ੍ਰਾਪਤ ਕੀਤਾ। ਆਪਣੇ ਪਿੰਡ ਦੇ ਨੇੜਲੇ ਪਿੰਡ ਫ਼ਾਜ਼ਲਾ ਤੋਂ ਸਕੂਲੀ ਵਿਦਿਆ ਹਾਸਲ ਕੀਤੀ। ਪਿੱਛੋਂ ਲਾਹੌਰ ਗੌਰਮਿੰਟ ਕਾਲਜ ਤੋਂ ਗ੍ਰੈਜੂਏਸ਼ਨ ਅਤੇ ਇਥੋਂ ਹੀ ਐਮ.ਏ. (ਅੰਗ੍ਰੇਜ਼ੀ) ਦੀ ਮਾਸਟਰ ਡਿਗਰੀ ਪ੍ਰਾਪਤ ਕੀਤੀ। ਇਥੋਂ ਹੀ ਲਾਅ ਦੀ ਡਿਗਰੀ ਵੀ ਪ੍ਰਾਪਤ ਕੀਤੀ।

ਹੁਣ ਜਦੋਂ ਕਾਲਜ ਦੀ ਸਿੱਖਿਆ ਪੂਰੀ ਹੋ ਚੁੱਕੀ ਸੀ ਤਾਂ ਆਪ ਪਿੰਡ ਭੇਰਾ ਦੇ ਐਂਗਲੋ ਸੰਸਕ੍ਰਿਤ ਹਾਈ ਸਕੂਲ ਦੇ ਪ੍ਰਿੰਸੀਪਲ ਨਿਯੁਕਤ ਹੋਏ। ਇਸ ਸਕੂਲ ਵਿੱਚ ਥੋੜ੍ਹਾ ਸਮਾਂ ਸੇਵਾਵਾਂ ਨਿਭਾਉਣ ਤੋਂ ਛੇਤੀ ਪਿੱਛੋਂ ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਾਈਸ-ਪ੍ਰਿੰਸੀਪਲ ਬਣ ਗਏ। ਹੁਣ 1906 ਈ: ਵਿੱਚ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਦੀ ਦੂਰ-ਦ੍ਰਿਸ਼ਟੀ ਨਾਲ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰਨ ਤੋਂ ਬਾਅਦ ਇਨ੍ਹਾਂ ਸਮੇਤ ਚਾਰ ਹੋਰ ਨੌਜਵਾਨਾਂ ਨੂੰ ਉਚੇਰੀ ਵਿਦਿਆ ਲਈ ਵਿਦੇਸ਼ ਭੇਜਿਆ। ਇਨ੍ਹਾਂ ਸਭ ਤੋਂ ਪਹਿਲਾਂ ਯੂਨੀਵਰਸਿਟੀ ਕਾਲਜ ਲੰਡਨ (ਇੰਗਲੈਂਡ) ਵਿਖੇ ਦਾਖਲਾ ਪ੍ਰਾਪਤ ਕੀਤਾ। ਇਸ ਤੋਂ ਬਾਅਦ ਬਹੁਤ ਛੇਤੀ ਪੜ੍ਹਾਈ ਵਿੱਚਕਾਰ ਛੱਡ ਕੇ ਟੀਚਰਜ਼ ਕਾਲਜ ਕੋਲੰਬੀਆ ਯੂਨੀਵਰਸਿਟੀ ਅਮਰੀਕਾ ਵਿਖੇ ਜਾ ਦਾਖਲ ਹੋਏ। ਇਥੇ ਪੜ੍ਹਦਿਆਂ ਆਪ ਨੇ ਹਾਵਰਡ ਯੂਨੀਵਰਸਿਟੀ ਵਿਖੇ ਮਾਈਗ੍ਰੇਸ਼ਨ ਕਰਵਾ ਲਈ।

1911 ਈ: ਵਿੱਚ ਪੜ੍ਹਾਈ ਤੋਂ ਵਿਹਲੇ ਹੋ ਕੇ ਅਮਰੀਕਾ, ਕਨੇਡਾ ਵਰਗੇ ਦੇਸ਼ਾਂ ਵਿੱਚ ਸਿੱਖ ਧਰਮ ਬਾਰੇ ਦੁਨੀਆਂ ਦੇ ਦੂਜੇ ਧਰਮਾਂ ਦੇ ਮੁਖੀਆਂ ਦੇ ਸਨਮੁੱਖ ਵਿਸ਼ੇਸ਼ ਵਿਖਿਆਨ ਦਿੱਤੇ। ਦੂਜੀਆਂ ਕੌਮਾਂ ਨੂੰ ਸਿੱਖ ਧਰਮ ਦੀ ਵਿਲੱਖਣਤਾ, ਸਿਧਾਂਤਾਂ, ਸਿੱਖ ਇਤਿਹਾਸ ਅਤੇ ਗੁਰਬਾਣੀ ਸਬੰਧੀ ਵਿਦਵਤਾ ਭਰਪੂਰ ਸਿਧਾਂਤਕ ਵਿਚਾਰ ਦੇ ਕੇ ਪ੍ਰਭਾਵਿਤ ਕੀਤਾ। ਲੰਡਨ ਵਿਖੇ ਪਹਿਲਾਂ ਗੁਰੂ ਘਰ ਸ਼ੈਫਰਡ-ਬੁੱਸ਼ ਅਤੇ ਕਨੇਡਾ ਵਿਖੇ ਖ਼ਾਲਸਾ ਦੀਵਾਨ ਸੁਸਾਇਟੀ ਬਣਾ ਕੇ ਸਿੱਖ ਧਰਮ ਦੇ



ਪ੍ਰਚਾਰ ਦਾ ਅਗਾਜ਼ ਕੀਤਾ। ਹੁਣ ਅੰਗ੍ਰੇਜ਼ ਹਕੂਮਤ ਜੋ ਸਿੱਖਾਂ ਨੂੰ ਕੇਵਲ ਜੁਝਾਰੂ ਹੀ ਸਮਝਦੀ ਸੀ, ਉਨ੍ਹਾਂ ਜਾਣ ਲਿਆ ਸਿੱਖ ਦੁਨੀਆਂ ਦੇ ਇਤਿਹਾਸ ਵਿੱਚ ਇਕ ਵੱਖਰੀ ਪਹਿਚਾਣ ਬਣਾ ਕੇ ਆਪਣੀ ਵਿਲੱਖਣਤਾ ਦੇ ਝੰਡੇ ਵੀ ਗੱਡਣ ਦੇ ਸਮਰੱਥ ਹਨ। ਇਸ ਤੋਂ ਪਿੱਛੋਂ ਮਸਤੂਆਣਾ ਆ ਕੇ ਮੁੜ ਧਾਰਮਿਕ ਸੇਵਾਵਾਂ ਵਿੱਚ ਜੁੱਟ ਗਏ। ਥੋੜ੍ਹਾ ਸਮਾਂ ਭਦੌੜ ਦੇ ਲੜਕੀਆਂ ਦੇ ਕਾਲਜ ਵਿੱਚ ਵੀ ਡਿਊਟੀ ਨਿਭਾਈ। 1920 ਈ: ਵਿੱਚ ਉਨ੍ਹਾਂ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਟੀਚਰਜ਼ ਕਾਲਜ ਦੇ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾਈਆਂ। ਇਸ ਤੋਂ ਇਕ ਸਾਲ ਬਾਅਦ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਦੇ ਹੁਕਮ ਮੁਤਾਬਿਕ ਮਸਤੂਆਣਾ ਵਿਖੇ ਅਕਾਲ ਡਿਗਰੀ ਕਾਲਜ ਦੀ ਸਥਾਪਨਾ ਕੀਤੀ।

ਵਿਦਵਾਨ ਹਸਤੀ ਸੰਤ ਤੇਜਾ ਸਿੰਘ ਮਸਤੂਆਣਾ ਦਾ ਜੀਵਨ ਸੇਵਾ, ਸਿਮਰਨ, ਤਪ-ਤਿਆਗ ਅਤੇ ਸਿੱਖ ਮਿਸ਼ਨਰੀ ਦਾ ਇਕ ਉੱਤਮ ਨਮੂਨਾ ਸੀ। ਉਨ੍ਹਾਂ ਨੇ ਜੀਵਨ ਵਿੱਚ ਵਿਸ਼ਵ ਪੱਧਰ ਦੀਆਂ ਕਾਨਫਰੰਸਾਂ, ਸੈਮੀਨਾਰਾਂ ਅਤੇ ਗੋਸ਼ਟੀਆਂ ਵਿੱਚ ਜਾ ਕੇ ਸਿੱਖਾਂ ਦੀ ਵਿਦਵਤਾ ਅਤੇ ਸਵੈ-ਪਹਿਚਾਣ ਦਾ ਪ੍ਰਗਟਾਵਾ ਕੀਤਾ। ਦੂਜੇ ਧਰਮਾਂ ਦੇ ਲੋਕਾਂ ਨੇ ਸਿੱਖ ਧਰਮ ਮਾਨਵਤਾ ਦੀ ਸੇਵਾ ਦੇ ਸਿਧਾਂਤ, ਸਿੱਖਾਂ ਦੇ ਇਤਿਹਾਸ ਨੂੰ ਜਾਨਣ ਦੀ ਉਤਸੁਕਤਾ ਤੇ ਜਗਿਆਸਾ ਲਈ ਭਰਪੂਰ ਹੁੰਗਾਰਾ ਦਿੱਤਾ। ਜਿਸ ਸਦਕਾ ਅੱਜ ਸਿੱਖ ਧਰਮ ਸਰਬ-ਵਿਆਪੀ ਪਹਿਚਾਣ ਬਣਾ ਚੁੱਕਾ ਹੈ।

ਸੰਤ ਬਾਬਾ ਤੇਜਾ ਸਿੰਘ ਮਸਤੂਆਣਾ ਨੇ ਇਕ ਵਡੇਰਾ ਕਾਰਜ ਕਰਦਿਆਂ ਜੀਵਨ ਕਥਾ ਗੁਰਮੁੱਖ ਪਿਆਰੇ ਸੰਤ ਅਤਰ ਸਿੰਘ ਮਸਤੂਆਣਾ ਪੁਸਤਕ ਰੂਪ ਵਿੱਚ ਪਾਠਕਾਂ ਨੂੰ ਭੇਟ ਕੀਤੀ। ਇਹ ਪੁਸਤਕ ਇਨ੍ਹਾਂ ਦੇ ਅਕਾਲ ਚਲਾਣੇ ਦੇ ਪਿੱਛੋਂ ਭਾਵ 1970 ਤੋਂ ਬਾਅਦ ਪ੍ਰਕਾਸ਼ਿਤ ਕੀਤੀ ਗਈ। ਸੰਤ ਬਾਬਾ ਤੇਜਾ ਸਿੰਘ ਮਸਤੂਆਣਾ 5 ਜੁਲਾਈ, 1965 ਈ: ਨੂੰ ਪਿੰਡ ਚੀਮਾ ਵਿਖੇ ਗੁਰਪੁਰੀ ਪਿਆਨਾ ਕਰ ਗਏ। ਸਿੱਖ ਕੌਮ ਨੂੰ ਸੰਸਾਰ ਦੀਆਂ ਦੂਜੀਆਂ ਕੌਮਾਂ ਦੇ ਹਾਣ ਦਾ ਬਣਾਉਣ ਲਈ ਮੁੱਢਲੀ ਸਿੱਖਿਆ ਤੋਂ ਲੈ ਕੇ ਉਚੇਰੀ ਸਿੱਖਿਆ ਦਾ ਟੀਚਾ ਮਿੱਥ ਕੇ ਆਪਣਾ ਸਮੁੱਚਾ ਜੀਵਨ ਸਫਤ ਤਹਿ ਕੀਤਾ। ਸੰਤ ਬਾਬਾ ਤੇਜਾ ਸਿੰਘ ਮਸਤੂਆਣਾ ਦੇ ਕਦਮ ਚਿੰਨ੍ਹਾਂ 'ਤੇ ਚੱਲਦਿਆਂ ਸਿੱਖਿਆ ਦੇ ਖੇਤਰ ਵਿੱਚ ਮੂਹਰੀ ਦਰਜਾ ਪ੍ਰਾਪਤ ਕਰਨ ਲਈ ਸਚਖੰਡ ਵਾਸੀ ਸੰਤ ਇਕਬਾਲ ਸਿੰਘ ਬੜੂ ਸਾਹਿਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਸਚਖੰਡ ਵਾਸੀ ਗੁਰਮੁਖ ਪਿਆਰੇ ਡਾ: ਖੇਮ ਸਿੰਘ ਗਿੱਲ ਵੀ ਆਪਣਾ ਜੀਵਨ ਲੇਖੇ ਲਾ ਚੁੱਕੇ ਹਨ। ਅੱਜ ਤੋਂ ਇਸੇ ਮੰਜ਼ਿਲ ਨੂੰ ਸਰ ਕਰਨ ਲਈ ਦੇਸ਼ ਭਰ ਵਿੱਚ ਚੱਲ ਰਹੀਆਂ ਅਕਾਲ ਅਕਾਡਮੀਆਂ ਅਤੇ ਉਚੇਰੀ ਸਿੱਖਿਆ ਲਈ ਦੋ ਯੂਨੀਵਰਸਿਟੀਆਂ ਟਰੱਸਟ ਦੀ ਅਗਵਾਈ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ। ਇਸ ਮਹਾਨ ਹਸਤੀ ਨੂੰ ਸਾਡਾ ਪ੍ਰਣਾਮ।

# ਬ੍ਰਹਿਮੰਡ



ਵਿਗਿਆਨੀਆਂ ਨੇ ਹਾਲ ਹੀ ਵਿੱਚ ਇੱਕ ਹੈਰਾਨੀਜਨਕ ਖੋਜ ਕੀਤੀ ਹੈ—ਉਹਨਾਂ ਨੇ 27 ਨਵੇਂ ਸੰਭਾਵੀ ਗ੍ਰਹੇ ਲੱਭੇ ਹਨ ਜੋ ਇੱਕ ਨਹੀਂ, ਸਗੋਂ ਦੋ ਤਾਰਿਆਂ ਦੇ ਗਿਰਦ ਘੁੰਮਦੇ ਹਨ। ਇਹ ਗ੍ਰਹੇ ਧਰਤੀ ਤੋਂ ਲਗਭਗ 650 ਤੋਂ 18,000 ਲਾਈਟ-ਈਅਰ ਦੂਰ ਸਥਿਤ ਹਨ ਅਤੇ ਇਹਨਾਂ ਨੂੰ ਖੋਜਣ ਲਈ ਨਵੀਂ ਤਕਨਾਲੋਜੀ ਵਰਤੀ ਗਈ ਹੈ। ਇਹ ਗ੍ਰਹੇ "ਸਰਕੰਬਾਈਨਰੀ ਪਲੇਨਟਸ" ਕਹੇ ਜਾਂਦੇ ਹਨ—ਜਿਵੇਂ ਕਿ ਫ਼ਿਲਮ ਸ਼ਟਾਰ ਵਾਰਜ਼ ਵਿੱਚ ਦਿਖਾਇਆ ਗਿਆ ਦੋ ਸੂਰਜਾਂ ਵਾਲਾ ਗ੍ਰਹਾ। ਵਿਗਿਆਨੀਆਂ ਨੇ ਦੱਸਿਆ ਕਿ ਪਹਿਲਾਂ ਇਸ ਤਰ੍ਹਾਂ ਦੇ ਬਹੁਤ ਘੱਟ ਗ੍ਰਹੇ ਜਾਣੇ ਜਾਂਦੇ ਸਨ, ਪਰ ਹੁਣ ਇਹ ਖੋਜ ਦਰਸਾਉਂਦੀ ਹੈ ਕਿ ਦੋ ਤਾਰਿਆਂ ਵਾਲੇ ਸਿਸਟਮਾਂ ਵਿੱਚ ਵੀ ਗ੍ਰਹੇ ਬਣ ਸਕਦੇ ਹਨ ਅਤੇ ਕਾਫ਼ੀ ਆਮ ਹੋ ਸਕਦੇ ਹਨ। ਇਹ ਨਵੇਂ ਗ੍ਰਹੇ ਆਕਾਰ ਵਿੱਚ ਨੇਪਚਿਊਨ ਵਰਗੇ ਤੋਂ ਲੈ ਕੇ ਜੁਪੀਟਰ ਤੋਂ ਵੀ ਕਈ ਗੁਣਾ ਵੱਡੇ ਹੋ ਸਕਦੇ ਹਨ, ਪਰ ਹਾਲੇ ਹੋਰ ਅਧਿਐਨ ਦੀ ਲੋੜ ਹੈ ਤਾਂ ਜੋ ਪੱਕਾ ਕੀਤਾ ਜਾ ਸਕੇ ਕਿ ਇਹ ਸੱਚਮੁੱਚ ਗ੍ਰਹੇ ਹਨ ਜਾਂ ਕੁਝ ਹੋਰ।

**ਸੰਖੇਪ ਵਿੱਚ:**

ਇਹ ਖੋਜ ਸਾਨੂੰ ਦੱਸਦੀ ਹੈ ਕਿ ਬ੍ਰਹਿਮੰਡ ਵਿੱਚ ਗ੍ਰਹਿਆਂ ਦੇ ਬਣਨ ਦੇ ਤਰੀਕੇ ਬਹੁਤ ਵੱਖਰੇ ਹੋ ਸਕਦੇ ਹਨ—ਅਤੇ "ਦੋ ਸੂਰਜਾਂ ਵਾਲੇ ਗ੍ਰਹੇ" ਸ਼ਾਇਦ ਸਾਡੇ ਸੋਚਣ ਨਾਲੋਂ ਵੱਧ ਆਮ ਹਨ। ਇੱਕ ਵਾਰ ਦੀ ਗੱਲ ਹੈ, ਬ੍ਰਹਿਮੰਡ ਦੇ ਦੂਰਲੇ ਕੋਨੇ ਵਿੱਚ ਇਕ ਅਜਿਹਾ ਗ੍ਰਹਾ ਸੀ ਜਿੱਥੇ ਦੋ ਸੂਰਜ ਚੜ੍ਹਦੇ ਸਨ। ਉਸ ਗ੍ਰਹੇ ਦਾ ਨਾਮ ਸੀ ਦੁਆਲੋਕ। ਦੁਆਲੋਕ 'ਤੇ ਰਹਿਣ ਵਾਲੇ ਜੀਵਾਂ ਲਈ ਜ਼ਿੰਦਗੀ ਬਹੁਤ ਵੱਖਰੀ ਸੀ। ਸਵੇਰੇ ਇੱਕ ਸੂਰਜ ਚੜ੍ਹਦਾ, ਫਿਰ ਕੁਝ ਸਮੇਂ ਬਾਅਦ ਦੂਜਾ। ਕਈ ਵਾਰ ਦੋਵੇਂ ਇਕੱਠੇ ਆਕਾਸ਼ ਵਿੱਚ ਚਮਕਦੇ, ਤੇ ਸਾਰੀ ਦੁਨੀਆ ਸੋਨੇ ਵਰਗੀ ਰੌਸ਼ਨੀ ਨਾਲ ਭਰ ਜਾਂਦੀ।

ਇਸ ਗ੍ਰਹੇ 'ਤੇ ਰਹਿੰਦਾ ਇੱਕ ਛੋਟਾ ਜਿਹਾ ਬੱਚਾ ਸੀ—ਅਰੁ। ਉਹ ਹਮੇਸ਼ਾ ਆਕਾਸ਼ ਵੱਲ ਤੱਕਦਾ ਰਹਿੰਦਾ ਅਤੇ ਸੋਚਦਾ, "ਕੀ ਸਾਡੇ ਵਰਗੇ ਹੋਰ ਗ੍ਰਹੇ ਵੀ ਹੋਣਗੇ?"

ਇੱਕ ਦਿਨ, ਅਰੁ ਨੇ ਆਪਣੇ ਦਾਦਾ ਤੋਂ ਪੁੱਛਿਆ,

"ਦਾਦਾ ਜੀ, ਕੀ ਸਾਡੇ ਵਰਗੇ ਹੋਰ ਲੋਕ ਵੀ ਦੋ ਸੂਰਜਾਂ ਹੇਠਾਂ ਰਹਿੰਦੇ ਹਨ?"

ਦਾਦਾ ਜੀ ਮੁਸਕਰਾਏ ਤੇ ਕਹਿਣ ਲੱਗੇ,

"ਪਹਿਲਾਂ ਸਾਨੂੰ ਲੱਗਦਾ ਸੀ ਕਿ ਅਸੀਂ ਇਕੱਲੇ ਹਾਂ... ਪਰ ਹੁਣ ਬ੍ਰਹਿਮੰਡ ਦੇ ਦੂਰਲੇ ਕੋਨਿਆਂ ਵਿੱਚ ਰਹਿੰਦੇ ਵਿਗਿਆਨੀ ਸਾਨੂੰ ਲੱਭ ਰਹੇ ਹਨ।"

ਅਰੁ ਹੈਰਾਨ ਹੋ ਗਿਆ, "ਸੱਚ?"

"ਹਾਂ," ਦਾਦਾ ਜੀ ਨੇ ਕਿਹਾ, "ਉਹਨਾਂ ਨੇ ਕਈ ਹੋਰ ਗ੍ਰਹੇ ਵੀ ਵੇਖੇ ਹਨ ਜੋ ਦੋ ਤਾਰਿਆਂ ਦੇ ਗਿਰਦ ਘੁੰਮਦੇ ਹਨ। ਸ਼ਾਇਦ ਉਥੇ ਵੀ ਤੇਰੇ ਵਰਗੇ ਬੱਚੇ ਹੋਣਗੇ, ਜੋ ਆਕਾਸ਼ ਵੱਲ ਦੇਖ ਕੇ ਇਹੀ ਸੋਚ ਰਹੇ ਹੋਣਗੇ।"

ਉਸ ਰਾਤ, ਅਰੁ ਨੇ ਦੋਵੇਂ ਸੂਰਜਾਂ ਦੇ ਡੁੱਬਣ ਤੋਂ ਬਾਅਦ ਚਮਕਦੇ ਤਾਰਿਆਂ ਵੱਲ ਵੇਖਿਆ ਤੇ ਹੌਲੇ ਨਾਲ ਕਿਹਾ,

"ਜੇ ਤੁਸੀਂ ਮੈਨੂੰ ਸੁਣ ਰਹੇ ਹੋ... ਮੈਂ ਵੀ ਇੱਥੇ ਹਾਂ।"

ਅਤੇ ਕਿਤੇ ਦੂਰ, ਕਿਸੇ ਹੋਰ ਦੋ-ਸੂਰਜਾਂ ਵਾਲੇ ਗ੍ਰਹੇ 'ਤੇ, ਸ਼ਾਇਦ ਕਿਸੇ ਹੋਰ ਨੇ ਵੀ ਇਹੀ ਕਿਹਾ ਹੋਵੇ।

ਇਸ ਤਰ੍ਹਾਂ ਬ੍ਰਹਿਮੰਡ ਵਿੱਚ ਅਣਗਿਣਤ ਦੁਨੀਆਂ ਇੱਕ ਦੂਜੇ ਨਾਲ ਬਿਨਾਂ ਮਿਲੇ ਵੀ ਜੁੜੀਆਂ ਹੋਈਆਂ ਹਨ।

# ਗੁਰੂ ਗ੍ਰੰਥ ਸਾਹਿਬ ਜੀ ’ਤੇ ਡਿਜੀਟਲ ਪਹਿਰੇ ਪੰਥਕ ਆਜ਼ਾਦੀ ਲਈ ਖ਼ਤਰਾ

## ✪ ਕੀ ਸ਼੍ਰੋਮਣੀ ਕਮੇਟੀ ਨੇ ਸਰਕਾਰੀ ‘ਸਤਿਕਾਰ ਐਕਟ 2026’ ਅੱਗੇ ਗੋਡੇ ਟੇਕੇ ? ✪ ਪ੍ਰਬੰਧਕੀ ਨਾਕਾਮੀ ਨੂੰ ਲੁਕਾਉਣ ਲਈ ਬੇਅਦਬੀ ਫੋਬੀਆ ਤਹਿਤ ਗੁਰੂ ਸਾਹਿਬ ’ਤੇ ਕਿਉਂ ਲਗਾਈਆਂ ਪਾਬੰਦੀਆਂ ?

**ਬਲਵਿੰਦਰਪਾਲ ਸਿੰਘ ਪ੍ਰੋਫੈਸਰ**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਵਨ ਸਰੂਪਾਂ ਦੀ ਸੇਵਾ ’ਤੇ 20 ਮਈ ਤੱਕ ਲਗਾਈ ਰੋਕ ਅਤੇ ਨਵੀਂ ‘ਡਿਜੀਟਲ ਨੀਤੀ’ ਪੰਥਕ ਹਲਕਿਆਂ ਵਿੱਚ ਇੱਕ ਵੱਡੀ ਬਹਿਸ ਦਾ ਵਿਸ਼ਾ ਬਣ ਗਈ ਹੈ। ਇੱਕ ਪਾਸੇ ਕਮੇਟੀ ਇਸ ਨੂੰ ‘ਮਰਿਆਦਾ ਅਤੇ ਸਤਿਕਾਰ’ ਦੀ ਬਹਾਲੀ ਵਜੋਂ ਪੇਸ਼ ਕਰ ਰਹੀ ਹੈ, ਪਰ ਦੂਜੇ ਪਾਸੇ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਬੇਅਦਬੀ ਦੇ ਡਰ ਨੇ ਸਾਨੂੰ ਆਪਣੇ ਹੀ ਗੁਰੂ ਦੇ ਪ੍ਰਚਾਰ-ਪ੍ਰਸਾਰ ਤੋਂ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ ਹੈ ? ਸ਼੍ਰੋਮਣੀ ਕਮੇਟੀ ਦੀ ਨਵੀਂ ਨੀਤੀ ਮੁਤਾਬਕ ਹੁਣ ਹਰ ਬੀੜ ਦਾ ਇੱਕ ਯੂਨੀਕ ਆਈਡੀ ਨਾਲ ਲਿੰਕ ਹੋਵੇਗਾ ਅਤੇ ਪ੍ਰਾਪਤ ਕਰਤਾ ਦਾ ਪੂਰਾ ਡਿਜੀਟਲ ਰਿਕਾਰਡ ਰੱਖਿਆ ਜਾਵੇਗਾ। ਇਹ ਕਦਮ ਲਾਪਤਾ ਹੋਏ 328 ਸਰੂਪਾਂ ਵਰਗੇ ਵਿਵਾਦਾਂ ਅਤੇ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਚੁੱਕਿਆ ਗਿਆ ਜਾਪਦਾ ਹੈ। ਪਰ, ਕੇਂਦਰੀਕਰਨ (ਸਿਰਫ਼ ਅੰਮ੍ਰਿਤਸਰ ਤੋਂ ਸਰੂਪ ਮਿਲਣਾ) ਅਤੇ ਸਖ਼ਤ ਸ਼ਰਤਾਂ ‘ਸਿੱਖੀ ਦੇ ਪ੍ਰਚਾਰ’ ਵਿੱਚ ਵੱਡੀ ਰੁਕਾਵਟ ਬਣਨਗੀਆਂ। ਜੇਕਰ ਕੋਈ ਸ਼ਰਧਾਲੂ ਦੂਰ-ਦੁਰਾਡੇ ਪਿੰਡ ਵਿਚ ਗੁਰੂ ਦੀ ਜੋਤ ਜਗਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਅੰਮ੍ਰਿਤਸਰ ਤੱਕ ਦੀ ਲੰਬੀ ਯਾਤਰਾ, ਫਾਰਮ ਭਰਨਾ, ਯੂਨੀਕ ਆਈਡੀ ਲੈਣਾ ਅਤੇ ਫਿਰ ਵੀ ਉਲਝਣਾਂ ਵਿਚ ਫਸਣਾ - ਇਹ ਸਭ ਸਿੱਖ ਜਗਿਆਸੂ ਦੇ ਗੁਰੂ ਪ੍ਰਤੀ ਉਤਸ਼ਾਹ ਨੂੰ ਠੰਢਾ ਕਰ ਦੇਵੇਗਾ।

ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026’ ਇੱਕ ਵਧੀਆ ਤੇ ਉਸਾਰੂ ਸੰਕੇਤ ਨਹੀਂ ਹੈ। ਇਸ ਐਕਟ ਦੇ ਪ੍ਰਭਾਵ ਹੇਠ ਸ਼੍ਰੋਮਣੀ ਕਮੇਟੀ ਨੇ ਆਪਣੀਆਂ ਪੰਥਕ ਨੀਤੀਆਂ ਬਦਲ ਲਈਆਂ ਹਨ। ਇਹ ਉਸ ਵੇਲੇ ਹੋ ਰਿਹਾ ਹੈ ਜਦੋਂ ਸ਼੍ਰੋਮਣੀ ਕਮੇਟੀ ਸਰਕਾਰੀ ਕਾਨੂੰਨਾਂ ਦੇ ਪ੍ਰਭਾਵ ਕਾਰਣ ਆਪਣੇ ਅੰਦਰੂਨੀ ਫ਼ੈਸਲੇ ਬਦਲ ਰਹੀ ਹੈ। ਇਸ ਨਾਲ ਉਹ ਆਪਣੀ ਖੁਦਮੁਖਤਿਆਰੀ ਗੁਆ ਬੈਠੀ ਹੈ। ਬੇਅਦਬੀ ਕਾਨੂੰਨ ਨੂੰ ਅਦਾਲਤ ਵਿਚ ਚੈਲਿੰਜ ਨਾ ਕਰਨਾ ਇਹ ਸਾਫ਼ ਦੱਸਦਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਸਰਕਾਰੀ ਦਖ਼ਲਅੰਦਾਜ਼ੀ ਨੂੰ ਚੁੱਪਚਾਪ ਸਵੀਕਾਰ ਕਰ ਲਿਆ ਹੈ। ਇਹ ਖਾਲਸਾ ਪੰਥ ਦੀ ਖੁਦਮੁਖਤਿਆਰੀ ਅਗੇ ਪ੍ਰਸ਼ਨ ਚਿੰਨ੍ਹ ਹੈ।

ਬੇਅਦਬੀ ਸਿੱਖ ਪੰਥ ਲਈ ਇੱਕ ਅਸਹਿ ਦਰਦ ਹੈ, ਪਰ ਕੀ ਇਸ ਦੇ ਡਰੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਰਫ਼ ‘ਗੁਰਦੁਆਰਿਆਂ ਤੱਕ ਸੀਮਤ ਕਰ ਦੇਣਾ ਉਚਿਤ ਹੈ ?

ਸਿੱਖੀ ਦਾ ਸਿਧਾਂਤ

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥



ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥

ਅਨੁਸਾਰ ਅਕਾਲ ਪੁਰਖ ਦੀ ਬਾਣੀ ਅੰਮ੍ਰਿਤ ਹੈ, ਜਿਸ ਤੋਂ ਪ੍ਰੇਰਣਾ ਲੈਕੇ ਸਿੱਖ ਜਗਿਆਸੂ ਆਪਣਾ ਜੀਵਨ ਸੰਵਾਰਦਾ ਹੈ। ਮਾਨਸ ਤੋਂ ਦੇਵਤਾ ਬਣਦਾ ਹੈ। ਇਸ ਅੰਮ੍ਰਿਤ ਫਲਸਫੇ ਦੇ ਸੋਮੇ ਗੁਰੂ ਗ੍ਰੰਥ ਸਾਹਿਬ ’ਤੇ ਕਿਸੇ ਵੀ ਤਰ੍ਹਾਂ ਦੀ ਮਿਆਦ ਜਾਂ ਪਾਬੰਦੀ ਲਗਾਉਣਾ, ਜਗਿਆਸੂ ਨੂੰ ਅੰਮ੍ਰਿਤ ਤੋਂ ਦੂਰ ਰੱਖਣ ਦੇ ਬਰਾਬਰ ਹੈ।

ਜੇਕਰ ਸਰੂਪਾਂ ਦੀ ਉਪਲਬਧਤਾ ’ਤੇ ਕਨੂੰਨੀ ਪਾਬੰਦੀਆਂ ਲੱਗ ਗਈਆਂ ਤਾਂ ਆਮ ਸਿੱਖ ਆਪਣੇ ਘਰ ਵਿਚ ਗੁਰੂ ਦਾ ਪ੍ਰਕਾਸ਼ ਕਰਨ ਤੋਂ ਕਤਰਾਏਗਾ। ਇਹ ਸਥਿਤੀ ਸਿੱਖ ਧਰਮ ਦੇ ਵਿਨਾਸ਼ਕਾਰੀ ਪ੍ਰਭਾਵਾਂ ਵੱਲ ਲੈ ਜਾਵੇਗੀ। ਸੰਗਤ ਦਾ ਗੁਰੂ ਨਾਲ ਸਿੱਧਾ ਸੰਪਰਕ ਟੁੱਟ ਜਾਵੇਗਾ। ਗੁਰੂ ਗ੍ਰੰਥ ਸਾਹਿਬ ਜੀ ਦਾ ਘਰ-ਘਰ ਵਿਚ ਪ੍ਰਕਾਸ਼ ਤਾਂ ਸਿੱਖੀ ਦੀ ਜੀਵਨ ਸ਼ਕਤੀ ਹੈ। ਇਸ ਨੂੰ ਰੋਕਣਾ ਸਿੱਖ ਪੰਥ ਨੂੰ ਤਬਾਹੀ ਵਲ ਲਿਜਾਣਾ ਹੈ। ਇਸ ਕਾਰਣ ਵਿਦੇਸ਼ਾਂ ਵਿਚ ਬੈਠੇ ਸਿੱਖ ਵੀ ਆਪਣੀ ਵਿਸ਼ਵੀ ਸੰਸਥਾ ਬਣਾਉਣ ਅਤੇ ਖੁਦ ਸਰੂਪ ਛਾਪਣ ਬਾਰੇ ਸੋਚਣ ਲਈ ਮਜਬੂਰ ਹੋ ਰਹੇ ਹਨ। ਇਹ ਉਹੀ ਪ੍ਰਵਾਸੀ ਸਿੱਖ ਹਨ ਜਿਨ੍ਹਾਂ ਨੇ ਸਦੀਆਂ ਤੋਂ ਪੰਥ ਨੂੰ ਆਰਥਿਕ ਅਤੇ ਰਾਜਨੀਤਕ ਤਾਕਤ ਬਖ਼ਸ਼ੀ ਹੈ। ਜੇਕਰ ਸ਼੍ਰੋਮਣੀ ਕਮੇਟੀ ਆਪਣੀ ਜ਼ਿੰਮੇਵਾਰੀ ਤਕਨੀਕੀ ਅਤੇ ਸਿਧਾਂਤਕ ਪੱਖੋਂ ਸਹੀ ਤਰੀਕੇ ਨਾਲ ਨਿਭਾਉਣ ਵਿਚ ਅਸਫਲ ਰਹੀ ਤਾਂ ਪੰਥਕ ਜਮਹੂਰੀਅਤ ਦੇ ਨਾਤੇ ਪ੍ਰਵਾਸੀ ਖਾਲਸਾ ਜੀ ਨੂੰ ਉੱਚ-ਪੱਧਰੀ ਅਤੇ ਮਰਿਆਦਾ ਅਨੁਸਾਰ ਪ੍ਰੈੱਸ ਸਥਾਪਤ ਕਰਨ ਦਾ ਪੂਰਾ ਹੱਕ ਹੈ। ਗੁਰੂ ਗ੍ਰੰਥ ਸਾਹਿਬ ਉਪਰ ਸ਼੍ਰੋਮਣੀ ਕਮੇਟੀ ਦੀ ਦਾਅਵੇਦਾਰੀ ਨਹੀਂ ਹੈ। ਗੁਰੂ ਪੰਥ ਹੀ ਇਸਦਾ ਜ਼ਿੰਮੇਵਾਰ ਹੈ। ਪ੍ਰਵਾਸੀ ਸਿੱਖ ਸੰਸਥਾਵਾਂ ਨੂੰ ਅਕਾਲ ਤਖ਼ਤ ਸਾਹਿਬ ’ਤੇ ਪਹੁੰਚ ਕਰਕੇ ਇਹ ਮੰਗ ਕਰਨੀ ਚਾਹੀਦੀ ਹੈ ਕਿ ਸਰੂਪਾਂ ਦੀ ਸੇਵਾ ਨੂੰ ‘ਕੇਂਦਰੀਕਰਨ’ (ਸਿਰਫ਼ ਅੰਮ੍ਰਿਤਸਰ) ਤੋਂ ਮੁਕਤ ਕਰਕੇ ਵਿਸ਼ਵ ਪੱਧਰ ’ਤੇ ਸੁਖਾਲਾ ਬਣਾਇਆ ਜਾਵੇ।

ਬੇਅਦਬੀ ਨੂੰ ਰੋਕਣ ਲਈ ‘ਤਕਨੀਕ’ ਦੀ ਵਰਤੋਂ ਕਰਨਾ ਗਲਤ ਨਹੀਂ ਹੈ, ਪਰ ਇਸ ਦੇ ਨਾਮ ’ਤੇ ਗੁਰੂ ਦੇ ਪ੍ਰਕਾਸ਼ ਨੂੰ ਸੀਮਤ ਕਰਨਾ ਸਿੱਖੀ ਦੀ ਰੂਹ ’ਤੇ ਹਮਲਾ ਹੈ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਦਖ਼ਲਅੰਦਾਜ਼ੀ ਵਿਰੁੱਧ ਡਟ ਕੇ ਵਿਰੋਧ ਕਰੇ ਅਤੇ ਅਜਿਹੀ ਨੀਤੀ ਬਣਾਏ ਜਿਸ ਨਾਲ ਮਰਿਆਦਾ ਵੀ ਬਣੀ ਰਹੇ ਅਤੇ ਗੁਰੂ ਦਾ ਸੰਦੇਸ਼ ਵੀ ਘਰ-ਘਰ ਪਹੁੰਚੇ।

ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਅਹਿਮ ਸੰਸਥਾ ਹੈ, ਜਿਸ ਦਾ ਕੰਮ ਪੰਥ ਨੂੰ ਸੇਧ ਦੇਣਾ ਹੈ। ਜੇਕਰ ‘ਸਤਿਕਾਰ ਐਕਟ 2026’ ਰਾਹੀਂ ਸਰਕਾਰ ਸਿੱਖਾਂ ਦੇ ਅੰਦਰੂਨੀ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇ ਰਹੀ ਹੈ ਤਾਂ ਜਥੇਦਾਰ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਤੋਂ ਸਪੱਸ਼ਟੀਕਰਨ ਮੰਗਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਇਸ ਕਾਨੂੰਨ ਨੂੰ ਚੁਣੌਤੀ ਕਿਉਂ ਨਹੀਂ ਦਿੱਤੀ। ਗੁਰ ਸਾਹਿਬ ਦੀਆਂ ਬੀੜਾਂ ਦੀ ਸੇਵਾ ’ਤੇ ਰੋਕ ਲਗਾਉਣਾ ਗੁਰੂ ਸੰਦੇਸ਼ ਨੂੰ ਰੋਕਣ ਵਰਗਾ ਹੈ। ਜਥੇਦਾਰ ਸਾਹਿਬ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮਰਿਆਦਾ ਦੇ ਨਾਮ ’ਤੇ ਬੇਅਦਬੀ ਦੇ ਭੈਅ ਤਹਿਤ ਪਾਬੰਦੀਆਂ ਨਾ ਲਗਾਈਆਂ ਜਾਣ।

ਜਦੋਂ ਪ੍ਰਬੰਧਕੀ ਢਾਂਚਾ ਫੇਲ੍ਹ ਹੋ ਰਿਹਾ ਹੈ ਤਾਂ ਅਕਾਲ ਤਖ਼ਤ ਨੂੰ ਇੱਕ ਨਿਰਪੱਖ ਪੰਥਕ ਕਮੇਟੀ ਬਣਾ ਕੇ ਇਸ ਡਿਜੀਟਲ ਨੀਤੀ ਦੀ ਪਾਰਦਰਸ਼ਤਾ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਤੇ ਅਜਿਹੀ ਨੀਤੀ ਘੜਨੀ ਚਾਹੀਦੀ ਹੈ ਕਿ ਬੇਅਦਬੀਆਂ ਦਾ ਹਊਆ ਖਤਮ ਹੋਵੇ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਲੋਕਾਂ ਲਈ ਚਾਨਣ ਬਣੇ।

ਅਕਾਲ ਤਖ਼ਤ ਸਾਹਿਬ ਨੂੰ ਇਸ ਸਰਕਾਰੀ ਕਾਨੂੰਨ (2026 ਐਕਟ) ਦੀ ਸੁਤੰਤਰ ਸਮੀਖਿਆ ਕਰਵਾਉਣੀ ਚਾਹੀਦੀ ਹੈ। ਜਥੇਦਾਰ ਸ਼੍ਰੋਮਣੀ ਕਮੇਟੀ ਡਿਜੀਟਲ ਨੀਤੀ ਨੂੰ ‘ਡਰਾਉਣ’ ਵਾਲੀ ਬਣਾਉਣ ਤੋਂ ਰੋਕਣ ਤੇ ਸਿੱਖ ਸੰਗਤਾਂ ਲਈਂ ਸੁਖਾਲੀ’ ਬਣਵਾਉਣ। ਪ੍ਰਵਾਸੀ ਸਿੱਖ ਆਪਣੀ ਆਰਥਿਕ ਅਤੇ ਸਿਆਸੀ ਸ਼ਕਤੀ ਦੀ ਵਰਤੋਂ ਕਰਕੇ ਸ਼੍ਰੋਮਣੀ ਕਮੇਟੀ ’ਤੇ ਦਬਾਅ ਪਾਉਣ ਜਾਂ ਆਪਣਾ ਮਰਿਆਦਾ-ਬੱਧ ਛਪਾਈ ਪ੍ਰਬੰਧ ਖੜ੍ਹਾ ਕਰਨ। ਜੇ ਅੱਜ ਸਿੱਖਾਂ ਨੇ ਆਪਣੀ ਸੰਸਥਾ ਨੂੰ ਸਰਕਾਰੀ ਦਖ਼ਲ ਤੋਂ ਮੁਕਤ ਨਾ ਕਰਵਾਇਆ ਤਾਂ ਭਵਿੱਖ ਵਿਚ ਗੁਰੂ ਸਾਹਿਬ ਦੇ ਪ੍ਰਕਾਸ਼ ਲਈ ਵੀ ਸਰਕਾਰੀ ‘ਲਾਇਸੈਂਸ’ ਦੀ ਲੋੜ ਪੈ ਸਕਦੀ ਹੈ, ਜੋ ਸਿੱਖੀ ਸਿਧਾਂਤਾਂ ਦੇ ਬਿਲਕੁਲ ਉਲਟ ਹੋਵੇਗਾ। ਇਹ ਉਸ ਵਾਂਗ ਹੈ ਜਿਵੇਂ ਇੱਕ ਆਜ਼ਾਦ ਬਾਜ਼ ਨੂੰ ਪਿੰਜਰੇ ਵਿਚ ਬੰਦ ਕਰ ਦਿੱਤਾ ਜਾਵੇ ਅਤੇ ਫਿਰ ਉਸ ਨੂੰ ‘ਸੁਰੱਖਿਆ’ ਕਿਹਾ ਜਾਵੇ। ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਤੋਂ ਲੈ ਕੇ ਪ੍ਰਵਾਸੀ ਖਾਲਸਾ ਜੀ ਤੱਕ - ਸਭ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ।

## ਜਥੇਦਾਰ ਗੜਗੱਜ ਨੇ ਹਿਮਾਚਲ ਐਂਟਰੀ ਟੈਕਸ ਦੀ ਨਿਖੇਧੀ ਤੇ ਇਸਨੂੰ ‘ਜਜ਼ੀਆ’ ਕਰਾਰ ਦਿੱਤਾ

ਰੋਪੜ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਕੁਲਦੀਪ ਸਿੰਘ ਗੜਗੱਜ ਨੇ ਅੱਜ ਹਿਮਾਚਲ ਪ੍ਰਦੇਸ਼ ਦੇ ਐਂਟਰੀ ਟੈਕਸ ਵਿਰੁੱਧ ਅੰਦੋਲਨ ਕਰ ਰਹੀ ਸੰਘਰਸ਼ ਕਮੇਟੀ ਨੂੰ ਸਮਰਥਨ ਦਿੱਤਾ। ਕਮੇਟੀ ਮੈਂਬਰਾਂ ਨਾਲ ਮੁਲਾਕਾਤ ਤੋਂ ਬਾਅਦ ਜਥੇਦਾਰ ਨੇ ਸ਼ਰਧਾਲੂਆਂ ’ਤੇ ਲਗਾਏ ਗਏ ਟੈਕਸ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ “ਜਜ਼ੀਆ” ਦੇ ਬਰਾਬਰ ਦੱਸਿਆ ਅਤੇ ਇਸ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ। ਕੀਰਤਪੁਰ ਸਾਹਿਬ ਵਿਖੇ ਪ੍ਰਦਰਸ਼ਨਕਾਰੀ ਆਗੂਆਂ ਨੂੰ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਸ਼ਰਧਾਲੂ ਆਪਣੇ ਗੁਰਦੁਆਰਿਆਂ ਵਿੱਚ ਨਤਮਸਤਕ ਹੋਣ ਲਈ ਬੜੀ ਸ਼ਰਧਾ ਨਾਲ ਲੰਮੀ ਦੂਰੀ ਤੈਅ ਕਰਦੇ ਹਨ ਅਤੇ ਉਨ੍ਹਾਂ ’ਤੇ ਅਜਿਹੇ ਟੈਕਸ ਲਗਾਉਣਾ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਮੁਗਲ ਸ਼ਾਸਨ ਅਧੀਨ ਜਜ਼ੀਆ ਟੈਕਸ ਨੂੰ ਵੀ ਧਾਰਮਿਕ ਆਧਾਰ ’ਤੇ ਪੱਖਪਾਤੀ ਮੰਨਿਆ ਜਾਂਦਾ ਸੀ ਅਤੇ ਮੌਜੂਦਾ ਸਥਿਤੀ ਜਨਤਾ ਵਿੱਚ ਅਜਿਹੀਆਂ ਹੀ ਚਿੰਤਾਵਾਂ ਪੈਦਾ ਕਰਦੀ ਹੈ। ਉਨ੍ਹਾਂ ਨੇ ਸਰਕਾਰਾਂ ਨੂੰ ਬਿਨਾਂ ਕਿਸੇ ਦੇਰੀ ਦੇ ਦਖਲ ਦੇਣ ਅਤੇ ਸ਼ਰਧਾਲੂਆਂ ਨੂੰ ਰਾਹਤ ਦੇਣ ਲਈ ਐਂਟਰੀ ਟੈਕਸ ਨੂੰ ਖਤਮ ਕਰਨ ਦੀ ਅਪੀਲ ਕੀਤੀ।

**ਰਣਜੀਤ ਸਿੰਘ ਦਮਦਮੀ ਟਕਸਾਲ**
ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ

# ਸਿਆਸੀ ਆਗੂਓ! ਪੰਜਾਬ ਦਾਤਾ ਹੈ, ਮੰਗਤਾ ਨਹੀਂ...

**ਦੂਜੇ ਦੇਸ਼ ਐਨੀਆਂ ਤਰੱਕੀਆਂ ਕਰ ਗਏ, ਪਰ ਵਿਸ਼ਵਗੁਰੂ ਅਤੇ ਹਿੰਦੂ ਰਾਸ਼ਟਰ ਬਣਨ ਦੀ ਦੌੜ ਵਿੱਚ ਲੱਗੇ ਭਾਰਤ ਦਾ ਅਕਸਰ ਹੀ ਦਿਵਾਲਾ ਨਿਕਲਿਆ ਹੁੰਦਾ ਹੈ। 79 ਸਾਲਾਂ ਤੋਂ ਇਹਨਾਂ ਸਿਆਸੀ ਆਗੂਆਂ ਤੋਂ ਅਜੇ ਤੱਕ ਗਲੀਆਂ-ਨਾਲੀਆਂ ਹੀ ਨਹੀਂ ਬਣੀਆਂ, ਇਹਨਾਂ ਦੀ ਸਿਆਸਤ ਇੱਥੋਂ ਸ਼ੁਰੂ ਹੋ ਕੇ ਇੱਥੇ ਹੀ ਮੁੱਕ ਜਾਂਦੀ ਹੈ। ਪੰਜਾਬ ਅਤੇ ਭਾਰਤ ਦੇ ਆਗੂ ਆਪਣੇ ਸਿਆਸੀ ਐਲਾਨ ਪੂਰੇ ਕਰਨ ਲਈ ਜਨਤਾ ਨੂੰ ਹੀ ਵੱਧ-ਚੜ੍ਹ ਕੇ ਲੁੱਟਦੇ ਹਨ। ਕਿਸੇ ਪਾਰਟੀ ਦੇ ਕਿਸੇ ਮੈਨੀਫੈਸਟੋ ਦੀ ਕੋਈ ਅਹਿਮੀਅਤ ਨਹੀਂ, ਇਸ ਨੂੰ ਕੋਈ ਨਹੀਂ ਪੜ੍ਹਦਾ-ਵਿਚਾਰਦਾ। ਲੋਕ ਤਾਂ ਸ਼ਰਾਬ ਦੀਆਂ ਬੋਤਲਾਂ ਅਤੇ ਪੰਜ ਸੌ ਰੁਪਏ ਦੇ ਨੋਟਾਂ ਬਦਲੇ ਹੀ ਆਪਣੀ ਵੋਟ ਵੇਚ ਦਿੰਦੇ ਹਨ। ਪੰਜਾਬ ਸਰਕਾਰ ਆਖਦੀ ਹੈ ਕਿ ਉਸ ਨੂੰ ਸਭ ਤੋਂ ਵੱਧ ਕਮਾਈ ਹੀ ਸ਼ਰਾਬ ਦੇ ਵਪਾਰ ਵਿੱਚ ਹੁੰਦੀ ਹੈ।**



ਸਿਆਸੀ ਪਾਰਟੀਆਂ ਦੇ ਆਗੂਆਂ ਨੇ ਪੰਜਾਬ ਨੂੰ ਮੰਗਤਾ ਤੇ ਕੰਗਾਲ ਸਮਝਿਆ ਹੋਇਆ ਹੈ। ਲੋਕਾਂ ਦਾ ਮਿਆਰ ਤੇ ਕਿਰਦਾਰ ਥੱਲੇ ਸੁੱਟਣ ਦੇ ਯਤਨ ਹੋ ਰਹੇ ਨੇ। ਲੋਕਾਂ ਨੂੰ ਸਵੈ-ਨਿਰਭਰ ਕਰਨ ਦੀ ਬਜਾਏ ਸਰਕਾਰ ਦੇ ਰਹਿਮੋ-ਕਰਮ 'ਤੇ ਕੀਤਾ ਜਾ ਰਿਹਾ। ਪੰਜਾਬ ਨੂੰ ਯੂ.ਪੀ., ਬਿਹਾਰ ਵਰਗਾ ਸੂਬਾ ਬਣਾਇਆ ਜਾ ਰਿਹਾ। ਚੋਣਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ, ਬਾਦਲ ਦਲ, ਕਾਂਗਰਸ ਤੇ ਭਾਜਪਾ ਦੇ ਆਗੂ ਆਪਣੀ ਸਿਆਸਤ ਚਮਕਾਉਣ ਲਈ ਵੱਖ-ਵੱਖ ਐਲਾਨ ਕਰ ਰਹੇ ਨੇ ਤੇ ਹਰ ਕੋਈ ਪੰਜਾਬੀਆਂ ਨੂੰ ਆਪਣੇ ਜਾਲ ਵਿੱਚ ਫਸਾਉਣਾ ਚਾਹੁੰਦਾ ਹੈ।

ਆਮ ਆਦਮੀ ਪਾਰਟੀ ਵਾਲੇ ਕਹਿੰਦੇ ਅਸੀਂ ਲੋਕਾਂ ਨੂੰ 600 ਯੂਨਿਟ ਫ੍ਰੀ ਬਿਜਲੀ ਦਿੱਤੀ, ਔਰਤਾਂ ਲਈ ਬੱਸਾਂ ਦਾ ਕਿਰਾਇਆ ਫ੍ਰੀ ਕੀਤਾ ਤੇ ਔਰਤਾਂ ਨੂੰ ਮਹੀਨਾਵਾਰ ਇੱਕ ਹਜ਼ਾਰ ਰੁਪਏ ਦੇਣ ਦਾ ਐਲਾਨ ਵੀ ਪੂਰਾ ਕਰਾਂਗੇ। ਸੁਖਬੀਰ ਬਾਦਲ ਕਹਿੰਦਾ ਮੈਂ ਇੱਕ ਘੁੱਗੀ ਮਾਰ ਕੇ ਸਾਰੇ ਬੰਦੀ ਸਿੰਘ ਰਿਹਾਅ ਕਰ ਦਿਆਂਗਾ, ਮੇਰੀ ਸਰਕਾਰ ਬਣਾਓ ਤੁਹਾਡੇ ਵਾਹਨਾਂ ਦਾ ਪੁਲਿਸ ਤੋਂ ਚਲਾਨ ਨਹੀਂ ਹੋਣ ਦਿਆਂਗੇ, ਭਾਵੇਂ ਥਾਣੇਦਾਰ ਢਾਹ ਲਿਓ ਕੁਝ ਨਹੀਂ ਵਿਗੜਨ ਦਿਆਂਗੇ, ਗੈਂਗਸਟਰਾਂ ਨੂੰ ਇੱਕ ਦਿਨ 'ਚ ਖ਼ਤਮ ਕਰ ਦਿਆਂਗੇ, ਟਰੱਕ ਭਰ ਕੇ ਨੋਟਾਂ ਦਾ ਲਿਆਵਾਂਗੇ ਜਿੰਨੇ ਮਰਜ਼ੀ ਲਾਹ ਲਿਓ, ਆਟਾ-ਦਾਲ ਦੇ ਢੇਰ ਲਾ ਦਿਆਂਗੇ ਜਿੰਨਾ ਮਰਜ਼ੀ ਭਰ ਕੇ ਲੈ ਜਾਇਓ, ਬੱਤੀ ਦੀਆਂ ਕੁੰਡੀਆਂ ਲਾ ਲਿਆ ਕਰੋ ਤੁਹਾਨੂੰ ਕੋਈ ਨਹੀਂ ਰੋਕੇਗਾ। ਕੁਝ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਅਸੀਂ ਨੌਜਵਾਨਾਂ ਨੂੰ ਫ੍ਰੀ ਮੋਬਾਇਲ ਦਿਆਂਗੇ। ਰਾਜਾ ਵੜਿੰਗ ਕਹਿੰਦਾ ਅਸੀਂ ਗੈਂਗਸਟਰਾਂ ਦੇ ਪਰਿਵਾਰਾਂ ਨੂੰ ਵੀ ਜੇਲ੍ਹਾਂ ਵਿੱਚ ਧੱਕ ਕੇ ਸੱਪ ਲੜਾ ਦਿਆਂਗੇ, ਲੋਕਾਂ ਨੂੰ ਦਾਲ-ਆਟਾ ਜ਼ਿਆਦਾ ਦਿਆਂਗੇ। ਭਾਜਪਾ ਕਹਿੰਦੀ ਅਸੀਂ ਫ੍ਰੀ ਇਲਾਜ ਤੇ ਪੈਨਸ਼ਨ ਦਿਆਂਗੇ।

ਇਹਨਾਂ ਸਿਆਸੀ ਪਾਰਟੀਆਂ ਨੇ ਕਦੇ ਨਹੀਂ ਕਿਹਾ ਕਿ ਅਸੀਂ ਨੌਜਵਾਨੀ ਨੂੰ ਖ਼ੁਦ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਨੌਕਰੀਆਂ ਦਿਆਂਗੇ, ਪੰਜਾਬ ਵਿੱਚ ਇੰਡਸਟਰੀਆਂ ਲਿਆਵਾਂਗੇ, ਕਾਰੋਬਾਰ ਦੇ ਸਾਧਨ ਪੈਦਾ ਕਰਾਂਗੇ, ਕਾਲਜਾਂ-ਯੂਨੀਵਰਸਿਟੀਆਂ ਦਾ ਸੁਧਾਰ ਕਰਾਂਗੇ, ਇੰਸਟੀਚਿਊਟ ਬਣਾਵਾਂਗੇ ਜਿਸ ਨਾਲ ਲੋਕਾਂ ਨੂੰ ਚੰਗੀ ਸੇਧ ਮਿਲ ਸਕੇ। ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਘਟਾਵਾਂਗੇ, ਵਿਹਲੜਾਂ ਨੂੰ ਕਿਰਤ ਵੱਲ ਉਤਸ਼ਾਹਿਤ ਕਰਾਂਗੇ। ਸ਼ਰਾਬ, ਡਰੱਗ, ਤੰਬਾਕੂ ਅਤੇ ਹੋਰ ਨਸ਼ਿਆਂ ਨੂੰ ਤੁਰੰਤ ਬੰਦ ਕਰਾਂਗੇ। ਪੰਜਾਬ ਵਿੱਚ ਦਿਨੋਂ-ਦਿਨ ਵੱਧ ਰਿਹਾ ਗ਼ੈਰ-ਪੰਜਾਬੀਆਂ ਦਾ ਦਾਖ਼ਲਾ, ਪ੍ਰਾਪਟੀਆਂ ਦੀ ਖ਼ੀਦਦਾਰੀ ਅਤੇ ਕਬਜ਼ਾ, ਗੁੰਡਾਗਰਦੀ-ਬਦਮਾਸ਼ੀ ਅਤੇ ਵਿਗੜ ਰਹੇ ਮਾਹੌਲ ਤੇ ਸਭਿਆਚਾਰ ਨੂੰ ਨੱਥ ਪਾਵਾਂਗੇ। ਪੰਜਾਬ ਵਿੱਚ ਹਰਿਆਣਾ, ਹਿਮਾਚਲ, ਰਾਜਸਥਾਨ ਅਤੇ ਦਿੱਲੀ ਦੇ ਵਸਨੀਕਾਂ ਨੂੰ ਸਰਕਾਰੀ ਅਹੁਦਿਆਂ 'ਤੇ ਬਿਠਾਉਣ ਦੀ ਬਜਾਏ ਪੰਜਾਬੀਆਂ ਨੂੰ ਹੀ ਥਾਂ ਦਿਆਂਗੇ। ਭ੍ਰਿਸ਼ਟਾਚਾਰੀ, ਮਿਲਾਵਟਖੋਰੀ ਅਤੇ ਅਸ਼ਲੀਲਤਾ ਨੂੰ ਰੋਕਾਂਗੇ।

ਪੰਜਾਬੀਆਂ ਨੂੰ ਐਸਾ ਰਾਜ ਦਿਆਂਗੇ ਕਿ ਲੋਕਾਂ ਨੂੰ ਧਰਨੇ, ਮੁਜ਼ਾਹਰੇ, ਰੋਸ ਪ੍ਰਦਰਸ਼ਨ, ਮਾਰਚ ਨਹੀਂ ਕਰਨੇ ਪੈਣਗੇ। ਕਿਸਾਨਾਂ ਨੂੰ ਕਰਜ਼ੇ ਕਾਰਨ ਖ਼ੁਦਕੁਸ਼ੀ ਨਹੀਂ ਕਰਨੀ ਪਏਗੀ, ਫ਼ਸਲਾਂ ਦਾ ਵਧੇਰੇ ਮੁੱਲ ਅਤੇ ਕੁਦਰਤੀ ਆਫ਼ਤਾਂ ਦਾ ਮੁਆਵਜ਼ਾ ਤੁਰੰਤ ਦੇਵਾਂਗੇ। ਕਿਸੇ ਬੇਰੁਜ਼ਗਾਰ ਨੌਜਵਾਨ ਨੂੰ ਆਪਣੇ ਹੱਕਾਂ ਲਈ ਟੈਂਕੀ ਉੱਤੇ ਨਹੀਂ ਚੜ੍ਹਨਾ ਪਏਗਾ, ਤਨਖਾਹਾਂ ਮੰਗਦੇ ਕਿਸੇ ਅਧਿਆਪਕ ਨੂੰ ਡਾਂਗਾਂ ਨਹੀਂ ਖਾਣੀਆਂ ਪੈਣਗੀਆਂ। ਲੋਕਾਂ ਨੂੰ ਮਰਨ ਵਰਤ ਰੱਖਣ ਦੀ ਲੋੜ ਨਹੀਂ ਪਏਗੀ, ਵਕੀਲਾਂ ਨੂੰ ਵੀ ਦਰੀਆਂ 'ਤੇ ਨਹੀਂ ਬਹਿਣਾ ਪਏਗਾ। ਕਿਸੇ ਵੀ ਵਰਗ ਦੇ ਲੋਕਾਂ ਨੂੰ ਸੜਕਾਂ ਉੱਤੇ ਨਹੀਂ ਉਤਰਨਾ ਪਏਗਾ ਸਭ ਨੂੰ ਬਣਦੇ ਹੱਕ ਦਿੱਤੇ ਜਾਣਗੇ, ਸਭ ਨੂੰ ਖੁਸ਼ਹਾਲ ਅਤੇ ਬਰਾਬਰਤਾ ਦੇਵਾਂਗੇ।

ਪਰ ਸਿਆਸੀ ਆਗੂ ਇਹ ਕਹਿਣ ਦੀ ਬਜਾਏ ਕੇਵਲ ਆਪਣੇ ਵਿਰੋਧੀ ਪਾਰਟੀਆਂ ਨੂੰ ਧਮਕਾਉਣ, ਲੋਕਾਂ ਨੂੰ ਚੁਟਕਲੇ ਸੁਣਾਉਣ, ਮਨੋਰੰਜਨ ਕਰਵਾਉਣ ਅਤੇ ਭਰਮਾਉਣ ਤਕ ਹੀ ਸੀਮਿਤ ਹਨ। ਪੂਰੇ ਸਿਸਟਮ ਦਾ ਹੀ ਬੇੜਾ ਗਰਕਿਆ ਪਿਆ ਹੈ। ਇਹਨਾਂ ਦੀਆਂ ਥੋਥੀਆਂ ਗੱਲਾਂ ਨੇ ਲੋਕਾਂ ਦੇ ਦਿਮਾਗ ਵੀ ਬੌਣੇ ਕਰ ਦਿੱਤੇ ਹਨ। ਹਿੰਦੁਸਤਾਨ ਦੀ ਹਕੂਮਤ ਨੇ ਵੀ ਪੰਜਾਬ ਨੂੰ ਸਿਰਫ਼ ਇੱਕ ਬਸਤੀ ਬਣਾਇਆ ਹੋਇਆ ਹੈ। ਝਾੜੂ ਪਾਰਟੀ ਤੋਂ ਬਾਅਦ ਹੁਣ ਭਾਜਪਾ ਵੀ ਪੰਜਾਬ ਵਿੱਚ ਸਰਕਾਰ ਬਣਾਉਣ ਲਈ ਉਤਾਵਲੀ ਹੈ। ਕਿਸੇ ਪਾਰਟੀ ਦੇ ਆਗੂ ਕੋਲ ਕੋਈ ਦ੍ਰਿੜ ਵਿਚਾਰਧਾਰਾ ਨਹੀਂ ਹੈ। ਅਖੌਤੀ ਅਕਾਲੀ, ਕਾਂਗਰਸੀ ਤੇ ਝਾੜੂ ਵਾਲਿਆਂ ਦੇ ਆਗੂ ਪਤਾ ਹੀ ਨਹੀਂ ਲੱਗਦਾ ਕਦੋਂ ਬਾਂਦਰ ਟਪੂਸੀ ਮਾਰ ਕੇ ਭਾਜਪਾ ਵਿੱਚ ਜਾ ਵੜਦੇ ਹਨ। ਈਡੀ ਅਤੇ ਅਦਾਲਤਾਂ ਨੂੰ ਭਾਜਪਾ ਵਾਲੇ ਆਪਣੇ ਫ਼ਾਇਦੇ ਲਈ ਇੱਕ ਹਥਿਆਰ ਵਜੋਂ ਵਰਤ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੀਨ ਵਜਾ ਕੇ ਬਾਬੇ ਧੁੰਮੇ ਨੂੰ ਵੀ ਆਪਣੀ ਸਿਆਸੀ ਪਿਟਾਰੀ ਵਿੱਚ ਪਾ ਲਿਆ ਹੈ।

ਜੂਨ 1984 ਤੋਂ ਪਹਿਲਾਂ ਸਿੱਖਾਂ ਤੇ ਪੰਜਾਬੀਆਂ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀਆਂ ਮੰਗਾਂ ਮੰਨਵਾਉਣ ਲਈ ਲੰਮੇਰਾ ਸੰਘਰਸ਼ ਕੀਤਾ, ਕੁਰਬਾਨੀਆਂ ਕੀਤੀਆਂ ਅਤੇ ਸ਼ਹਾਦਤਾਂ ਦਿੱਤੀਆਂ। ਸਰਕਾਰ ਨੇ ਸਿੱਖਾਂ ਨੂੰ ਵੱਖਰੀ ਕੌਮ ਦਾ ਦਰਜ਼ਾ, ਦਰਿਆਈ ਪਾਣੀਆਂ ਦੇ ਹੱਕ, ਡੈਮਾਂ ਉਤੇ ਪੰਜਾਬ ਦਾ ਕੰਟਰੋਲ, ਪੰਜਾਬੀ ਬੋਲਦੇ ਇਲਾਕੇ, ਸ੍ਰੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਅਤੇ ਹੋਰ ਹੱਕ ਤਾਂ ਦਿੱਤੇ ਨਹੀਂ ਪਰ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ, ਸਿੱਖਾਂ ਦੀ ਨਸਲਕੁਸ਼ੀ ਅਤੇ ਝੂਠੇ ਪੁਲਿਸ ਮੁਕਾਬਲੇ ਕਰ ਦਿੱਤੇ। ਨੌਜਵਾਨੀ ਨੂੰ ਪਤਿਤਪੁਣੇ, ਨਸ਼ਿਆਂ, ਗੈਂਗਸਟਰਵਾਦ, ਬੇਰੁਜ਼ਗਾਰੀ ਅਤੇ ਹੋਰ ਭੈੜੀਆਂ ਅਲਾਮਤਾਂ ਵੱਲ ਧੱਕ ਦਿੱਤਾ। ਜਿਹੜੇ ਪੰਜਾਬ ਦੇ ਅਸਲ ਮੁੱਦੇ, ਹੱਕ ਅਤੇ ਮੰਗਾਂ ਹਨ ਉਸ ਬਾਰੇ ਤਾਂ ਸਿਆਸੀ ਪਾਰਟੀਆਂ ਦੇ ਆਗੂ ਬੋਲਦੇ ਹੀ ਨਹੀਂ ਤੇ ਪੰਜਾਬੀਆਂ ਨੂੰ ਇਹਨਾਂ ਨੇ ਆਪਣੀ ਥੋਥੀ ਕਾਰਗੁਜ਼ਾਰੀ ਅਤੇ ਬੇਫਜ਼ੂਲ ਭਾਸ਼ਣਾਂ ਵਿੱਚ ਉਲਝਾਇਆ ਹੋਇਆ ਹੈ।

ਦੂਜੇ ਦੇਸ਼ ਐਨੀਆਂ ਤਰੱਕੀਆਂ ਕਰ ਗਏ, ਪਰ ਵਿਸ਼ਵਗੁਰੂ ਅਤੇ ਹਿੰਦੂ ਰਾਸ਼ਟਰ ਬਣਨ ਦੀ ਦੌੜ ਵਿੱਚ ਲੱਗੇ ਭਾਰਤ ਦਾ ਅਕਸਰ ਹੀ ਦਿਵਾਲਾ ਨਿਕਲਿਆ ਹੁੰਦਾ ਹੈ। 79 ਸਾਲਾਂ ਤੋਂ ਇਹਨਾਂ ਸਿਆਸੀ ਆਗੂਆਂ ਤੋਂ ਅਜੇ ਤੱਕ ਗਲੀਆਂ-ਨਾਲੀਆਂ ਹੀ ਨਹੀਂ ਬਣੀਆਂ, ਇਹਨਾਂ ਦੀ ਸਿਆਸਤ ਇੱਥੋਂ ਸ਼ੁਰੂ ਹੋ ਕੇ ਇੱਥੇ ਹੀ ਮੁੱਕ ਜਾਂਦੀ ਹੈ। ਪੰਜਾਬ ਅਤੇ ਭਾਰਤ ਦੇ ਆਗੂ ਆਪਣੇ ਸਿਆਸੀ ਐਲਾਨ ਪੂਰੇ ਕਰਨ ਲਈ ਜਨਤਾ ਨੂੰ ਹੀ ਵੱਧ-ਚੜ੍ਹ ਕੇ ਲੁੱਟਦੇ ਹਨ। ਕਿਸੇ ਪਾਰਟੀ ਦੇ ਕਿਸੇ ਮੈਨੀਫੈਸਟੋ ਦੀ ਕੋਈ ਅਹਿਮੀਅਤ ਨਹੀਂ, ਇਸ ਨੂੰ ਕੋਈ ਨਹੀਂ ਪੜ੍ਹਦਾ-ਵਿਚਾਰਦਾ। ਲੋਕ ਤਾਂ ਸ਼ਰਾਬ ਦੀਆਂ ਬੋਤਲਾਂ ਅਤੇ ਪੰਜ ਸੌ ਰੁਪਏ ਦੇ ਨੋਟਾਂ ਬਦਲੇ ਹੀ ਆਪਣੀ ਵੋਟ ਵੇਚ ਦਿੰਦੇ ਹਨ। ਪੰਜਾਬ ਸਰਕਾਰ ਆਖਦੀ ਹੈ ਕਿ ਉਸ ਨੂੰ ਸਭ ਤੋਂ ਵੱਧ ਕਮਾਈ ਹੀ ਸ਼ਰਾਬ ਦੇ ਵਪਾਰ ਵਿੱਚ ਹੁੰਦੀ ਹੈ।

ਧੰਨ ਗੁਰੂ ਨਾਨਕ ਪਾਤਸ਼ਾਹ ਜੀ ਨੇ ਸਾਨੂੰ ਕੁਰੀਤੀਆਂ ਵਿੱਚੋਂ ਕੱਢਿਆ, ਅਣਖੀਲਾ ਤੇ ਸਚਿਆਰ ਜੀਵਨ ਜਿਊਣ ਦੀ ਸਿੱਖਿਆ ਦਿੱਤੀ ਅਤੇ ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦਾ ਸਿਧਾਂਤ ਬਖ਼ਸ਼ਿਆ ਸੀ ਪਰ ਅੱਜ ਦਾ ਸਿੱਖ ਅਤੇ ਪੰਜਾਬੀ ਸਮਾਜ ਕਿੱਧਰ ਨੂੰ ਤੁਰ ਪਿਆ ਹੈ! ਗੁਰੂ ਸਾਹਿਬ ਨੇ ਖ਼ੁਦ ਖੇਤੀ ਕੀਤੀ, ਮੋਦੀਖਾਨੇ ਨੌਕਰੀ ਕੀਤੀ, ਮਿਹਨਤ ਤੇ ਕਿਰਤ ਦੀ ਮਹਾਨਤਾ ਬਾਰੇ ਲੋਕਾਈ ਨੂੰ ਦੱਸਿਆ ਜਿਸ ਨਾਲ ਮਨ ਅਤੇ ਸਰੀਰ ਪਵਿੱਤਰ ਹੁੰਦਾ ਹੈ ਅਤੇ ਭਾਈ ਲਾਲੋ ਜੀ ਨੂੰ ਵਡਿਆਇਆ। ਗੁਰੂ ਸਾਹਿਬ ਨੇ ਸਿੱਖਾਂ ਨੂੰ ਵਿਹਲੇ ਰਹਿਣ, ਮੰਗ ਖਾਣ ਅਤੇ ਰਾਜਿਆਂ-ਸਰਕਾਰਾਂ ਤੋਂ ਮੁਫ਼ਤ ਲੈ ਕੇ ਖਾਣ ਦੀ ਬਜਾਏ ਸਵੈ-ਨਿਰਭਰ ਬਣਾਇਆ, ਸਿੱਖਾਂ ਨੂੰ ਘੋੜਿਆਂ ਆਦਿਕ ਦੇ ਵਪਾਰ ਵੀ ਇਸੇ ਲਈ ਕਰਵਾਏ ਸਨ ਤਾਂ ਜੋ ਸਿੱਖ ਆਰਥਿਕ ਪੱਖੋਂ ਵੀ ਮਜ਼ਬੂਤ ਅਤੇ ਖੁਸ਼ਹਾਲ ਹੋਣ ਤੇ ਸਵੈਮਾਣ ਰੱਖਣ।

ਪਰ ਇਹ ਸਿਆਸੀ ਆਗੂ ਜੋ ਸਾਡੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੇ ਉਲਟ ਲੋਕਾਂ ਨੂੰ ਲਿਜਾ ਰਹੇ ਹਨ। ਇਹ ਵਿਹਲੜਪੁਣਾ, ਨਸ਼ਾ ਤੇ ਐਸ਼ਪ੍ਰਸਤੀ ਨੂੰ ਪ੍ਰਚਾਰ ਰਹੇ ਹਨ। ਇਹ ਫ੍ਰੀ ਚੀਜ਼ਾਂ ਵੰਡ ਕੇ ਲੋਕਾਂ ਦਾ ਫਿਊਚਰ ਖ਼ਰਾਬ ਕਰਦੇ ਨੇ, ਲੋਕਾਂ ਦੀ ਸੋਚਣ ਸ਼ਕਤੀ ਹੀ ਬੰਦ ਕਰ ਦਿੰਦੇ ਨੇ, ਨੌਜਵਾਨਾਂ ਨੂੰ ਕਾਮਯਾਬੀ ਵੱਲ ਵਧਣ ਹੀ ਨਹੀਂ ਦਿੰਦੇ। ਸਾਰਾ ਸਿਆਸੀ ਢਾਂਚਾ ਵਿਗੜਿਆ ਪਿਆ ਹੈ, ਸਕੂਲੀ ਸਿੱਖਿਆ ਦਾ ਕੋਈ ਉੱਚ ਮਿਆਰ ਨਹੀਂ, ਇੱਕ-ਦੂਜੇ ਖ਼ਿਲਾਫ਼ ਇਲਜ਼ਾਮਬਾਜ਼ੀਆਂ ਤੇ ਤੋਹਮਤਬਾਜ਼ੀਆਂ 'ਤੇ ਹੀ ਸਿਆਸਤ ਟਿਕੀ ਰਹਿੰਦੀ ਹੈ। ਜਿਹੜਾ ਪੰਜਾਬ ਪੂਰੇ ਹਿੰਦੁਸਤਾਨ ਦਾ ਢਿੱਡ ਭਰਦਾ ਸੀ, ਜਿਸ ਨੇ ਹਰੀ ਕ੍ਰਾਂਤੀ ਲਿਆਂਦੀ, ਹਿੰਦੁਸਤਾਨ ਨੂੰ ਸਭ ਤੋਂ ਵੱਧ ਸੋਨਾ ਦਾਨ ਕੀਤਾ, ਸਰਹੱਦਾਂ 'ਤੇ ਲੜੇ ਤੇ ਜਾਨਾਂ ਵਾਰੀਆਂ ਤੇ ਅੱਜ ਵੀ ਕੁਦਰਤੀ ਆਫ਼ਤਾਂ ਭੁਚਾਲ, ਹੜ੍ਹ ਤੇ ਹੋਰ ਹਾਦਸਿਆਂ ਵਿੱਚ ਸਿੱਖ ਤੇ ਪੰਜਾਬੀ ਹਮੇਸ਼ਾਂ ਹੀ ਲੋਕਾਂ ਦਾ ਸਹਾਰਾ ਬਣਦੇ ਹਨ, ਮਾਇਆ ਤੇ ਸਮੱਗਰੀ ਭੇਜਦੇ ਹਨ। ਪਰ ਇਹਨਾਂ ਸਿਆਸੀ ਆਗੂਆਂ ਨੇ ਤਾਂ ਪੰਜਾਬ ਨੂੰ ਮੰਗਤਾ ਬਣਾਉਣ 'ਤੇ ਹੀ ਲੱਕ ਬੰਨ੍ਹਿਆ ਹੋਇਆ ਹੈ। ਨੌਜਵਾਨੋ, ਚੁੱਪ ਨਾ ਰਹੋ ਸਗੋਂ ਇਹਨਾਂ ਨੂੰ ਸਵਾਲ ਕਰੋ।

## ਅਖੇ ਬੰਗਾਲ ਜਿੱਤ ਲਿਆ ਹੁਣ ਪੰਜਾਬ ਦੀ ਵਾਰੀ...

ਅੱਜ ਜਦੋਂ ਬੰਗਾਲ ਤੇ ਅਸਾਮ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਵਿੱਚ ਭਾਜਪਾ ਜਿੱਤ ਗਈ ਹੈ ਤਾਂ ਬਾਬਾ ਹਰਨਾਮ ਸਿੰਘ ਧੁੰਮਾ ਨੂੰ ਵਧਾਈਆਂ ਦੇਣੀਆਂ ਤਾਂ ਬਣਦੀਆਂ ਹਨ ਜੋ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਅੱਤਵਾਦੀ ਕਹਿਣ ਵਾਲੀ ਭਾਜਪਾ ਦੇ ਸਮਰਥਕ ਹਨ। ਪੰਜਾਬ ਦੇ ਸਾਰੇ ਭਾਜਪਾਈ ਆਗੂ ਪੂਰੇ ਬਾਗ਼ੋ-ਬਾਗ ਹੋਏ ਪਏ ਹਨ ਕਿ ਹੁਣ ਪੰਜਾਬ ਵਿੱਚ ਵੀ ਅਗਲੀ ਸਰਕਾਰ ਭਾਜਪਾ ਦੀ ਹੀ ਬਣੇਗੀ। ਕੋਈ ਕਹਿ ਰਿਹਾ ਹੁਣ ਪੰਜਾਬ ਨੂੰ ਜਿੱਤਣ ਦੀ ਵਾਰੀ ਹੈ, ਕੋਈ ਕਹਿੰਦਾ ਮੋਦੀ ਜੀ ਪੰਜਾਬ 'ਚ ਵੀ ਜਿੱਤਣਗੇ, ਕੋਈ ਕਹਿੰਦਾ ਪੰਜਾਬ ਨੂੰ ਵੀ ਹੁਣ ਕੇਸਰੀ/ਭਗਵੇਂ 'ਚ ਰੰਗ ਦਿਆਂਗੇ।

ਵੈਸੇ ਸਿੱਧੀ ਜਿਹੀ ਗੱਲ ਹੈ ਕਿ ਜਿਸ ਢੰਗ ਨਾਲ ਭਾਜਪਾ ਦੀ ਕੇਂਦਰ ਸਰਕਾਰ ਚੋਣਾਂ ਕਰਵਾ ਰਹੀ ਹੈ, ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਵਿੱਚ ਵੱਡੇ ਘੁਟਾਲੇ ਕੀਤੇ ਜਾਂਦੇ ਨੇ,

ਬਾਕੀ ਹਿਸਾ ਸਫਾ 36 'ਤੇ ਪੜ੍ਹੋ

# UNITY OVER DIVISION: WHY LABOUR IS THE PATH TO A BRIGHTER BRITISH FUTURE

**Atta Haq**

As we approach the upcoming elections, Britain stands at a pivotal crossroads. These are not merely local contests to decide council seats; they are a profound reflection of our national character and the direction in which we want to take our country. In an era where some political voices thrive on the "divide and rule" tactics of the past, the Labour Party stands as the only serious movement dedicated to national unity, community cohesion, and a long-term vision for our children's future.

Lately, we have seen the rise of smaller parties, from the Greens and the Liberal Democrats to Reform and the Conservatives, who often rely on negative, divisive campaigning. While they may promise quick fixes or tap into local frustrations, their strategies frequently involve highlighting differences rather than building bridges. By focusing on "wedge issues" and identity politics, these groups risk fracturing the very social fabric that makes Britain strong.

A vote for these parties is, unfortunately, a vote for continued uncertainty. Fragmentation in our local councils creates hurdles for national progress, making it harder to implement the cohesive policies our country so desperately needs. When we choose to support "protest parties," we are effectively choosing a path that leads away from clarity and toward the darkness of political stalemate.

Under the current Labour leadership, we are finally seeing the groundwork being laid for a revitalized Britain. We must remember that fixing a country is not like redecorating a single room or shifting houses; it is a monumental task that requires patience, discipline, and a unified strategy.

The Health Secretary's recent initiatives are a primary example of this. While the full impact of structural reforms in the NHS may not be visible on every street corner today, the seeds of change have been sown. In the next one to two years, as the backlog clears and the "Best Start" Family Hubs, over 200 of which are opening this year, begin to support our youngest citisens, the difference will be undeniable. Labour is focusing on the "First 1000 Days" of a child's life, ensuring that health and education are prioritized from the very beginning. This is how we protect our children's future.

To serve the country without hurdles, we need a seamless connection between our local councils and the national government. When local and national leaders share the same vision of equality and community work, the "red tape" of political bickering disappears.

We must encourage our youth, our parents, and our friends to see the bigger picture. Supporting Labour is about more than just a party preference; it is about choosing a unified national culture over a divided one. It is about allowing a government to complete its mission of renewal without the constant distraction of negativity from those who seek fame through division.

Let us choose hope over darkness. Let us choose a future where our communities are united by their shared aspirations rather than divided by their differences. This election, let's vote for unity. Let's vote Labour.

35 ਸਫੇ ਦੀ ਬਾਕੀ

ਸਿਰੇ ਦੀ ਗੁੰਡਾਗਰਦੀ, ਲਾਲਚਖੋਰੀ, ਸੈਂਟਰ ਦੀਆਂ ਫ਼ੋਰਸਾਂ ਦੀ ਦਹਿਸ਼ਤ, ਈਡੀ ਅਤੇ ਅਦਾਲਤਾਂ ਦੇ ਡਰਾਵੇ ਦਿੱਤੇ ਜਾਂਦੇ ਨੇ ਉਸ ਅਨੁਸਾਰ ਤਾਂ ਮੋਦੀ ਭਾਵੇਂ ਅਮਰੀਕਾ ਵਿੱਚ ਵੀ ਖੜ੍ਹ ਜਾਵੇ ਤਾਂ ਟਰੰਪ ਨੂੰ ਵੀ ਹਰਾ ਸਕਦਾ ਹੈ ਤੇ ਪਾਕਿਸਤਾਨ 'ਚ ਵੀ ਭਾਜਪਾ ਦੀ ਸਰਕਾਰ ਬਣਾ ਸਕਦਾ ਹੈ।

ਇਸ ਸਮੇਂ ਪੰਜਾਬ ਵਿੱਚ ਬਥੇਰੇ ਸਿੱਖ ਚਿਹਰਿਆਂ ਵਾਲੇ ਭਾਜਪਾਈ ਆਗੂ ਨੇ ਜੋ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾਉਣ ਲਈ ਉਤਾਵਲੇ ਹੋਏ ਫਿਰਦੇ ਨੇ। ਇਹਨਾਂ ਦੇ ਪਿੱਛੇ ਲਗ ਕੇ ਕੁਝ ਲੋਕ ਵੀ ਚਾਹੁੰਦੇ ਹੋਣਗੇ ਕਿ ਕਾਂਗਰਸ, ਬਾਦਲ ਦਲ ਤੇ ਝਾੜੂ ਪਾਰਟੀ ਦਾ ਰਾਜ ਤਾਂ ਵੇਖ ਲਿਆ, ਹੁਣ ਭਾਜਪਾ ਨੂੰ ਵੀ ਲੈ ਆਉਂਦੇ ਹਾਂ ਪਰ ਵੇਖਿਓ ਜੇ ਪੰਜਾਬ ਵਿੱਚ ਕਿਤੇ ਭਾਜਪਾ ਦੀ ਸਰਕਾਰ ਬਣ ਗਈ ਤਾਂ ਇਹੀ ਲੋਕ ਬਾਅਦ ਵਿੱਚ ਮੱਥੇ ਨੂੰ ਹੱਥ ਮਾਰ-ਮਾਰ ਕੇ ਰੋਇਆ ਕਰਨਗੇ ਜਿਵੇਂ ਬਾਕੀ ਸੂਬਿਆਂ 'ਚ ਜਿੱਥੇ ਭਾਜਪਾ ਹੈ ਓਥੋਂ ਦੇ ਲੋਕ ਬੇਹੱਦ ਦੁਖੀ ਨੇ ਪਰ ਕਿਸੇ ਦਾ ਸਰਕਾਰ ਅੱਗੇ ਕੋਈ ਜ਼ੋਰ ਨਹੀਂ ਚੱਲਦਾ, ਅਫ਼ਸਰਸ਼ਾਹੀ ਵੀ ਸਭ ਖ੍ਰੀਦੀ ਹੋਈ ਹੈ, ਫਿਰ ਓਹੀ ਕੁਝ ਪੰਜਾਬ ਨੂੰ ਵੀ ਹੰਢਾਉਣਾ ਪਵੇਗਾ।

ਜਿਹੜੇ ਸਿੱਖ, ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਨੂੰ ਸਮਰਪਿਤ ਹਨ ਜੋ ਪੰਜਾਬ ਦੀ ਧਰਤੀ ਉੱਤੇ ਅਜ਼ਾਦ ਸਿੱਖ ਰਾਜ ਚਾਹੁੰਦੇ ਹਨ ਉਹ ਤਾਂ ਕਦੇ ਵੀ ਨਹੀਂ ਚਾਹੁਣਗੇ ਕਿ ਸਾਡੇ ਗੁਰੂਆਂ, ਸੂਰਬੀਰਾਂ ਤੇ ਸ਼ਹੀਦਾਂ ਦੇ ਪੰਜਾਬ ਉੱਤੇ ਹਿੰਦੂਤਵੀ ਜਮਾਤ ਭਾਜਪਾ ਦਾ ਰਾਜ ਹੋਵੇ ਤੇ ਹਿੰਦੀ, ਹਿੰਦੂ, ਹਿੰਦੁਸਤਾਨ ਦਾ ਬੋਲਬਾਲਾ ਹੋਵੇ। ਪੰਥਪ੍ਰਸਤ ਅਤੇ ਖ਼ਾਲਿਸਤਾਨੀ ਸਿੰਘਾਂ ਨੇ ਕਾਂਗਰਸ ਅਤੇ ਬਾਦਲ ਦੀਆਂ ਸਰਕਾਰਾਂ ਦਾ ਵੀ ਬਥੇਰਾ ਬੁੱਚੜਪੁਣਾ ਵੇਖਿਆ ਹੈ, ਚੰਨੀ ਅਤੇ ਭਗਵੰਤ ਮਾਨ ਵੀ ਝੱਲੇ ਹਨ ਤੇ ਭਾਜਪਾ ਦਾ ਮੁਕਾ-ਬਲਾ ਵੀ ਕਰ ਲੈਣਗੇ, ਪਰ ਆਮ ਲੋਕਾਂ ਦਾ ਸਭ ਤੋਂ ਵੱਧ ਜੀਣਾ ਹਰਾਮ ਹੋਵੇਗਾ।



ਕਾਂਗਰਸ, ਬਾਦਲ ਦਲ ਤੇ ਆਮ ਆਦਮੀ ਪਾਰਟੀ ਨਾਲੋਂ ਸਭ ਤੋਂ ਵੱਧ ਖ਼ਤਰਨਾਕ ਭਾਜਪਾ ਹੀ ਹੈ। ਇਸ ਗੱਲ ਦਾ ਅਫ਼ਸੋਸ ਜ਼ਰੂਰ ਹੁੰਦਾ ਹੈ ਕਿ ਆਪਣੇ ਆਪ ਨੂੰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਵਾਰਸ ਅਤੇ ਦਮਦਮੀ ਟਕਸਾਲ ਦੇ ਮੁਖੀ ਅਖਵਾਉਣ ਵਾਲੇ ਖ਼ੁਦ ਭਾਜਪਾ ਦਾ ਝੰਡਾ ਚੁੱਕੀ ਫਿਰਦੇ ਹਨ। ਹਰੇਕ ਪੰਥ ਦਰਦੀ ਹੈਰਾਨ ਹੈ ਕਿ ਬਾਬਾ ਕਿਹੜੇ ਰਾਹ ਤੁਰ ਪਏ ਹਨ, ਉਹਨਾਂ ਨੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਦੀ 2019 ਵਿੱਚ ਤਾਂ ਹਮਾਇਤ ਕੀਤੀ ਨਹੀਂ ਸੀ, 2024 ਵਿੱਚ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਲਈ ਤਾਂ ਵੋਟਾਂ ਮੰਗੀਆਂ ਨਹੀਂ ਸਨ ਅਤੇ ਨਾ ਹੀ 2025 ਦੀ ਜ਼ਿਮਨੀ ਚੋਣ ਵਿੱਚ ਸੂਰੀ ਨੂੰ ਮਾਰਨ ਵਾਲੇ ਭਾਈ ਸੰਦੀਪ ਸਿੰਘ ਸੰਨੀ ਦੇ ਭਰਾ ਭਾਈ ਮਨਦੀਪ ਸਿੰਘ ਖ਼ਾਲਸਾ ਦੀ ਖ਼ੁਦ ਆਪ ਜਾ ਕੇ ਹਮਾਇਤ ਕੀਤੀ ਸੀ। ਪਰ ਭਾਜਪਾ ਲਈ ਬਾਬਾ ਜੀ ਹਮੇਸ਼ਾਂ ਤਤਪਰ ਰਹਿੰਦੇ ਹਨ। ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾਉਣ ਦਾ ਮਤਲਬ ਹੈ ਕਿ ਸਿੱਖਾਂ ਦੀ ਧੌਣ ਭਾਜਪਾ ਦੇ ਅੱਗੇ ਕਰ ਦੇਣੀ ਕਿ ਵੱਢ ਲਵੋ ਜਿੰਨੇ ਵੱਢ ਹੁੰਦੇ ਨੇ।

ਜਿਵੇਂ ਬਾਦਲਾਂ ਨੇ ਪੰਜਾਬ ਵਿੱਚ ਭਾਜਪਾ ਦੇ ਪੈਰ ਲਵਾਏ ਹਨ ਇਸੇ ਤਰ੍ਹਾਂ ਬੰਗਾਲ ਵਿੱਚ ਵੀ ਭਾਜਪਾ ਦੀ ਐਂਟਰੀ ਪਹਿਲੀ ਵਾਰ ਮਮਤਾ ਬੈਨਰਜੀ ਨੇ ਹੀ ਕਰਵਾਈ ਸੀ, ਇਉਂ ਅੱਗ ਲੈਣ ਗਈ ਭਾਜਪਾ ਹਰੇਕ ਜਗ੍ਹਾ ਘਰ ਦੀ ਮਾਲਕਣ ਬਣ ਕੇ ਬਹਿ ਜਾਂਦੀ ਹੈ। ਭਾਜਪਾ ਨੇ ਮਹਾਂਰਾਸ਼ਟਰ ਵਿੱਚ ਸ਼ਿਵ ਸੈਨਾ ਨਾਲ ਅਤੇ ਕਸ਼ਮੀਰ ਵਿੱਚ ਮਹਿਬੂਬਾ ਮੁਫ਼ਤੀ ਨਾਲ ਜੋ ਕੀਤਾ ਉਹ ਸਭ ਦੇ ਸਾਹਮਣੇ ਹੈ। ਪੰਜਾਬ ਵਿੱਚ ਵੀ ਤਾਂ ਬਾਦਲਾਂ ਨਾਲ ਭਾਜਪਾ ਨੇ ਸਭ ਤੋਂ ਵੱਧ ਮਾੜੀ ਕੀਤੀ ਹੈ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਅਤੇ ਖ਼ਤਮ ਕਰਕੇ ਹੁਣ ਇਕੱਲੀ ਹੀ ਸਰਕਾਰ ਬਣਾਉਣ ਲਈ ਤਿਆਰੀਆਂ ਕੱਸੀ ਫਿਰਦੀ ਹੈ।

ਹਰ ਸਿੱਖ ਅਤੇ ਪੰਜਾਬੀ ਨੂੰ ਜਾਗਰੂਕ ਹੋਣਾ ਪੈਣਾ ਹੈ। ਜੇ ਪੰਜਾਬ ਵਿੱਚ ਵੀ ਭਾਜਪਾ ਕਿਸੇ ਤਰ੍ਹਾਂ ਸਰਕਾਰ ਬਣਾ ਗਈ ਤਾਂ ਸਿੱਖਾਂ ਤੇ ਪੰਜਾਬੀਆਂ ਲਈ ਮੀਰ ਮੰਨੂ ਤੇ ਜ਼ਕਰੀਆ ਖ਼ਾਂ ਵਾਲਾ ਸਮਾਂ ਮੁੜ ਆ ਜਾਏਗਾ। ਸਿੱਖੀ ਦਾ ਨਿਆਰਾਪਨ ਅਤੇ ਪੰਜਾਬੀਅਤ ਨੂੰ ਵੱਡਾ ਖਤਰਾ ਪੈਦਾ ਹੋਵੇਗਾ। ਜਿਵੇਂ ਬ੍ਰਾਹਮਣਵਾਦ/ਹਿੰਦੂਤਵ ਨੇ ਬੁੱਧ ਧਰਮ ਅਤੇ ਜੈਨ ਧਰਮ ਨੂੰ ਖ਼ਤਮ ਕੀਤਾ ਓਵੇਂ ਹੀ ਸਿੱਖ ਧਰਮ ਨਾਲ ਹੋਵੇਗਾ।

**– ਰਣਜੀਤ ਸਿੰਘ ਦਮਦਮੀ ਟਕਸਾਲ**
**(ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ)**

## ਕੈਂਟੁਕੀ ਵਿਚ ਬੈਂਕ ਵਿੱਚ ਲੁੱਟਮਾਰ ਦੌਰਾਨ ਗੋਲੀਬਾਰੀ ਵਿੱਚ ਦੋ ਮੁਲਾਜ਼ਮਾਂ ਦੀ ਮੌਤ, ਸ਼ੱਕੀ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੇਂਦਰੀ ਕੈਂਟੁਕੀ ਵਿੱਚ ਇਕ ਬੈਂਕ ਵਿਚ ਹੋਈ ਲੁੱਟਮਾਰ ਦੌਰਾਨ ਲੁਟੇਰੇ ਵੱਲੋਂ ਕੀਤੀ ਗੋਲੀਬਾਰੀ ਵਿੱਚ ਦੋ ਬੈਂਕ ਮੁਲਾਜਮਾਂ ਦੀ ਮੌਤ ਹੋ ਗਈ ਜਿਨਾਂ ਵਿੱਚ ਇਕ ਔਰਤ ਮੁਲਾਜਮ ਸ਼ਾਮਿਲ ਹੈ। ਕੈਂਟੁਕੀ ਸਟੇਟ ਟਰੁੱਪਰ ਜਸਟਿਨ ਕੀਅਰਨੇ ਨੇ ਕਿਹਾ ਹੈ ਕਿ ਬੈਂਕ ਲੁੱਟਮਾਰ ਦੀ ਇਹ ਘਟਨਾ ਮੈਡੀਸਨ ਕਾਊਂਟੀ ਦੇ ਸ਼ਹਿਰ ਬੇਰੀਆ ਵਿੱਚ ਵਾਪਰੀ।

ਨਕਾਬਧਾਰੀ ਇਕ ਲੁਟੇਰਾ ਦੁਪਹਿਰ 2 ਵਜੇ ਤੋਂ ਪਹਿਲਾਂ ਬੈਂਕ ਵਿੱਚ ਦਾਖਲ ਹੋਇਆ। ਬੈਂਕ ਵਿਚ ਦਾਖਲ ਹੁੰਦਿਆਂ ਹੀ ਉਸ ਨੇ ਗੋਲੀਬਾਰੀ ਕਰਕੇ 2 ਬੈਂਕ ਮੁਲਾਜਮਾਂ ਦੀ ਹੱਤਿਆ ਕਰ ਦਿੱਤੀ। ਬਾਅਦ ਵਿਚ ਉਸ ਨੂੰ ਬੈਂਕ ਵਿਚੋਂ ਜੋ ਵੀ ਕੁਝ ਮਿਲਿਆ ਲੈ ਕੇ ਸਿਲਵਰ ਰੰਗ ਦੀ ਬੀ ਐਮ ਡਬਲਯੂ ਸੇਡਾਨ ਗੱਡੀ ਵਿਚ ਫਰਾਰ ਹੋ ਗਿਆ ਜਿਸ ਨੂੰ ਪੁਲਿਸ ਨੇ ਪਿੱਛਾ ਕਰਕੇ ਲੈਕਿਸੰਗਟਨ ਵਿਚੋਂ ਗ੍ਰਿਫਤਾਰ ਕਰ ਲਿਆ ਜਿਸ ਦੀ ਪਛਾਣ 18 ਸਾਲਾ ਬਰੇਲਨ ਵੀਵਰ ਵਜੋਂ ਹੋਈ ਹੈ। ਉਸ ਵਿਰੁੱਧ 2 ਹੱਤਿਆਵਾਂ ਤੇ ਲੁੱਟਮਾਰ ਦੇ ਸੰਘੀ ਦੋਸ਼ ਆਇਦ ਕੀਤੇ ਗਏ ਹਨ।


– ਲੇਖਕ –
ਗਿਆਨੀ
ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਕਬੀਰ ਜੀ ਦੇ ਇਹ ਵਾਕ ਪ੍ਰਮਾਣਤ ਕਰਦੇ ਹਨ ਕਿ ਉਹ ਪੁਨਰ-ਜਨਮ ਪ੍ਰਥਾ ਦੇ ਧਾਰਨੀ ਸਨ । ਠੀਕ ਇਹ ਜਾਪਦਾ ਹੈ, ਕਬੀਰ ਜੀ ਨੇ ਜਦੋਂ ਜਦੋਂ ਵੇਸ ਬਦਲੇ ਉਨ੍ਹਾਂ ਨੇ ਪਹਿਲੇ ਕਿਰਿਆ ਕਰਮਾਂ ਅਤੇ ਵਿਸਵਾਸਾਂ ਨੂੰ ਕੁੰਜ ਵਾਂਗ ਲਾਹ ਸੁੱਟਿਆ । ਭਾਸ਼ਾ ਅਤੇ ਖਿਆਲਾਂ ਉੱਤੇ ਜੋ ਅੰਸ਼ਕ ਅਸਰ ਹੈ ਉਹ ਕਬੀਰ ਜੀ ਦੀ ਪਿੱਛੇ ਝਾਕਣ ਦੀ ਜਾਣਕਾਰੀ ਦਿੰਦੇ ਹਨ । ਜਿਸ ਦੀਆਂ ਪੈੜਾਂ ਸੁੰਘ ਕੇ ਖੋਜੀ ਸਹਿਜੇ ਹੀ ਜਾਣ ਸਕਦੇ ਹਨ ਕਬੀਰ ਜੀ ਕਿਥੋਂ ਕਿਥੋਂ ਦੀ ਗੁਜ਼ਰੇ ਸੀ ?**

**ਕਬੀਰ ਜੀ ਦਾ ਉੱਚਾ ਤੇ ਸ਼ੁੱਧ ਖਿਆਲ ਹੈ ਮਨੁੱਖ, ਮਨੁੱਖ ਹੈ । ਉਸ ਤੋਂ ਉੱਪਰ ਹੈ ਗਿਆਨੀ । ਚਾਹੇ ਉਹ ਕਿਸੇ ਰੂਪ ਵਿੱਚ ਵੀ ਹੋਵੇ । ਰੱਬ ਹਿੰਦੂਆਂ, ਮੁਸਲਮਾਨਾਂ ਵਿੱਚ ਧਰਮਾਂ ਦੀਆਂ ਵੰਡੀਆਂ ਨਹੀਂ ਪਾਉਂਦਾ, ਇਹ ਮਨੁੱਖੀ ਕਰਤੂਤਾਂ ਹਨ । ਹਿੰਦੂ ਤੁਰਕ ਕਹਾਂ ਤੇ ਆਏ ।**




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–41**

ਕੀ ਕਬੀਰ ਜੀ ਨੇ ਅਵਤਾਰਵਾਦ ਅਤੇ ਪੁਨਰ ਜਨਮ ਦਾ ਸਿਧਾਂਤ ਨਹੀਂ ਮੰਨਿਆ ? ਇਹ ਮੱਤ ਬਣਾਉਣ ਵਾਲਿਆਂ ਨੇ ਜਾਪਦਾ ਹੈ ਕਬੀਰ ਜੀ ਦੀ ਬਾਣੀ ਨੂੰ ਧਿਆਨ ਨਾਲ ਨਹੀਂ ਵਾਚਿਆ, ਜਿਥੇ ਉਹ ਕ੍ਰਿਸ਼ਨ ਜੀ ਦੇ ਗੁਣ ਗਾ ਰਹੇ ਹਨ। (ਕਬੀਰ ਜੀ ਦੇ ਅਵਤਾਰਵਾਦੀ ਹੋਣ ਦੀ ਵੱਖਰੀ ਚਰਚਾ ਕੀਤੀ ਗਈ ਹੈ) ਪੁਨਰ ਜਨਮ ਸੰਬੰਧੀ ਕਬੀਰ ਜੀ ਨੇ ਆਪਣੀ ਬਾਣੀ ਵਿੱਚ ਇਕ ਵਾਰ ਨਹੀਂ ਕਈ ਵਾਰੀ, ਕਈ ਢੰਗਾਂ ਨਾਲ ਦੂਹਰਾ ਦੂਹਰਾ ਕੇ ਪੁਨਰ ਜਨਮ ਦੀ ਮਾਨਤਾ ਸਾਹਮਣੇ ਲਿਆਂਦੀ ਹੈ।

ਸਤਿਗੁਰ ਦੀ ਪ੍ਰਾਪਤੀ ਦੇ ਪਰਉਪਕਾਰ ਦਾ ਇਕ ਲੱਖਣ ਕਰਦਿਆਂ ਕਿਹਾ ਹੈ ਕਿ ਇਹ ਪੂਰਬਲੇ ਜਨਮਾਂ ਦੀ ਸੇਵਾ ਅਤੇ ਲਿਖੇ ਹੋਏ ਲੇਖਾਂ ਦਾ ਫਲ ਹੈ:

(ਚ) ਸਤਿਗੁਰ ਕੀਨੋ ਪਰਉਪਕਾਰੁ॥
ਕਾਢਿ ਲੀਨ ਸਾਗਰ ਸੰਸਾਰ॥
ਅਪਨੀ ਭਗਤਿ ਆਪ ਹੀ ਦ੍ਰਿੜਾਈ॥
ਪੂਰਬ ਲਿਖਤੁ ਮਿਲਿਆ ਮੇਰੇ ਭਾਈ॥
(ਗਉੜੀ ਕਬੀਰ ਜੀ–331)

ਇਕ ਥਾਂ ਕਬੀਰ ਜੀ ਦਾ ਕਥਨ ਹੈ, ਜੋਨੀਆਂ ਵਿੱਚ ਭਰਮਦਾ ਥੱਕ ਗਿਆ ਸੀ, ਗੁਰੂ ਦੇ ਮਿਲਣ ਤੋਂ ਮਹਾਂਰਸ ਪ੍ਰਾਪਤ ਹੋਇਆ। ਪ੍ਰੇਮਾ-ਭਗਤੀ ਦੀ ਲਗਨ ਲੱਗੀ ਤਾਂ ਨਿਸਤਾਰਾ ਹੋਇਆ:

ਧਾਵਤ ਜੋਨਿ ਜਨਮ ਭ੍ਰਮਿ
ਥਾਕੇ ਅਬ ਦੁਖ ਕਰਿ ਹਮ ਹਾਰਿਓ ਰੇ॥
ਕਹਿ ਕਬੀਰ ਗੁਰ ਮਿਲਤ ਮਹਾ ਰਸੁ
ਪ੍ਰੇਮ ਭਗਤਿ ਨਿਸਤਾਰਿਓ ਰੇ॥
(ਗਉੜੀ ਕਬੀਰ ਜੀ–335)

ਪ੍ਰੇਮਾ ਭਗਤੀ ਬਿਨ ਕਈ ਜਨਮ ਬਿਰਥੇ ਗਏ। ਅਨੇਕਾਂ ਜੋਨਾਂ ਵਿੱਚ ਕਾਲ (ਮੌਤ) ਦਾ ਖਾਜਾ ਹੀ ਬਣਦੇ ਰਹੇ:

ਭਗਤੀ ਬਿਨੁ ਬਿਰਥੇ ਜਨਮੁ ਗਇਓ॥
ਸਾਧ ਸੰਗਤਿ ਭਗਵਾਨ ਭਜਨ
ਬਿਨੁ ਕਹੀ ਨ ਸਚੁ ਰਹਿਓ॥ 1॥ਰਹਾਉ॥
ਜਿਉ ਉਦਿਆਨ ਕੁਸਮ
ਪਰਫੁਲਿਤ ਕਿਨਹਿ ਨ ਘ੍ਰਾਉ ਲਇਓ॥
ਤੈਸੇ ਭ੍ਰਮਤ ਅਨੇਕ ਜੋਨਿ ਮਹਿ
ਫਿਰਿ ਫਿਰਿ ਕਾਲ ਹਇਓ॥

ਕਹਿ ਕਬੀਰ ਤੈ ਸਾਗਰ ਤਰਨ
ਕਉ ਮੈ ਸਤਿਗੁਰ ਓਟ ਲਇਓ॥
(ਗਉੜੀ ਕਬੀਰ ਜੀ 336)

ਅਸਥਾਵਰ ਜੰਗਮ ਕੀਟ ਪਤੰਗਾ
ਅਨਿਕ ਜਨਮ ਕੀਏ ਬਹੁਰੰਗਾ॥
ਐਸੇ ਘਰ ਹਮ ਬਹੁਤ ਬਸਾਏ॥
ਜਬ ਹਮ ਰਾਮ ਗਰਭ ਹੋਇ ਆਏ॥
ਰਹਾਉ॥
ਜੋਗੀ ਜਤੀ ਤਪੀ ਬ੍ਰਹਮਚਾਰੀ॥
ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ॥
(ਗਉੜੀ ਕਬੀਰ–325)

ਕਬੀਰ ਜੀ ਦੇ ਇਹ ਵਾਕ ਪ੍ਰਮਾਣਤ ਕਰਦੇ ਹਨ ਕਿ ਉਹ ਪੁਨਰ-ਜਨਮ ਪ੍ਰਥਾ ਦੇ ਧਾਰਨੀ ਸਨ। ਠੀਕ ਇਹ ਜਾਪਦਾ ਹੈ, ਕਬੀਰ ਜੀ ਨੇ ਜਦੋਂ ਜਦੋਂ ਵੇਸ ਬਦਲੇ ਉਨ੍ਹਾਂ ਨੇ ਪਹਿਲੇ ਕਿਰਿਆ ਕਰਮਾਂ ਅਤੇ ਵਿਸਵਾਸਾਂ ਨੂੰ ਕੁੰਜ ਵਾਂਗ ਲਾਹ ਸੁੱਟਿਆ। ਭਾਸ਼ਾ ਅਤੇ ਖਿਆਲਾਂ ਉੱਤੇ ਜੋ ਅੰਸ਼ਕ ਅਸਰ ਹੈ ਉਹ ਕਬੀਰ ਜੀ ਦੀ ਪਿੱਛੇ ਝਾਕਣ ਦੀ ਜਾਣਕਾਰੀ ਦਿੰਦੇ ਹਨ। ਜਿਸ ਦੀਆਂ ਪੈੜਾਂ ਸੁੰਘ ਕੇ ਖੋਜੀ ਸਹਿਜੇ ਹੀ ਜਾਣ ਸਕਦੇ ਹਨ ਕਬੀਰ ਜੀ ਕਿਥੋਂ ਕਿਥੋਂ ਦੀ ਗੁਜ਼ਰੇ ਸੀ ?

## ਕਬੀਰ ਅਤੇ ਇਸਲਾਮ :

ਕਬੀਰ ਜੀ ਦਾ ਉੱਚਾ ਤੇ ਸ਼ੁੱਧ ਖਿਆਲ ਹੈ ਮਨੁੱਖ, ਮਨੁੱਖ ਹੈ। ਉਸ ਤੋਂ ਉੱਪਰ ਹੈ ਗਿਆਨੀ। ਚਾਹੇ ਉਹ ਕਿਸੇ ਰੂਪ ਵਿੱਚ ਵੀ ਹੋਵੇ। ਰੱਬ ਹਿੰਦੂਆਂ, ਮੁਸਲਮਾਨਾਂ ਵਿੱਚ ਧਰਮਾਂ ਦੀਆਂ ਵੰਡੀਆਂ ਨਹੀਂ ਪਾਉਂਦਾ, ਇਹ ਮਨੁੱਖੀ ਕਰਤੂਤਾਂ ਹਨ। ਹਿੰਦੂ ਤੁਰਕ ਕਹਾਂ ਤੇ ਆਏ। ਕਿਨਿ ਏਹ ਰਾਹ ਚਲਾਈ॥ ਕਬੀਰ ਜੀ ਨਿਸੰਗਤਾ ਨਾਲ ਸਰ੍ਹਾ ਦੇ ਬੰਧਨਾਂ ਬਾਰੇ ਪ੍ਰਹਾਰ ਕਰਦੇ ਹਨ:

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ
ਮੈ ਨ ਬਦਉਗਾ ਭਾਈ॥
ਜਉ ਰੇ ਖੁਦਾਇ ਮੋਹਿ ਤੁਰਕੁ
ਕਰੈਗਾ ਆਪਨ ਹੀ ਕਟਿ ਜਾਈ॥
ਸੁੰਤਿ ਕੀਏ ਤੁਰਕੁ ਜੋ ਹੋਇਗਾ
ਅਉਰਤ ਕਾ ਕਿਆ ਕਰੀਐ॥
ਅਰਧ ਸਰੀਰੀ ਨਾਰਿ ਨ ਛੋਡੈ
ਤਾ ਤੇ ਹਿੰਦੂ ਹੀ ਰਹੀਐ॥
(ਆਸਾ ਕਬੀਰ–477)

## ਰੋਜ਼ੇ ਅਤੇ ਨਿਮਾਜ਼ਾਂ :

ਰੋਜ਼ਾ ਧਰੈ ਮਨਾਵੈ ਅਲਹੁ
ਸੁਆਦਤਿ ਜੀਅ ਸੰਘਾਰੈ॥
ਆਪਾ ਦੇਖਿ ਅਵਰ ਨਹੀ ਦੇਖੈ
ਕਾਹੇ ਕਉ ਝਖ ਮਾਰੈ॥
(ਆਸਾ ਕਬੀਰ–483)

ਅਲਹੁ ਗੈਬੁ ਸਗਲ ਘਟ ਭੀਤਰਿ
ਹਿਰਦੈ ਲੇਹੁ ਬਿਚਾਰੀ॥
ਹਿੰਦੂ ਤੁਰਕ ਦੁਹੂੰ ਮਹਿ ਏਕੈ
ਕਹੈ ਕਬੀਰ ਪੁਕਾਰੀ॥
(ਆਸਾ ਕਬੀਰ–483)

ਕਬੀਰ ਜੀ ਨੇ ਇਸਲਾਮੀ ਰੀਤਾਂ, ਸਲਾਮ ਬਾਂਗ ਨਿਵਾਜ਼ ਰੋਜ਼ੇ ਦਾ ਜ਼ਿਕਰ ਆਪਣੀ ਬਾਣੀ ਵਿੱਚ ਕੀਤਾ ਹੈ। ਇਸਲਾਮਕ ਥਾਵਾਂ ਦੇ ਨਾਮ ਵੀ ਦਿੱਤੇ ਹਨ:

ਸਹੰਸ ਨਾਮੁ ਲੈ ਲੈ ਕਰਉ ਸਲਾਮੁ॥
(ਆਸਾ ਕਬੀਰ ਜੀ–476)

ਮਨੁ ਕਰਿ ਮਕਾ ਕਿਬਲਾ ਕਰਿ ਦੇਹੀ॥
ਕਹੁ ਰੇ ਮੁਲਾ ਬਾਗ ਨਿਵਾਜ॥
ਏਕ ਮਸੀਤਿ ਦਸੈ ਦਰਵਾਜ॥
(ਭੈਰਉ ਕਬੀਰ ਜੀ–1158)

ਦਸ ਦਰਵਾਜਿਆਂ ਵਾਲੇ ਸਰੀਰ ਨੂੰ ਮਸੀਤ ਕਹਿਕੇ, ਹਿੰਦੂ ਤੁਰਕ ਕਾ ਸਾਹਿਬ ਏਕ ਰਾਹੀਂ ਮਜ਼ਹਬੀ ਜਨੂੰਨ ਉੱਤੇ ਚੋਟ ਮਾਰੀ ਹੈ। ਹਿੰਦੂ ਤੁਰਕ ਕਹਾਂ ਤੇ ਆਏ ਕਿਨ ਇਹ ਰਾਹ ਚਲਾਈ॥ (ਆਸਾ)

ਸੋ ਮੁੱਲਾ ਜੋ ਮਨ ਸਿਉ ਲਰੈ, ਮਜ਼ਹਬੀ ਆਗੂ ਮੁੱਲਾਂ ਦਾ ਕੰਮ ਸਰ੍ਹਾ ਲਈ ਲੜਨਾ ਨਹੀਂ ਮਨ ਨਾਲ ਲੜਨਾ ਦੱਸਿਆ ਹੈ। ਇਕ ਥਾਂ, ਅਲਹ ਏਕ ਮਸੀਤ ਬਸਤ ਹੈ ਦੀ ਮਾਨਤਾ ਰੱਦ ਕੀਤੀ ਹੈ। ਫਿਰ ਅਵਰੁ ਮੁਲਕ ਕਿਸੁ ਕੇਰਾ ਕੀ ਹੋਰ ਥਾਵਾਂ ਅਲ੍ਹਾ ਤੋਂ ਬਿਨਾਂ ਹੀ ਹਨ ? ਨਾਲ ਹੀ ਹਿੰਦੂ ਤੀਰਥਾਂ ਉੱਤੇ ਕਟਾਖਸ਼ ਕੀਤਾ ਹੈ:

ਕਬੀਰ ਗੰਗਾ ਤੀਰ ਜੁ ਘਰ ਕਰਹਿ ਪੀਵਹਿ ਨਿਰਮਲ ਨੀਰੁ। ਬਿਨੁ ਹਰਿ ਭਗਤ ਨ ਮੁਕਤ ਹੋਏ ਇਉ ਕਹਿ ਰਮੈ ਕਬੀਰ (ਸਲੋਕ ਕਬੀਰ–1367) ਕਹਾਂ ਉਡੀਸੇ ਮਜਨੁ ਕੀਆ ਦੇ ਕਟਾਖਸ਼ ਕੀਤੇ ਹਨ। ਦੱਖਨ ਦੇਸਿ ਹਰੀ ਕਾ ਬਾਸਾ ਮੰਨਣ ਵਾਲੇ ਹਿੰਦੂਆਂ ਨੂੰ ਪੱਛਮ ਅਲਹਿ ਮੁਕਾਮਾਂ ਸਮਝਣ ਵਾਲੇ ਮੁਸਲਮਾਨਾਂ ਨੂੰ ਸੁਮੱਤ ਦਿੱਤੀ ਹੈ, ਵੱਖੋ ਵੱਖਰੀਆਂ ਦਿਸ਼ਾਵਾਂ ਵਿੱਚ ਰੱਬ ਦਾ ਮੁਕਾਮ ਖੋਜਣ ਦੀ ਥਾਂ ਦਿਲਾਂ ਵਿੱਚ ਖੋਜੋ, ਰੱਬ ਦੀ ਅਸਲ ਇਹੀ ਥਾਂ ਹੈ। ਜੋ ਦਿਲ ਵਿੱਚ ਕਪਟ ਹੋਵੇ ਹੱਜ ਕਾਬੇ ਜਾਣ ਦਾ ਕੀ ਲਾਭ: ਦਿਲ ਮਹਿ ਖੋਜਿ ਦਿਲੋ ਦਿਲ ਖੋਜਹ ਏਹੀ ਠਉਰ ਮੁਕਾਮਾ।

ਰੋਜ਼ਾ ਧਰਹਿ ਮਨਾਵਹਿ ਅਲਹ ਸੁਆਦਤ ਜੀਐ ਸੰਘਾਰੋ, ਰੋਜ਼ੇ ਰੱਖਕੇ ਈਦ ਵਾਲੇ ਦਿਨ ਕੁਰਬਾਨੀ ਦੇ ਨਾਮ ਉੱਤੇ ਜੀਅ ਬਧ ਕਰਨਾ, ਕੀ ਆਪਣੇ ਸੁਆਦ ਲਈ ਇੰਝ ਨਹੀਂ ਕੀਤਾ ਜਾਂਦਾ ? ਅੱਗੇ ਫਿਰ ਦੁਹਰਾਇਆ ਹੈ, ਜਉ ਦਿਲ ਮਹਿ ਕਪਟ ਨਿਵਾਜ ਗੁਜਾਰਹ, ਕਿਆ ਹੱਜ ਕਾਬੇ ਜਾਈ ? ਰੇ! ਨਾਪਾਕ ਬੰਦੇ! ਤੈ ਪਾਕ ਪਵਿਤ੍ਰ ਈਸ਼ਵਰ ਨੂੰ ਨਹੀਂ ਬੁੱਝਿਆ। ਭਾਲ ਬਹਿਸ਼ਤਾਂ ਦੀ ਕਰਦਾ ਹੈਂ ਰਾਹ ਦੋਜਖਾਂ ਦੇ ਪਿਆ ਹੋਇਆ ਹੈਂ। ਕੀ ਇਹੋ ਹੀ ਸਭਨਾਂ ਵਿੱਚ ਖੁਦਾ ਵਸਣ ਦਾ ਅਮਲ ਹੈ ? ਜੀਅ ਬਧ ਕਰਨਾ, ਮੁਰਗੀਆਂ ਮਾਰਨੀਆਂ। ਬਿਸਮਿਲਾ ਕਹਿਕੇ ਜੀਅ ਮਾਰਨੇ, –ਪਕਰ ਜੀਉ ਆਨਿਆ ਕੀ ਇਹ ਭੀ ਪਵਿੱਤਰ ਕੰਮ ਹਨ ? ਇਨ੍ਹਾਂ ਪ੍ਰਾਣ ਘਾਤੀ ਕੰਮਾਂ ਨੂੰ ਹਲਾਲ ਕਹਿਣਾ ਬਣਦਾ ਨਹੀਂ। ਊਜੂ ਪਾਕ ਕਰਨਾ ਤੇ ਨਿਵਾਜਾਂ ਪੜ੍ਹਨ ਦੇ ਕੀ ਅਰਥ? ਜੇ ਸਭਨਾਂ ਵਿੱਚ ਖੁਦਾ ਰਹਿੰਦਾ ਹੈ ਪਰ ਮੰਨਦੇ ਨਹੀਂ। ਤੰਗ ਨਜ਼ਰੀਏ ਉੱਤੇ ਖੁੱਲ੍ਹੀ ਝਾਤੀ ਸੁੱਟੀ ਹੈ: ਅਲਹ ਏਕ ਮਸੀਤਿ ਬਸਤ ਹੈ ਅਵਰ ਮੁਲਕ ਕਿਸ ਕੇਰਾ। ਏਸੇ ਖਿਆਲ ਨੂੰ ਸਲੋਕਾਂ ਵਿੱਚ ਭੀ ਉਭਾਰਿਆ ਹੈ:

ਕਬੀਰ ਹਜ ਕਾਬੇ ਹਉ ਜਾਇ
ਥਾ ਆਗੈ ਮਿਲਿਆ ਖੁਦਾਇ॥
ਸਾਂਈ ਮੁਝ ਸਿਉ ਲਰਿ ਪਰਿਆ
ਤੁਝੈ ਕਿਨਿ ਫੁਰਮਾਈ ਗਾਇ॥
(197 ਸਲੋਕ ਕਬੀਰ–1375)

ਇਸਲਾਮ ਦਾ ਪਰਿਚਯ, ਕਬੀਰ ਦੀ ਬਾਣੀ ਵਿੱਚ ਅੱਛੀ ਤਰ੍ਹਾਂ ਆਇਆ ਹੈ। ਜਿਸ ਤੋਂ ਪਤਾ ਚੱਲਦਾ ਹੈ ਕਬੀਰ ਜੀ ਇਸਲਾਮੀ ਰਹੁਰੀਤਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ। ਕਬੀਰ ਗ੍ਰੰਥਾਵਲੀ ਅਨੁਸਾਰ ਕਬੀਰ ਜੀ ਨੇ ਤੁਰਕੀ ਧਰਮ ਦੀ ਪਹਿਲਾਂ ਚੰਗੀ ਖੋਜ ਕੀਤੀ ਸੀ:

ਤੁਰਕੀ ਧਰਮ ਹਮੇ ਬਹੁਤ ਖੋਜਾ। ਬਹੁ ਬਜਰਗਾਰ ਕਰੈ ਏ ਬੋਧਾ (ਕਬੀਰ ਗ੍ਰੰਥਾਵਲੀ)

ਕੁਝ ਲੋਗ ਕਹਿੰਦੇ ਹਨ ਕਬੀਰ ਜੀ ਨੇ ਹੱਜ ਜਾਣ ਦਾ ਜ਼ਿਕਰ ਕੀਤਾ ਹੈ ਉਹ ਮੁਸਲਮਾਨ ਸਨ। ਜਿਸ ਢੰਗ ਦੇ ਉਨ੍ਹਾਂ ਹੱਜ ਬਾਰੇ ਕਟਾਖਸ਼ ਕਹੇ ਹਨ, ਉਨ੍ਹਾਂ ਤੋਂ ਮੁਸਲਮਾਨ ਹੋਣਾ ਪ੍ਰਮਾਣਤ ਨਹੀਂ ਹੁੰਦਾ। ਕਬੀਰ ਜੀ ਹੱਜ ਜਾਣ ਦੇ ਵਿਰੋਧੀ ਪ੍ਰਗਟ ਹੁੰਦੇ ਹਨ। ਜੇ ਮੁਸਲਮ ਪ੍ਰਭਾਵੀ ਹੁੰਦੇ ਤਾਂ ਇਸ ਤਰ੍ਹਾਂ ਕਰੜੇ ਵਾਕ ਨਾ ਕਹਿੰਦੇ:

ਮੁਲਾਂ ਮੁਨਾਰੇ ਕਿਆ ਚਢਹਿ
ਸਾਂਈ ਨ ਬਹਰਾ ਹੋਇ॥
ਜਾ ਕਾਰਨਿ ਤੂੰ ਬਾਂਗ ਦੇਹਿ
ਦਿਲ ਹੀ ਭੀਤਰਿ ਜੋਇ॥
(184 ਸਲੋਕ ਕਬੀਰ–1374)

ਕਬੀਰ ਹਜ ਕਾਬੈ ਹੋਇ
ਹੋਇ ਗਇਆ ਕੇਤੀ ਬਾਰ ਕਬੀਰ॥
ਸਾਂਈ ਮੁਝ ਮਹਿ ਕਿਆ ਖਤਾ
ਮੁਖਹੁ ਨ ਬੋਲੈ ਪੀਰ॥
(ਸਲੋਕ ਕਬੀਰ–1375)

ਚਲਦਾ......

# ਬੰਗਾਲ ਚੋਣਾਂ-ਈਵੀਐਮ ਫਿਰ ਜਿੱਤ ਗਈ....!

**ਸੰਦੀਪ ਕੁਮਾਰ**
7009807121
ਐਮ.ਸੀ.ਏ, ਐਮ.ਏ
ਮਨੋਵਿਗਆਨ ਰੂਪਨਗਰ
liberalthinker1621@gmial.com





4 ਮਈ 2026 ਨੂੰ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਰਾਜ ਦੀ ਰਾਜਨੀਤੀ ਵਿੱਚ ਇੱਕ ਇਤਿਹਾਸਕ ਬਦਲਾਅ ਲਿਆਂਦਾ ਹੈ। ਭਾਰਤੀ ਜਨਤਾ ਪਾਰਟੀ (ਬੀਜੇਪੀ) ਨੇ ਲਗਭਗ 206 ਸੀਟਾਂ ਜਿੱਤ ਕੇ ਬਹੁਮਤ ਹਾਸਲ ਕਰ ਲਿਆ ਅਤੇ ਤ੍ਰਿਣਮੂਲ ਕਾਂਗਰਸ (ਟੀਐਮਸੀ) ਨੂੰ 81 ਸੀਟਾਂ ਤੱਕ ਸੀਮਤ ਕਰ ਦਿੱਤਾ। ਮਮਤਾ ਬੈਨਰਜੀ ਦੀ 15 ਸਾਲਾਂ ਲੰਬੀ ਸੱਤਾ ਦਾ ਅੰਤ ਹੋ ਗਿਆ। ਇਹ ਜਿੱਤ ਸਿਰਫ ਇੱਕ ਪਾਰਟੀ ਦੀ ਜਿੱਤ ਨਹੀਂ, ਸਗੋਂ ਬੰਗਾਲ ਦੇ ਲੋਕਾਂ ਵੱਲੋਂ ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਉੱਤੇ ਵੋਟਰਾਂ ਦਾ ਇੱਕ ਤਗੜਾ ਫੈਸਲਾ ਹੈ। ਬੀਜੇਪੀ ਨੇ ਆਪਣੀ ਪੂਰੀ ਤਾਕਤ ਝੋਕ ਕੇ ਇਸ ਚੋਣ ਵਿੱਚ ਲੋਕਾਂ ਦਾ ਵਿਸ਼ਵਾਸ ਜਿੱਤਿਆ ਅਤੇ ਰਾਜ ਵਿੱਚ ਸਰਕਾਰ ਬਣਾਉਣ ਵਿੱਚ ਕਾਮਯਾਬੀ ਹਾਸਲ ਕੀਤੀ।

ਪਿਛਲੀਆਂ ਚੋਣਾਂ ਵਿੱਚ ਟੀਐਮਸੀ ਨੇ ਲਗਾਤਾਰ ਜਿੱਤ ਹਾਸਲ ਕੀਤੀ ਸੀ ਅਤੇ ਮਮਤਾ ਬੈਨਰਜੀ ਨੂੰ ਲਗਾਤਾਰ ਤੀਜੀ ਵਾਰ ਮੁੱਖ ਮੰਤਰੀ ਬਣਾਇਆ ਗਿਆ ਸੀ। ਉਸ ਵੇਲੇ ਈਵੀਐਮ ਮਸ਼ੀਨਾਂ ਨੂੰ ਲੈ ਕੇ ਕੋਈ ਸਵਾਲ ਨਹੀਂ ਉਠਾਇਆ ਗਿਆ ਸੀ। ਪਰ ਇਸ ਵਾਰ ਜਦੋਂ ਨਤੀਜੇ ਟੀਐਮਸੀ ਦੇ ਵਿਰੋਧ ਵਿੱਚ ਆਏ ਤਾਂ ਈਵੀਐਮ ਨੂੰ ਨਿਸ਼ਾਨਾ ਬਣਾਇਆ ਜਾਣ ਲੱਗਾ। ਵਿਰੋਧੀ ਧਿਰਾਂ ਲਗਾਤਾਰ ਇਹੀ ਰਾਗ ਅਲਾਪ ਰਹੀਆਂ ਹਨ ਕਿ ਚੋਣਾਂ ਵਿੱਚ ਗੜਬੜ ਹੋਈ ਹੈ। ਮਮਤਾ ਬੈਨਰਜੀ ਖੁਦ ਆਪਣੀ ਸੀਟ ਭਵਾਨੀਪੁਰ ਤੋਂ ਹਾਰ ਗਈਆਂ, ਜਿੱਥੇ ਉਨ੍ਹਾਂ ਨੂੰ ਬੀਜੇਪੀ ਦੇ ਸੁਵੇਂਦੂ ਅਧਿਕਾਰੀ ਨੇ ਲਗਭਗ 15,000 ਵੋਟਾਂ ਨਾਲ ਹਰਾਇਆ। ਉਨ੍ਹਾਂ ਨੇ ਇਸ ਨੂੰ "ਫੋਰਸ ਅਤੇ ਮੈਨੀਪੁਲੇਸ਼ਨ" ਕਿਹਾ ਅਤੇ ਵੋਟ ਲੁੱਟਣ ਦਾ ਇਲਜ਼ਾਮ ਲਾਇਆ। ਪਰ ਇਹ ਇਲਜ਼ਾਮ ਤੱਥਾਂ ਨਾਲ ਮੇਲ ਨਹੀਂ ਖਾਂਦਾ।

ਦਿਲਚਸਪ ਗੱਲ ਇਹ ਹੈ ਕਿ ਇਸੇ ਸਮੇਂ ਕੇਰਲਾ ਵਿੱਚ ਬੀਜੇਪੀ ਨੇ ਸਿਰਫ ਤਿੰਨ ਸੀਟਾਂ ਜਿੱਤੀਆਂ। ਉੱਥੇ ਵਿਰੋਧੀ ਧਿਰਾਂ ਨੇ ਚੰਗਾ ਪ੍ਰਦਰਸ਼ਨ ਕੀਤਾ ਅਤੇ ਈਵੀਐਮ ਬਾਰੇ ਕੋਈ ਵੱਡਾ ਇਲਜ਼ਾਮ ਨਹੀਂ ਲੱਗਾ। ਇਸ ਤੋਂ ਸਾਫ਼ ਹੈ ਕਿ ਜਿੱਥੇ ਵਿਰੋਧੀ ਧਿਰ ਮਜਬੂਤ ਹੈ, ਉੱਥੇ ਜਿੱਤ ਨੂੰ ਸਵੀਕਾਰ ਕੀਤਾ ਜਾਂਦਾ ਹੈ ਅਤੇ ਜਿੱਥੇ ਹਾਰ ਹੁੰਦੀ ਹੈ ਉੱਥੇ ਈਵੀਐਮ ਨੂੰ ਬਹਾਨਾ ਬਣਾਇਆ ਜਾਂਦਾ ਹੈ। ਇਹ ਡਬਲ ਸਟੈਂਡਰਡ ਰਾਜਨੀਤੀ ਦੀ ਇੱਕ ਬੁਰੀ ਮਿਸਾਲ ਹੈ। ਈਵੀਐਮ ਉਦੋਂ ਠੀਕ ਹੈ ਜਦੋਂ ਟੀਐਮਸੀ ਜਿੱਤਦੀ ਹੈ ਅਤੇ ਉਸ ਸਮੇਂ ਗਲਤ ਹੈ ਜਦੋਂ ਹਾਰਦੀ ਹੈ। ਇਸ ਤਰ੍ਹਾਂ ਦੀਆਂ ਬਹਾਨਾਬਾਜ਼ੀਆਂ ਲੋਕਤੰਤਰ ਨੂੰ ਕਮਜ਼ੋਰ ਕਰਦੀਆਂ ਹਨ। ਇਸ ਜਿੱਤ ਦਾ ਮੁੱਖ ਕਾਰਨ ਐਂਟੀ-ਇੰਕੰਬੈਂਸੀ ਸੀ। ਪਿਛਲੇ 15 ਸਾਲਾਂ ਦੀ ਟੀਐਮਸੀ ਸਰਕਾਰ ਵਿੱਚ ਭ੍ਰਿਸ਼ਟਾਚਾਰ, ਘੁਸਪੈਠ, ਔਰਤਾਂ ਦੀ ਸੁਰੱਖਿਆ ਅਤੇ ਰੁਜ਼ਗਾਰ ਵਰਗੀਆਂ ਸਮੱਸਿਆਵਾਂ ਨੇ ਲੋਕਾਂ ਨੂੰ ਤੰਗ ਕਰ ਦਿੱਤਾ ਸੀ। ਬੀਜੇਪੀ ਨੇ ਇਨ੍ਹਾਂ ਮੁੱਦਿਆਂ ਨੂੰ ਚੁਣੌਤੀ ਬਣਾਇਆ ਅਤੇ ਲੋਕਾਂ ਨੂੰ ਬਦਲਾਅ ਦਾ ਸੰਦੇਸ਼ ਦਿੱਤਾ। ਪਾਰਟੀ ਨੇ ਬੂਥ ਲੈਵਲ ਤੱਕ ਮਜ਼ਬੂਤ ਤਿਆਰੀ ਕੀਤੀ ਅਤੇ ਖਾਸ ਕਰਕੇ ਮਤੁਆ ਭਾਈਚਾਰੇ, ਉੱਤਰੀ ਬੰਗਾਲ ਅਤੇ ਯੁਵਕ-ਮਹਿਲਾਵਾਂ ਨੂੰ ਟਾਰਗੇਟ ਕੀਤਾ। ਇਸ ਨਾਲ ਵੋਟ ਸ਼ੇਅਰ ਵੀ ਵਧਿਆ ਅਤੇ ਲਗਭਗ 45.85% ਤੱਕ ਪਹੁੰਚ ਗਿਆ।

ਇਸ ਚੋਣ ਵਿੱਚ ਇੱਕ ਵੱਡਾ ਮੁੱਦਾ ਘੁਸਪੈਠ ਅਤੇ ਡੈਮੋਗ੍ਰਾਫਿਕ ਬਦਲਾਅ ਵੀ ਰਿਹਾ। ਮਮਤਾ ਬੈਨਰਜੀ ਦੀ ਸਰਕਾਰ ਉੱਤੇ ਬੰਗਲਾਦੇਸ਼ੀ ਮੁਸਲਮਾਨਾਂ ਨੂੰ ਰਾਜ ਵਿੱਚ ਵਸਾਉਣ ਅਤੇ ਉਨ੍ਹਾਂ ਨੂੰ ਵੋਟਰ ਆਈਡੀ, ਆਧਾਰ ਵਰਗੇ ਦਸਤਾਵੇਜ਼ ਮੁਹੱਈਆ ਕਰਵਾਉਣ ਦੇ ਇਲਜ਼ਾਮ ਲੱਗੇ। ਇਹ ਲੋਕ ਵੋਟ ਬੈਂਕ ਰਾਜਨੀਤੀ ਲਈ ਵਰਤੇ ਗਏ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਵੀ ਉਨ੍ਹਾਂ ਦਾ ਹੱਥ ਹੋਣ ਦੀਆਂ ਚਰਚਾਵਾਂ ਰਹੀਆਂ। ਬੰਗਾਲ ਦੀਆਂ ਸੀਮਾਵਾਂ ਉੱਤੇ ਡੈਮੋਗ੍ਰਾਫੀ ਬਦਲਣ ਵਾਲੀ ਘੁਸਪੈਠ ਨੇ ਸਥਾਨਕ ਲੋਕਾਂ ਵਿੱਚ ਰੋਸ ਪੈਦਾ ਕੀਤਾ। ਜਿਨ੍ਹਾਂ ਸਰੋਤਾਂ ਤੇ ਦੇਸ਼ ਵਾਸੀਆਂ ਦਾ ਹੱਕ ਹੋਣਾ ਚਾਹੀਦਾ ਸੀ, ਉਹ ਵੋਟ ਬੈਂਕ ਖਾਤਰ ਬਾਹਰੀ ਲੋਕਾਂ ਨੂੰ ਮਿਲ ਰਹੇ ਸਨ। ਇਸ ਨੇ ਬੀਜੇਪੀ ਨੂੰ ਇੱਕ ਮਜ਼ਬੂਤ ਨੈਰੇਟਿਵ ਦਿੱਤਾ ਅਤੇ ਲੋਕਾਂ ਨੇ ਇਸ ਨੂੰ ਸਵੀਕਾਰ ਕੀਤਾ। ਪਿਛਲੀਆਂ ਚੋਣਾਂ ਵੀ ਮਮਤਾ ਬੈਨਰਜੀ ਨੇ ਈਵੀਐਮ ਰਾਹੀਂ ਜਿੱਤੀਆਂ ਸਨ ਅਤੇ ਉਦੋਂ ਇਹ ਮਸ਼ੀਨਾਂ "ਪਵਿੱਤਰ" ਸਨ। ਪਰ ਹੁਣ ਜਦੋਂ ਉਨ੍ਹਾਂ ਦੀ ਹਾਰ ਹੋਈ ਤਾਂ ਈਵੀਐਮ ਖਰਾਬ ਹੋ ਗਈ। ਇਹ ਰਵਾਇਤ ਬਹੁਤੀਆਂ ਵਿਰੋਧੀ ਧਿਰਾਂ ਵਿੱਚ ਆਮ ਹੈ। ਅਸਲ ਵਿੱਚ ਹਾਰ ਜਿੱਤ ਰਾਜਨੀਤੀ ਦਾ ਹਿੱਸਾ ਹੈ। ਜਦੋਂ ਵਿਰੋਧੀ ਧਿਰ ਕਮਜ਼ੋਰ ਹੋਵੇ ਅਤੇ ਸੱਤਾਧਾਰੀ ਧਿਰ ਮਜ਼ਬੂਤ ਰਣਨੀਤੀ ਅਪਣਾਵੇ ਤਾਂ ਹਾਰ ਯਕੀਨੀ ਹੋ ਜਾਂਦੀ ਹੈ। ਬੰਗਾਲ ਵਿੱਚ ਵੀ ਇਹੀ ਹੋਇਆ। ਟੀਐਮਸੀ ਦੀ ਮੁਸਲਿਮ ਤੁਸ਼ਟੀਕਰਨ ਵਾਲੀ ਰਾਜਨੀਤੀ ਨੇ ਹਿੰਦੂ ਭਾਈਚਾਰੇ ਨੂੰ ਇੱਕਜੁੱਟ ਕੀਤਾ ਅਤੇ ਬੀਜੇਪੀ ਨੂੰ ਫਾਇਦਾ ਪਹੁੰਚਾਇਆ।

**ਇਸ ਚੋਣ ਵਿੱਚ ਇੱਕ ਵੱਡਾ ਮੁੱਦਾ ਘੁਸਪੈਠ ਅਤੇ ਡੈਮੋਗ੍ਰਾਫਿਕ ਬਦਲਾਅ ਵੀ ਰਿਹਾ। ਮਮਤਾ ਬੈਨਰਜੀ ਦੀ ਸਰਕਾਰ ਉੱਤੇ ਬੰਗਲਾਦੇਸ਼ੀ ਮੁਸਲਮਾਨਾਂ ਨੂੰ ਰਾਜ ਵਿੱਚ ਵਸਾਉਣ ਅਤੇ ਉਨ੍ਹਾਂ ਨੂੰ ਵੋਟਰ ਆਈਡੀ, ਆਧਾਰ ਵਰਗੇ ਦਸਤਾਵੇਜ਼ ਮੁਹੱਈਆ ਕਰਵਾਉਣ ਦੇ ਇਲਜ਼ਾਮ ਲੱਗੇ। ਇਹ ਲੋਕ ਵੋਟ ਬੈਂਕ ਰਾਜਨੀਤੀ ਲਈ ਵਰਤੇ ਗਏ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਵੀ ਉਨ੍ਹਾਂ ਦਾ ਹੱਥ ਹੋਣ ਦੀਆਂ ਚਰਚਾਵਾਂ ਰਹੀਆਂ। ਬੰਗਾਲ ਦੀਆਂ ਸੀਮਾਵਾਂ ਉੱਤੇ ਡੈਮੋਗ੍ਰਾਫੀ ਬਦਲਣ ਵਾਲੀ ਘੁਸਪੈਠ ਨੇ ਸਥਾਨਕ ਲੋਕਾਂ ਵਿੱਚ ਰੋਸ ਪੈਦਾ ਕੀਤਾ। ਜਿਨ੍ਹਾਂ ਸਰੋਤਾਂ ਤੇ ਦੇਸ਼ ਵਾਸੀਆਂ ਦਾ ਹੱਕ ਹੋਣਾ ਚਾਹੀਦਾ ਸੀ, ਉਹ ਵੋਟ ਬੈਂਕ ਖਾਤਰ ਬਾਹਰੀ ਲੋਕਾਂ ਨੂੰ ਮਿਲ ਰਹੇ ਸਨ।**

ਜਿਨ੍ਹਾਂ ਲੋਕਾਂ ਨੂੰ ਇਹ ਨਤੀਜਾ ਹਜਮ ਨਹੀਂ ਹੋ ਰਿਹਾ, ਉਹ ਚੋਣਾਂ ਵਿੱਚ ਕਮੀਆਂ ਲੱਭ ਰਹੇ ਹਨ ਜਾਂ ਇਸ ਨੂੰ ਸਾਜਿਸ਼ ਦੱਸ ਰਹੇ ਹਨ। ਪਰ ਰਾਜਨੀਤੀ ਵਿੱਚ ਹਾਰ-ਜਿੱਤ ਆਮ ਹੈ। ਹਾਰ ਤੋਂ ਸਬਕ ਲੈਣਾ ਚਾਹੀਦਾ ਹੈ। ਟੀਐਮਸੀ ਅਤੇ ਹੋਰ ਵਿਰੋਧੀ ਧਿਰਾਂ ਨੂੰ ਆਪਣੀਆਂ ਖਾਮੀਆਂ ਪਛਾਣ ਕੇ ਉਨ੍ਹਾਂ ਉੱਤੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਲੋਕਾਂ ਵਿੱਚ ਵਿਸ਼ਵਾਸ ਬਣਿਆ ਰਹੇ। ਈਵੀਐਮ ਨੂੰ ਹਰ ਵਾਰ ਦੋਸ਼ ਦੇਣਾ ਮੂਰਖਤਾ ਹੈ। ਭਾਰਤ ਵਿੱਚ ਈਵੀਐਮ ਪ੍ਰਣਾਲੀ ਵਿਸ਼ਵ ਭਰ ਵਿੱਚ ਮਸ਼ਹੂਰ ਹੈ ਅਤੇ ਇਸ ਨਾਲ ਚੋਣਾਂ ਪਾਰਦਰਸ਼ੀ ਬਣੀਆਂ ਹਨ। ਬੀਜੇਪੀ ਲਈ ਇਹ ਇੱਕ ਵੱਡਾ ਮੌਕਾ ਹੈ, ਕਿਉਂਕਿ 15 ਸਾਲ ਬਾਅਦ ਬੰਗਾਲ ਵਿੱਚ ਸੱਤਾ ਮਿਲੀ ਹੈ। ਹੁਣ ਇਸ ਮੌਕੇ ਦਾ ਲਾਭ ਉਠਾਉਣਾ ਪਾਰਟੀ ਉੱਤੇ ਨਿਰਭਰ ਕਰਦਾ ਹੈ। ਰਾਜ ਵਿੱਚ ਵਿਕਾਸ, ਰੁਜ਼ਗਾਰ, ਔਰਤਾਂ ਦੀ ਸੁਰੱਖਿਆ, ਘੁਸਪੈਠ ਰੋਕਣ ਅਤੇ ਸਭ ਲਈ ਇੱਕਸਾਰ ਵਿਕਾਸ ਉੱਤੇ ਧਿਆਨ ਦੇਣਾ ਚਾਹੀਦਾ ਹੈ। ਜੇਕਰ ਬੀਜੇਪੀ ਆਪਣੇ ਵਾਅਦਿਆਂ ਨੂੰ ਪੂਰਾ ਕਰਦੀ ਹੈ ਤਾਂ ਉਹ ਬੰਗਾਲ ਵਿੱਚ ਮਜ਼ਬੂਤੀ ਨਾਲ ਆਪਣੀ ਜੜ੍ਹਾਂ ਜਮਾਉਣ ਵਿੱਚ ਕਾਮਯਾਬ ਹੋ ਸਕਦੀ ਹੈ।

ਲੋਕਤੰਤਰ ਵਿੱਚ ਲੋਕਾਂ ਦੀ ਇੱਛਾ ਸਭ ਤੋਂ ਉੱਪਰ ਹੁੰਦੀ ਹੈ। ਬੰਗਾਲ ਦੇ ਵੋਟਰਾਂ ਨੇ ਬਦਲਾਅ ਚਾਹਿਆ ਅਤੇ ਉਸ ਨੂੰ ਵੋਟ ਦੇ ਰੂਪ ਵਿੱਚ ਪ੍ਰਗਟ ਕੀਤਾ। ਹੁਣ ਨਵੀਂ ਸਰਕਾਰ ਨੂੰ ਇਸ ਵਿਸ਼ਵਾਸ ਨੂੰ ਬਣਾਈ ਰੱਖਣਾ ਚਾਹੀਦਾ ਹੈ। ਹਾਰ-ਜਿੱਤ ਬਰਦਾਸ਼ਤ ਕਰਨ ਦਾ ਮਾਦਾ ਹੋਣਾ ਚਾਹੀਦਾ ਹੈ। ਬੀਜੇਪੀ ਨੂੰ ਵੀ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਉਹ ਲੋਕਾਂ ਦੀਆਂ ਉਮੀਦਾਂ ਉੱਤੇ ਖਰੀ ਉੱਤਰੇ। ਬੰਗਾਲ ਵਿੱਚ ਇੱਕ ਨਵੀਂ ਸਵੇਰ ਦੀ ਸ਼ੁਰੂਆਤ ਹੋਈ ਹੈ ਅਤੇ ਉਮੀਦ ਹੈ ਕਿ ਇਹ ਰਾਜ ਵਿਕਾਸ ਅਤੇ ਸਦਭਾਵਨਾ ਵੱਲ ਵਧੇਗਾ।

## ਕਾਨੂੰਨ ਤੇ ਹਮਦਰਦੀ

ਇੱਕ ਛੋਟੇ ਸ਼ਹਿਰ ਵਿੱਚ ਲੋਕ ਕਾਫ਼ੀ ਸਮੇਂ ਤੋਂ ਇੱਕੋ ਗੱਲ ਕਰ ਰਹੇ ਸਨ—ਸੁਰੱਖਿਆ, ਰੋਜ਼ਗਾਰ ਤੇ ਆਪਣੇ ਭਵਿੱਖ ਬਾਰੇ ਚਿੰਤਾ। ਹਰ ਵਾਰੀ ਕੋਈ ਘਟਨਾ ਹੁੰਦੀ, ਲੋਕ ਇਕੱਠੇ ਹੋ ਕੇ "ਸੋਚਾਂ ਤੇ ਦੁਆਵਾਂ" ਦੀ ਗੱਲ ਕਰਦੇ, ਪਰ ਹੌਲੀ-ਹੌਲੀ ਕੁਝ ਲੋਕਾਂ ਨੂੰ ਲੱਗਣ ਲੱਗ ਪਿਆ ਕਿ ਗੱਲਾਂ ਨਾਲੋਂ ਵੱਧ ਕਾਰਵਾਈ ਦੀ ਲੋੜ ਹੈ।

ਇਸੇ ਸ਼ਹਿਰ ਵਿੱਚ ਅਰਜੁਨ ਨਾਂ ਦਾ ਇਕ ਨੌਜਵਾਨ ਰਹਿੰਦਾ ਸੀ। ਉਹ ਹਰ ਰੋਜ਼ ਆਪਣੇ ਦੋਸਤਾਂ ਨਾਲ ਕਾਫੀ ਸ਼ਾਪ 'ਚ ਬੈਠ ਕੇ ਦੇਸ਼ ਦੀ ਹਾਲਤ 'ਤੇ ਗੱਲ ਕਰਦਾ ਸੀ। ਇੱਕ ਦਿਨ ਉਸ ਨੇ ਕਿਹਾ, "ਅਸੀਂ ਹਰ ਵਾਰੀ ਦੁੱਖ ਜਤਾਉਂਦੇ ਹਾਂ, ਪਰ ਕੀ ਅਸੀਂ ਕਦੇ ਹੱਲ ਬਾਰੇ ਵੀ ਸੋਚਦੇ ਹਾਂ?"

ਉਸਦੇ ਦੋਸਤਾਂ ਵਿੱਚੋਂ ਕੁਝ ਸਹਿਮਤ ਸਨ, ਕੁਝ ਨਹੀਂ। ਸਿਮਰਨ ਨੇ ਕਿਹਾ,"ਹੱਲ ਹੋਣਾ ਚਾਹੀਦਾ ਹੈ, ਪਰ ਉਹ ਇਨਸਾਫ਼ੀ ਤੇ ਸੋਚ-ਵਿਚਾਰ ਨਾਲ ਹੋਣਾ ਚਾਹੀਦਾ ਹੈ।"

ਅਰਜੁਨ ਨੇ ਜਵਾਬ ਦਿੱਤਾ, "ਮੇਰਾ ਮਤਲਬ ਇਹ ਹੈ ਕਿ ਕਾਨੂੰਨ ਸਖ਼ਤ ਹੋਣੇ ਚਾਹੀਦੇ ਹਨ। ਜਿਹੜੇ ਲੋਕ ਗੈਰ-ਕਾਨੂੰਨੀ ਤਰੀਕੇ ਨਾਲ ਆਉਂਦੇ ਹਨ, ਉਹਨਾਂ ਬਾਰੇ ਸਪੱਸ਼ਟ ਨੀਤੀ ਹੋਣੀ ਚਾਹੀਦੀ ਹੈ।"

ਇਸ ਗੱਲ 'ਤੇ ਚਰਚਾ ਹੋਰ ਗਹਿਰੀ ਹੋ ਗਈ। ਕੁਝ ਲੋਕਾਂ ਨੇ ਕਿਹਾ ਕਿ ਦੇਸ਼ ਦੀ ਸੁਰੱਖਿਆ ਤੇ ਕਾਨੂੰਨ ਮਹੱਤਵਪੂਰਨ ਹਨ, ਜਦਕਿ ਹੋਰਾਂ ਨੇ ਮਨੁੱਖਤਾ ਤੇ ਦਇਆ ਦੀ ਗੱਲ ਕੀਤੀ।

ਆਖ਼ਿਰਕਾਰ, ਉਹਨਾਂ ਨੂੰ ਇਹ ਸਮਝ ਆਈ ਕਿ ਸਮੱਸਿਆ ਸੌਖੀ ਨਹੀਂ ਹੈ। ਨਾ ਸਿਰਫ਼ ਕਾਨੂੰਨ ਦੀ ਲੋੜ ਹੈ, ਨਾ ਸਿਰਫ਼ ਹਮਦਰਦੀ ਦੀ—ਦੋਵਾਂ ਵਿੱਚ ਸੰਤੁਲਨ ਚਾਹੀਦਾ ਹੈ। ਸ਼ਹਿਰ ਦੇ ਲੋਕਾਂ ਨੇ ਫੈਸਲਾ ਕੀਤਾ ਕਿ ਉਹ ਆਪਣੇ ਨੇਤਾਵਾਂ ਨਾਲ ਗੱਲ ਕਰਨਗੇ, ਆਪਣੀ ਆਵਾਜ਼ ਉਠਾਉਣਗੇ, ਅਤੇ ਐਸਾ ਹੱਲ ਲੱਭਣ ਦੀ ਕੋਸ਼ਿਸ਼ ਕਰਨਗੇ ਜੋ ਸੁਰੱਖਿਆ ਵੀ ਯਕੀਨੀ ਬਣਾਏ ਅਤੇ ਇਨਸਾਨੀਅਤ ਨੂੰ ਵੀ ਕਾਇਮ ਰੱਖੇ।

ਕਿਉਂਕਿ ਅਖ਼ੀਰਕਾਰ, ਸਿਰਫ਼ ਸ਼ਬਦ ਨਹੀਂ—ਸਮਝਦਾਰੀ ਨਾਲ ਕੀਤੀ ਕਾਰਵਾਈ ਹੀ ਅਸਲ ਬਦਲਾਅ ਲਿਆਉਂਦੀ ਹੈ।

9 ਸਫ਼ੇ ਦੀ ਬਾਕੀ

ਇਹ ਜਥੇਦਾਰ ਵਲੋ ਇੱਕ ਸਖ਼ਤ ਸੁਨੇਹਾ ਹੈ ਕਿ ਪੰਥਕ ਮਾਮਲਿਆਂ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅੱਜ ਦੀ ਇਕੱਤਰਤਾ 'ਚ ਸਾਂਝੀ ਰਾਇ ਇਹ ਬਣੀ ਹੈ ਕਿ ਖ਼ਾਲਸਾ ਪੰਥ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਹਿਮਤੀ ਤੋਂ ਬਿਨਾਂ ਜੋ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਪੰਜਾਬ ਸਰਕਾਰ ਨੇ ਸੋਧ ਕਰਕੇ ਜਿਸ ਰੂਪ ਵਿਚ ਪਾਸ ਕੀਤਾ ਹੈ ਇਸ ਨੂੰ ਪ੍ਰਵਾਨ ਨਹੀਂ ਕੀਤਾ ਜਾਣਾ ਚਾਹੀਦਾ।ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਦੀ ਮੰਗ ਅਤੇ ਰਾਇ ਨੂੰ ਧਿਆਨ ਵਿਚ ਰੱਖਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ 8 ਮਈ ਨੂੰ 11 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਦਿਆ ਗਿਆ ਹੈ ਅਤੇ ਉਨ੍ਹਾਂ ਨਾਲ ਕਾਨੂੰਨ ਬਾਰੇ ਮਦ-ਦਰ-ਮਦ ਵਿਚਾਰ ਕੀਤਾ ਜਾਵੇਗਾ ਅਤੇ ਪੁੱਛਿਆ ਜਾਵੇਗਾ ਕਿ ਕਾਨੂੰਨ ਬਣਾਉਣ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਭਰੋਸੇ 'ਚ ਕਿਉਂ ਨਹੀਂ ਲਿਆ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਐਕਟ ਅੰਦਰ ਜੋ ਸੋਧਾਂ ਕੀਤੀਆਂ ਗਈਆਂ ਉਨ੍ਹਾਂ ਨੂੰ ਖ਼ਾਲਸਾ ਪੰਥ ਉਦੋਂ ਤੱਕ ਪ੍ਰਵਾਨ ਨਹੀਂ ਕਰ ਸਕਦਾ ਜਦੋਂ ਤੱਕ ਪੰਥ ਦੀ ਸਹਿਮਤੀ ਨਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਿਆ ਕੋਈ ਵੀ ਮਾਮਲਾ ਸਿੱਖਾਂ ਦਾ ਅੰਦਰੂਨੀ ਧਾਰਮਿਕ ਮਾਮਲਾ ਹੈ ਅਤੇ ਇਸ ਸੰਬੰਧੀ ਕੋਈ ਵੀ ਸਰਕਾਰ ਸਿੱਖਾਂ ਉੱਤੇ ਜ਼ਬਰਦਸਤੀ ਕਾਨੂੰਨ ਨਹੀਂ ਠੋਸ ਸਕਦੀ। ਸਰਕਾਰ ਨੂੰ ਇਹ ਸਪੱਸ਼ਟ ਕਰਨਾ ਪਵੇਗਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਨੁਮਾਇੰਦਾ ਸਿੱਖ ਸੰਸਥਾਵਾਂ ਨੂੰ ਨਜ਼ਰਅੰਦਾਜ਼ ਕਿਉਂ ਕੀਤਾ ਗਿਆ। ਜਥੇਦਾਰ ਗੜਗੱਜ ਨੇ ਸਪੱਸ਼ਟ ਕੀਤਾ ਕਿ ਸਰਕਾਰ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਭਾਵੇਂ ਕਿੰਨਾ ਵੀ ਸਖ਼ਤ ਕਾਨੂੰਨ ਬਣਾਵੇ, ਇਸ ਨਾਲ ਖ਼ਾਲਸਾ ਪੰਥ ਦਾ ਕੋਈ ਵਿਰੋਧ ਨਹੀਂ। ਪ੍ਰੰਤੂ ਜਦੋਂ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਉਂਦੀ ਹੈ ਅਤੇ ਇਸ ਨਾਲ ਜੁੜੀਆਂ ਸਿੱਖ ਭਾਵਨਾਵਾਂ ਅਤੇ ਸਿੱਖ ਸਰੋਕਾਰਾਂ ਨੂੰ ਕਾਨੂੰਨ ਦੇ ਦਾਇਰੇ ਵਿਚ ਲਿਆਉਣ ਦੀ ਹੋਵੇ ਤਾਂ ਖ਼ਾਲਸਾ ਪੰਥ ਇਸ ਨੂੰ ਪ੍ਰਵਾਨ ਨਹੀਂ ਕਰ ਸਕਦਾ।

ਜਥੇਦਾਰ ਗੜਗੱਜ ਨੇ ਕਿਹਾ ਕਿ ਪੰਜਾਬ ਅੰਦਰ ਜਦੋਂ ਤੋਂ ਬੇਅਦਬੀਆਂ ਦਾ ਦੌਰ ਚੱਲਿਆ ਇਸ ਅਰਸੇ ਦੌਰਾਨ ਦੋ ਸਰਕਾਰਾਂ ਆਈਆਂ ਪਰ ਅਸਲ ਦੋਸ਼ੀਆਂ ਤੱਕ ਕੋਈ ਸਰਕਾਰ ਨਹੀਂ ਪਹੁੰਚੀ। 2015 ਨਾਲ ਸੰਬੰਧਿਤ ਬੇਅਦਬੀ ਦੇ ਕੇਸ ਪੰਜਾਬ ਤੋਂ ਬਾਹਰ ਤਬਦੀਲ ਹੋਏ ਪਰ ਪੰਜਾਬ ਦੀ ਮੌਜੂਦਾ ਸਰਕਾਰ ਨੇ ਇਨ੍ਹਾਂ ਕੇਸਾਂ ਨੂੰ ਪੰਜਾਬ 'ਚ ਵਾਪਸ ਲਿਆਉਣ ਲਈ ਕੋਈ ਠੋਸ ਪੈਰਵਾਈ ਨਹੀਂ ਕੀਤੀ। ਅਜੇ ਤੱਕ ਮੁੱਖ ਦੋਸ਼ੀ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਨਹੀਂ ਲਿਆਂਦਾ ਗਿਆ, ਇਸ ਬਾਰੇ ਪੰਜਾਬ ਸਰਕਾਰ ਨੂੰ ਸਪੱਸ਼ਟ ਕਰਨਾ ਪਵੇਗਾ।

ਦੂਜੇ ਪਾਸੇ, ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਦਾ ਮਾਮਲਾ ਇੱਕ ਵਾਰ ਫਿਰ ਅਟਕ ਗਿਆ ਹੈ। ਪੰਥਕ ਆਗੂਆਂ ਦੇ ਵਿਚਾਰਾਂ ਵਿੱਚ ਵਖਰੇਵਾਂ ਸਾਫ਼ ਨਜ਼ਰ ਆਇਆ। ਕੁਝ ਆਗੂਆਂ ਦਾ ਇਹ ਕਹਿਣਾ ਕਿ ਜੇਕਰ ਉਹ ਸ਼ਹੀਦ ਹੋਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ 'ਸ਼ਹੀਦਾਂ ਦੀ ਕਤਾਰ' ਵਿੱਚ ਜਾਣ ਦਿੱਤਾ ਜਾਵੇ। ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਸੰਬੰਧੀ ਜਥੇਦਾਰ ਗੜਗੱਜ ਨੇ ਕਿਹਾ ਕਿ ਜਦੋਂ ਸੈਂਕੜੇ ਲੋਕਾਂ ਨੂੰ ਕਤਲ ਕਰਨ ਵਾਲੇ ਕੈਦੀਆਂ ਨੂੰ ਦੇਸ਼ ਦੇ ਰਾਸ਼ਟਰਪਤੀ ਰਿਹਾਅ ਕਰ ਸਕਦੇ ਹਨ ਤਾਂ ਫਿਰ ਸਿੱਖਾਂ ਨਾਲ ਕੇਂਦਰ ਸਰਕਾਰ ਦੋਹਰੇ ਮਾਪਦੰਡ ਕਿਉਂ ਅਪਨਾ ਰਹੀ ਹੈ।

ਪ੍ਰਧਾਨ ਮੰਤਰੀ ਦੇ ਕਤਲ ਮਾਮਲੇ 'ਚ ਕੈਦੀਆਂ ਨੂੰ ਛੱਡਿਆ ਜਾ ਸਕਦਾ ਹੈ ਤਾਂ ਫਿਰ ਸੂਬੇ ਦੇ ਮੁੱਖ ਮੰਤਰੀ ਦੇ ਮਾਮਲੇ ਵਿਚ ਕੈਦੀਆਂ ਨੂੰ ਰਿਹਾਅ ਕਿਉਂ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਇਹ ਸਪੱਸ਼ਟ ਕਰਨਾ ਪਵੇਗਾ ਕਿ ਉਹ ਸਿੱਖਾਂ ਪ੍ਰਤੀ ਦੋਹਰੀ ਨੀਤੀ ਕਿਉਂ ਅਪਣਾ ਰਹੀ ਹੈ, 2019 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਬਾਰੇ ਨੋਟੀਫਕੇਸ਼ਨ ਜਾਰੀ ਕੀਤਾ ਗਿਆ ਸੀ ਪਰ ਹੁਣ ਤੱਕ ਉਸ 'ਤੇ ਅਮਲ ਨਹੀਂ ਹੋਇਆ।

ਮੀਟਿੰਗ ਵਿਚ ਇਸ ਮੁੱਦੇ 'ਤੇ ਕਿਸੇ ਠੋਸ ਨਤੀਜੇ 'ਤੇ ਨਾ ਪਹੁੰਚਣਾ ਸਿੱਖ ਲੀਡਰਸ਼ਿਪ ਦੀ ਅੰਦਰੂਨੀ ਖਿੱਚੋਤਾਣ ਜਾਂ ਰਣਨੀਤਕ ਦੁਬਿਧਾ ਵੱਲ ਇਸ਼ਾਰਾ ਕਰਦਾ ਹੈ। ਇਸ ਇਕੱਤਰਤਾ ਨੇ ਜਿੱਥੇ ਸਰਕਾਰ ਨੂੰ ਆਪਣੇ ਦਾਇਰੇ ਵਿੱਚ ਰਹਿਣ ਦੀ ਚੇਤਾਵਨੀ ਦਿੱਤੀ ਹੈ, ਉੱਥੇ ਹੀ ਸਿੱਖ ਲੀਡਰਸ਼ਿਪ ਨੂੰ ਵੀ ਆਤਮ-ਮੰਥਨ ਕਰਨ ਦੀ ਲੋੜ ਹੈ। ਪੰਥਕ ਮਾਮਲਿਆਂ ਵਿੱਚ ਫ਼ੈਸਲੇ ਭਾਵੁਕਤਾ ਦੀ ਬਜਾਏ ਦੂਰਅੰਦੇਸ਼ੀ ਅਤੇ ਪੰਥਕ ਰਵਾਇਤਾਂ ਦੀ ਰੌਸ਼ਨੀ ਵਿੱਚ ਹੋਣੇ ਚਾਹੀਦੇ ਹਨ ਬੇਅਦਬੀ ਇੱਕ ਅਜਿਹਾ ਸੰਵੇਦਨਸ਼ੀਲ ਮੁੱਦਾ ਹੈ ਜਿਸ ਨੇ ਪਿਛਲੇ ਇਕ ਦਹਾਕੇ ਤੋਂ ਪੰਜਾਬ ਦੀ ਸਮਾਜਿਕ ਅਤੇ ਸਿਆਸੀ ਫ਼ਿਜ਼ਾ ਨੂੰ ਪ੍ਰਭਾਵਿਤ ਕੀਤਾ ਹੈ। ਸਰਕਾਰ ਦਾ ਮਕਸਦ ਭਾਵੇਂ ਸਖ਼ਤ ਸਜ਼ਾਵਾਂ ਦੇਣਾ ਹੋਵੇ, ਪਰ ਜੇਕਰ ਅਜਿਹੇ ਕਾਨੂੰਨ ਸਬੰਧਤ ਸੂਬੇ ਦੇ ਮੁੱਖ ਸਰੋਕਾਰਾਂ (ਸਿੱਖ ਪੰਥ) ਨੂੰ ਭਰੋਸੇ ਵਿੱਚ ਲਏ ਬਿਨਾਂ ਬਣਾਏ ਜਾਂਦੇ ਹਨ, ਤਾਂ ਉਹ ਅਕਸਰ ਵਿਵਾਦਾਂ ਵਿੱਚ ਘਿਰ ਜਾਂਦੇ ਹਨ।

ਹੁਣ ਸਾਰੀਆਂ ਨਜ਼ਰਾਂ 8 ਮਈ 'ਤੇ ਟਿਕੀਆਂ ਹਨ ਜਿੱਥੇ ਇਹ ਤੈਅ ਹੋਵੇਗਾ ਕਿ ਅਕਾਲ ਤਖ਼ਤ ਸਾਹਿਬ ਸਰਕਾਰੀ ਦਖ਼ਲਅੰਦਾਜ਼ੀ ਅਤੇ ਕੌਮੀ ਫ਼ੈਸਲਿਆਂ ਵਿਚਾਲੇ ਕਿਹੜੀ ਲਕੀਰ ਖਿੱਚਦੇ ਹਨ। ਇਸ ਮੌਕੇ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ ਆਦਿ ਵੀ ਮੌਜੂਦ ਸਨ।

# ਇਰਾਨ-ਇਜ਼ਰਾਈਲ-ਅਮਰੀਕਾ ਤਣਾਅ ਕਾਰਣ ਹੋਰਮੁਜ਼ ਜਲਡਮਰੂ ਵਿਚ ਜੰਗ ਵਰਗੇ ਹਾਲਾਤ

### ਇਰਾਨੀ ਡਰੋਨ ਹਮਲੇ ਵਿੱਚ 3 ਭਾਰਤੀ ਜ਼ਖ਼ਮੀ



ਦੁਬਈ/ਵਾਸ਼ਿੰਗਟਨ-ਵਿਸ਼ਵ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਮਾਰਗ ਹੋਰਮੁਜ਼ ਜਲਡਮਰੂ ਵਿੱਚ ਇਰਾਨ ਅਤੇ ਅਮਰੀਕਾ ਵਿਚਾਲੇ ਟਕਰਾਅ ਤੇਜ਼ ਹੋ ਗਿਆ ਹੈ। ਤਾਜ਼ਾ ਘਟਨਾਕ੍ਰਮ ਵਿੱਚ, ਯੂ.ਏ.ਈ ਦੇ ਫੁਜੈਰਾਹ ਵਿੱਚ ਇੱਕ ਤੇਲ ਸਹੂਲਤ 'ਤੇ ਹੋਏ ਇਰਾਨੀ ਡਰੋਨ ਹਮਲੇ ਵਿੱਚ ਤਿੰਨ ਭਾਰਤੀ ਨਾਗਰਿਕ ਜ਼ਖ਼ਮੀ ਹੋ ਗਏ ਹਨ। ਯੂ.ਏ.ਈ. ਦੇ ਫੁਜੈਰਾਹ ਵਿੱਚ ਇੱਕ ਤੇਲ ਪਾਈਪਲਾਈਨ ਕੇਂਦਰ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਡਰੋਨ ਹਮਲੇ ਕਾਰਨ ਭਿਆਨਕ ਅੱਗ ਲੱਗ ਗਈ। ਸਥਾਨਕ ਅਧਿਕਾਰੀਆਂ ਅਨੁਸਾਰ ਇਸ ਹਮਲੇ ਵਿੱਚ ਤਿੰਨ ਭਾਰਤੀ ਨਾਗਰਿਕ ਦਰਮਿਆਨੇ ਰੂਪ ਵਿੱਚ ਜ਼ਖ਼ਮੀ ਹੋਏ ਹਨ, ਜੋ ਇਸ ਸਮੇਂ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਅਮਰੀਕੀ ਸੈਂਟਰਲ ਕਮਾਂਡ ਦੇ ਐਡਮਿਰਲ ਬ੍ਰੈਡ ਕੂਪਰ ਨੇ ਦੱਸਿਆ ਕਿ ਇਰਾਨੀ ਕਿਸ਼ਤੀਆਂ ਵਪਾਰਕ ਜਹਾਜ਼ਾਂ ਨੂੰ ਨਿਸ਼ਾਨਾ ਬਣਾ ਰਹੀਆਂ ਸਨ। ਜਵਾਬ ਵਿੱਚ ਅਮਰੀਕੀ ਹੈਲੀਕਾਪਟਰਾਂ ਨੇ ਇਰਾਨ ਦੀਆਂ 6 ਛੋਟੀਆਂ ਕਿਸ਼ਤੀਆਂ ਨੂੰ ਡੋਬ ਦਿੱਤਾ ਹੈ। ਅਮਰੀਕੀ ਫ਼ੌਜ ਨੇ ਫਸੇ ਹੋਏ ਵਪਾਰਕ ਜਹਾਜ਼ਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਵੱਡੀ ਮੁਹਿੰਮ ਸ਼ੁਰੂ ਕੀਤੀ ਹੈ। ਇਰਾਨ ਵੱਲੋਂ ਦਾਗੀਆਂ ਗਈਆਂ ਕਈ ਕਰੂਜ਼ ਮਿਜ਼ਾਈਲਾਂ ਅਤੇ ਡਰੋਨਾਂ ਨੂੰ ਅਮਰੀਕੀ ਸੁਰੱਖਿਆ ਪ੍ਰਣਾਲੀ ਨੇ ਨਾਕਾਮ ਕਰ ਦਿੱਤਾ ਹੈ। ਇਸ ਖਿੱਚੋਤਾਣ ਕਾਰਨ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਨੂੰ ਅੱਗ ਲੱਗ ਗਈ ਹੈ। ਬ੍ਰੈਂਟ ਕਰੂਡ ਦੀ ਕੀਮਤ 110 ਡਾਲਰ ਪ੍ਰਤੀ ਬੈਰਲ ਤੋਂ ਪਾਰ ਪਹੁੰਚ ਗਈ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੱਖਣੀ ਕੋਰੀਆ ਨੂੰ ਵੀ ਇਸ ਸੁਰੱਖਿਆ ਮੁਹਿੰਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਦੂਜੇ ਪਾਸੇ, ਸੰਯੁਕਤ ਰਾਸ਼ਟਰ ਨੇ ਖੇਤਰ ਵਿੱਚ ਵਧ ਰਹੀ ਫ਼ੌਜੀ ਸਰਗਰਮੀ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ ਅਤੇ ਸਮੁੰਦਰੀ ਆਵਾਜਾਈ ਦੀ ਆਜ਼ਾਦੀ ਬਹਾਲ ਰੱਖਣ ਦੀ ਅਪੀਲ ਕੀਤੀ ਹੈ।

# ਕੈਨੇਡਾ ਦੇ ਪੇਂਡੂ ਖੇਤਰਾਂ 'ਚ ਰਹਿੰਦੇ ਵਿਦੇਸ਼ੀ ਕਾਮਿਆਂ ਲਈ ਵੱਡੀ ਖੁਸ਼ਖਬਰੀ : ਪੀਆਰ ਲੈਣ ਦਾ ਰਾਹ ਹੋਇਆ ਆਸਾਨ

### 33,000 ਕਾਮਿਆਂ ਨੂੰ ਮਿਲੇਗੀ ਪੱਕੀ ਰਿਹਾਇਸ਼

ਟੋਰਾਂਟੋ-ਕੈਨੇਡਾ ਸਰਕਾਰ ਨੇ ਦੇਸ਼ ਦੇ ਪੇਂਡੂ ਅਤੇ ਦੂਰ-ਦਰਾਡੇ ਦੇ ਖੇਤਰਾਂ ਵਿੱਚ ਕੰਮ ਕਰ ਰਹੇ ਵਿਦੇਸ਼ੀ ਕਾਮਿਆਂ ਨੂੰ ਇੱਕ ਵੱਡਾ ਤੋਹਫ਼ਾ ਦਿੱਤਾ ਹੈ। ਸਰਕਾਰ ਵੱਲੋਂ ਇਨ੍ਹਾਂ ਖੇਤਰਾਂ ਵਿੱਚ ਕਾਰੋਬਾਰੀਆਂ ਨੂੰ ਦਰਪੇਸ਼ ਕਾਮਿਆਂ ਦੀ ਭਾਰੀ ਘਾਟ ਨੂੰ ਪੂਰਾ ਕਰਨ ਲਈ ਵਿਦੇਸ਼ੀਆਂ ਨੂੰ ਪੱਕੇ ਨਿਵਾਸੀ ਬਣਨ ਦੇ ਮੌਕੇ ਪ੍ਰਦਾਨ ਕੀਤੇ ਜਾ ਰਹੇ ਹਨ।

ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਸਾਂਝੀ ਕੀਤੀ ਜਾਣਕਾਰੀ ਅਨੁਸਾਰ, ਸਰਕਾਰ ਦਾ ਟੀਚਾ ਲਗਭਗ 33,000 ਵਿਦੇਸ਼ੀ ਕਾਮਿਆਂ ਨੂੰ ਪੱਕੇ ਕਰਨਾ ਹੈ। ਇਮੀਗ੍ਰੇਸ਼ਨ ਮੰਤਰੀ ਲੀਨਾ ਡਿਆਬ ਨੇ ਸਪੱਸ਼ਟ ਕੀਤਾ ਕਿ ਇਸ ਕਦਮ ਦਾ ਮੁੱਖ ਮਕਸਦ ਦੇਸ਼ ਦੀ ਆਰਥਿਕ ਤਰੱਕੀ ਨੂੰ ਹੁਲਾਰਾ ਦੇਣਾ ਅਤੇ ਉਨ੍ਹਾਂ ਖੇਤਰਾਂ ਨੂੰ ਮਜ਼ਬੂਤ ਕਰਨਾ ਹੈ ਜਿੱਥੇ ਕਾਮਿਆਂ ਦੀ ਕਮੀ ਕਾਰਨ ਕੰਮ ਪ੍ਰਭਾਵਿਤ ਹੋ ਰਿਹਾ ਹੈ। ਇਸ ਨਵੀਂ ਯੋਜਨਾ ਤਹਿਤ ਉਹ ਵਿਦੇਸ਼ੀ ਨਾਗਰਿਕ ਮੁਢਲੇ ਤੌਰ 'ਤੇ ਯੋਗ ਮੰਨੇ ਜਾਣਗੇ ਜੋ ਵੱਡੇ ਸ਼ਹਿਰਾਂ ਤੋਂ ਦੂਰ: ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਰਗੇ ਵੱਡੇ ਮਹਾਨਗਰਾਂ ਨੂੰ ਛੱਡ ਕੇ ਨਿਰਧਾਰਿਤ ਪੇਂਡੂ ਖੇਤਰਾਂ ਵਿੱਚ ਰਹਿ ਰਹੇ ਹਨ। ਬੀਤੇ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਇਨ੍ਹਾਂ ਇਲਾਕਿਆਂ ਵਿੱਚ ਵਰਕ ਪਰਮਿਟ 'ਤੇ ਕੰਮ ਕਰ ਰਹੇ ਹਨ। ਮਕਾਨ ਉਸਾਰੀ , ਸਿਹਤ ਸੇਵਾਵਾਂ , ਅਤੇ ਕੰਪਿਊਟਰ ਤਕਨੀਕ ਨਾਲ ਜੁੜੇ ਕਾਮਿਆਂ ਨੂੰ ਪਹਿਲ ਦਿੱਤੀ ਜਾਵੇਗੀ।



ਇਮੀਗ੍ਰੇਸ਼ਨ ਮੰਤਰਾਲਾ ਆਪਣੇ ਮੌਜੂਦਾ ਡੇਟਾ ਦੀ ਵਰਤੋਂ ਕਰਕੇ ਯੋਗ ਉਮੀਦਵਾਰਾਂ ਦੀ ਪਛਾਣ ਕਰੇਗਾ। ਇਸ ਪ੍ਰੋਗਰਾਮ ਤਹਿਤ ਚੁਣੇ ਜਾਣ ਲਈ ਹੇਠ ਲਿਖੇ ਪ੍ਰੋਗਰਾਮਾਂ ਦਾ ਹਿੱਸਾ ਹੋਣਾ ਲਾਜ਼ਮੀ ਹੈ:

ਪ੍ਰੋਵਿੰਸ਼ੀਅਲ ਨਾਮੀਨੀ (ਪੀਐਨਪੀ)

ਐਗਰੀ-ਫੂਡ ਪਾਇਲਟ

ਐਟਲਾਂਟਿਕ ਇਮੀਗ੍ਰੇਸ਼ਨ ਪ੍ਰੋਗਰਾਮ

ਜਿਨ੍ਹਾਂ ਬਿਨੈਕਾਰਾਂ ਦੇ ਪ੍ਰੋਫਾਈਲ ਐਕਸਪ੍ਰੈਸ ਐਂਟਰੀ ਸਿਸਟਮ ਵਿੱਚ ਇਨ੍ਹਾਂ ਸ਼ਰਤਾਂ ਨਾਲ ਮੇਲ ਖਾਣਗੇ, ਉਨ੍ਹਾਂ ਨੂੰ ਸਿੱਧਾ ਪੱਕੀ ਇਮੀਗ੍ਰੇਸ਼ਨ ਲਈ ਸੱਦਾ ਦਿੱਤਾ ਜਾਵੇਗਾ। ਬਿਨੈਕਾਰ ਦਾ ਕੋਈ ਵੀ ਅਪਰਾਧਿਕ ਪਿਛੋਕੜ ਨਹੀਂ ਹੋਣਾ ਚਾਹੀਦਾ ਅਤੇ ਉਸ ਸਿਰ ਕੋਈ ਵੀ ਟੈਕਸ ਬਕਾਇਆ ਨਹੀਂ ਹੋਣਾ ਚਾਹੀਦਾ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ



**(ੲ) ਗੁਰਦੁਆਰਾ ਵਿਵਾਹ ਅਸਥਾਨ ਗੁਰੂ ਤੇਗ਼ ਬਹਾਦਰ ਤੇ ਮਾਤਾ ਗੁਜਰੀ ਜੀ:**

ਇਹ ਗੁਰਦੁਆਰਾ ਰਬਾਬੀਆਂ ਵਾਲੀ ਗਲੀ ਦੇ ਅਖ਼ੀਰ 'ਤੇ ਸਥਿਤ ਹੈ, ਜਿਥੇ ਭਾਈ ਲਾਲ ਚੰਦ ਸੁਭਾਖੀ (ਮਾਤਾ ਗੁਜਰੀ ਜੀ ਦੇ ਪਿਤਾ) ਰਹਿੰਦੇ ਸਨ ਅਤੇ ਜਿਥੇ ਮਾਤਾ ਗੁਜਰੀ ਜੀ ਦਾ ਵਿਆਹ ਗੁਰੂ ਤੇਗ਼ ਬਹਾਦਰ ਸਾਹਿਬ ਨਾਲ 4 ਫਰਵਰੀ 1633 ਨੂੰ ਹੋਇਆ ਸੀ। ਇਸੇ ਥਾਂ ਪੰਜ ਮੰਜ਼ਲੀ ਗੁਰਦੁਆਰਾ ਸਾਹਿਬ ਦੀ ਇਮਾਰਤ 1980 ਵਿੱਚ ਬਾਬਾ ਉੱਤਮ ਸਿੰਘ (ਖਡੂਰ ਸਾਹਿਬ) ਦੀ ਨਿਗਰਾਨੀ ਹੇਠ ਤਿਆਰ ਹੋਈ। ਜ਼ਮੀਨੀ ਮੰਜ਼ਿਲ ਦੇ ਸਮਕੋਣ ਹਾਲ ਦੇ ਇਕ ਪਾਸੇ ਪ੍ਰਕਾਸ਼ ਅਸਥਾਨ ਬਣਿਆ ਹੋਇਆ ਹੈ। ਇਮਾਰਤ ਦੇ ਉੱਤਰ ਵੱਲ ਵੱਖਰੇ ਤੌਰ 'ਤੇ ਇਕ ਲਾਇਬ੍ਰੇਰੀ ਵੀ ਬਣੀ ਹੈ।

**(ਸ) ਗੁਰਦੁਆਰਾ ਚੁਬੱਚਾ ਸਾਹਿਬ ਪਾਤਸ਼ਾਹੀ ਛੇਵੀਂ:**

ਇਹ ਅਸਥਾਨ ਚਾਰ-ਦੀਵਾਰੀ ਦੇ ਅੰਦਰ ਗੁਰਦੁਆਰਾ ਥੰਮ੍ਹ ਸਾਹਿਬ ਦੇ ਉੱਤਰ-ਪੱਛਮ ਵੱਲ 100 ਮੀਟਰ ਦੂਰ ਹੈ। 1940 ਵਿੱਚ ਬਣੇ ਇਸ ਗੁਰਦੁਆਰੇ ਦੇ ਸਮਕੋਣ ਵਾਲੇ ਹਾਲ ਵਿੱਚ ਇਕ ਨੁੱਕਰ ਵਿੱਚ ਪ੍ਰਕਾਸ਼ ਅਸਥਾਨ ਬਣਿਆ ਹੋਇਆ ਹੈ।

**(ਹ) ਗੁਰਦੁਆਰਾ ਟਾਲ੍ਹੀ ਸਾਹਿਬ ਪਾਤਸ਼ਾਹੀ ਸੱਤਵੀਂ:**

ਇਹ ਪਵਿੱਤਰ ਅਸਥਾਨ ਸ਼ਹਿਰ ਦੇ ਦੱਖਣ ਵੱਲ 2 ਕਿਲੋਮੀਟਰ ਦੂਰ ਹੈ। ਇਥੇ ਗੁਰੂ ਹਰਿਰਾਇ ਸਾਹਿਬ ਕੀਰਤਪੁਰ ਤੋਂ ਗੋਇੰਦਵਾਲ ਸਾਹਿਬ 1658 ਨੂੰ ਜਾਣ ਸਮੇਂ ਘੋੜੇ ਸਮੇਤ ਠਹਿਰੇ ਸਨ। ਗੁਰਦੁਆਰੇ ਦਾ ਨਾਂ ਸ਼ਿਸ਼ਮ ਦੇ ਦਰੱਖ਼ਤ (ਟਾਲ੍ਹੀ) ਜਿਸ ਨੂੰ ਅੰਗ੍ਰੇਜ਼ੀ ਵਿੱਚ Dalbergia Sissoo ਆਖਦੇ ਹਨ, ਦੇ ਨਾਂ ਨਾਲ ਪ੍ਰਸਿੱਧ ਹੋ ਗਿਆ। ਇਸੇ ਟਾਲ੍ਹੀ ਦੇ ਦਰੱਖ਼ਤ ਨਾਲ ਗੁਰੂ ਸਾਹਿਬ ਨੇ ਆਪਣਾ ਘੋੜਾ ਬੰਨ੍ਹਿਆ ਸੀ। ਅਜੋਕੀ ਇਮਾਰਤ 1949 ਵਿੱਚ ਸੰਤ ਈਸ਼ਰ ਸਿੰਘ ਦੀ ਨਿਗਰਾਨੀ ਹੇਠ ਬਣੀ ਹੈ। ਇਸ ਕੇਂਦਰੀ ਇਮਾਰਤ ਵਿੱਚ ਸਮਕੋਣ ਹਾਲ ਦੇ ਅੰਦਰ ਹੀ ਪ੍ਰਕਾਸ਼ ਅਸਥਾਨ ਬਣਿਆ ਹੋਇਆ ਹੈ।

**(ਕ) ਗੁਰਦੁਆਰਾ ਬਾਬੇ ਦੀ ਬੇਰ**

ਇਸ ਨੂੰ ਬੇਰ ਸਾਹਿਬ ਵੀ ਆਖਿਆ ਜਾਂਦਾ ਹੈ। ਇਹ ਸ਼ਹਿਰ ਦੇ ਪੂਰਬ ਵੱਲ 1.5 ਕਿਲੋਮੀਟਰ ਦੂਰ ਹੈ, ਜੋ ਬਾਬਾ ਗੁਰਦਿੱਤਾ ਜੀ (1613-38) ਗੁਰੂ ਹਰਿਗੋਬਿੰਦ ਸਾਹਿਬ ਦੇ ਵੱਡੇ ਬੇਟੇ ਦੀ ਯਾਦ ਵਿੱਚ ਹੈ। ਇਥੇ ਹੀ ਬਾਬਾ ਸ੍ਰੀ ਚੰਦ (1494-1629) ਜੀ ਨੇ ਬਾਬਾ ਗੁਰਦਿੱਤਾ ਜੀ ਨਾਲ ਰੂਹਾਨੀ ਵੀਚਾਰਾਂ ਕੀਤੀਆਂ ਸਨ। ਬੇਰ ਦੇ ਦਰਖ਼ਤ (ziziphus marutiana) ਹੇਠ ਬੈਠ ਕੇ, ਇਥੇ ਹੀ ਬਾਬਾ ਸ੍ਰੀ ਚੰਦ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਉਦਾਸੀ ਸੰਪਰਦਾ ਦਾ ਮੁਖੀ ਥਾਪਿਆ ਸੀ। ਇਹ ਬੇਰੀ ਅੱਜ ਵੀ ਮੌਜੂਦ ਹੈ ਅਤੇ ਪੁਰਾਣਾ ਖੂਹ ਵੀ ਹੈ, ਜਿਸ ਨੂੰ ਖੂਹ ਮੱਲੀਆਂ ਕਰਕੇ ਯਾਦ ਕੀਤਾ ਜਾਂਦਾ ਹੈ।

ਮੁਕਾਮੀ ਰਿਵਾਇਤ ਅਨੁਸਾਰ ਭਾਈ ਗੁਰਦਾਸ (ਦੇਹਾਂਤ 1636) ਜੀ ਇਸੇ ਇਕਾਂਤ ਥਾਂ 'ਤੇ ਬਹਿ ਕੇ ਕਵਿਤਾ ਲਿਖਦੇ ਰਹਿੰਦੇ ਸਨ। ਅਜੋਕੇ ਗੁਰਦੁਆਰੇ ਸਾਹਿਬ ਵਿੱਚ ਮੁਰੱਬਾ ਕਮਰਾ ਅਤੇ ਸਾਹਮਣੇ ਵਰਾਂਡਾ ਹੈ, ਜੋ ਮੁਕਾਮੀ ਸੰਗਤ ਨੇ 1961 ਵਿੱਚ ਬਣਾਇਆ ਹੈ।

**(ਖ) ਸ਼ੀਸ਼ ਮਹਿਲ:**

ਇਹ ਗੁਰੂ ਅਰਜਨ ਸਾਹਿਬ ਦੀ ਰਿਹਾਇਸ਼ਗਾਹ ਸੀ। ਗੁਰੂ ਹਰਿਗੋਬਿੰਦ ਸਾਹਿਬ ਵੀ ਆਮ ਤੌਰ 'ਤੇ ਇਥੇ ਹੀ ਆ ਕੇ ਠਹਿਰਦੇ ਸਨ, ਜੋ ਕਿਲ੍ਹਾ ਨੁਮਾ ਹਵੇਲੀ ਵਾਂਗ ਬਣਿਆ ਸੀ ਬਹੁਤ ਸਾਰੀਆਂ ਪਵਿੱਤਰ ਨਿਸ਼ਾਨੀਆਂ ਇਸੇ ਅੰਦਰ ਮੌਜੂਦ ਹਨ। ਇਨ੍ਹਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਜੋ ਗੁਰੂ ਅਰਜਨ ਸਾਹਿਬ ਨੇ ਤਿਆਰ ਕਰਵਾਈ ਸੀ, ਗੁਰੂ ਹਰਿਗੋਬਿੰਦ ਸਾਹਿਬ ਦਾ ਖੜਗ ਜੋ ਛੇ ਸੇਰ ਪੱਕੇ ਤੋਲ ਦਾ ਹੈ, ਇਸੇ ਨਾਲ ਪੈਂਦਾ ਖ਼ਾਨ ਮਾਰਿਆ ਸੀ, ਗੁਰੂ ਹਰਿਗੋਬਿੰਦ ਸਾਹਿਬ ਦਾ ਖੰਡਾ ਜਿਸ 'ਤੇ ਲਿਖਿਆ ਹੈ, ਗੁਰੂ ਨਾਨਕ ਜੀ ਸਹਾਇ ਗੁਰੂ ਹਰਿਰਾਇ ਜੀ 1694, ਗੁਰੂ ਅਰਜਨ ਸਾਹਿਬ ਦੇ ਪਾਠ ਦਾ ਗੁਟਕਾ, ਸੇਲੀ ਅਤੇ ਟੋਪੀ ਬਾਬਾ ਸ੍ਰੀ ਚੰਦ, ਗੁਰੂ ਹਰਿਗੋਬਿੰਦ ਸਾਹਿਬ ਦਾ ਨਿਸ਼ਾਨ (ਝੰਡਾ), ਬਾਬਾ ਗੁਰਦਿੱਤਾ ਜੀ ਦੀ ਦਸਤਾਰ, ਬਾਬਾ ਗੁਰਦਿੱਤਾ ਜੀ ਦੇ ਬੈਠਣ ਦੀ ਸੋਜ਼ਨੀ, ਇਕ ਸ਼ਾਲ ਅਤੇ ਗੋਦੜੀ।

ਇਨ੍ਹਾਂ ਇਤਿਹਾਸਕ ਗੁਰਦੁਆਰਿਆਂ ਤੋਂ ਇਲਾਵਾ ਜੋ ਹੋਰ ਇਤਿਹਾਸਕ ਯਾਦ ਚਿੰਨ੍ਹ ਕਰਤਾਰਪੁਰ ਵਿੱਚ ਮੌਜੂਦ ਹਨ ਉਨ੍ਹਾਂ ਵਿੱਚ ਸਮਾਧ ਬੀਬੀ ਕੌਲਾਂ, ਨਾਨਕਿਆਣਾ ਸਾਹਿਬ (ਮਾਤਾ ਨਾਨਕੀ, ਗੁਰੂ ਤੇਗ਼ ਬਹਾਦਰ ਸਾਹਿਬ ਦੇ ਮਾਤਾ ਜੀ), ਦਮਦਮਾ ਸਾਹਿਬ (ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ), ਡੇਰਾ ਭਾਈ ਭਗਤੂ ਜੀ (ਜਿਸ ਦਾ ਸਸਕਾਰ ਗੁਰੂ ਹਰਿਗੋਬਿੰਦ ਸਾਹਿਬ ਨੇ 1652 ਵਿੱਚ ਆਪਣੇ ਪਵਿੱਤਰ ਹੱਥਾਂ ਨਾਲ ਕੀਤਾ ਸੀ)।

**ਪੁਸਤਕ ਸੂਚੀ:-**

1. ਕਾਨ੍ਹ ਸਿੰਘ ਨਾਭਾ- ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990
2. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਿਹ, ਕਨਖੱਲ, 1975
3. ਠਾਕਰ ਸਿੰਘ- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
4. ਸੰਤੋਖ ਸਿੰਘ- ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅੰਮ੍ਰਿਤਸਰ, 1927-33
5. ਗਿਆਨ ਸਿੰਘ, ਗਿ.- ਸ੍ਰੀ ਗੁਰੂ ਪੰਥ ਪ੍ਰਕਾਸ਼, ਪਟਿਆਲਾ, 1970
6. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
7. ਦਿਲਗੀਰ, ਹਰਜਿੰਦਰ ਸਿੰਘ, ਡਾ.- ਦੀ ਸਿੱਖ ਰੈਫ਼ਰੈਂਸ ਬੁੱਕ, ਕੈਨੇਡਾ, 1997

## ਕਰਨਾਲ

ਹਰਿਆਣੇ ਜ਼ਿਲ੍ਹੇ ਵਿੱਚ ਕਰਨਾਲ ਸ਼ਹਿਰ ਆਉਂਦਾ ਹੈ, ਜੋ ਇਤਿਹਾਸਕ ਸ਼ਾਹ-ਰਾਹ 'ਤੇ ਦਿੱਲੀ ਦੇ ਉੱਤਰ ਵੱਲੋਂ 123 ਕਿਲੋਮੀਟਰ ਦੂਰ ਹੈ। ਇਸ ਸ਼ਹਿਰ ਵਿੱਚ ਗੁਰੂ ਨਾਨਕ ਸਾਹਿਬ 1515 ਵਿੱਚ ਆ ਕੇ ਇਕ ਸ਼ੇਖ ਤਾਇਰ ਨਾਲ ਧਾਰਮਿਕ ਵਿਚਾਰਾਂ ਕੀਤੀਆਂ ਸਨ। ਕਰਨਾਲ ਦਾ ਅਕਸ਼ਾਂਸ਼ 290-42 ਹੈ ਅਤੇ ਰੇਖਾਂਸ਼ ਦੇਸ਼ਾਂਤਰ 760-59 ਹੈ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਬਣਿਆ ਹੋਇਆ ਹੈ। ਗੁਰੂ ਸਾਹਿਬ ਨੇ ਸ਼ੇਖ ਨੂੰ ਕਬਰਾਂ ਅਤੇ ਮੜ੍ਹੀਆਂ ਪੂਜਣ ਤੋਂ ਵਰਜਿਆ। ਗੁਰੂ ਤੇਗ਼ ਬਹਾਦਰ ਸਾਹਿਬ ਵੀ ਦਿੱਲੀ ਤੋਂ ਲਖਨੌਰ ਜਾਣ ਸਮੇਂ 1670 ਵਿੱਚ ਇਥੇ ਆਏ ਸਨ। ਗੁਰਦੁਆਰਾ ਮਹੱਲਾ ਠਠੇਰਾਂ ਵਿੱਚ ਹੈ। ਜੀਂਦ ਦੇ ਰਾਜਾ ਗਜਪਤਿ ਸਿੰਘ (1738-1789) ਨੇ ਮੰਜੀ ਸਾਹਿਬ ਦੀ ਥਾਂ ਗੁਰਦੁਆਰਾ ਬਣਾਇਆ। ਇਕ ਵੱਡਾ ਹਾਲ, ਪਹਿਲੀ ਮੰਜ਼ਿਲ ਵਿੱਚ ਅਤੇ ਲੰਗਰ ਬਾਅਦ ਵਿੱਚ ਬਣਾਏ ਗਏ ਹਨ। ਗੁਰਦੁਆਰੇ ਨਾਲ ਹੀ ਹਿੰਦੂਆਂ ਨੇ ਮੰਦਰ ਉਸਾਰ ਦਿੱਤਾ ਹੈ, ਤਾਂ ਜੋ ਗੁਰ-ਦੁਆਰੇ ਆਉਣ ਵਾਲੀਆਂ ਸੰਗਤਾਂ ਲਈ ਮੁਸ਼ਕਿਲਾਂ ਪੈਦਾ ਹੋ ਸਕਣ। ਸਰਕਾਰ ਵੀ ਇਸ ਕਾਰਵਾਈ ਨੂੰ ਰੋਕ ਨਾ ਸਕੀ। 1709 ਵਿੱਚ ਇਸ ਨਗਰ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਫ਼ਤਹਿ ਕੀਤਾ।

ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

**ਪੁਸਤਕ ਸੂਚੀ:-**

1. ਠਾਕਰ ਸਿੰਘ- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
2. ਨਾਨਕ ਸਿੰਘ- ਗੁਰ ਤੀਰਥ ਦਰਸ਼ਨ, ਅੰਮ੍ਰਿਤਸਰ, ਮਿਤੀ ਰਹਿਤ।
3. ਤਾਰਾ ਸਿੰਘ- ਸ੍ਰੀ ਗੁਰੂ ਤੀਰਥ ਸੰਗ੍ਰਹਿ, ਕਨਖੱਲ, 1975
4. ਦਿਲਗੀਰ, ਹਰਜਿੰਦਰ ਸਿੰਘ, ਡਾ.- ਦੀ ਸਿੱਖ ਰੈਫ਼ਰੈਂਸ ਬੁੱਕ, ਕੈਨੇਡਾ, 1997
5. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

## ਕਰੌਡ

ਕਰੌਡ ਪੰਜਾਬ ਵਿੱਚ ਆਉਂਦਾ ਹੈ। ਗੁਰਪ੍ਰਤਾਪ ਸੂਰਜ ਅਨੁਸਾਰ ਮਾਲਵੇ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਵਿਚਰਦੇ ਹੋਏ ਬਰ੍ਹੇ ਅਤੇ ਗੁਰਨੇ ਪਿੰਡ ਹੁੰਦੇ ਹੋਏ ਕਰੌਡ ਪਿੰਡ ਆ ਕੇ ਠਹਿਰੇ ਸਨ।

ਚਲੇ ਕਰੌਡ ਗ੍ਰਾਮ ਮਹਿਂ ਆਏ (ਗੁਰ-ਪ੍ਰਤਾਪ ਸੂਰਜ)

ਕਰੌਡ ਤੋਂ ਚੱਲ ਕੇ ਗੁਰੂ ਸਾਹਿਬ ਧਮਧਾਨ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

ਪੁਸਤਕ ਸੂਚੀ:-

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਕੜ੍ਹਾ

ਉੱਤਰ ਪ੍ਰਦੇਸ਼ ਦਾ ਇਕ ਕਸਬਾ ਹੈ, ਜੋ ਦਰਿਆ ਗੰਗਾ ਦੇ ਕਿਨਾਰੇ ਸਥਿਤ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਥੇ ਆ ਕੇ ਮਲੂਕ ਦਾਸ, ਵੈਸ਼ਨੂੰ ਸਾਧੂ ਨੂੰ ਉਪਦੇਸ਼ ਦਿੱਤਾ। ਇਕ ਸੋਮੇ ਮੁਤਾਬਕ ਇਥੇ ਗੁਰ-ਦੁਆਰਾ ਸਾਹਿਬ ਬਣਿਆ ਸੀ, ਪਰ ਹੁਣ ਮੌਜੂਦ ਨਹੀਂ। ਕੜ੍ਹਾ ਨੂੰ ਕੜ੍ਹਾ-ਮਾਨਕਪੁਰ ਵੀ ਆਖਿਆ ਜਾਂਦਾ ਹੈ ਪਰ ਮਾਨਕਪੁਰ ਇਸ ਪਿੰਡ ਤੋਂ 5 ਕਿਲੋਮੀਟਰ ਦੂਰ ਹੈ।

ਪੁਸਤਕ ਸੂਚੀ:-

1. ਦਿਲਗੀਰ, ਐਚ.ਐਸ. ਡਾ.- ਦੀ ਸਿੱਖ ਰੈਫ਼ਰੈਂਸ ਬੁੱਕ, ਕੈਨੇਡਾ, 1997

ਬਾਕੀ ਅਗਲੇ ਹਫ਼ਤੇ ਪੜ੍ਹੋ

# ਮਾਮਲਾ ਬੰਦੀ ਸਿੰਘਾਂ ਦੀ ਰਿਹਾਈ ਦਾ: ਦੂਹਰੇ ਮਾਪਦੰਡ

**ਬਘੇਲ ਸਿੰਘ ਧਾਲੀਵਾਲ**





2027 ਵਿੱਚ ਆ ਰਹੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਾਰਨ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਫਿਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਬੰਦੀ ਸਿੰਘਾਂ ਦਾ ਮਸਲਾ ਮਹਿਜ਼ ਕਾਨੂੰਨੀ ਵਿਵਾਦ ਨਹੀਂ ਰਹਿ ਗਿਆ, ਸਗੋਂ ਇਹ ਭਾਰਤੀ ਨਿਆਂ ਪ੍ਰਣਾਲੀ, ਸਟੇਟ ਦੀ ਵਿਤਕਰੇਬਾਜ਼ੀ ਅਤੇ ਸਿੱਖ ਲੀਡਰਸ਼ਿਪ ਦੀ ਨਾਕਾਮੀ ਦਾ ਪ੍ਰਤੀਕ ਬਣ ਚੁੱਕਾ ਹੈ। ਇਹ ਕੌੜਾ ਸੱਚ ਹੈ ਕਿ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਉਹ ਜੁਝਾਰੂ ਸਿੰਘ, ਜਿਨ੍ਹਾਂ ਨੇ ਕੌਮੀ ਕਾਰਜਾਂ ਲਈ ਆਪਣੀ ਜ਼ਿੰਦਗੀ ਦਾ 20-30 ਸਾਲ ਤੋਂ ਵੱਧ ਮਹੱਤਵਪੂਰਨ ਸਮਾਂ ਕੈਦ ਵਿੱਚ ਬਿਤਾ ਦਿੱਤਾ ਹੈ, ਉਹ ਮੌਜੂਦਾ ਸਿੱਖ ਸਿਆਸਤ ਲਈ ਚੋਣ ਮੁੱਦੇ ਤੋਂ ਵੱਧ ਕੇ ਕੁਝ ਨਹੀਂ ਹਨ।

ਜੇਕਰ ਭਾਰਤੀ ਨਿਆਂ ਪ੍ਰਣਾਲੀ ਦੀ ਗੱਲ ਕੀਤੀ ਜਾਵੇ, ਤਾਂ ਭਾਰਤ ਆਪਣੇ ਆਪ ਨੂੰ ਇੱਕ ਲੋਕਤੰਤਰਿਕ ਅਤੇ ਸੰਵਿਧਾਨਕ ਦੇਸ਼ ਕਹਿੰਦਾ ਹੈ, ਜਿੱਥੇ ਨਿਆਂ, ਸਮਾਨਤਾ ਅਤੇ ਅਧਿਕਾਰਾਂ ਦੀ ਗੱਲ ਕੀਤੀ ਜਾਂਦੀ ਹੈ। ਪਰ ਜਦੋਂ ਇਹ ਸਿਧਾਂਤ ਜ਼ਮੀਨੀ ਹਕੀਕਤ ਨਾਲ ਮੇਲ ਕੇ ਦੇਖੇ ਜਾਂਦੇ ਹਨ, ਤਾਂ ਬਹੁਤ ਵਾਰ ਇਹ ਸਿਰਫ਼ ਕਾਗਜ਼ੀ ਦਾਅਵੇ ਹੀ ਨਜ਼ਰ ਆਉਂਦੇ ਹਨ। ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਇਸੇ ਤਰ੍ਹਾਂ ਦੀ ਇੱਕ ਕਸੌਟੀ ਬਣ ਚੁੱਕਾ ਹੈ, ਜਿੱਥੇ ਕਾਨੂੰਨ, ਰਾਜਨੀਤੀ ਅਤੇ ਵਿਤਕਰੇਬਾਜ਼ੀ ਦੇ ਤਿੰਨੋਂ ਰੰਗ ਸਾਫ਼ ਦਿਖਾਈ ਦੇ ਰਹੇ ਹਨ। ਉਸ ਸਮੇਂ ਦੀ ਕਾਂਗਰਸ ਸਰਕਾਰ ਨੇ ਸਿੱਖਾਂ 'ਤੇ ਜ਼ੁਲਮ ਢਾਹੇ ਤੇ ਜੇਲ੍ਹਾਂ ਵਿੱਚ ਸੁੱਟਿਆ ਅਤੇ ਹੁਣ ਮੌਜੂਦਾ ਸਰਕਾਰ ਉਨ੍ਹਾਂ ਸਿੱਖਾਂ ਨੂੰ ਕਿਸੇ ਵੀ ਕੀਮਤ 'ਤੇ ਬਾਹਰ ਨਹੀਂ ਆਉਣ ਦੇਣਾ ਚਾਹੁੰਦੀ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਦਿੱਲੀ ਦੇ ਤਖ਼ਤ 'ਤੇ ਬੇਸ਼ੱਕ ਕੋਈ ਵੀ ਹੋਵੇ, ਸਿੱਖਾਂ ਨਾਲ ਵਿਤਕਰੇਬਾਜ਼ੀ ਜਾਰੀ ਰਹੇਗੀ।

ਕੇਂਦਰ ਸਰਕਾਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਇਹ ਕਹਿਣਾ ਕਿ "ਬੰਦੀ ਸਿੰਘਾਂ ਦੀ ਰਿਹਾਈ ਫਿਰ ਹੀ ਹੋ ਸਕਦੀ ਹੈ, ਜੇਕਰ ਉਨ੍ਹਾਂ ਨੂੰ ਆਪਣੇ ਕੀਤੇ 'ਤੇ ਪਛਤਾਵਾ ਹੋਵੇ", ਨਿਆਂ ਦੇ ਬੁਨਿਆਦੀ ਅਸੂਲਾਂ ਦੇ ਅਨੁਕੂਲ ਨਹੀਂ ਸਮਝਿਆ ਜਾ ਸਕਦਾ। ਭਾਰਤ ਦੀ ਕਾਨੂੰਨੀ ਪ੍ਰਣਾਲੀ ਵਿੱਚ ਸਜ਼ਾ ਦੀ ਮਿਆਦ ਅਤੇ ਵਿਹਾਰਕ ਮੁਲਾਂਕਣ ਮੁੱਖ ਮਾਪਦੰਡ ਹਨ, ਜਦੋਂਕਿ ਰਾਜਨੀਤਿਕ ਜਾਂ ਭਾਵਨਾਤਮਕ ਸ਼ਰਤਾਂ ਕਾਨੂੰਨੀ ਪ੍ਰਣਾਲੀ ਦੇ ਖੁੰਢਾ ਹੋਣ ਦੇ ਸਬੂਤ ਹਨ। ਜੇਕਰ ਅਜਿਹੀ ਸ਼ਰਤ ਸਾਢੇ ਤਿੰਨ-ਚਾਰ ਦਹਾਕੇ ਪਹਿਲਾਂ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਸਮੇਂ ਰੱਖੀ ਜਾਂਦੀ ਤਾਂ ਸਮਝ ਪੈਂਦੀ ਸੀ, ਪਰ ਦੋ-ਦੋ ਸਜ਼ਾਵਾਂ ਕੱਟ ਲੈਣ ਤੋਂ ਬਾਅਦ ਇਹ ਕਹਿਣਾ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਣ ਤੋਂ ਵੱਧ ਹੋਰ ਕੁਝ ਨਹੀਂ ਹੈ। ਭਾਜਪਾ ਦੇ ਇੱਕ ਹੋਰ ਸਿੱਖ ਆਗੂ ਆਰ.ਪੀ. ਸਿੰਘ ਦਾ ਇਹ ਬਿਆਨ ਕਿ "ਮੁਆਫ਼ੀ ਮੰਗਣ ਨਾਲ ਰਿਹਾਈ ਬਾਰੇ ਵਿਚਾਰ ਹੋ ਸਕਦਾ ਹੈ", ਜਿੱਥੇ ਸਿੱਖ ਕੌਮ ਨੂੰ ਸ਼ਰਮਸਾਰ ਕਰਨ ਵਾਲਾ ਹੈ, ਉੱਥੇ ਹੀ ਇਹ ਬਿਆਨ ਲੋਭ-ਲਾਲਸਾ ਵਿੱਚ ਗ੍ਰਸੇ ਸਿੱਖ ਦੀ ਮਾਨਸਿਕਤਾ ਦੀ ਗਿਰਾਵਟ ਨੂੰ ਦਰਸਾਉਂਦਾ ਹੈ, ਜਿਹੜਾ ਆਪਣੇ ਕੌਮੀ ਹਿੱਤਾਂ ਨੂੰ ਤਿਲਾਂਜਲੀ ਦੇ ਕੇ ਕੇਂਦਰੀ ਤਾਕਤਾਂ ਦਾ ਵਫ਼ਾਦਾਰ ਬਣੇ ਰਹਿਣ ਵਿੱਚ ਜ਼ਿਆਦਾ ਮਾਣ ਮਹਿਸੂਸ ਕਰਦਾ ਹੈ।

ਜੇਕਰ ਸੰਵਿਧਾਨਕ ਪੱਖ ਤੋਂ ਗੱਲ ਕੀਤੀ ਜਾਵੇ, ਤਾਂ ਭਾਰਤ ਦੇ ਸੰਵਿਧਾਨ ਦਾ ਆਰਟੀਕਲ 14 ਸਪੱਸ਼ਟ ਕਰਦਾ ਹੈ ਕਿ ਸਾਰੇ ਨਾਗਰਿਕ ਕਾਨੂੰਨ ਦੇ ਸਾਹਮਣੇ ਬਰਾਬਰ ਹਨ। ਇਸ ਦੇ ਨਾਲ ਹੀ ਆਰਟੀਕਲ 21 ਜੀਵਨ ਅਤੇ ਨਿੱਜੀ ਆਜ਼ਾਦੀ ਦਾ ਅਧਿਕਾਰ ਦਿੰਦਾ ਹੈ। ਇਸ ਤੋਂ ਇਲਾਵਾ, ਆਰਟੀਕਲ 72 ਅਤੇ 161 ਰਾਸ਼ਟਰਪਤੀ ਅਤੇ ਰਾਜਪਾਲ ਨੂੰ ਮੁਆਫ਼ੀ ਜਾਂ ਸਜ਼ਾ ਘਟਾਉਣ ਦੇ ਅਧਿਕਾਰ ਦਿੰਦੇ ਹਨ। ਪਰ ਇਹ ਸਾਰੇ ਅਧਿਕਾਰ ਇੱਕ ਨਿਰਪੱਖ ਅਤੇ ਸਮਾਨ ਪ੍ਰਕਿਰਿਆ ਦੇ ਅਧੀਨ ਵਰਤੇ ਜਾਣੇ ਚਾਹੀਦੇ ਹਨ। ਸੁਪਰੀਮ ਕੋਰਟ ਦੇ ਕਈ ਫੈਸਲੇ ਇਹ ਦਰਸਾਉਂਦੇ ਹਨ ਕਿ ਉਮਰ ਕੈਦ ਕੱਟ ਰਹੇ ਕੈਦੀਆਂ ਦੀ ਰਿਹਾਈ ਲਈ ਮੁੱਖ ਮਾਪਦੰਡ ਉਨ੍ਹਾਂ ਦੀ ਸਜ਼ਾ ਦੀ ਮਿਆਦ, ਵਿਹਾਰ ਅਤੇ ਸਮਾਜ ਵਿੱਚ ਵਾਪਸੀ ਦੀ ਸੰਭਾਵਨਾ ਹੁੰਦੇ ਹਨ। ਕਿਸੇ ਵੀ ਫੈਸਲੇ ਵਿੱਚ ਪਛਤਾਵਾ ਜਤਾਉਣਾ ਲਾਜ਼ਮੀ ਸ਼ਰਤ ਨਹੀਂ ਬਣਾਇਆ ਗਿਆ।

ਬੰਦੀ ਸਿੰਘਾਂ ਦਾ ਮਾਮਲਾ ਇਸ ਸੰਦਰਭ ਵਿੱਚ ਹੋਰ ਵੀ ਗੰਭੀਰ ਬਣ ਜਾਂਦਾ ਹੈ, ਕਿਉਂਕਿ ਕਈ ਕੈਦੀ 30-35 ਸਾਲ ਤੋਂ ਵੱਧ ਸਮਾਂ ਜੇਲ੍ਹਾਂ ਵਿੱਚ ਬਿਤਾ ਚੁੱਕੇ ਹਨ। ਜੇ ਇਹ ਸਮਾਂ ਵੀ ਰਿਹਾਈ ਲਈ ਕਾਫ਼ੀ ਨਹੀਂ, ਤਾਂ ਫਿਰ ਕਾਨੂੰਨ ਦੀ ਮਿਆਦ ਦਾ ਕੀ ਮਤਲਬ ਰਹਿ ਜਾਂਦਾ ਹੈ? ਰਾਜੀਵ ਗਾਂਧੀ ਹੱਤਿਆ ਮਾਮਲੇ ਵਿੱਚ ਦੋਸ਼ੀਆਂ ਨੂੰ ਰਿਹਾਈ ਮਿਲ ਚੁੱਕੀ ਹੈ; ਉਨ੍ਹਾਂ ਦੇ ਮਾਮਲੇ ਵਿੱਚ ਕਾਨੂੰਨੀ ਪ੍ਰਕਿਰਿਆ ਨੂੰ ਮੱਦੇਨਜ਼ਰ ਰੱਖਿਆ ਗਿਆ, ਨਾ ਕਿ ਕੋਈ ਵਾਧੂ ਸ਼ਰਤ ਲਗਾਈ ਗਈ। ਇਸੇ ਤਰ੍ਹਾਂ ਮਰਹੂਮ ਇੰਦਰਾ ਗਾਂਧੀ ਨਾਲ ਜੁੜੇ ਜਹਾਜ਼ ਅਗਵਾ ਮਾਮਲੇ ਦੇ ਦੋਸ਼ੀਆਂ ਨੂੰ ਤਾਂ ਰਾਜਨੀਤਿਕ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। 20 ਦਸੰਬਰ 1978 ਨੂੰ ਮਰਹੂਮ ਇੰਦਰਾ ਗਾਂਧੀ ਨੂੰ ਸੰਸਦ ਦੀ ਮਾਣਹਾਨੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਦੇ ਰੋਸ ਵਿੱਚ ਭੋਲਾ ਨਾਥ ਪਾਂਡੇ ਅਤੇ ਦਵਿੰਦਰ ਪਾਂਡੇ ਨੇ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ (ਫ਼-410) ਅਗਵਾ ਕਰ ਲਿਆ ਸੀ। ਉਨ੍ਹਾਂ ਦੀ ਮੰਗ ਸੀ ਕਿ ਇੰਦਰਾ ਗਾਂਧੀ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਨ੍ਹਾਂ ਨੇ ਆਤਮ-ਸਮਰਪਣ ਕਰ ਦਿੱਤਾ ਸੀ, ਪਰੰਤੂ 1980 ਵਿੱਚ ਜਦੋਂ ਦੁਬਾਰਾ ਕਾਂਗਰਸ ਦੀ ਸਰਕਾਰ ਬਣੀ, ਤਾਂ ਉੱਤਰ ਪ੍ਰਦੇਸ਼ ਸਰਕਾਰ ਨੇ ਉਨ੍ਹਾਂ ਵਿਰੁੱਧ ਕੇਸ ਵਾਪਸ ਲੈ ਲਏ। ਇੱਥੇ ਹੀ ਬੱਸ ਨਹੀਂ, ਬਾਅਦ ਵਿੱਚ ਉਨ੍ਹਾਂ ਨੂੰ ਕਾਂਗਰਸ ਵੱਲੋਂ ਟਿਕਟਾਂ ਦੇ ਕੇ ਵੀ ਨਿਵਾਜਿਆ ਗਿਆ।

ਦੂਜੇ ਪਾਸੇ, ਜਹਾਜ਼ ਅਗਵਾ ਦੇ ਮਾਮਲੇ ਵਿੱਚ ਸਿੱਖਾਂ ਨੂੰ ਜਲਾਵਤਨ ਰਹਿ ਕੇ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਕੀਤਾ ਗਿਆ ਅਤੇ ਭਾਰਤ ਵਿੱਚ ਰਹਿ ਗਏ ਸਿੱਖਾਂ ਨੂੰ ਜਿੱਥੇ ਲੰਮਾ ਸਮਾਂ ਜੇਲ੍ਹਾਂ ਕੱਟਣੀਆਂ ਪਈਆਂ, ਉੱਥੇ ਹੁਣ ਬੁਢਾਪੇ ਵਿੱਚ ਵੀ ਅਦਾਲਤਾਂ ਦੇ ਚੱਕਰਾਂ ਵਿੱਚ ਉਲਝਾ ਕੇ ਰੱਖਿਆ ਹੋਇਆ ਹੈ।

ਸਾਰੀਆਂ ਉਦਾਹਰਨਾਂ ਇਹੋ ਦਰਸਾਉਂਦੀਆਂ ਹਨ ਕਿ ਭਾਰਤ ਅੰਦਰ ਕਾਨੂੰਨ ਦਾ ਮਾਪਦੰਡ ਹਰ ਜਗ੍ਹਾ ਇੱਕੋ ਜਿਹਾ ਨਹੀਂ ਹੈ। ਡੇਰਾ ਸਿਰਸਾ ਮੁਖੀ ਦਾ ਮਾਮਲਾ ਵੀ ਇਸੇ ਦੋਹਰੇ ਮਾਪਦੰਡ ਦੀ ਇੱਕ ਹੋਰ ਮਿਸਾਲ ਹੈ। ਗੰਭੀਰ ਜ਼ੁਰਮਾਂ ਵਿੱਚ ਸਜ਼ਾ ਕੱਟਣ ਦੇ ਬਾਵਜੂਦ ਉਸ ਨੂੰ ਵਾਰ-ਵਾਰ ਪੈਰੋਲ ਮਿਲ ਰਹੀ ਹੈ, ਜਦੋਂ ਕਿ ਬੰਦੀ ਸਿੰਘਾਂ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਮੌਤ 'ਤੇ ਵੀ ਪੈਰੋਲ ਨਹੀਂ ਮਿਲਦੀ ਜਾਂ ਫਿਰ ਕੁਝ ਘੰਟਿਆਂ ਦੀ ਹੀ ਮਿਲਦੀ ਹੈ।

ਇਹ ਵੀ ਸਚਾਈ ਹੈ ਕਿ ਸਿੱਖਾਂ ਦੀ ਇਸ ਦੁਰਦਸ਼ਾ ਲਈ ਸਿੱਖ ਲੀਡਰਸ਼ਿਪ ਬਰਾਬਰ ਜ਼ਿੰਮੇਵਾਰ ਹੈ। ਅੱਜ ਸਿੱਖ ਰਾਜਨੀਤੀ ਦਾ ਹਾਲ ਇਹ ਹੈ ਕਿ ਬੰਦੀ ਸਿੰਘਾਂ ਦਾ ਮਸਲਾ ਸਿਰਫ਼ ਇੱਕ ਜਜ਼ਬਾਤੀ ਨਾਅਰਾ ਬਣ ਕੇ ਰਹਿ ਗਿਆ ਹੈ। ਹਰ ਪਾਰਟੀ ਅਤੇ ਆਗੂ ਇਸ ਦੀ ਵਰਤੋਂ ਸਿਆਸੀ ਲਾਭ ਲਈ ਕਰਦਾ ਹੈ, ਪਰ ਹਕੀਕਤ ਵਿੱਚ ਕੋਈ ਠੋਸ ਕਾਨੂੰਨੀ ਜਾਂ ਰਣਨੀਤਿਕ ਲੜਾਈ ਨਹੀਂ ਲੜੀ ਜਾ ਰਹੀ। ਸ਼੍ਰੋਮਣੀ ਅਕਾਲੀ ਦਲ ਹੋਵੇ ਜਾਂ ਹੋਰ ਸਿੱਖ ਧਿਰਾਂ, ਸਭ ਨੇ ਇਸ ਮਸਲੇ ਨੂੰ ਆਪਣੇ ਸਿਆਸੀ ਮੁਫ਼ਾਦ ਲਈ ਵਰਤਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨਾਂ ਦੀ ਭੂਮਿਕਾ ਵੀ ਕੋਈ ਤਸੱਲੀਬਖਸ਼ ਨਹੀਂ ਰਹੀ। ਇਹ ਸਚਾਈ ਹੈ ਕਿ ਆਜ਼ਾਦ ਸਿੱਖ ਪ੍ਰਭੂਸੱਤਾ ਦੇ ਪ੍ਰਤੀਕ, ਮੀਰੀ-ਪੀਰੀ ਦੇ ਸਰਵਉੱਚ ਅਸਥਾਨ 'ਤੇ ਬੈਠ ਕੇ ਵੀ ਸਿੰਘ ਸਾਹਿਬਾਨ ਕੌਮ ਦੇ ਹਿੱਤਾਂ ਪ੍ਰਤੀ ਸੰਜੀਦਾ ਨਹੀਂ ਰਹੇ।

ਕੇਂਦਰੀ ਤਾਕਤਾਂ ਵੱਲੋਂ ਸਿੱਖਾਂ ਨਾਲ ਵਿਤਕਰੇਬਾਜ਼ੀ ਕਰਨ ਦੇ ਪਿੱਛੇ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਸਿੱਖ ਅੰਦਰੂਨੀ ਤੌਰ 'ਤੇ ਕਮਜ਼ੋਰ ਹੋ ਚੁੱਕੇ ਹਨ। ਆਪਸੀ ਧੜੇਬੰਦੀ, ਨਿੱਜੀ ਵਿਰੋਧ ਅਤੇ ਰਾਜਨੀਤਿਕ ਟਕਰਾਅ ਨੇ ਕੌਮ ਦੀ ਸਾਂਝੀ ਤਾਕਤ ਨੂੰ ਖੋਖਲਾ ਕਰ ਦਿੱਤਾ ਹੈ। ਜਦੋਂ ਕੋਈ ਕੌਮ ਅੰਦਰੋਂ ਕਮਜ਼ੋਰ ਹੋਵੇ, ਤਾਂ ਬਾਹਰੀ ਤਾਕਤਾਂ ਲਈ ਉਸ 'ਤੇ ਦਬਾਅ ਬਣਾਉਣਾ ਆਸਾਨ ਹੋ ਜਾਂਦਾ ਹੈ। ਪੰਜਾਬ ਦੀ ਸਮਾਜਿਕ ਸਥਿਤੀ ਵੀ ਚਿੰਤਾਜਨਕ ਹੈ; ਜਵਾਨੀ ਦਾ ਵੱਡਾ ਹਿੱਸਾ ਵਿਦੇਸ਼ਾਂ ਵੱਲ ਕੂਚ ਕਰ ਚੁੱਕਾ ਹੈ, ਜਦੋਂ ਕਿ ਇੱਥੇ ਰਹਿ ਗਈ ਜਵਾਨੀ ਨੂੰ ਸਾਜ਼ਿਸ਼ ਤਹਿਤ ਨਸ਼ਿਆਂ ਵੱਲ ਧੱਕਿਆ ਜਾ ਰਿਹਾ ਹੈ।

ਅਜਿਹੇ ਹਾਲਾਤ ਵਿੱਚ ਸਿਰਫ਼ ਅਪੀਲਾਂ ਅਤੇ ਬਿਆਨਾਂ ਨਾਲ ਕੁਝ ਨਹੀਂ ਬਦਲੇਗਾ। ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਸਿੱਖ ਕੌਮ ਦੀ ਪਾਟੋਧਾੜ ਤੋਂ ਅਲੱਗ ਨਹੀਂ ਹੈ। ਅੱਜ ਸਭ ਤੋਂ ਵੱਡੀ ਲੋੜ ਇੱਕਜੁੱਟਤਾ ਦੀ ਹੈ। ਸਿੱਖ ਕੌਮ ਨੂੰ ਆਪਣੇ ਅੰਦਰੂਨੀ ਕਾਟੋ-ਕਲੇਸ਼ ਤੋਂ ਉੱਪਰ ਉੱਠ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਇੱਕ ਸਾਂਝੀ ਰਣਨੀਤੀ ਬਣਾਉਣੀ ਪਵੇਗੀ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਅਕਾਲ ਤਖ਼ਤ ਸਾਹਿਬ ਤੋਂ ਸਪੱਸ਼ਟ ਦਿਸ਼ਾ ਮਿਲੀ ਹੈ, ਸਿੱਖ ਕੌਮ ਨੇ ਨਵੇਂ ਦਿਸਹੱਦੇ ਸਿਰਜੇ ਹਨ। 2018 ਦਾ 'ਬਰਗਾੜੀ ਇਨਸਾਫ਼ ਮੋਰਚਾ' ਇਸ ਗੱਲ ਦਾ ਗਵਾਹ ਹੈ ਕਿ ਸਿੱਖ ਸੰਗਤ ਨੇ ਅਗਵਾਈ ਨੂੰ ਕਬੂਲਿਆ ਅਤੇ ਸਰਕਾਰਾਂ ਨੂੰ ਗੋਡਿਆਂ ਭਾਰ ਕਰ ਦਿੱਤਾ ਸੀ, ਪਰ ਕੌਮ ਦੀ ਬਦਕਿਸਮਤੀ ਰਹੀ ਕਿ ਲੀਡਰਸ਼ਿਪ ਖੁਦ ਆਪਣੇ ਬਚਨਾਂ 'ਤੇ ਪਹਿਰਾ ਨਾ ਦੇ ਸਕੀ।

ਅੰਤ ਵਿੱਚ, ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਸਿਰਫ਼ ਇੱਕ ਕਾਨੂੰਨੀ ਲੜਾਈ ਨਹੀਂ, ਸਗੋਂ ਕੌਮ ਦੀ ਅਸਲੀ ਤਾਕਤ ਦੀ ਪਰਖ ਹੈ। ਜੇ ਕੌਮ ਇਕੱਠੇ ਹੋ ਕੇ ਇਸ ਨੂੰ ਲੜੇਗੀ ਤਾਂ ਨਤੀਜੇ ਵੀ ਚੰਗੇ ਆਉਣਗੇ। ਜੇਕਰ ਕੌਮ ਦੀ ਸਮੁੱਚੀ ਲੀਡਰਸ਼ਿਪ ਦਿੱਲੀ ਦੀ ਬੁਰਕੀ ਦੀ ਝਾਕ ਛੱਡ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋ ਜਾਵੇ, ਤਾਂ ਨਾ ਹੀ ਰਾਜ ਸੱਤਾ ਦੂਰ ਰਹੇਗੀ ਅਤੇ ਨਾ ਹੀ ਸਿੱਖਾਂ ਦੇ ਲਟਕਦੇ ਮਸਲੇ। ਅਰਦਾਸ ਹੈ ਕਿ ਅਕਾਲ ਪੁਰਖ, ਰਾਜਨੀਤੀ ਦੇ ਕਾਰੋਬਾਰ ਵਿੱਚ ਮਸ਼ਰੂਫ਼ ਸਿੱਖ ਆਗੂਆਂ ਨੂੰ ਕੌਮੀ ਯੋਧਿਆਂ ਅਤੇ ਕੌਮੀ ਹਿੱਤਾਂ ਪ੍ਰਤੀ ਇਮਾਨਦਾਰ ਪਹੁੰਚ ਰੱਖਣ ਦੀ ਸੁਮੱਤ ਬਖ਼ਸ਼ੇ।

# ਕਾਵਿ-ਕਿਆਰੀ

## ਤੋਰ

You cannot find peace by avoiding life
Michael Cunningham

ਤੁਰੀਏ ਕਿ ਆਪਾਂ ਆਪਣਾ, ਆਪਾ ਸੰਭਾਲ ਤੁਰੀਏ
ਵਿੱਤੋਂ ਨਹੀਂ ਤਾਂ ਚਿੱਤੋਂ, ਆ ਨਾਲ ਨਾਲ ਤੁਰੀਏ

ਐਵੇਂ ਦੂਰ ਦੂਰ ਤੋਂ ਨਹੀਂ, ਹੋ ਕੇ ਰੂਬਰੂ ਹੈ ਸਰਨਾ
ਕਿੰਨਾ ਵੀ ਜ਼ਿੰਦਗੀ ਨੂੰ, ਪਏ ਆਪਾਂ ਟਾਲ਼ ਤੁਰੀਏ

ਕਾਦਰ ਜਾਂ ਕਾਇਨਾਤ ਨੇ, ਦੇਣਾ ਜਵਾਬ ਵਾਜਬ
ਔਖਾ ਜਾਂ ਸੌਖਾ ਕੋਈ ਵੀ, ਲੈ ਕੇ ਸਵਾਲ ਤੁਰੀਏ

ਸੋਚਾਂ ਦੇ ਜਮਘਟੇ ਤੋਂ, ਜਦੋਂ ਨਿਰਵਿਚਾਰ ਹੋਏ
ਹੋ ਜਾਊਗਾ ਕ੍ਰਿਸ਼ਮਾ, ਹੋ ਕੇ ਬੇ ਮਿਸਾਲ ਤੁਰੀਏ

ਕਿੰਨੀ ਵੀ ਸ਼ੋਖ ਹੋਵੇ, ਉਹਦਾ ਰੰਗ ਬਦਲ ਜਾਣਾ
ਮੋਹ ਮਾਰਵੀਂ ਮੁਹੱਬਤ, ਕਾਹਦੇ ਲਈ ਪਾਲ਼ ਤੁਰੀਏ

ਦੇਖੀਂ ਕਿ ਗੀਤ ਗਉਂਦੀ, ਜਿੰਦ ਨੱਚ ਪੈਣੀ ਸਾਡੀ
ਆ ਕਿ ਨਾਲ ਧੜਕਣਾ ਦੇ, ਹੋ ਕੇ ਸੁਰ ਤਾਲ ਤੁਰੀਏ

ਵਾਕਈ ਜਨੌਰਾਂ ਨਾਲੋਂ, ਸਾਡੀ ਜੂਨ ਜੇ ਜੁਦਾ ਹੈ
ਅਸੀਂ ਹੰਸ ਤਾਂ ਨਹੀਂ ਹਾਂ, ਹੰਸਾਂ ਦੀ ਚਾਲ ਤੁਰੀਏ

ਸ਼ਬਦਾਂ ਦੇ ਸਾਹੀਂ ਜੀਣ ਨੂੰ, ਦੱਸ ਮੌਤ ਕੀ ਕਰੂਗੀ
ਡੱਕ ਲਏ ਜੋ ਜਮਾਂ ਨੂੰ, ਲੈ ਕੇ ਉਹ ਢਾਲ਼ ਤੁਰੀਏ

ਧਰਤੀ ਅਡੋਲ 'ਢੇਸੀ', ਕਿੱਦਾਂ ਸੰਭਾਲੂ ਸਾਨੂੰ
ਝੱਖੜ ਜਾਂ ਦਿਲਾਂ ਵਿਚ, ਜੇ ਲੈ ਭੂਚਾਲ ਤੁਰੀਏ



## ਆਪਾ

I cannot imagine a more
perfect hell
than being trapped
inside my own mind.
Beth Revis

ਜਰਿਆ ਕਿੱਥੇ ਹੈ ਜਾਂਦਾ, ਜਦੋਂ ਤਿੜਕਦਾ ਹੈ ਆਪਾ
ਵਾਹ ਸ਼ਾਮਤੇ ਨੀ ਜਿੰਦੇ, ਜੀਣਾ ਨਾ ਹੋਏ ਸਿਆਪਾ

ਸੱਚ ਜਾਣਿਓਂ ਕਿ ਆਪਾਂ, ਕਿਸੇ ਦੇ ਲੈਣ ਦੇ ਨਹੀਂ
ਸਾਡੇ 'ਤੇ ਸਾਡੇ ਅੰਦਰੋਂ, ਜੇ ਪਏ ਨਾ ਕੁਟਾਪਾ

ਕੋਈ ਲੱਖ ਆਖੇ ਹਾਸਲ, ਹਰ ਇੱਕ ਸ਼ੈ ਹੈ ਉਹਨੂੰ
ਹਰ ਤਰਾਂ ਪੂਰਾ ਕਰਕੇ, ਪੂਰਾ ਨਾ ਹੋਵੇ ਘਾਪਾ

ਲੁੱਟਣੇ ਨੂੰ ਸਾਰੇ ਕਹਿੰਦੇ, ਅਸੀਂ ਲੁੱਟ ਲੈਣਾ ਮੇਲਾ
ਮੇਲੇ 'ਚ ਗੁੰਮ ਹੋਇਆ, ਕਿਹਦਾ ਨਾ ਦੱਸੇ ਭਾਪਾ

ਰੂਹੇ ਰੁਹਾਨੀਅਤ ਦੀ ਹੀ, ਕੁੱਲ ਖੋਜ ਦੱਸਦੀ ਹੈ
ਗੱਲਾਂ ਨਾ ਕਿੱਥੇ ਲਹਿੰਦਾ, ਗਲ਼ ਪਿਆ ਇਕਲਾਪਾ

ਜੀਵਨ ਦੇ ਨਾਪ ਤੋਲ ਦਾ, ਕੁਲ ਸੱਚ ਕੂਕਦਾ ਹੈ
ਬਿਨ ਸ਼ਬਦ ਤੋਂ ਕਿਸੇ ਨੇ, ਲੈਣਾ ਨਹੀਂ ਹੈ ਨਾਪਾ

ਜ਼ਿੰਦਗੀ ਇਹ ਜੀਣ ਜੋਗੀ, ਗਲਵਕੜੀ ਲੈ ਲੈਂਦੀ
ਕਿਤੇ ਨਾਲ ਸਾਡੇ ਹੋਵੇ, ਸਾਡਾ ਆਪਣਾ ਜੇ ਆਪਾ

ਸੋਹਣਾ ਈ ਸੋਹਣਾ ਹੋਣਾ, ਕੋਹਣਾ ਨਾ ਕੁਝ ਹੋਣਾ
ਸੋਹਣੇ ਖਿਆਲ ਦਾ ਜੇ, ਲੱਗ ਜਾਏ ਜੀਅ 'ਤੇ ਛਾਪਾ

ਸੋਚਾਂ 'ਚ ਵਹਿ ਕੇ 'ਢੇਸੀ', ਏਨਾ ਨਾ ਭੁੱਲ ਜਾਈਂ
ਸੋਚਾਂ ਦਾ ਜ਼ਿੰਦਗੀ ਨੂੰ, ਮਾਰੇ ਅਵਾਰਾ ਛਾਪਾ

ਕੁਲਵੰਤ ਸਿੰਘ 'ਢੇਸੀ' ਯੂ ਕੇ

## ਸ਼੍ਰੋਮਣੀ ਗਾਇਕ ਪਾਲੀ ਦੇਤਵਾਲੀਆ ਵੱਲੋਂ



ਗੀਤਕਾਰ-ਤਰਲੋਚਨ ਸਿੰਘ
ਚੰਨ ਜੰਡਿਆਲਵੀ ਯੂ.ਕੇ.

ਤੂੰ ਉਨੀ ਸੌ ਇਕੰਨਵੇਂ ਨੂੰ ਜੰਮਕੇ 2026 ਨੂੰ ਧੋ ਗਿਓਂ ਧੋਣਾ!
ਮਨਜੋਤ ਸਿਆਂ ਮੇਰੇ ਪੁੱਤਰਾ! ਪੱਲੇ ਪਾ ਗਿਓਂ ਮੇਰੇ ਰੋਣਾ!!

ਮਾਂ ਤੇਰੀ ਨੇ ਤੇਰੇ ਜੰਮਿਆਂ ਜਸ਼ਨ ਕੀਤੇ ਵਡਭਾਗੇ।
ਉਨ੍ਹ ਵੀ T.V. ਦੇਖਦੀ ਨੇ ਸੀ ਪ੍ਰਾਣ ਤਿਆਗੇ।

ਉਹਨੂੰ ਕੀ ਪਤਾ ਸੀ, ਮਗਰੋਂ ਵੀ ਏਦਾਂਈ ਹੋਣਾ!
ਮਨਜੋਤ ਸਿਆਂ ਮੇਰੇ ਪੁੱਤਰਾ! ਪੱਲੇ ਪਾ ਗਿਓਂ ਮੇਰੇ ਰੋਣਾ!!

ਹਾਏ 28 ਅਪ੍ਰੈਲ 2026 ਨਾ ਹੀ ਆਉਂਦੀ।
ਹੱਸਦੇ ਵੱਸਦੇ ਘਰ ਨੂੰ ਤਾਂ ਨਾ ਤੜਫੋਂਦੀ।

ਪਿੰਡ ਦੇਤਵਾਲ ਸ਼ਮਸ਼ਾਨ ਘਾਟ ਪੈਰ ਪੈ ਗਿਆ ਧੋਣਾ!
ਮਨਜੋਤ ਸਿਆਂ ਮੇਰੇ ਪੁੱਤਰਾ! ਪੱਲੇ ਪਾ ਗਿਓਂ ਮੇਰੇ ਰੋਣਾ!!

ਕੁੱਲ 35 ਸਾਲ ਦੀ ਉਮਰ ਸੀ ਤੇਰੀ।
ਕੀ ਕਰੂਗੀ ਨੂੰਹ ਹੁਣ ਮੇਰੀ।

ਪੋਤਾ ਪੋਤੀ ਪੁੱਛਦੇ ਬਾਬਾ! ਡੈਡੀ ਨੇ ਕਦ ਆਉਣਾ!
ਮਨਜੋਤ ਸਿਆਂ ਮੇਰੇ ਪੁੱਤਰਾ! ਪੱਲੇ ਪਾ ਗਿਓਂ ਮੇਰੇ ਰੋਣਾ!!

ਚੰਨ ਜੰਡਿਆਲਵੀ ਅੰਕਲ ਤੇਰਾ।
ਸਭ ਦੁੱਖ ਦਰਦ ਜਾਣਦਾ ਮੇਰਾ।

ਯੂ.ਕੇ. ਤੋਂ ਅਫ਼ਸੋਸ ਕਰੇ, ਹਾਏ ਸਦਮਾ ਕਿੰਝ ਛੁਪਾਉਣਾ!
ਮਨਜੋਤ ਸਿਆਂ ਮੇਰੇ ਪੁੱਤਰਾ! ਪੱਲੇ ਪਾ ਗਿਓਂ ਮੇਰੇ ਰੋਣਾ!!

## ਘੜੇ ਨੂੰ ਤਰੇੜ

ਹੋਰ ਨਾਲ ਕੀ ਤੈਨੂੰ, ਆਪਣੀ ਨਬੇੜ ਯਾਰਾ,
ਦੂਜੇ ਦੀ ਲੜਾਈ ਨੂੰ ਨਾ, ਚੁੰਢੀ ਵੱਢ ਛੇੜ ਯਾਰਾ।

ਕਿਸੇ ਦੇ ਫੋੜੇ ਉੱਤੇ, ਕਾਗਜ਼ੀ ਤੂੰ ਲਾਂਦਾ ਫਿਰੇਂ,
ਆਪਣੇ ਖਰਿੰਢ, ਨਹੁੰ, ਮਾਰ ਨਾ ਉਚੇੜ ਯਾਰਾ।

ਠੰਢ ਤੋਂ ਬਚਾਵੇਂ ਗਲ ਦੂਸਰੇ ਦੇ ਪਾਕੇ ਕੋਟੀ,
ਆਪਣਾ ਸਵਾਟਰ, ਨਾ, ਆਪ ਹੀ ਉਧੇੜ ਯਾਰਾ।

ਖੂਹੇ ਪੈ ਕੇ ਮਰਦਾ, ਕੋਈ, ਮਰੀ ਜਾਵੇ, ਤੈਨੂੰ ਕੀ,
ਹੱਥ ਪਾ ਕੇ ਖੁੱਡ ਵਿੱਚ, ਮੌਤ ਨਾ ਸਹੇੜ ਯਾਰਾ।

ਕੋਈ, ਦੁਖੀ ਬੰਦਿਆਂ ਦਾ, ਹਾਲ ਜਾ ਕੇ ਪੁੱਛਦਾ ਨਾ,
ਟੁੱਟੀ ਲੱਤ ਵਾਲਾ ਕੱਟਾ, ਚੁੱਕ ਨਾ ਘਨ੍ਹੇੜ ਯਾਰਾ।

ਕੋਠਾ ਚੋਵੇ ਧੰਨੀ ਦਾ, ਨਾ ਪੌੜੀ ਤੈਥੋਂ ਚੜ੍ਹ ਹੋਵੇ,
ਚੋਂਦੇ ਨੂੰ ਹਟਾਣ ਲਈ ਨਾ, ਪੁੱਤ ਨੂੰ ਖਦੇੜ ਯਾਰਾ

ਜੇਂਨ ਮੰਦਾ ਬੋਲਣੈਂ, ਗੱਲ੍ਹ ਉਹਦੀ ਤੱਤੀ ਹੋਣੀਂ,
ਕਿਉਂ ਅੱਗੇ ਹੋ ਕੇ ਆਪ, ਖਾਨਾਂ ਏਂ ਚਪੇੜ ਯਾਰਾ।

ਪਾ ਵੱਟੇ, ਘੜੇ ਨੂੰ, ਹਿਲਾਂਦਾ ਤਾਂ ਹਿਲਾਵੇ ਉਹ,
ਕਿਉਂ ਰੋਨੈਂ, ਦੇਖ ਆਈ, ਘੜੇ ਨੂੰ ਤਰੇੜ ਯਾਰਾ।

ਕਿੱਸ ਕਿੱਸ, ਬਾਬੇ ਦੇ ਤੂੰ, ਪੈਰੀਂ ਹੱਥ ਲਾਣੇਂ ਦੱਸ,
ਇਕ ਦੋ ਦੀ ਗੱਲ ਛੱਡ, ਫਿਰਦੀ ਹੈ ਹੇੜ੍ਹ ਯਾਰਾ।

ਖਾ ਕੇ ਤੂੰ, ਰੁੱਖੀ ਸੁੱਖੀ, ਠੰਢਾ ਪਾਣੀ ਪੀਈ ਚੱਲ,
ਜ਼ਿੰਦ ਵਾਲੀ ਗੱਡੀ, ਜਿਵੇਂ ਰਿੜ੍ਹਦੀ ਏ ਰੇੜ੍ਹ ਯਾਰਾ।

ਕੋਟਲੇ ਵਾਲੇ ਨੇ ਤੇਜ, ਇਕੋ ਗੱਲ ਪੱਲੇ ਬੰਨ੍ਹੀਂ,
ਗੰਦੀ ਭੇਡ, ਦੂਜੀਆਂ ਨੂੰ, ਦਿੰਦੀ ਏ ਲਬੇੜ ਯਾਰਾ।

ਲੇਖਕ-ਤੇਜਾ ਸਿੰਘ ਤੇਜ
ਕੋਟਲੇਵਾਲਾ
ਧੰਨਵਾਦ ਸਹਿਤ ਤੇਰੀਆਂ ਤੂੰ
ਜਾਣੇ ਕਿਤਾਬ ਵਿੱਚੋ



*** ***

## ਗੀਤ



ਡਾ. ਮੁਹਿੰਦਰ ਸਿੰਘ ਰਾਏ

ਪੈਨਸ਼ਨ ਆਏ ਅਫ਼ਸਰ ਤਾਈਂ ਮਾਰਦਾ ਕੋਈ ਸਲੂਟ ਨਹੀਂ ।
ਜਿਹੜਾ ਮਾਰ ਦੇਵੇਗਾ ਸੱਚ ਨੂੰ, ਉਹ ਜੰਮਿਆ ਅਜੇ ਝੂਠ ਨਹੀਂ ।
ਹਥੇਲੀ ਉੱਪਰ ਸਰੋਂ ਨਾ ਜੰਮਦੀ, ਨਾ ਪਾਣੀ ਉੱਤੇ ਮਲਾਈ।
ਤੁੰਮੇ ਕਦੇ ਨਾ ਮਿੱਠੇ ਹੁੰਦੇ, ਨਹੀਂ ਤਾਂ ਗਿੱਦੜ ਹੀ ਜਾਣ ਖਾਈ।
ਜੋ ਲੱਦਣ ਲੱਗਿਆਂ ਅੜਾਵੇ ਨਾ, ਦੇਖਿਆ ਐਸਾ ਕੋਈ ਊਠ ਨਹੀਂ।
ਜਿਹੜਾ ਮਾਰ ਦੇਵੇਗਾ ਸੱਚ ਨੂੰ, ਉਹ ਜੰਮਿਆ ਅਜੇ ਝੂਠ ਨਹੀਂ।
ਪੈਨਸ਼ਨ ਆਏ ਅਫ਼ਸਰ ਨੂੰ ਮਾਰਦਾ ਕੋਈ ਸਲੂਟ ਨਹੀਂ ।
ਸੂਲਾਂ ਉੱਤੇ ਨਾ ਬਹਿਣ ਤਿਤਲੀਆਂ, ਨਾ ਹੀ ਕਾਗਜ਼ ਦਿਆਂ ਫੁੱਲਾਂ ਤੇ।
ਗਿੱਦੜਾਂ ਵਾਂਗੂੰ ਸ਼ੇਰ ਨਾ ਤੁਰਦੇ, ਝੁੰਡ ਬਣਾ ਕੇ ਟੁੱਲਾਂ 'ਚ।
ਕਰੇ ਅੰਬ ਵੱਢ ਕੇ ਵਾੜ ਅੱਕਾਂ ਨੂੰ, ਜਿਨ੍ਹਾਂ ਲਗਦੇ ਫਲ ਫਰੂਟ ਨਹੀ।
ਜਿਹੜਾ ਮਾਰ ਦੇਵੇਗਾ ਸੱਚ ਨੂੰ, ਉਹ ਜੰਮਿਆ ਅਜੇ ਝੂਠ ਨਹੀਂ।
ਪੈਨਸ਼ਨ ਆਏ ਅਫ਼ਸਰ ਨੂੰ ਮਾਰਦਾ ਕੋਈ ਸਲੂਟ ਨਹੀਂ।
ਚੋਰਾਂ ਦੀ ਟੋਲੀ ਇੱਕੋ ਬੋਲੀ, ਝੂਠ ਨੂੰ ਸੱਚ ਬਣਾਈ ਜਾਵਣ।
ਇੱਕੋ ਥਾਲ਼ੀ ਦੇ ਚੱਟੇ ਵੱਟੇ, ਦਾਗ਼ੀ ਬਾਗੀ ਕਹਾਈ ਜਾਵਣ।
ਚਿੱਕੜ ਵਿੱਚ ਜੋ ਦਾਗ਼ੀ ਨਾ ਹੁੰਦਾ, ਐਸਾ ਬਣਿਆ ਕੋਈ ਸੂਟ ਨਹੀ।
ਜਿਹੜਾ ਮਾਰ ਦੇਵੇਗਾ ਸੱਚ ਨੂੰ, ਉਹ ਜੰਮਿਆ ਅਜੇ ਝੂਠ ਨਹੀਂ।
ਪੈਨਸ਼ਨ ਆਏ ਅਫ਼ਸਰ ਨੂੰ ਮਾਰਦਾ ਕੋਈ ਸਲੂਟ ਨਹੀਂ।
ਜਾਤ, ਧਰਮਾਂ ਦੇ ਬਣਾ ਕੇ ਮੋਹਰੇ, ਸਿਆਸਤ ਦੀ ਸ਼ਤਰੰਜ ਖੇਲਦੇ।
ਗਰੀਬਾਂ ਅਤੇ ਵਿਕਾਸ ਨੂੰ ਭੁੱਲ ਕੇ, ਨਸ਼ੇ ਦੇ ਵਿੱਚ ਫਿਰਨ ਮੇਲ੍ਹਦੇ।
ਨਫ਼ਰਤ ਦਾ ਜੋ ਜ਼ਹਿਰ ਫੈਲਾਉਂਦੇ, ਉਹਨਾਂ ਦੀ ਖਾਣੀ ਜੂਠ ਨਹੀਂ।
ਜਿਹੜਾ ਮਾਰ ਦੇਵੇਗਾ ਸੱਚ ਨੂੰ, ਉਹ ਜੰਮਿਆ ਅਜੇ ਝੂਠ ਨਹੀਂ।
ਪੈਨਸ਼ਨ ਆਏ ਅਫ਼ਸਰ ਨੂੰ ਮਾਰਦਾ ਕੋਈ ਸਲੂਟ ਨਹੀਂ।
ਮਿਲ ਜਾਵੇ ਜੇ ਸਰਕਾਰੀ ਨੌਕਰੀ, ਕੰਮ ਕਰਨ ਦੀ ਲੋੜ ਨਹੀਂ।
ਰਹੇ ਡਾਕਟਰਾਂ ਦੀ ਗੈਰ ਹਾਜ਼ਰੀ, ਮਰੀਜ਼ਾਂ ਦੀ ਤਾਂ ਥੋੜ ਨਹੀਂ।
'ਰਾਏ' ਉੱਡਾ ਕੇ ਜਿਹੜਾ ਸੈਰ ਕਰਾਵੇ, ਐਸਾ ਬਣਿਆ ਅਜੇ ਬੂਟ ਨਹੀਂ।
ਜਿਹੜਾ ਮਾਰ ਦੇਵੇਗਾ ਸੱਚ ਨੂੰ, ਉਹ ਜੰਮਿਆ ਅਜੇ ਝੂਠ ਨਹੀਂ ।
ਪੈਨਸ਼ਨ ਆਏ ਅਫ਼ਸਰ ਨੂੰ ਮਾਰਦਾ ਕੋਈ ਸਲੂਟ ਨਹੀਂ।

* * * * * *

## ਖ਼ਿਆਲ ਆਪੋ ਆਪਣਾ

ਗੁਰਚਰਨ ਸਿੰਘ ਜਿਉਣ ਵਾਲਾ ਬਰੈਂਪਟਨ

# 13 ਅਪ੍ਰੈਲ ਦੀ ਵਿਸਾਖੀ

ਮਿਸੀਸਾਉਗਾ ਗੁਰੂ ਘਰ ਚਿਰਾਂ ਤੋਂ ਹੋਕਾ ਅਖੰਡ ਪਾਠਾਂ ਦੀ ਸੇਵਾ ਵਾਸਤੇ, ਦਾ ਕੀ ਮਤਲਬ? 13 ਅਪ੍ਰੈਲ ਦੀ ਵਿਸਾਖੀ ਹੋਣ ਕਰਕੇ ਅਖੰਡ ਪਾਠਾਂ ਦੀ ਗਿਣਤੀ ਵੀ ਤੇਰਾਂ ਹੀ ਹੋਣੀ ਚਾਹੀਦੀ ਹੈ ਜਿਹਨਾਂ ਦਾ ਭੋਗ ਵਿਸਾਖੀ ਤੇ ਪਾਇਆ ਜਾਵੇਗਾ? ਕੀ ਇਹ ਹੋਕਾ ਹੀ ਤਾਂ ਕਾਫੀ ਨਹੀਂ ਜਿਹੜਾ ਗੁਰਦੁਆਰੇ ਦੇ ਪ੍ਰਬੰਧਕਾਂ ਦੀ ਸੋਚ ਦੀ ਤਸਵੀਰ ਪੇਸ਼ ਕਰਦਾ ਹੈ? ਕੀ ਇਹ ਹੋਕਾ ਤੁਹਨੂੰ ਵਹਿਮਾਂ ਭਰਮਾਂ ਵਿੱਚ ਫਿਰ ਤੋਂ ਤਾਂ ਨਹੀਂ ਪਾ ਰਿਹਾ? ਕੀ ਇਸ ਹੋਕੇ ਨਾਲ ਗੁਰਦੁਆਰੇ ਦੀ ਆਮਦਨ ਵਧਾਉਣ ਦਾ ਹੀ ਮਤਲਬ ਤਾਂ ਨਹੀਂ? ਕੀ ਇਸ ਹੋਕੇ ਨਾਲ ਸਿਰਫ ਭਾਈਆਂ ਦੇ ਵਾਸਤੇ ਕੰਮ ਹੀ ਤਾਂ ਨਹੀਂ ਪੈਦਾ ਕੀਤਾ ਜਾ ਰਿਹਾ? ਕੀ ਇਸ ਹੋਕੇ ਨਾਲ ਲੰਗਰ ਵਾਸਤੇ ਰਸਦ ਹੀ ਤਾਂ ਨਹੀਂ ਇਕੱਠੀ ਕੀਤੀ ਗਈ ਜਿਹੜੀ ਫਿਰ ਤੋਂ ਤੁਹਾਡੇ ਗਰੌਸਰੀ ਸਟੋਰਾਂ ਤੇ ਵਿਕਣੀ ਹੈ? ਜਿਹੜਾ ਆਟੇ ਦਾ ਬੈਗ ਤੁਸੀਂ 7 ਡਾਲਰ ਦਾ ਖਰੀਦ ਕਿ ਗੁਰੂ ਘਰ ਦੇ ਕਿ ਆਉਂਦੇ ਹੋ ਓਹੀ ਬੈਗ ਗਰੌਸਰੀ ਸਟੋਰ ਨੂੰ 4 ਡਾਲਰ ਦਾ ਵੇਚ ਦਿਤਾ ਜਾਂਦਾ ਹੈ ਤੇ ਸਟੋਰ ਵਾਲਾ ਫਿਰ ਤੋਂ ਤੁਹਾਨੂੰ 7 ਡਾਲਰ ਦਾ ਵੇਚ ਦਿੰਦਾ ਹੈ। ਕਈ ਸੱਜਣਾਂ ਦੇ ਆਟੇ ਵਿੱਚੋਂ ਕੀੜੇ ਵੀ ਨਿਕਲੇ ਹਨ ਉਹ ਇਸ ਕਰਕੇ ਨਹੀਂ ਕਿ ਆਟੇ ਵਾਲੀ ਮਿਲ ਨੇ ਆਟਾ ਮਾੜਾ ਬਣਾਇਆ ਸੀ ਬਲਕਿ ਇਸ ਕਰਕੇ ਕਿ ਆਟਾ ਚੱਕਰਾਂ ਵਿੱਚ ਪਿਆ ਘੁੰਮਦਾ ਰਿਹਾ, ਖਾਧਾ ਕਿਸੇ ਨੇ ਨਹੀਂ ਤੇ ਸ਼ਾਇਦ ਇਹ ਆਟਾ ਵਿਚਾਰਾ ਵਿਕਰੀ ਦੇ ਚੱਕਰ ਵਿੱਚ ਪਿਆ ਹੀ ਲੋਕਾਂ ਦੇ ਮੂੰਹਾਂ ਵਿੱਚ ਨਾ ਪੈ ਕਿ ਵਿਚਾਰੇ ਕੀੜਿਆਂ ਦੇ ਮੂੰਹਾਂ ਵਿੱਚ ਪੈ ਗਿਆ। ਵਿਚਾਰੇ ਕੀੜਿਆਂ ਨੂੰ ਗੁਰੂ ਘਰੋਂ ਕੁੱਝ ਕਿਉਂ ਨਹੀਂ ਮਿਲਣਾ ਚਾਹੀਦਾ?

13 ਅਪ੍ਰੈਲ ਨੂੰ ਮੈਂ ਸਵੇਰੇ ਸਵੇਰੇ ਸਾਢੇ ਕੁ ਸੱਤ ਵਜੇ ਗੁਰਦੁਆਰੇ ਖੁਲ੍ਹੇ ਹੋਏ 18 ਅਖੰਡ ਪਾਠਾਂ ਦੇ ਦਰਸ਼ਨ ਕਰਨ ਚਲਾ ਗਿਆ। ਮੂਹਰਲੇ ਹਾਲ ਵਿੱਚ ਕੀਰਤਨ ਚੱਲ ਰਿਹਾ ਸੀ।ਥੋੜੀ ਦੇਰ ਬਾਅਦ ਮੈਂ ਉੱਹ ਹਾਲ ਲੱਭਿਆ ਜਿਥੇ 18 ਅਖੰਡ ਪਾਠ ਖੁਲ੍ਹੇ ਹੋਏ ਸਨ। ਪਾਠੀ ਪਾਠ ਕਰਨ ਵਾਲੇ 18, ਗੁਰੂ ਮਹਾਂਰਾਜ ਜੀ ਦੀਆਂ ਪ੍ਰਕਾਸ਼ ਕੀਤੀਆਂ ਹੋਈਆਂ ਬੀੜਾਂ ਵੀ 18 ਤੇ ਸੁਣਨ ਵਾਲੇ 4 ਆਦਮੀ ਤੇ ਛੇ ਬੀਬੀਆਂ। ਇਹ ਕੋਈ ਸਵੇਰੇ 8 ਵਜ੍ਹੇ ਦੀ ਗੱਲ ਹੈ।

ਪਾਠੀਆਂ ਦੀ ਬਦਲੀ ਕਰਨੀ ਸੀ। ਐਨਿਆਂ ਪਾਠੀਆਂ ਨੂੰ ਉਠਾਉਣਾ ਹੋਵੇ ਤੇ ਐਨਿਆਂ ਨੂੰ ਹੀ ਨਵੇ ਸਿਰਿਓਂ ਫਿਰ ਪਾਠ ਕਰਨ ਲਾਉਣਾ ਹੋਵੇ ਇਹ ਕੋਈ ਅਸਾਨ ਕੰਮ ਨਹੀਂ ਇਸ ਕਰਕੇ ਚਾਰ ਕੁ ਪ੍ਰਬੰਧਿਕ ਸੱਜਣ ਵੀ ਹਾਲ ਵਿੱਚ ਗੇੜੇ ਕੱਢ ਰਹੇ ਸਨ। ਪਾਠ ਮੁੱਖ ਬਾਕ ਸਵੱਯੇ ਮਹਲੇ ਚੌਥੇ ਕੇ ਚੱਲ ਰਿਹਾ ਸੀ। ਇਕ ਟਿਮ-ਟਮਾਉਂਦੀ ਛੋਟੇ ਛੋਟੇ ਸੈਂਕੜੇ ਬਲਬਾਂ ਵਾਲੀ ਬਿਜਲੀ ਦੀ ਪੱਟੀ ਬਾਬੇ ਦੀਆਂ ਬੀੜਾਂ ਦੇ ਸਾਹਮਣੇ ਸਜਾਵੱਟ ਲਈ ਰੱਖੀ ਹੋਈ ਸੀ। ਜਿਹੜੀ ਅਸਲ ਮਨੋਰਥ ਤੋਂ ਉਲਟ ਕੰਮ ਕਰ ਰਹੀ ਸੀ। ਜੇ ਕਿਤੇ ਭੁੱਲ ਭੁਲੇਖੇ ਕੋਈ ਅੱਖਰ ਪਾਠ ਦਾ ਦਿਮਾਗ ਵਿੱਚ ਵੜ੍ਹ ਵੀ ਗਿਆ ਤਾਂ ਨਿਕਾਲਣ ਵਿੱਚ ਦੇਰੀ ਬਿਲਕੁੱਲ ਨਾ ਕਰੇ। ਕਿਉਂਕਿ ਟਿਮ-ਟਮਾਉਂਦੀ ਰੋਸ਼ਨੀ ਤੁਹਾਡੀ ਇਕ-ਾਗਰਤਾ ਨੂੰ ਭੰਗ ਕਰਦੀ ਹੈ। ਹੋ ਸਕਦਾ ਹੈ ਕਿ ਗੁਰਦੁਆਰੇ ਵਾਲਿਆਂ ਦਾ ਮਨੋਰਥ ਵੀ ਏਹੀ ਹੋਵੇ ਕਿ ਪਾਠ ਦੀ ਕਿਸੇ ਨੂੰ ਸਮਝ ਨਹੀਂ ਪੈਣੀ ਚਾਹੀਦੀ। ਵੀਰੋ ਜੇ ਕਿਤੇ ਤੁਹਾਨੂੰ ਪਾਠ ਦੀ ਥੋੜੀ ਬਹੁਤ ਸਮਝ ਪੈ ਗਈ ਤਾਂ ਤੁਸੀਂ ਫਿਰ ਨਾ ਤਾਂ ਇਹਨਾਂ ਭਾਈਆਂ ਦੇ ਢਹੇ ਚੜੋਗੇ ਤੇ ਨਾ ਹੀ ਐਸੇ ਕੂੜੇ ਅਡੰਬਰ ਕਰੋਗੇ। ਜਿਹੜਿਆਂ ਪ੍ਰੀਵਾਰਾਂ ਨੇ ਅਖੰਡ ਪਾਠ ਖੁਲਵਾਇਆ ਸੀ ਜੇ ਉੱਹ ਭੋਗ ਵਾਲੇ ਦਿੱਨ ਵੀ ਨਹੀਂ ਆਏ ਤਾਂ ਕੀ ਉੱਹ ਦੂਸਰੇ ਦੋ ਦਿੱਨ ਆਏ ਹੋਣਗੇ? ਮੇਰੀ ਸਮਝ ਮੁਤਾਬਕ ਤਾਂ ਉੱਹ ਆਏ ਹੀ ਨਹੀਂ।

ਹੁਣ ਆਪਾਂ ਇਹ ਦੇਖਣਾ ਹੈ ਕਿ ਕੀ ਇਸ ਤਰਾਂ ਦੇ ਪਾਠ ਕਰਨ ਨੂੰ ਸਿੱਖ ਰਹਿਤ ਮਰਯਾਦਾ ਇਜ਼ਾਜਤ ਦਿੰਦੀ ਹੈ? ਬਿਲਕੁਲ ਨਹੀਂ। ਸਿੱਖ ਰਹਿਤ ਮਰਯਾਦਾ ਤਾਂ ਇਹ ਆਖਦੀ ਹੈ ਕਿ ਪਾਠ ਘਰ ਵਾਲੇ ਆਪ ਕਰਨ ਯਾ ਫਿਰ ਪਾਠੀ ਕੋਲੋਂ ਸੁਣਨ। ਇਕਲਾ ਪਾਠੀ ਪਾਠ ਕਰੀ ਜਾਵੇ ਇਹ ਗੁਰਬਾਣੀ ਦੀ ਨਿਰਾਦਰੀ ਹੈ। ਜੇ ਇਸ ਤਰਾਂ ਦੇ ਪਾਠ ਕਰਨਾ ਗੁਰੂ ਮਹਾਂਰਾਜ ਦੀ ਨਿਰਾਦਰੀ ਹੈ ਤਾਂ ਉਸ ਪ੍ਰਬੰਧਿਕ ਨੂੰ ਜਾ ਕੇ ਪੁਛੋ ਜਿਹੜਾ ਆਖਦਾ ਹੈ ਕਿ ਅਖੰਡ ਪਾਠ ਕਰਾਉਣਾ ਚੰਗਾ ਹੁੰਦਾ ਹੈ। ਇਸ ਨਾਲ ਤੁਹਾਡਾ ਕਲਿਯਾਣ ਹੋਵੇਗਾ। ਸੁਆਲ ਇਹ ਹੈ ਕਿ ਕਲਿਯਾਣ ਹੋਵੇਗਾ ਕਿਸ ਤਰਾਂ? ਜੇ ਪਾਠ ਸੁਣਿਆ ਨਹੀਂ ਤਾਂ ਕੁੱਝ ਸਿੱਖਿਆ ਨਹੀਂ। ਜੇ ਸਿਖਿਆ ਨਹੀਂ ਤਾਂ ਕਲਿਯਾਣ ਨਹੀਂ। ਭਾਈ ਸਾਹਿਬ ਨੂੰ ਪੁੱਛੋ ਜਾ ਕਿ ਕਲਿਯਾਣ ਕਿਸ ਤਰਾਂ ਹੋਵੇਗਾ। ਹਾਂ ਤੁਹਾਡਾ ਕਲਿਯਾਣ ਤਾਂ ਕਿਸੇ ਤਰਾਂ ਨਹੀਂ ਹੋਇਆ ਪਰ ਪ੍ਰਬੰਧਿਕ ਸੱਜਣ ਜੀ ਦਾ ਕਲਿਯਾਣ ਜ਼ਰੂਰ ਹੋਇਆ ਜਿਸ ਨੇ ਵਿਸਾਖੀ ਦੇ 18 ਅਖੰਡ ਪਾਠਾਂ ਵਿਚੋਂ ਇਕ ਘਰ ਦੀ ਡਾਊਨ ਪੇਮਿੰਟ ਕਰਨ ਜੋਗਰੇ ਪੈਸੇ ਜ਼ਰੂਰ ਬਚਾ ਲਏ ਹੋਣਗੇ।

ਪਾਠ ਕਰਨ ਬਾਰੇ ਸਾਡੇ ਗੁਰੂ ਸਾਹਿਬ ਕੀ ਆਖਦੇ ਹਨ? ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿੱਚ ਕਿਸ ਤਰਾਂ ਦਾ ਪਾਠ ਕਰਨ ਲਈ ਆਖ ਰਹੇ ਹਨ? ਜਪੁਜੀ ਦੀਆਂ ਤੁਕਾਂ ਇਸ ਤਰਾਂ ਹਨ:

ਗਾਵੀਐ ਸੁਣੀਐ ਮਨਿ ਰਖੀਐ ਭਾਉ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥

ਸੱਚੇ ਦਾ ਨਾਮ ਭੀ ਸੱਚਾ ਹੀ ਹੈ। ਸੱਚੇ ਨੂੰ ਗਾਓ, ਸੱਚੇ ਨੂੰ ਸੁਣੋ, ਤੇ ਮਨ ਵਿੱਚ ਸੱਚ ਪ੍ਰਤੀ ਪਿਆਰ ਰੱਖੋ। ਫਿਰ ਕੀ ਹੋਵੇਗਾ? ਗੁਰੂ ਸਾਹਿਬ ਆਖਦੇ ਹਨ ਕਿ ਦੁੱਖ ਦੂਰ ਨੱਸ ਜਾਣਗੇ ਤੇ ਸੁੱਖ ਘਰ ਵਿੱਚ ਆ ਵੱਸਣਗੇ। ਸੱਚ ਪ੍ਰਤੀ ਤਾਂ ਸਾਡਾ ਧਿਆਨ ਹੀ ਨਹੀਂ ਜਾਂਦਾ ਫਿਰ ਕਲਿਯਾਣ ਕਿਸ ਤਰਾਂ? ਗੁਰੂ ਸਾਹਿਬ ਇਹ ਵੀ ਆਖਦੇ ਹਨ ਕਿ ਪੜ੍ਹਨ ਨਾਲ ਵੀ ਮੈਲ ਨਹੀਂ ਉੱਤਰਦੀ, ਤੀਰਥ ਇਸ਼ਨਾਨ ਕਰਨ ਨਾਲ ਵੀ ਮੈਲ ਨਹੀਂ ਉਤਰਦੀ। ਮਨ ਦੀ ਮੈਲ ਤਾਂ ਸਿਰਫ ਗੁਰੂ ਦੀ ਸ਼ਰਨ ਵਿੱਚ ਆ ਕੇ ਹੀ ਉੱਤਰਦੀ ਹੈ ਤੇ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ ਆਪਾ ਮਾਰਨਾ। ਬਾਣੀ ਦਾ ਸਲੋਕ ਇੰਵ ਹੈ।

ਜਗਿ ਹਉਮੈ ਮੈਲੁ ਦੁਖੁ ਪਾਇਆ
ਮਲੁ ਲਾਗੀ ਦੂਜੈ ਭਾਇ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ
ਜੇ ਸਉ ਤੀਰਥ ਨਾਇ॥
ਬਹੁ ਬਿਧਿ ਕਰਮ ਕਮਾਵਦੇ
ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ
ਪੂਛਹੁ ਗਿਆਨੀਆ ਜਾਇ॥

ਪੰਨਾ 39,ਮ:4॥

ਇਨ੍ਹਾਂ ਪੰਗਤੀਆਂ ਵਿੱਚ ਗੁਰੂ ਸਾਹਿਬ ਆਖਦੇ ਹਨ ਕਿ ਮਾਇਆ ਦੇ ਪਸਾਰੇ ਵਾਲੇ ਸੰਸਾਰ ਵਿੱਚ ਆਦਮੀ ਨੂੰ ਮਾਇਆ ਦੇ ਮੋਹ ਕਰਕੇ ਮਨ ਦੀ ਮੈਲ, ਝੂਠ, ਇਕ ਦੂਜੇ ਦੀਆਂ ਲੱਤਾਂ ਖਿਚਣੀਆਂ, ਕੌਮ ਨੂੰ ਆਪਣੇ ਮਤਲਬ ਲਈ ਪਾੜਨਾ(ਦੋ ਨਗਰ ਕੀਰਤਨ ਕਰਨੇ) ਲੱਗੀ ਰਹਿੰਦੀ ਹੈ ਇਹ ਤੀਰਥ ਇਸ਼ਨਾਨ ਕਰਨ ਨਾਲ ਵੀ ਨਹੀਂ ਉੱਤਰਦੀ,ਪੜ੍ਹਨ ਨਾਲ ਵੀ ਨਹੀਂ ਉੱਤਰਦੀ। ਆਹ ਜਿਹੜੇ ਸੰਤ ਮਹਾਤਮਾ ਪੰਜਾਬੋਂ ਆਏ ਹੋਏ ਹਨ ਇਹਨਾਂ ਨੂੰ ਜਾ ਕੇ ਪੁੱਛੋ ਕੀ ਇਨ੍ਹਾਂ ਦੇ ਮਨ ਦੀ ਮੈਲ (ਇਹ ਇਧੱਰ ਮਾਇਆ ਇਕੱਠੀ ਕਰਨ ਹੀ ਤਾਂ ਆਉਂਦੇ ਹਨ ਜੇ ਜਨਤਾ ਨੂੰ ਸੁਧਾਰਨਾ ਇਨ੍ਹਾਂ ਦਾ ਮਕਸਦ ਹੋਵੇ ਤਾਂ ਪੰਜਾਬੀ ਪੰਜਾਬ ਵਿੱਚ ਜ਼ਿਆਦਾ ਵੱਸਦੇ ਹਨ, ਸੁਧਾਰ ਇਹ ਉਥੇ ਕਰਨ) ਉੱਤਰੀ ਹੈ? ਪਰ ਪ੍ਰਚਾਰ ਇਹ ਵੀ ਮਨ ਦੀ ਮੈਲ ਉਤਾਰਨ ਦਾ ਹੀ ਕਰਦੇ ਹਨ। ਸ਼ਾਇਦ ਦੂਸਰਿਆਂ ਦੇ ਮਨ ਦੀ ਮੈਲ ਹੀ ਇਨ੍ਹਾਂ ਨੂੰ ਦਿੱਸਦੀ ਹੋਵੇ। ਅਗਲੀਆਂ ਦੋ ਪੰਗਤੀਆਂ ਵਿੱਚ ਮੈਲ ਉਤਾਰਨ ਦਾ ਤਰੀਕਾ ਗੁਰੂ ਸਾਹਿਬ ਦੱਸਦੇ ਹਨ।

ਮਨ ਮੇਰੇ ਗੁਰ ਸਰਣਿ ਆਵੈ
ਤਾ ਨਿਰਮਲ ਹੋਇ॥
ਮਨਮੁਖ ਹਰਿ ਹਰਿ ਕਰਿ ਥਕੇ
ਮੈਲੁ ਨ ਸਕੀ ਧੋਇ॥ ਪੰਨਾ 39, ਮ:4 ॥

ਗੁਰੂ ਦੀ ਸ਼ਰਨ ਆਉਣ ਦਾ ਮਤਲਬ ਇਹ ਨਹੀਂ ਕਿ ਸਵੇਰੇ ਉੱਠ ਕਿ ਗੁਰਦੁਆਰੇ ਜਾ ਕੇ ਮੱਥਾ ਟੇਕਿਆ ਤੇ ਤੁਸੀਂ ਗੁਰੂ ਦੇ ਘਰ ਕਬੂਲੇ ਗਏ। ਜੇ ਇਹ ਮਤਲਬ ਹੁੰਦਾ ਤਾਂ ਆਹ ਜਿਹੜੇ ਪ੍ਰਬੰਧਿਕ, ਹਰ ਰੋਜ਼ ਗੁਰੂ ਦੀਆਂ ਗੱਲਾਂ ਕਰਦੇ ਹਨ, ਹਰ ਰੋਜ਼ ਗੁਰਦੁਆਰੇ ਜਾਂਦੇ ਹਨ ਦੋ ਨਗਰ ਕੀਰਤਨ ਨਾਂ ਕਰਾਉਂਦੇ। ਗੁਰੂ ਦੀ ਸ਼ਰਨ ਆਉਣ ਦਾ ਮਤਲਬ ਹੈ ਆਪਾ ਵਾਰਨ ਤੋਂ। ਜਦੋਂ ਆਪਾ ਵਾਰਿਆ ਜਾਂਦਾ ਹੈ ਤਾਂ ਫਿਰ ਗੁਰੂ ਵਾਕ ਅਨੁਸਾਰ ਨਾ ਕੋ ਵੈਰੀ ਨਹੀਂ ਬਿਗਾਨਾ।

ਦੂਸਰੀ ਪੰਗਤੀ ਫਿਰ ਉਹਨਾਂ ਤੇ ਢੁੱਕਦੀ ਹੈ ਜਿਹੜੇ ਹਰ ਰੋਜ਼ ਗੁਟਕੇ ਫੜ ਕੇ ਯਾ ਜ਼ੁਬਾਨੀ ਪਾਠ ਤਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਹੀ ਕਰਦੇ ਹਨ ਪਰ ਮਨ ਵਿੱਚ ਇਕ ਅੱਖਰ ਨਹੀਂ ਵਸਾਉਂਦੇ। ਉਹਨਾਂ ਨੂੰ ਗੁਰੂ ਸਾਹਿਬ ਮਨਮੁਖ ਆਖਦੇ ਹਨ॥

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ
ਅੰਦਿਰ ਤ੍ਰਿਸਨਾ ਵਿਕਾਰੁ॥
ਹਉਮੈ ਵਿਚਿ ਸਭਿ ਪੜਿ ਥਕੇ
ਦੂਜੈ ਭਾਇ ਖੁਆਰੁ॥ ਪੰਨਾ650, ਮ:3 ॥

ਗੁਰੂ ਸਾਹਿਬ ਆਖਦੇ ਹਨ ਕਿ ਜਦੋਂ ਪੜਨਾ ਤੇ ਸੁਣਨਾ ਸਿਰਫ ਕਾਰ ਵਿਹਾਰ ਬਣ ਜਾਏ ਤਾਂ ਹਿਰਦੇ ਵਿੱਚ ਤ੍ਰਿਸ਼ਨਾ ਦੀ ਅੱਗ ਉਸੇ ਤਰਾਂ ਬਲਦੀ ਹੀ ਰਹਿੰਦੀ ਹੈ। ਅਹੰਕਾਰ ਵਿੱਚ ਸਾਰੇ (ਪੰਡਿਤ ਤੇ ਭਾਈ, ਡੇਰੇਦਾਰ ਤੇ ਸੰਤ) ਪੋਥੀਆਂ ਪੜ੍ਹ ਪੜ੍ਹ ਕੇ ਥੱਕ ਜਾਂਦੇ ਹਨ ਤੇ ਖੁਆਰ ਹੀ ਹੁੰਦੇ ਰਹਿੰਦੇ ਹਨ। ਵੀਰੋ ਤੇ ਭੈਣੋ! ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਕਿਤੇ ਇਹ ਅਖੰਡ ਪਾਠ, ਜੋ ਤੁਸੀਂ ਕਰਵਾਉਂਦੇ ਹੋ,ਉੱਪਰਲੀਆਂ ਦੋ ਪੰਗਤੀਆਂ ਵਾਲੀ ਗੱਲ ਤਾਂ ਨਹੀਂ? ਸੋਚੋ ਜ਼ਰਾ। ਭਾਈ ਪਾਠ 46 ਘੰਟਿਆਂ ਵਿੱਚ ਕਰਕੇ ਤੁਹਾਡਾ 1000-2000 ਕੁ ਡਾਲਰ ਦਾ ਖਰਚਾ ਕਰਵਾ ਕੇ ਚਲੇ ਜਾਂਦੇ ਹਨ ਤੇ ਤੁਸੀਂ ਏਹੀ ਸੋਚਦੇ ਹੋ ਕਿ ਬਾਬੇ ਦੇ ਚਰਨ ਘਰ ਪਏ ਹਨ ਸਾਡਾ ਘਰ ਪਵਿਤਰ ਹੋ ਗਿਆ, ਸਾਡੇ ਘਰ ਲੜਕਾ ਯਾ ਲੜਕੀ ਪੈਦਾ ਹੋਈ ਹੈ ਬਾਬਾ ਸਾਡੀ ਲੜਕੀ ਯਾ ਲੜਕੇ ਨੂੰ ਸੁਮੱਤ ਦੇਵੀਂ ਸਿਹਤ ਬਖਸ਼ੀਂ, ਸਾਡਾ ਕਾਰੋਬਾਰ ਚੰਗਾ ਚਲਾਈਂ ਆਦਿ।

ਗੁਰੂ ਗ੍ਰੰਥ ਸਾਹਿਬ ਵਿੱਚ ਇਕ ਵੀ ਐਸੀ ਪੰਗਤੀ ਨਜ਼ਰ ਨਹੀਂ ਪੈਂਦੀ ਜੋ ਉੱਪਰ ਲਿਖੀਆਂ ਮੰਗਾਂ ਦੀ ਪ੍ਰੋੜਤਾ ਕਰਦੀ ਹੋਵੇ। ਸਗੋਂ ਇਹਨਾਂ ਵਹਿਮਾਂ ਤੇ ਭਰਮਾਂ ਵਿਚੋਂ ਕੱਢਣ ਲਈ ਸੈਕੜੇ ਐਸੀਆਂ ਪੰਗਤੀ ਹਨ ਪਰ ਅਸੀਂ ਇਸ ਭਾਈ ਕਲਾਸ ਦੇ ਢਹੇ ਚੜ੍ਹੇ ਗੁਰੂ ਦੇ ਹੁਕਮ, ਜੋ ਗੁਰੂ ਗ੍ਰੰਥ ਵਿੱਚ ਲਿਖਿਆ ਹੈ, ਵੱਲ ਖਿਆਲ ਨਹੀਂ ਕਰਦੇ ਸਗੋਂ ਪਾਠ ਨੂੰ ਅਸੀਂ ਅੱਜ-ਕੱਲ੍ਹ ਇਕ ਮੰਤਰ ਸਮਝਦੇ ਹਾਂ ਕਿ ਪਾਠ ਕਰਵਾ ਲਿਆ ਹੁਣ ਸਾਡਾ ਕੰਮ ਪੱਕਾ ਹੀ ਠੀਕ ਹੋ ਜਾਣਾ ਹੈ। ਇਹ ਖੇਡ ਸਾਰੀ ਭਾਈ ਕਲਾਸ ਦੀ ਹੀ ਰਚਾਈ ਹੋਈ ਹੈ ਜਿਸ ਨੇ ਆਪਣੇ ਪਰਾਉਠਿਆਂ ਦੀ ਖਾਤਰ ਸਾਨੂੰ ਬੁੱਧੂ ਬਣਾਇਆ ਹੋਇਆ ਹੈ। ਖਾਲਸਾ ਜੀ ਹੁਣ ਤੁਹਾਡੇ ਸਾਹਮਣੇ ਅੱਜ ਦੀ ਮਿਸਾਲ ਹੈ ਦੋ ਨਗਰ ਕੀਰਤਨ ਕਰਨੇ। ਇਹ ਮੱਤ ਸੋਚੋ ਕਿ ਪਾੜੋ ਤੇ ਰਾਜ ਕਰੋ ਗੋਰਿਆਂ ਦੀ ਨੀਤੀ ਸੀ। ਇਹ ਹਰ ਹਾਕਮ ਕਲਾਸ ਦੀ ਨੀਤੀ ਹੁੰਦੀ ਰਹੀ ਹੈ ਤੇ ਰਹੇਗੀ ਵੀ।

ਇਹ ਭਾਈ ਕਲਾਸ ਅੱਜ ਸਾਡੇ ਸਿੱਖ ਧਰਮ ਦੀ ਹਾਕਮ ਕਲਾਸ ਦੀ ਥਾਂ ਪੱਕੀ ਕਰ ਚੁੱਕੀ ਹੈ। ਨਤੀਜੇ ਤੁਹਾਡੇ ਸਾਹਮਣੇ ਹਨ। ਹੁਣ ਖਾਲਸਾ ਜੀ ਇਹਨਾਂ ਨਰੈਣੂਆਂ ਦਾ ਸਾਥ ਦੇਣ ਦੀ ਬਜਾਏ ਆਪਣੇ ਗੁਰੂ ਨੀਤੀ ਦਾ ਸਾਥ ਦਿਓ। ਇਹ ਸਿਰਫ ਉਦੋਂ ਹੀ ਮੁਮਕਿਨ ਹੋਵੇਗਾ ਜਦੋਂ ਤੁਸੀਂ ਆਪ ਪਾਠ ਕਰਨ ਦਾ ਹੌਂਸਲਾ ਕਰੋਗੇ।

ਕਿਆ ਪੜੀਐ ਕਿਆ ਗੁਨੀਐ॥
ਕਿਆ ਬੇਦ ਪੁਰਾਨਾਂ ਸੁਨੀਐ॥
ਪੜੇ ਸੁਨੇ ਕਿਆ ਹੋਈ॥
ਜਉ ਸਹਜ ਨ ਮਿਲਿਓ ਸੋਈ॥
ਹਰ ਕਾ ਨਾਮੁ ਨ ਜਪਸਿ ਗਵਾਰਾ॥
ਕਿਆ ਸੋਚਹਿ ਬਾਰੰ ਬਾਰਾ॥
ਪੰਨਾ 655, ਕਬੀਰ ਸਾਹਿਬ ॥

ਬੇਦ ਤੇ ਪੁਰਾਨ ਤੋਂ ਮਤਲਬ ਸਿਰਫ ਹਿੰਦੂਆਂ ਤੇ ਮੁਸਲਮਾਨਾ ਦੇ ਗ੍ਰੰਥਾਂ ਤੋਂ ਹੀ ਨਹੀਂ।

ਜੇ ਕਰ ਗੁਰੂ ਸਾਹਿਬਾਨ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਹੁੰਦੇ ਤੇ ਭਾਈ ਕਲਾਸ ਨੇ ਇਹੀ ਮੰਤਰ ਪਾਠ ਕਰਕੇ ਲੋਕਾਂ ਕੋਲੋਂ ਪੈਸਾ ਬਟੋਰਨ ਦੀ ਰੀਤ ਚਲਾਈ ਹੁੰਦੀ ਤਾਂ ਗੁਰੂ ਸਾਹਿਬਾਨ ਨੇ ਇਸ ਪਾਠ ਦੀ ਵੀ ਸਾਫ ਸਾਫ ਅੱਖਰਾਂ ਵਿੱਚ ਮਨਾਹੀ ਕਰ ਦੇਣੀ ਸੀ। ਭਾਈ ਕਲਾਸ ਨੂੰ ਖਤਮ ਕਰਨਾ ਤੇ ਹਰ ਸਿੱਖ ਨੂੰ ਹੁਕਮ ਕਰਨਾ ਕਿ ਅੱਜ ਤੋਂ ਮੇਰਾ ਹਰ ਸਿੱਖ ਪ੍ਰਚਾਰਕ ਹੋਵੇਗਾ, ਗੁਰੂ ਗੋਬਿੰਦ ਸਿੰਘ ਜੀ ਨੇ ਡੇਰਾਦੂਨ ਵਿੱਚ ਮਸੰਦਾਂ ਨੂੰ ਸਖਤ ਸਜ਼ਾਵਾਂ ਤੋਂ ਬਾਅਦ ਇਹ ਹੋਕਾ ਦਿੱਤਾ ਸੀ। ਇਹ ਬਾਣੀ ਹਰੀ ਦਾ ਨਾਮ, ਪ੍ਰਭੂ ਦਾ ਨਾਮ ਜਪਣ ਵਾਸਤੇ ਆਖਦੀ ਹੈ ਤੇ ਅਸੀਂ ਇਸ ਬਾਣੀ ਨੂੰ ਪੜ੍ਹਨਾ ਹੀ ਪ੍ਰਭੂ ਦਾ ਨਾਮ ਜਪਣਾ, ਇਹਨਾਂ ਸਾਧਾਂ ਦੀ ਵਿਆਖਿਆ ਅਨੁਸਾਰ, ਸਮਝ ਬੈਠੇ ਹਾਂ। ਕਿਤੇ ਵਿਆਖਿਆ ਗਲਤ ਤਾਂ ਨਹੀਂ? ਜੇ ਆਪਾਂ ਗੁਰੂ ਸਾਹਿਬਾਂ ਨੂੰ ਡਾਕਟਰ ਮੰਨ ਲਈਏ, ਜਿਨ੍ਹਾਂ ਨੇ ਲਿਤਾੜੀ ਜਾਂਦੀ ਕੌਮ ਨੂੰ ਜਗਾਇਆ ਤੇ ਮਨੁੱਖਤਾ ਦੇ ਭਲੇ ਲਈ ਲੜਨਾ ਸਿਖਾਇਆ। ਉਨ੍ਹਾਂ ਦੀ ਬਾਣੀ ਡਾਕਟਰ ਦੀ ਲਿਖੀ ਇਕ ਪਰਚੀ ਹੈ ਦਵਾਈ ਲੈ ਕੇ ਖਾਣ ਦੀ। ਜੇ ਅਸੀਂ ਪਰਚੀ ਨੂੰ ਪੜ੍ਹੀ ਜਾਵਾਂਗੇ ਤੇ ਦਵਾਈ ਨਹੀਂ ਖਾਵਾਂਗੇ ਤਾਂ ਸਾਡਾ ਇਲਾਜ਼ ਨਹੀਂ ਹੋਵੇਗਾ। ਬੱਸ ਏਹੀ ਨੁਕਤਾ ਸਮਝਣਾ ਜ਼ਰੂਰੀ ਹੈ। ਗੁਰੂ ਗ੍ਰੰਥ ਸਿੱਖਾਂ ਦਾ ਸਵਿਧਾਨ ਹੈ ਤੇ ਹੈ ਵੀ ਮਨੁੱਖਤਾ ਦੇ ਭਲੇ ਲਈ। ਇਸੇ ਕਰਕੇ ਹੀ ਤਾਂ ਸਿੱਖ ਧਰਮ ਮਨੁੱਖਮਾਤਰ ਦਾ ਧਰਮ ਹੋ ਸਕਦਾ ਹੈ। ਸਿਧਾਂਤ ਨੂੰ ਮਨ ਵਿੱਚ ਵਸਾਉਣ ਨਾਲ ਤੇ ਸਿਧਾਂਤ ਨੂੰ ਹੀ ਅਮਲੀ ਜਾਮਾ ਪਹਿਨਾਉਣ ਨਾਲ ਗੱਲ ਬਣਨੀ ਜੇ ਸਿਰਫ ਰੱਟੇ ਲਾਉਣਾ ਇਕ ਹੋਰ ਗੱਲ ਜੇ, ਤੇ ਰੱਟੇ ਵੀ ਭਾਈਆਂ ਕੋਲੋਂ ਲਵਾਉਣ ਨਾਲ ਤਾਂ ਗੱਲ ਬਿਲਕੁੱਲ ਨਹੀਂ ਬਣਨੀ।ਏਹੀ ਗੱਲ ਕਬੀਰ ਸਾਹਿਬ ਉਪਰਲੇ ਸਲੋਕ ਵਿੱਚ ਆਖ ਰਹੇ ਹਨ।


ਕਾਂਇਆ ਮਾਂਜਸਿ ਕਉਨ ਗੁਨਾਂ॥
ਜਉ ਘਟ ਭਤਿਰਿ ਹੈ ਮਲਨਾਂ॥

ਪੰਨਾ 656,ਕਬੀਰ ਸਾਹਿਬ।


ਕਬੀਰ ਸਾਹਿਬ ਇਹ ਆਖ ਰਹੇ ਹਨ ਕਿ ਸਰੀਰ ਨੂੰ ਬਾਹਰੋਂ ਧੋਣ, ਮਤਲਬ ਇਸ਼ਨਾਨ ਕਰਨ ਤੋਂ ਹੈ, ਦਾ ਕੋਈ ਫਾਇਦਾ ਨਹੀਂ ਜਿਤਨਾ ਚਿਰ ਤੇਰੇ ਅੰਦਰ ਮੈਲ ਭਰੀ ਹੋਈ ਹੈ। ਜਿਤਨਾ ਚਿਰ ਤੇਰੇ ਅੰਦਰ ਲੋਕਾਂ ਨੂੰ ਦੋਫਾੜ ਕਰਕੇ ਪੈਸਾ ਇਕਠਾ ਕਰਨ ਦੀ ਦੌੜ ਲੱਗੀ ਹੋਈ ਹੈ,ਦੋ ਨਗਰ ਕੀਰਤਨ ਕਰਕੇ ਸਿੱਖ ਕੌਮ ਨੂੰ ਦੋਫਾੜ ਕਰਨ ਦੀ ਦੌੜ ਤੇਰੇ ਮਨ ਵਿੱਚ ਹੈ, ਗੁਰਦੁਆਰੇ ਦਾ ਪ੍ਰਬੰਧਿਕ ਬਣਨ ਦਾ ਸਿੱਖ ਕੌਮ ਨੂੰ ਕੋਈ ਲਾਭ ਨਹੀਂ ਤੇ ਨਾ ਹੀ ਇਹ ਗੁਰੂ ਨੂੰ ਭਾਉਂਦਾ ਹੈ।

ਗੁਰੂ ਦੇ ਪੰਥ ਦਾ ਦਾਸ,
ਗੁਰਚਰਨ ਸਿੰਘ ਜਿਉਣ ਵਾਲਾ
+1 647 966 3132
Webiste: isnghsabhacanada.ca
Email: isnghsabhacanada@outlook.com

# ਸਿਹਤ ਤੇ ਸੁੰਦਰਤਾ



**ANIL DHEER**



Columnist. Alternative Therapist, Social Activist. Health Educator Award winner; "ਤਿੱਖਾ ਦਰਦ ਪਿੱਠ ਜਾਂ ਪਾਸੇ ਵਿਚ, ਪਿਸ਼ਾਬ ਦੌਰਾਣ ਪੀੜ, ਜਲਨ, ਖ਼ੂਨ, ਘਬਰਾਹਟ, ਉਲਟੀ, ਪੈਰਾਂ ਦੁਆਲੇ ਸੋਜਸ਼, ਵਗੈਰਾ ਦੀ ਹਾਲਤ ਵਿਚ ਬਿਨਾਂ ਦੇਰ ਕੀਤੇ ਡਾਕਟਰੀ ਮਦਦ ਲਵੋ- ਡਾ ਅਨਿਲ ਧੀਰ. ਕਾਲਮਨਿਸਟ. ਪੀਐਫਏ ਕੈਨੇਡੀਅਨ ਰੈੱਡ ਕਰਾਸ. ਲੇਖਕ "ਹੈਲਥ ਅਲਰਟ ਸੀਰੀਜ਼" ਅਤੇ "ਸੈਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ"

# ਸਾਵਧਾਨ: ਕਿਡਨੀ ਰੋਗਾਂ ਦਾ ਵੱਧ ਰਿਹਾ ਹੈ ਅੰਕੜਾ

ਹੈਲਥ ਮੀਡੀਆ ਕੈਨੇਡਾ: ਵਿਸ਼ਵ ਭਰ 'ਚ ਕਿਡਨੀ ਦੇ ਰੋਗ ਤੇਜ਼ੀ ਨਾਲ ਵੱਧ ਰਹੇ ਹਨ। ਕਰੀਬਨ 851 ਮਿਲੀਅਨ ਤੋਂ ਵੱਧ ਲੋਕ ਗੰਭੀਰ ਕਿਡਨੀ ਰੋਗਾਂ ਦੇ ਘੇਰੇ ਵਿਚ ਆ ਚੁੱਕੇ ਹਨ। ਇਹ ਅੰਕੜਾ ਲਗਾਤਾਰ ਵੱਧ ਰਿਹਾ ਹੈ। ਹਾਈਪਰਟੈਂਨਸ਼ਨ, ਮੋਟਾਪਾ ਅਤੇ ਡਾਇਬਟੀਜ਼ ਵਗੈਰਾ ਰੋਗ ਗੰਭੀਰ ਕਿਡਨੀ ਦੀਆਂ ਬੀਮਾਰੀ ਦਾ ਕਾਰਨ ਬਣ ਰਹੇ ਹਨ ਜੋ ਲਾਪ੍ਰਵਾਹੀ ਕਰਨ ਨਾਲ ਭਵਿੱਖ ਵਿਚ ਅਪੰਗਤਾ ਅਤੇ ਮੌਤ ਦਾ ਕਾਰਨ ਵੀ ਬਣਦੇ ਜਾ ਰਹੇ ਹਨ। ਅੱਜ 60000 ਤੋਂ ਵੱਧ ਕੈਨੇਡੀਅਨ ਅਖਿਰੀ ਸਟੇਜ਼ ਦੀ ਬਿਮਾਰੀ ਦੀ ਨਾਲ ਜੀਅ ਰਹੇ ਹਨ। ਕਰੀਬਨ 31000 ਡਾਇਸਿਸ 'ਤੇ ਨਿਰਭਰ ਹਨ, ਜੱਦ ਕਿ 20000 ਤੋਂ ਵੱਧ ਕਾਰਜਸ਼ੀਲ ਕਿਡਨੀ ਟ੍ਰਾਂਸਪਲਾਂਟ ਨਾਲ ਜੀਅ ਰਹੇ ਹਨ।

ਕਾਰਨਾਂ ਵਿਚ ਸ਼ੂਗਰ ਗੁਰਦੇ ਦੀ ਬਿਮਾਰੀ ਦਾ ਮੁੱਖ ਕਾਰਨ ਲੱਗਭਗ 45% ਨਵੇਂ ਮਾਮਲਿਆਂ ਲਈ ਜਿੰਮੇਵਾਰ ਹੈ। ਹਾਈਪਰਟੈਂਨਸ਼ਨ ਡੇਲੀ 46% ਨਵੇਂ ਮਾਮਲਿਆਂ ਲਈ ਜਿੰਮੇਵਾਰ ਦੇਖਿਆ ਜਾ ਰਿਹਾ ਹੈ। ਹੋਰ ਕਾਰਨ ਜਿਵੇਂ ਕਿ ਗਲੋਮੇਰੂਲੋਨੇਫ੍ਰਾਈਟਿਸ, ਪੋਲੀਸਿਸਟਿਕ ਕਿਡਨੀ ਦੇ ਵਿਰਾਸਤੀ ਰੋਗ ਅਤੇ ਕੁੱਝ ਦਵਾਈਆਂ ਲੰਬੇ ਸਮੇਂ ਤੱਕ ਇਸਤੇਮਾਲ ਕਰਨ ਨਾਲ ਵੀ ਕਿਡਨੀ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚ ਰਿਹਾ ਹੈ।

ਬਿਗੜ ਰਿਹਾ ਲਾਈਫਸਟਾਈਲ ਯਾਨਿ ਅਨਹੈਲਦੀ ਖੁਰਾਕ ਅਤੇ ਘੱਟ ਸਰੀਰਕ ਐਕਟੀਵਿਟੀ ਵੀ ਕਿਡਨੀ ਰੋਗਾਂ ਨੂੰ ਵਧਾ ਰਹੀ ਹੈ। ਗੁਰਦੇ ਸਰੀਰ ਦੇ ਖਾਸ ਅੰਗ ਹਨ ਜੋ ਖ਼ੂਨ ਨੂੰ ਸਾਫ ਕਰਦੇ ਹਨ ਅਤੇ ਬੇਕਾਰ ਪਦਾਰਥ ਬਾਹਰ ਕੱਢਦੇ ਹਨ। ਗੁਰਦੇ ਦੀ ਕਾਰਜਸ਼ੀਲਤਾ ਵਿਚ ਆਈ ਕੋਈ ਵੀ ਗੜਬੜ ਅੱਗੇ ਜਾ ਕੇ ਖਤਰਨਾਕ ਹਾਲਾਤ ਪੈਦਾ ਕਰ ਦਿੰਦੀ ਹੈ।

ਆਮ ਕਿਡਨੀ ਰੋਗ: ਕਿਡਨੀ ਵਿਚ ਪੱਥਰੀ ਦਾ ਬਣ ਜਾਣਾ:

ਪੱਥਰੀ ਦੀ ਹਾਲਤ ਵਿਚ ਰੋਗੀ ਨੂੰ ਘਬਰਾਹਟ ਨਾਲ ਉਲਟੀ ਆ ਸਕਦੀ ਹੈ। ਤਿੱਖਾ ਦਰਦ ਪਿੱਠ ਜਾਂ ਪਾਸੇ ਵਿਚ ਸ਼ੁਰੂ ਹੋ ਜਾਂਦਾ ਹੈ। ਪਿਸ਼ਾਬ ਵਿਚ ਖ਼ੂਨ ਵੀ ਆ ਸਕਦਾ ਹੈ। ਕਿਡਨੀ ਇਨਫੈਕਸ਼ਨ ਦੀ ਹਾਲਤ ਵਿਚ ਰੋਗੀ ਨੂੰ ਬੁਖਾਰ ਹੋ ਜਾਂਦਾ ਹੈ। ਪਿਸ਼ਾਬ ਵਿਚ ਜਲਨ ਦੇ ਨਾਲ-ਨਾਲ ਰਗੀ ਨੂੰ ਬਾਰ-ਬਾਰ ਪਿਸ਼ਾਬ ਆਉਣਾ ਸ਼ੁਰੂ ਹੋ ਜਾਂਦਾ ਹੈ।

ਪੁਰਾਣੇ ਕਿਡਨੀ ਰੋਗਾਂ ਵਿਚ ਗੁਰਦੇ ਦੀ ਕੰਮ ਕਰਨ ਦੀ ਸ਼ਕਤੀ ਘੱਟ ਜਾਂਦੀ ਹੈ। ਇਸ ਹਾਲਤ ਵਿਚ ਭੁੱਖ ਘੱਟ ਜਾਂਦੀ ਹੈ। ਰੋਗੀ ਹਮੇਸ਼ਾ ਥੱਕਿਆ ਮਹਿਸੂਸ ਕਰਦਾ ਹੈ। ਪੈਰਾਂ ਵਿਚ ਸੂਜਨ ਰਹਿਣ ਲੱਗ ਪੈਂਦੀ ਹੈ।

ਐਕਿਊਟ ਕਿਡਨੀ ਫੇਲੀਅਰ: ਅਚਾਨਕ



ਗੁਦੇ ਕੰਮ ਕਰਨਾ ਬੰਦ ਕਰ ਦਿੰਦੇ ਹਨ। ਅਜਿਹਾ ਦਵਾਈਆਂ ਦੀ ਜ਼ਿਆਦਾ ਵਰਤੋਂ ਡੀਹਾਈਡ੍ਰੇਸ਼ਨ ਅਤੇ ਸਰੀਰ ਅੰਦਰ ਜ਼ਹਿਰੀਲੇ ਪਦਾਰਥਾਂ ਦੀ ਮੌਜੂਦਗੀ ਦੇਖੀ ਜਾਂਦੀ ਹੈ।

ਪ੍ਰੋਟੀਨਯੁਰੀਆ: ਇਹ ਗੁਰਦੇ ਦੀ ਖਰਾਬੀ ਦਾ ਸੰਕੇਤ ਹੁੰਦਾ ਹੈ। ਪਿਸ਼ਾਬ ਵਿਚ ਪ੍ਰੋਟੀਨ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਹਾਲਤ ਵਿਚ ਪਿਸ਼ਾਬ ਦੀ ਮਾਤਰਾ ਵਿਚ ਬਦਲਾਅ ਦੇ ਨਾਲ ਪਿਸ਼ਾਬ ਵਿਚ ਖ਼ੂਨ ਜਾਂ ਝੱਗ ਦੇਖਣ ਨੂੰ ਮਿਲਦੀ ਹੈ। ਅੱਖਾਂ ਅਤੇ ਪੈਰਾਂ ਦੇ ਆਲੇ-ਦੁਆਲੇ ਸੂਜਨ ਆ ਜਾਂਦੀ ਹੈ। ਬਲੱਡ-ਪ੍ਰੈਸ਼ਰ ਕਾਫੀ ਜ਼ਿਆਦਾ ਹੋ ਜਾਂਦਾ ਹੈ।

ਕਿਡਨੀ ਰੋਗਾਂ ਦੇ ਆਮ ਕਾਰਨ ਡਾਇਬਟੀਜ਼, ਹਾਈ ਬਲੱਡ-ਪ੍ਰੈਸ਼ਰ ਰਹਿਣਾ, ਪਾਣੀ ਘੱਟ ਪੀਣ ਦੀ ਆਦਤ, ਜ਼ਿਆਦਾ ਜੰਕ ਫੂਡ ਅਤੇ ਨਮਕ ਦੀ ਵੱਧ ਵਰਤੋਂ ਅਤੇ ਪੇਨ-ਕਿਲਰ ਦਵਾਈਆਂ ਨੂੰ ਜਿੰਮੇਵਾਰ ਮੰਨਿਆ ਜਾ ਰਿਹਾ ਹੈ।

## ਜਰੂਰੀ ਹੈ ਕਿਡਨੀ ਦੀ ਦੇਖਭਾਲ:

ਡੇਲੀ ਵੱਧ ਤੋਂ ਵੱਧ ਯਾਨਿ 8-10 ਗਲਾਸ ਪਾਣੀ ਪੀਣ ਦੀ ਆਦਤ ਪਾ ਲੈਣੀ ਚਾਹੀਦੀ ਹੈ। ਕਿਉਂਕਿ ਸਰੀਰ ਨੂੰ ਹਾਈਡ੍ਰੇਟ ਰੱਖਣਾ ਬਹੁਤ ਜਰੂਰੀ ਹੈ। ਫ੍ਰੋਜ਼ਨ ਫੂਡ ਦੀ ਥਾਂ ਤਾਜ਼ੇ ਫੱਲ-ਸਬਜ਼ੀਆਂ ਦੀ ਵਰਤੋਂ ਕਰੋ। ਨਮਕ ਰੂਟੀਨ ਵਿਚ ਘੱਟ ਖਾਓ।

ਤੰਦਰੁਸਤ ਵਿਅਕਤੀ ਨੂੰ ਵੀ ਆਪਣੇ ਬਲੱਡ-ਟੈਸਟ ਅਤੇ ਪਿਸ਼ਾਬ ਦੀ ਜਾਂਚ ਸਮੇਂ-ਸਮੇਂ ਤੇ ਕਰਾਉਣੀ ਚਾਹੀਦੀ ਹੈ। ਇਸ ਨਾਲ ਸਰੀਰ ਅਤੇ ਮਨ ਦੀ ਕੋਈ ਵੀ ਗੜਬੜ ਸਾਹਮਣੇ ਆ ਜਾਂਦੀ ਹੈ।

ਡੇਲੀ ਯੋਗਾ, ਮੇਡੀਟੇਸ਼ਨ ਅਤੇ ਵਰਕਆਉਟ ਹੈਲਦੀ 'ਤੇ ਰੋਗੀ ਦੋਨਾਂ ਲਈ ਜਰੂਰੀ ਹੈ। ਹੈਲਦੀ ਖ਼ੂਰਾਕ, ਕਸਰਤ, ਸੈਰ, ਅਤੇ ਦਵਾਈ ਨਾਲ ਡਾਇਬਟੀਜ਼ 'ਤੇ ਹਾਈ ਬਲੱਡ-ਪ੍ਰੈਸ਼ਰ ਨੂੰ ਹਮੇਸ਼ਾ ਕੰਟ੍ਰੋਲ ਵਿਚ ਰੱਖੋ।

ਲੰਬੀ ਹੈਲਦੀ ਜ਼ਿੰਦਗੀ ਜਿਉਣ ਲਈ ਹਰ ਕਿਸਮ ਦੇ ਨਸ਼ੇ ਤੋਂ ਦੂਰ ਰਹਿਣ ਦੀ ਲੋੜ ਹੋ ਗਈ ਹੈ। ਗਰਮ ਮੌਸਮ ਵਿਚ ਨਾਰੀਅਲ ਪਾਣੀ ਅਤੇ ਨਿੰਬੂ-ਪਾਣੀ ਜ਼ਿਆਦਾ ਪੀਓ।

ਸਲਾਦ ਵਿਚ ਖੀਰਾ, ਕੱਕੜੀ, ਕੱਚਾ ਆਂਵਲਾ, ਹਰਾ ਧਨੀਆ ਸ਼ਾਮਿਲ ਕਰ ਸਕਦੇ ਹੋ। ਗਰਮ ਮੌਸਮ ਵਿਚ ਤਰਬੂਜ਼, ਪਪੀਤਾ, ਜ਼ਿਆਦਾ ਖਾਓ।


ਨੋਟ: ਸ਼ੁਰੂ ਵਿਚ ਕਿਡਨੀ ਦੇ ਰੋਗਾਂ ਦਾ ਪਤਾ ਨਹੀਂ ਲੱਗਦਾ। ਸਮੇਂ-ਸਮੇਂ 'ਤੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਟੈਟਸ ਕਰਾਉਂਦੇ ਰਹੋ। ਖਾਣ-ਪੀਣ ਦਾ, ਵਰਕਆਉਟ ਦਾ ਖਾਸ ਖਿਆਲ ਰੱਖਣ ਦੀ ਲੋੜ ਹੋ ਗਈ ਹੈ। ਆਪਣੇ ਆਪ ਕੋਈ ਵੀ ਖ਼ੂਰਾਕ, ਦਵਾਈ ਨਾ ਸ਼ੁਰੂ ਕਰੌ ਅਤੇ ਨਾ ਹੀ ਬੰਦ ਕਰੋ। ਸਾਵਧਾਨੀ ਦੀ ਲੋੜ ਹੈ।

# * ਚੂੰਡੀਆਂ-ਚੂੰਢੀਆਂ *

# * ਹੁੰਝਾਂ-ਪੋਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਪੰਥਕ ਮਹਾਂਗੱਠਜੋੜ ਨੂੰ ਮਿਲ ਰਿਹਾ ਹੁੰਗਾਰਾ ਬਾਦਲ ਧੜੇ ਲਈ ਖ਼ਤਰੇ ਦੀ ਘੰਟੀ- ਇਕ ਖ਼ਬਰ**

-ਢਿੱਲੇ ਹੋ ਗਏ ਗਰਦਨ ਦੇ ਮੂੰਗੇ, ਲਿੱਸੀ ਹੋ ਗਈ ਤੂੰ ਬਚਨੋ।



***ਰਾਜ ਸਭਾ ਮੈਂਬਰ ਹਰਭਜਨ ਸਿੰਘ ਨੂੰ ਕੇਂਦਰ ਤੋਂ ਮਿਲੀ ਸੀ.ਆਰ.ਪੀ.ਐਫ. ਸੁਰੱਖਿਆ- ਇਕ ਖ਼ਬਰ**

-ਨਿੱਕਾ ਦਿਉਰ ਭਾਬੀਆਂ ਦਾ ਖਿਡਾਉਣਾ, ਪੱਟਾਂ ਵਿਚ ਖੇਡਦਾ ਫਿਰੇ।



***ਹਰ ਖੇਤਰ ਵਿਚ ਮਜ਼ਦੂਰਾਂ ਦਾ ਯੋਗਦਾਨ ਬੇਮਿਸਾਲ- ਜਗਮੋਹਨ ਆਨੰਦ**

-ਤਾਂ ਹੀ ਇਨ੍ਹਾਂ ਦੀ ਜ਼ਿੰਦਗੀ ਅਜੇ ਵੀ ਬੜੀ ਮੁਹਾਲ।

***ਪੰਜਾਬ ਭਾਜਪਾ ਨੇ ਵਿਸ਼ੇਸ਼ ਸੈਸ਼ਨ ਸਮੇਂ ਕੀਤਾ ਆਪਣਾ ਵੱਖਰਾ ਸੈਸ਼ਨ।**

-ਢਾਈ ਇੱਟ ਦਾ ਬਣਾ ਕੇ ਚੁਬਾਰਾ, ਅਸੀਂ ਵੱਖਰੀ ਖਿਚੜੀ ਪਕਾਉਂਦੇ।



***ਪੰਜਾਬ ਅਤੇ ਹਰਿਆਣਾ ਭੂਗੋਲਿਕ ਰੂਪ 'ਚ ਅਲੱਗ ਅਲੱਗ ਪਰ ਸਾਡੀ ਆਤਮਾ ਇਕ- ਮੁੱਖ ਮੰਤਰੀ ਸੈਣੀ**

-ਸੈਣੀ ਸਾਹਿਬ ਆਤਮਾ ਤਾਂ ਦੋਵਾਂ ਦੀ ਕੇਂਦਰ ਕੋਲ ਗਿਰਵੀ ਪਈ ਐ।



***ਜਥੇਦਾਰ ਗੜਗੱਜ ਆਪਣੇ ਫ਼ੈਸਲੇ ਦੀ ਸਿਧਾਂਤਕ ਸਪਸ਼ਟਤਾ ਸੰਗਤਾਂ ਸਾਹਮਣੇ ਰੱਖਣ- ਪ੍ਰੋ. ਖ਼ਿਆਲਾ**

-ਉਹਦੀ ਜਥੇਦਾਰੀ ਸਪਸ਼ਟ ਨਹੀਂ, ਤੁਸੀਂ ਫ਼ੈਸਲੇ ਦੀ ਸਿਧਾਂਤਕ ਸਪਸ਼ਟਤਾ ਭਾਲ਼ਦੇ ਓ।



***ਸਿਆਸੀ ਬਦਲਾਖੋਰੀ ਲਈ ਨਿੱਜੀ ਆਜ਼ਾਦੀ ਕੁਰਬਾਨ ਨਹੀਂ ਕੀਤੀ ਜਾ ਸਕਦੀ- ਪਵਨ ਖੇੜਾ**

-ਦੁਖੀ ਦਿਲਾਂ ਦੀ ਦੇਖ ਲੈ ਫੋਟੋ, ਮੂਰਤਾਂ ਦਾ ਕੀ ਦੇਖਣਾ।



***ਅਮਰੀਕਾ ਨਾਲ ਜੰਗ ਖ਼ਤਮ ਕਰਨ ਲਈ ਰਾਜ਼ੀ ਹੋਇਆ ਇਰਾਨ- ਇਕ ਖ਼ਬਰ**

-ਨੀ ਤੂੰ ਬਣ ਕੇ ਕਬੂਤਰੀ ਚੀਨੀ, ਗਿੱਧੇ ਵਿਚ ਆ ਜਾ ਗੋਰੀਏ।



***ਕੇਂਦਰੀ ਮੰਤਰੀ ਖੱਟੜ ਨਾਲ ਦਾਦੂਵਾਲ ਨੇ ਕੀਤੀ ਮੁਲਾਕ-ਾਤ- ਇਕ ਖ਼ਬਰ**

-ਬੋਤਾ ਬੰਨ੍ਹ ਜੰਡੀਆਂ ਦੀ ਛਾਂਵੇਂ, ਆਪਾਂ ਦੋਵੇਂ ਤਾਸ਼ ਖੇਡੀਏ।



***'ਆਪ' ਸਰਕਾਰ ਵਲੋਂ ਦਰਜ ਕੀਤੇ ਜਾ ਰਹੇ ਝੂਠੇ ਕੇਸਾਂ ਤੋਂ ਭਾਜਪਾ ਡਰਨ ਵਾਲੀ ਨਹੀਂ- ਜਾਖੜ**

-ਜੀਹਨੇ ਕਾਲ਼ ਪਾਵੇ ਨਾਲ਼ ਬੰਨ੍ਹਿਆਂ, ਇਕ ਦਿਨ ਹੋਇਆ ਚਲਦਾ।

***ਇੰਗਲੈਂਡ ਦੇ ਸਾਬਕਾ ਸਫ਼ੀਰਾਂ ਨੇ ਇਜ਼ਰ-ਾਇਲ ਦੇ ਵਿਸਥਾਰ ਪ੍ਰਤੀ ਸਖ਼ਤ ਕਦਮ ਚੁੱਕਣ ਦੀ ਕੀਤੀ ਮੰਗ- ਇਕ ਖ਼ਬਰ**

-ਪਾਪ ਪੁੰਨ ਨੀ ਜਿੰਦੜੀਏ ਤੇਰੇ, ਤੱਕੜੀ 'ਤੇ ਤੋਲੇ ਜਾਣਗੇ।



***ਭਗਵੰਤ ਮਾਨ ਸਰਕਾਰ ਨੇ ਵਿਧਾਨ ਸਭਾ 'ਚ ਭਰੋਸੇ ਦਾ ਵੋਟ ਕੀਤਾ ਹਾਸਲ-ਇਕ ਖ਼ਬਰ**

-ਰੁੱਤ ਯਾਰੀਆਂ ਲਾਉਣ ਦੀ ਆਈ, ਬੇਰੀਆਂ ਦੇ ਬੇਰ ਪੱਕ ਗਏ।




***ਭਾਜਪਾ ਨੇ ਰਾਜਪਾਲ ਕਟਾਰੀਆ ਨੂੰ ਮਿਲ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਹਟਾਉਣ ਦੀ ਕੀਤੀ ਮੰਗ- ਇਕ ਖ਼ਬਰ**

-ਸਲਵਾਨ ਜੱਲਾਦਾਂ ਨੂੰ ਆਖਦਾ, ਕਰੋ ਪੂਰਨ ਜਲਦ ਹਲਾਲ।

***ਸਿੱਖ ਸੰਸਥਾਵਾਂ ਵਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਾਨੂੰਨ ਨਾਮਨਜ਼ੂਰ- ਇਕ ਖ਼ਬਰ**

-ਮੋਢਾ ਸਿੱਖ ਸੰਸਥਾਵਾਂ ਦਾ, ਕੋਈ ਗੋਲ਼ੀ ਹੋਰ ਚਲਾਵੇ।



***ਟਰੰਪ ਨੇ ਪੰਜ ਹਜ਼ਾਰ ਅਮਰੀਕਨ ਸਿਪਾਹੀ ਖਾੜੀ 'ਚੋਂ ਵਾਪਸ ਬੁਲਾਉਣ ਲਈ ਕਿਹਾ- ਇਕ ਖ਼ਬਰ**

-ਇਹਦੇ ਕਹਿਣੇ ਮਗਰ ਨਾ ਜਾਵੋ ਕੋਈ, ਇਹ ਬੰਦਾ ਬੇਇਤਬਾਰਾ, ਕਰਦਾ ਕਾਰਾ।

---------------

# ਸਾਂਸਦ ਗੁਰਜੀਤ ਔਜਲਾ ਨੇ ਜਥੇਦਾਰ ਗੜਗੱਜ ਨਾਲ ਕੀਤੀ ਮੁਲਾਕਾਤ

## ✪ ਸ਼ਹਿਰ ਦੇ ਵਿਕਾਸ ਅਤੇ ਵਾਤਾਵਰਣ ਦੇ ਗੰਭੀਰ ਮੁੱਦਿਆਂ 'ਤੇ ਹੋਈ ਚਰਚਾ



ਅੰਮ੍ਰਿਤਸਰ-ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਬੈਠਕ ਦੌਰਾਨ ਅੰਮ੍ਰਿਤਸਰ ਸ਼ਹਿਰ ਦੀ ਨੁਹਾਰ ਬਦਲਣ, ਰੁਕੇ ਹੋਏ ਵਿਕਾਸ ਕਾਰਜਾਂ ਨੂੰ ਮੁੜ ਸ਼ੁਰੂ ਕਰਵਾਉਣ ਅਤੇ ਵਾਤਾਵਰਣ ਦੀ ਸੁਰੱਖਿਆ ਵਰਗੇ ਅਹਿਮ ਮੁੱਦਿਆਂ 'ਤੇ ਡੂੰਘਾਈ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਔਜਲਾ ਨੇ ਸ਼ਹਿਰ ਵਿੱਚ ਵੱਧ ਰਹੇ ਪ੍ਰਦੂਸ਼ਣ, ਖਾਸ ਕਰਕੇ ਹਲਕਾ ਦੱਖਣੀ ਵਿੱਚੋਂ ਲੰਘਦੇ ਗੰਦੇ ਨਾਲਿਆਂ ਅਤੇ ਡੰਪਿੰਗ ਗਰਾਊਂਡਾਂ ਕਾਰਨ ਪੈਦਾ ਹੋ ਰਹੀਆਂ ਸਿਹਤ ਸਮੱਸਿਆਵਾਂ 'ਤੇ ਚਿੰਤਾ ਪ੍ਰਗਟਾਈ। ਸਾਂਸਦ ਨੇ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਕਿ ਉਹ ਲੰਬੇ ਸਮੇਂ ਤੋਂ ਅਟਕੇ ਹੋਏ ਹਾਈਵੇ ਅਤੇ ਐਕਸਪ੍ਰੈਸ-ਵੇ ਪ੍ਰੋਜੈਕਟਾਂ ਨੂੰ ਪੂਰਾ ਕਰਵਾਉਣ ਲਈ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਸ਼ਰਧਾਲੂਆਂ ਦੀ ਸਹੂਲਤ ਅਤੇ ਸਥਾਨਕ ਰੋਜ਼ਗਾਰ ਲਈ ਬਹੁਤ ਜ਼ਰੂਰੀ ਹਨ। ਹਾਈਵੇ ਪ੍ਰੋਜੈਕਟਾਂ ਵਿੱਚ ਆ ਰਹੀਆਂ ਰੁਕਾਵਟਾਂ ਬਾਰੇ ਔਜਲਾ ਨੇ ਉਮੀਦ ਜਤਾਈ ਕਿ ਕਿਸਾਨਾਂ ਅਤੇ ਪਿੰਡਾਂ ਦੀਆਂ ਜਥੇਬੰਦੀਆਂ ਨਾਲ ਸਕਾਰਾਤਮਕ ਗੱਲਬਾਤ ਕਰਕੇ ਕੋਈ ਵਿਚਕਾਰਲਾ ਰਾਹ ਕੱਢਿਆ ਜਾ ਸਕਦਾ ਹੈ। ਸ਼ਹਿਰੀਕਰਨ ਕਾਰਨ ਦਰੱਖਤਾਂ ਦੀ ਹੋ ਰਹੀ ਕਟਾਈ 'ਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਨੇ ਪ੍ਰਸ਼ਾਸਨ ਅਤੇ ਸਮਾਜਿਕ ਸੰਸਥਾਵਾਂ ਨੂੰ ਮਿਲ ਕੇ ਕੰਮ ਕਰਨ ਦਾ ਸੱਦਾ ਦਿੱਤਾ।

ਗੁਰਜੀਤ ਔਜਲਾ ਨੇ ਕਿਹਾ ਕਿ "ਅੰਮ੍ਰਿਤਸਰ ਦੁਨੀਆ ਭਰ ਦੀ ਆਸਥਾ ਦਾ ਕੇਂਦਰ ਹੈ। ਇਸ ਦੀ ਪਵਿੱਤਰਤਾ ਅਤੇ ਮਰਿਆਦਾ ਨੂੰ ਬਰਕਰਾਰ ਰੱਖਣਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਗੁਰੂ ਘਰਾਂ ਨਾਲ ਜੁੜੇ ਮਸਲਿਆਂ 'ਤੇ ਹਮੇਸ਼ਾ ਧਾਰਮਿਕ ਵਿਦਵਾਨਾਂ ਅਤੇ ਬੁੱਧੀਜੀਵੀਆਂ ਦੀ ਸਲਾਹ ਲਈ ਜਾਵੇਗੀ। ਜੇਕਰ ਸੜਕਾਂ ਅਤੇ ਬੁਨਿਆਦੀ ਢਾਂਚਾ ਬਿਹਤਰ ਹੋਵੇਗਾ ਤਾਂ ਵਪਾਰ, ਸੈਰ-ਸਪਾਟੇ ਅਤੇ ਰੋਜ਼ਗਾਰ ਨੂੰ ਵੱਡਾ ਹੁਲਾਰਾ ਮਿਲੇਗਾ।"

# ਖਾਲਿਸਤਾਨੀ ਸੰਗਠਨ ਨੇ ਦਿੱਤੀ ਰੇਲਵੇ ਟ੍ਰੈਕ ਉਡਾਉਣ ਦੀ ਧਮਕੀ

## ✪ ਸੁਰੱਖਿਆ ਏਜੰਸੀਆਂ ਹਾਈ ਅਲਰਟ 'ਤੇ

ਅੰਮ੍ਰਿਤਸਰ-ਪਾਕਿਸਤਾਨ ਵਿੱਚ ਬੈਠੇ ਅੱਤਵਾਦੀ ਸੰਗਠਨ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੁਖੀ ਰਣਜੀਤ ਸਿੰਘ ਨੀਟਾ ਵੱਲੋਂ ਭਾਰਤ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਨੂੰ ਇੱਕ ਵੱਡੀ ਚੁਣੌਤੀ ਦਿੱਤੀ ਗਈ ਹੈ। ਨੀਟਾ ਨੇ ਇੱਕ ਆਡੀਓ ਸੰਦੇਸ਼ ਜਾਰੀ ਕਰਕੇ ਅਗਲੇ 10 ਦਿਨਾਂ ਦੇ ਅੰਦਰ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਰੇਲਵੇ ਟ੍ਰੈਕ ਅਤੇ ਰੇਲਗੱਡੀਆਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਹੈ। ਰਣਜੀਤ ਸਿੰਘ ਨੀਟਾ ਨੇ ਕਿਹਾ ਕਿ ਉਨ੍ਹਾਂ ਦੇ ਸਾਥੀ ਜਗਰੂਪ ਸਿੰਘ ਦੇ ਮਾਰੇ ਜਾਣ ਨਾਲ ਉਨ੍ਹਾਂ ਦੇ ਮਿਸ਼ਨ ਨੂੰ ਵੱਡਾ ਝਟਕਾ ਲੱਗਾ ਹੈ। ਉਹ ਜਗਰੂਪ ਦੀ ਮੌਤ ਦਾ ਬਦਲਾ ਲੈਣ ਲਈ ਇਹ ਹਮਲੇ ਕਰਨ ਦੀ ਯੋਜਨਾ ਬਣਾ ਰਹੇ ਹਨ। ਆਡੀਓ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸਰਹਿੰਦ ਨੇੜੇ ਰੇਲਵੇ ਟ੍ਰੈਕ ਉਡਾਉਣ ਦੀ ਕੋਸ਼ਿਸ਼, ਸੀਆਈਏ ਮੋਗਾ 'ਤੇ ਗ੍ਰਨੇਡ ਹਮਲਾ ਅਤੇ ਰਾਜਪੁਰਾ ਨੇੜੇ ਆਈਈਡੀ ਲਗਾਉਣ ਪਿੱਛੇ ਜਗਰੂਪ ਸਿੰਘ ਅਤੇ ਉਸ ਦੇ ਸਾਥੀਆਂ ਦਾ ਹੀ ਹੱਥ ਸੀ।

ਰਿਪੋਰਟਾਂ ਅਨੁਸਾਰ ਰਣਜੀਤ ਸਿੰਘ ਨੀਟਾ ਇਸ ਸਮੇਂ ਪਾਕਿਸਤਾਨ ਵਿੱਚ ਲੁਕਿਆ ਹੋਇਆ ਹੈ ਅਤੇ ਪੁਲਸ ਅਨੁਸਾਰ ਉਸ ਨੂੰ ਪਾਕਿਸਤਾਨੀ ਖੁਫੀਆ ਏਜੰਸੀ ਆਈਐਸਆਈ ਦੀ ਪੂਰੀ ਸਰਪ੍ਰਸਤੀ ਅਤੇ ਮਦਦ ਹਾਸਲ ਹੈ। ਇਸ ਧਮਕੀ ਤੋਂ ਬਾਅਦ ਪੰਜਾਬ ਪੁਲਿਸ ਅਤੇ ਕੇਂਦਰੀ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ ਹਨ। ਰੇਲਵੇ ਸਟੇਸ਼ਨਾਂ ਅਤੇ ਪਟੜੀਆਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ।

ਮਾਮਲਾ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ

# ਗਿਆਨੀ ਰਘਬੀਰ ਸਿੰਘ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖੀ ਚਿੱਠੀ



ਅੰਮ੍ਰਿਤਸਰ-ਜੂਨ 1984 ਦੇ ਫ਼ੌਜੀ ਹਮਲੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੀ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਲਿਜਾਏ ਗਏ ਇਤਿਹਾਸਕ ਦਸਤਾਵੇਜ਼ਾਂ ਅਤੇ ਪਾਵਨ ਸਰੂਪਾਂ ਦਾ ਮੁੱਦਾ ਇੱਕ ਵਾਰ ਫਿਰ ਭਖ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਇਸ ਸਬੰਧੀ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਸਥਿਤੀ ਸਪਸ਼ਟ ਕਰਨ ਦੀ ਮੰਗ ਕੀਤੀ ਹੈ। ਗਿਆਨੀ ਰਘਬੀਰ ਸਿੰਘ ਨੇ ਪੱਤਰ ਰਾਹੀਂ ਪੁੱਛਿਆ ਹੈ ਕਿ 1984 ਵਿੱਚ ਫ਼ੌਜ ਵੱਲੋਂ ਲਿਜਾਇਆ ਗਿਆ ਸਾਮਾਨ, ਜਿਸ ਵਿੱਚ ਪਾਵਨ ਸਰੂਪ, ਹੁਕਮਨਾਮੇ ਅਤੇ ਹੋਰ ਮਹੱਤਵਪੂਰਨ ਦਸਤਾਵੇਜ਼ ਸ਼ਾਮਲ ਸਨ, ਦੀ ਮੌਜੂਦਾ ਸਥਿਤੀ ਕੀ ਹੈ ? ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਦੁਬਿਧਾ ਬਣੀ ਹੋਈ ਹੈ। ਕਈ ਧਿਰਾਂ ਦਾ ਕਹਿਣਾ ਹੈ ਕਿ ਕੁਝ ਸਾਮਾਨ ਵਾਪਸ ਕਰ ਦਿੱਤਾ ਗਿਆ ਸੀ, ਜਦਕਿ ਦੂਜੀ ਧਿਰ ਦਾ ਦਾਅਵਾ ਹੈ ਕਿ ਫ਼ੌਜ ਵੱਲੋਂ ਅਜੇ ਤੱਕ ਕੁਝ ਵੀ ਵਾਪਸ ਨਹੀਂ ਕੀਤਾ ਗਿਆ। ਉਨ੍ਹਾਂ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਇਸ ਸਬੰਧੀ ਸਾਰਾ ਰਿਕਾਰਡ ਜਨਤਕ ਕੀਤਾ ਜਾਵੇ ਤਾਂ ਜੋ ਸਿੱਖ ਸੰਗਤਾਂ ਦੇ ਮਨਾਂ ਵਿੱਚ ਪੈਦਾ ਹੋ ਰਹੀ ਦੁਬਿਧਾ ਨੂੰ ਖ਼ਤਮ ਕੀਤਾ ਜਾ ਸਕੇ ਬੇਅਦਬੀ ਦੇ ਮੁੱਦੇ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਲਈ ਸਾਰਿਆਂ ਨੂੰ ਇੱਕਜੁੱਟ ਹੋ ਕੇ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਨੱਥ ਪਾਈ ਜਾ ਸਕੇ।

# ਸਿੱਦਕੀ ਤੇ ਸੰਘਰਸ਼ੀ ਪਰਮਜੀਤ ਸਿੰਘ ਪੰਜਵੜ ਦੇ ਸ਼ਹੀਦੀ ਸਮਾਗਮ ਮੌਕੇ ਰਿਲੀਜ਼ "ਇਹ ਕਿਤਾਬ ਹਰੇਕ ਜਿਲੇ ਵਿੱਚ ਲੋਕ ਅਰਪਿਤ ਕਰਾਂਗੀ-ਬੀਬੀ ਰਸ਼ਪਿੰਦਰ ਕੌਰ ਗਿੱਲ"



ਅੰਮ੍ਰਿਤਸਰ- ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੇ ਸਾਲਾਨਾ ਸ਼ਹਾਦਤ ਦਿਹਾੜੇ ਤੇ ਹੋਏ ਸ਼ਹੀਦੀ ਸਮਾਗਮ ਦੌਰਾਨ ਕਿਤਾਬ "ਸਿੱਦਕੀ ਤੇ ਸੰਘਰਸ਼ੀ" ਨੂੰ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਵਲੋਂ ਰਿਲੀਜ਼ ਕੀਤਾ ਗਿਆ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਲਿਖੀ ਅਤੇ ਬੀਬੀ ਰਸ਼ਪਿੰਦਰ ਕੌਰ ਗਿੱਲ ਵਲੋਂ ਸੰਪਾਦਤ ਕੀਤੀ ਗਈ ਇਹ ਕਿਤਾਬ ਸਿੱਖ ਸੰਘਰਸ਼ ਦੌਰਾਨ ਆਪਾ ਨਿਛਾਵਰ ਕਰ ਗਏ ਸ਼ਹੀਦਾਂ ਦੇ ਪਰਿਵਾਰਾਂ ਅਤੇ ਜਲਾਵਤਨੀ ਯੋਧਿਆਂ ਦੀ ਦਾਸਤਾਨ ਤੇ ਅਧਾਰਿਤ ਨਿਵੇਕਲੀ ਅਤੇ ਇਤਿਹਾਸਕ ਕਿਤਾਬ ਹੈ । ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੇ ਭਰਾ ਸ੍ਰ ਬਲਦੇਵ ਸਿੰਘ ਅਤੇ ਉਹਨਾਂ ਦੇ ਭੈਣ ਜੀ, ਬਾਬਾ ਹਰਦੀਪ ਸਿੰਘ ਮਹਿਰਾਜ, ਸ਼ਹੀਦ ਭਾਈ ਮਨਜੀਤ ਸਿੰਘ ਖੁਜਾਲਾ ਦੇ ਭੈਣ ਬੀਬੀ ਚਰਨਜੀਤ ਕੌਰ, ਬਾਬਾ ਬਖਸ਼ੀਸ਼ ਸਿੰਘ, ਸੰਘਰਸ਼ੀ ਭਾਈ ਅਵਤਾਰ ਸਿੰਘ ਦੁਰਗ ਦੀ ਸਿੰਘਣੀ ਬੀਬੀ ਸੁਖਵੰਤ ਕੌਰ ਨੇ ਇਸ ਕਿਤਾਬ ਨੂੰ ਸਿੱਖ ਸੰਗਤਾਂ ਨੂੰ ਅਰਪਣ ਕੀਤਾ । ਜਿਕਰਯੋਗ ਹੈ ਕਿ ਵਰਤਮਾਨ ਸਮੇਂ ਵਿੱਚ ਸਿੱਖ ਹੱਕਾਂ, ਹਿੱਤਾਂ ਦੀ ਪੂਰਤੀ ਅਤੇ ਸਿੱਖ ਕੌਮ ਦੀ ਅਜ਼ਾਦੀ ਵਾਸਤੇ ਦਮਦਮੀ ਟਕਸਾਲ ਦੇ ਮੁਖੀ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆ ਵੱਲੋਂ ਅਰੰਭੇ ਗਏ ਕੌਮੀ ਸੰਘਰਸ਼ ਵਿੱਚ ਅਣਗਿਣਤ ਸਿੱਖ ਸ਼ਹੀਦ ਹੋ ਚੁੱਕੇ ਹਨ। ਸਿੱਖਾਂ ਬਾਰੇ ਅਕਸਰ ਇਹ ਕਿਹਾ ਜਾਂਦਾ ਹੈ ਕਿ ਸਿੱਖ ਇਤਿਹਾਸ ਬਣਾਉਣਾ ਜਾਣਦੇ ਹਨ ਪਰ ਸਾਂਭਣਾ ਨਹੀਂ ਜਾਣਦੇ। ਇਸ ਧਾਰਨਾ ਨੂੰ ਰੱਦ ਕਰਦਿਆਂ, ਸਿੱਖ ਸੰਘਰਸ਼ ਦਾ ਅਹਿਮ ਹਿੱਸਾ ਰਹੇ ਜੁਝਾਰੂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਵਰਤਮਾਨ ਸਿੱਖ ਇਤਿਹਾਸ ਨੂੰ ਕਲਮਬੱਧ ਕਰਨ ਦਾ ਯਤਨ ਕੀਤਾ ਗਿਆ ਹੈ।

ਇਹ ਕਿਤਾਬ ਇਤਿਹਾਸ ਦੀ ਇੱਕ ਨਿਵੇਕਲੀ ਅਤੇ ਸ਼ਾਇਦ ਪਹਿਲੀ ਅਜਿਹੀ ਕਿਤਾਬ ਹੈ, ਜੋ ਸ਼ਹੀਦ ਸਿੰਘਾਂ ਅਤੇ ਉਹਨਾਂ ਦੀਆਂ ਸਿੰਘਣੀਆਂ (ਪਤਨੀਆਂ) ਦੇ ਸੰਘਰਸ਼ ਨੂੰ ਬਿਆਨ ਕਰਦੀ ਹੈ। ਜਿਹਨਾਂ ਬੀਬੀਆਂ ਨੇ ਆਪਣੇ ਪਤੀਆਂ ਦੀ ਸ਼ਹਾਦਤਾਂ ਤੋਂ ਬਾਅਦ ਆਰਥਿਕ ਅਤੇ ਸਮਾਜਿਕ ਮੁਸ਼ਕਲਾਂ ਦਾ ਦ੍ਰਿੜਤਾ ਨਾਲ ਸਾਹਮਣਾ ਕੀਤਾ, ਬੱਚਿਆਂ ਦੀ ਪਰਵਰਿਸ਼ ਕੀਤੀ ਅਤੇ ਉਹਨਾਂ ਨੂੰ ਜ਼ਿੰਦਗੀ ਦੇ ਚੰਗੇ ਮੁਕਾਮ 'ਤੇ ਪਹੁੰਚਾਇਆ। ਇਸ ਦੇ ਨਾਲ ਹੀ ਇਸ ਕਿਤਾਬ ਵਿੱਚ ਆਜ਼ਾਦ ਸਿੱਖ ਰਾਜ ਖਾਲਿਸਤਾਨ ਲਈ ਗੁੰਮਨਾਮੀ ਦੀ ਜ਼ਿੰਦਗੀ ਬਸਰ ਕਰ ਰਹੇ ਉਹਨਾਂ ਜਲਾਵਤਨੀ ਯੋਧਿਆਂ ਦਾ ਵੀ ਜ਼ਿਕਰ ਹੈ, ਜਿਹਨਾਂ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਕੌਮੀ ਨਿਸ਼ਾਨੇ ਪ੍ਰਤੀ ਦ੍ਰਿੜ ਰਹਿੰਦੇ ਹੋਏ ਅਕਾਲ ਪੁਰਖ ਦਾ ਚਰਨਾਂ ਵਿੱਚ ਜਾ ਬਿਰਾਜੇ । ਇਸ ਤੋਂ ਪਹਿਲਾਂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਆਪਣੇ ਅੱਖੀਂ ਡਿੱਠੇ ਅਤੇ ਹੱਡੀਂ ਹੰਢਾਏ ਤਜਰਬਿਆਂ ਅਤੇ ਐਕਸ਼ਨਾਂ 'ਤੇ ਆਧਾਰਿਤ ਕਿਤਾਬ "ਸੰਘਰਸ਼ ਦਾ ਦੌਰ" ਸਾਲ 2024 ਵਿੱਚ ਲਿਖੀ ਗਈ ਸੀ, ਜਿਸਦਾ ਦੂਜਾ ਐਡੀਸ਼ਨ ਸਾਲ 2025 ਵਿੱਚ ਆਇਆ। ਉਸ ਕਿਤਾਬ ਦੀਆਂ ਤਕਰੀਬਨ 80 ਫੀਸਦੀ ਕਾਪੀਆਂ ਸੰਗਤਾਂ ਨੂੰ ਨਿਸ਼ਕਾਮ ਭਾਵਨਾ ਨਾਲ ਵੰਡੀਆਂ ਜਾ ਚੁੱਕੀਆਂ ਹਨ। ਬੀਬੀ ਰਸ਼ਪਿੰਦਰ ਕੌਰ ਗਿੱਲ ਨੇ ਐਲਾਨ ਕੀਤਾ ਕਿ ਇਹ "ਸਿੱਦਕੀ ਤੇ ਸੰਘਰਸ਼ੀ" ਕਿਤਾਬ ਪੰਜਾਬ ਦੇ ਹਰੇਕ ਜਿਲੇ ਵਿੱਚ ਰਿਲੀਜ ਕੀਤੀ ਜਾਵੇਗੀ ਅਤੇ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਅਤੇ ਜੁਝਾਰੂ ਸਿੰਘਾਂ ਨੂੰ ਬਿਲਕੁਲ ਮੁਫਤ ਭੇਂਟ ਕੀਤੀ ਜਾਵੇਗੀ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

UK born Jatt Sikh boy aged 26 years old, height 5ft 10' working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email: batwal@hotmail.com or Contact on Tel: 07791 025616.


## ਭਗਵੰਤ ਮਾਨ ਦੀ 4 ਰੋਜ਼ਾ 'ਸ਼ੁਕਰਾਨਾ ਯਾਤਰਾ' ਦਾ ਆਗਾਜ਼; ਜਾਣੋ ਕੀ ਹੈ ਪੂਰਾ ਸ਼ਡਿਊਲ ਅਤੇ ਮਕਸਦ



ਚੰਡੀਗੜ੍ਹ/ਸ੍ਰੀ ਅਨੰਦਪੁਰ ਸਾਹਿਬ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸੂਬੇ ਵਿੱਚ ਚਾਰ ਦਿਨਾਂ 'ਸ਼ੁਕਰਾਨਾ ਯਾਤਰਾ' ਦੀ ਸ਼ੁਰੂਆਤ ਕਰ ਰਹੇ ਹਨ। ਇਹ ਯਾਤਰਾ ਪੰਜਾਬ ਵਿਧਾਨ ਸਭਾ ਵਿੱਚ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026' ਪਾਸ ਹੋਣ ਦੀ ਖੁਸ਼ੀ ਵਿੱਚ ਅਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਉਲੀਕੀ ਗਈ ਹੈ। 9 ਮਈ ਤੱਕ ਚੱਲਣ ਵਾਲੀ ਇਸ ਯਾਤਰਾ ਦੌਰਾਨ ਮੁੱਖ ਮੰਤਰੀ ਵੱਖ-ਵੱਖ ਇਤਿਹਾਸਕ ਗੁਰੂ ਘਰਾਂ ਵਿੱਚ ਨਤਮਸਤਕ ਹੋਣਗੇ। ਯਾਤਰਾ ਦੀ ਸ਼ੁਰੂਆਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਤੋਂ ਅਰਦਾਸ ਨਾਲ ਹੋਵੇਗੀ। ਸਰਕਾਰ ਮੁਤਾਬਕ ਇਸ ਯਾਤਰਾ ਦਾ ਮੁੱਖ ਉਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਬਣਾਏ ਗਏ ਨਵੇਂ ਕਾਨੂੰਨ 'ਤੇ ਗੁਰੂ ਸਾਹਿਬ ਅਤੇ ਸੰਗਤ ਦਾ ਧੰਨਵਾਦ ਕਰਨਾ ਹੈ। ਇਹ ਸਿਰਫ਼ ਇੱਕ ਧਾਰਮਿਕ ਯਾਤਰਾ ਨਹੀਂ ਹੈ, ਸਗੋਂ ਇਹ ਆਪ ਦੀ ਸਿਆਸਤ ਹੈ ਕਿ ਉਹ ਸਿਖਾਂ ਵਿਚ ਆਪਣਾ ਗੁਆਚਿਆ ਅਕਸ ਬਹਾਲ ਕਰ ਸਕੇ।

## ਵਿਕਟਰੀ ਡੇਅ ਮੌਕੇ ਰੂਸ-ਯੂਕਰੇਨ ਵੱਲੋਂ ਅਸਥਾਈ ਜੰਗਬੰਦੀ, ਮਾਸਕੋ ਪਰੇਡ 'ਚ ਭਾਰੀ ਹਥਿਆਰ ਨਹੀਂ ਹੋਣਗੇ

ਮਾਸਕੋ, : ਰੂਸ ਅਤੇ ਯੂਕਰੇਨ ਨੇ 9 ਮਈ ਦੇ ਵਿਕਟਰੀ ਡੇਅ ਤੋਂ ਪਹਿਲਾਂ ਵੱਖ-ਵੱਖ ਸਮਿਆਂ ਲਈ ਅਸਥਾਈ ਜੰਗਬੰਦੀ ਦਾ ਐਲਾਨ ਕੀਤਾ ਹੈ। ਰੂਸ ਨੇ ਸ਼ੁੱਕਰਵਾਰ ਅਤੇ ਸ਼ਨੀਵਾਰ ਲਈ ਗੋਲੀਬੰਦੀ ਰੋਕਣ ਦੀ ਘੋਸ਼ਣਾ ਕੀਤੀ ਹੈ, ਜਦਕਿ ਯੂਕਰੇਨ ਨੇ ਕਿਹਾ ਹੈ ਕਿ ਉਹ ਬੁੱਧਵਾਰ ਅੱਧੀ ਰਾਤ ਤੋਂ ਲੜਾਈ ਰੋਕ ਦੇਵੇਗਾ। ਰੂਸ ਦੇ ਰੱਖਿਆ ਮੰਤਰਾਲੇ ਮੁਤਾਬਕ ਇਹ ਫੈਸਲਾ ਦੂਜੇ ਵਿਸ਼ਵ ਯੁੱਧ ਵਿੱਚ ਨਾਜ਼ੀ ਜਰਮਨੀ ਫ਼ਲਸਤੁਤੇ ਜਿੱਤ ਦੀ 81ਵੀਂ ਵਰ੍ਹੇਗੰਢ ਦੇ ਮੌਕੇ ਤੇ ਲਿਆ ਗਿਆ ਹੈ।


# CHANGE OF NAME

Please one tick box
- ☐ £30 Print in UK only
- ☐ £60 Print UK & India
- ☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


-ਮਾਮਲਾ ਮਾਛੀਵਾੜਾ ਵਿਚ ਸਾਬਕਾ ਸਿੱਖ ਫੌਜੀ ਦੀ ਕੁੱਟਮਾਰ ਦਾ-

## ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਸ਼ਾਸਨ ਨੂੰ 24 ਘੰਟਿਆਂ ਦਾ ਅਲਟੀਮੇਟਮ



ਅੰਮ੍ਰਿਤਸਰ-ਮਾਛੀਵਾੜਾ ਸਾਹਿਬ ਵਿਖੇ ਇੱਕ ਸਾਬਕਾ ਸਿੱਖ ਫੌਜੀ ਅਤੇ ਉਸ ਦੇ ਨਾਬਾਲਗ ਪੁੱਤਰ ਨਾਲ ਨਗਰ ਕੌਂਸਲ ਦੇ ਕਰਮਚਾਰੀਆਂ ਵੱਲੋਂ ਕੀਤੀ ਗਈ ਬੇਰਹਿਮੀ ਨਾਲ ਕੁੱਟਮਾਰ ਦਾ ਮਾਮਲਾ ਗਰਮਾ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਖੰਨਾ ਪੁਲਿਸ ਨੂੰ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ।

ਬੀਤੇ ਦਿਨੀਂ ਮਾਛੀਵਾੜਾ ਸਾਹਿਬ ਵਿਖੇ ਨਗਰ ਕੌਂਸਲ ਦੇ ਕਰਮਚਾਰੀਆਂ ਨੇ ਸਾਬਕਾ ਫੌਜੀ ਕੁਲਦੀਪ ਸਿੰਘ ਅਤੇ ਉਨ੍ਹਾਂ ਦੇ 16 ਸਾਲਾ ਪੁੱਤਰ ਸੁਮਨਪ੍ਰੀਤ ਸਿੰਘ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਸੀ। ਸਾਬਕਾ ਫੌਜੀ ਦੇ ਸਿਰ 'ਤੇ ਡੂੰਘੀ ਸੱਟ ਲੱਗੀ ਹੈ। ਕੁੱਟਮਾਰ ਕਾਰਨ ਪੀੜਤ ਨੂੰ ਸੱਜੇ ਕੰਨ ਤੋਂ ਸੁਣਨ ਅਤੇ ਸੱਜੀ ਅੱਖ ਨਾਲ ਦੇਖਣ ਵਿੱਚ ਗੰਭੀਰ ਮੁਸ਼ਕਲ ਆ ਰਹੀ ਹੈ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਖੰਨਾ ਪੁਲਿਸ ਪ੍ਰਸ਼ਾਸਨ ਅਤੇ ਨਗਰ ਕੌਂਸਲ ਦੇ ਪ੍ਰਧਾਨ ਨਾਲ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਜੇਕਰ ਅਗਲੇ 24 ਘੰਟਿਆਂ ਦੇ ਅੰਦਰ ਦੋਸ਼ੀ ਕਰਮਚਾਰੀਆਂ ਦੀ ਪਛਾਣ ਕਰਕੇ ਉਨ੍ਹਾਂ 'ਤੇ ਪਰਚਾ ਦਰਜ ਨਾ ਕੀਤਾ ਗਿਆ, ਤਾਂ ਉਹ ਖ਼ੁਦ ਪੀੜਤ ਪਰਿਵਾਰ ਨੂੰ ਮਿਲਣ ਪਹੁੰਚਣਗੇ ਅਤੇ ਅਗਲੇ ਸੰਘਰਸ਼ ਦਾ ਐਲਾਨ ਕਰਨਗੇ। ਜਥੇਦਾਰ ਨੇ ਕਿਹਾ ਕਿ ਜੇਕਰ ਦੇਸ਼ ਦੀ ਸੇਵਾ ਕਰਨ ਵਾਲੇ ਸਾਬਕਾ ਫੌਜੀ ਨਾਲ ਪ੍ਰਸ਼ਾਸਨ ਅਜਿਹਾ ਸਲੂਕ ਕਰ ਸਕਦਾ ਹੈ, ਤਾਂ ਆਮ ਜਨਤਾ ਦੀ ਸੁਰੱਖਿਆ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ "ਪ੍ਰਸ਼ਾਸਨਿਕ ਗੁੰਡਾਗਰਦੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜੇਕਰ ਕਿਸੇ ਸਿੱਖ ਨੌਜਵਾਨ ਅਤੇ ਸਾਬਕਾ ਫੌਜੀ ਨਾਲ ਇਸ ਤਰ੍ਹਾਂ ਧੱਕਾ ਹੋਵੇਗਾ, ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਪੀੜਤ ਪਰਿਵਾਰ ਦੇ ਨਾਲ ਚਟਾਨ ਵਾਂਗ ਖੜ੍ਹਾ ਹੈ।" ਹੁਣ ਸਾਰੀਆਂ ਨਜ਼ਰਾਂ ਖੰਨਾ ਪੁਲਿਸ 'ਤੇ ਹਨ ਕਿ ਉਹ ਜਥੇਦਾਰ ਵੱਲੋਂ ਦਿੱਤੇ ਗਏ ਅਲਟੀਮੇਟਮ ਦੇ ਅੰਦਰ ਦੋਸ਼ੀਆਂ ਨੂੰ ਗ੍ਰਿਫਤਾਰ ਕਰਦੀ ਹੈ ਜਾਂ ਨਹੀਂ। ਇਲਾਕੇ ਦੇ ਲੋਕਾਂ ਵਿੱਚ ਵੀ ਇਸ ਘਟਨਾ ਨੂੰ ਲੈ ਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ।

## ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ ਘੱਟੋ ਘੱਟ 23 ਜਖ਼ਮੀ, ਕਈ ਗੰਭੀਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਓਕਲਾਹੋਮਾ ਲੇਕ ਪਾਰਟੀ ਵਿੱਚ ਦੋ ਧੜਿਆਂ ਵਿਚਾਲੇ ਹੋਈ ਗੋਲੀਬਾਰੀ ਵਿਚ 23 ਨੌਜਵਾਨਾਂ ਦੇ ਜਖਮੀ ਹੋ ਜਾਣ ਦੀ ਖਬਰ ਹੈ ਜਿਨਾਂ ਵਿਚੋਂ ਕਈਆਂ ਦੀ ਹਾਲਤ ਗੰਭੀਰ ਹੈ। ਜਖਮੀਆਂ ਵਿੱਚ ਨਬਾਲਗ ਨੌਜਵਾਨ ਵੀ ਸ਼ਾਮਿਲ ਹਨ। ਪੁਲਿਸ ਦੇ ਬੁਲ-ਾਰੇ ਏਮਿਲੀ ਵਾਰਡ ਨੇ ਕਿਹਾ ਹੈ ਕਿ ਗੋਲੀਬਾਰੀ ਦੀ ਇਹ ਘਟਨਾ ਰਾਤ 9 ਵਜੇ ਦੇ ਆਸਪਾਸ ਓਕਲਾਹੋਮਾ ਸ਼ਹਿਰ ਦੇ ਉੱਤਰਵਿੱਚ 13 ਮੀਲ ਦੂਰ ਅਰਕਾਡੀਆ ਲੇਕ ਨੇੜੇ ਇਕ ਕੈਂਪ ਮੈਦਾਨ ਵਿੱਚ ਵਾਪਰੀ। ਸਿਹਤ ਵਿਭਾਗ ਅਨੁਸਾਰ 13 ਲੋਕਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਬੁਲ-ਾਰੇ ਨੇ ਕਿਹਾ ਹੈ ਕਿ ਘਟਨਾ ਸਬੰਧੀ ਅਜੇ ਤੱਕ ਕਿਸੇ ਨੂੰ ਹਿਰਾਸਤ ਵਿਚ ਨਹੀਂ ਲਿਆ ਹੈ ਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਯਤਨ ਜਾਰੀ ਹਨ।

## CHANGE OF NAME

I, MISS KULWINDER KAUR D/O BAGICHA SINGH SHERGILL WHOSE PERMANENT ADDRESS IN INDIA IS VILLAGE: LAYROYA, DIST: SBS NAGAR, 144507 PUNJAB AND NOW LIVING AT 36 CARLTON AVENUE, HAYES, UB3 4AE (UK) HEREBY GIVE NOTICE OF MY INTENTION TO CHANGE MY NAME TO KULWINDER KAUR SHERGILL. (U/I/E)


I, HARJINDER PAL KAUR ALIAS BALJIT KAUR D/O RAM PARKASH WHOSE PERMANENT ADDRESS IN INDIA IS VILL DARGABAD, PO TUT KALAN, PS NAKODAR, DISTT JALANDHAR, PUNJAB 144040 AND NOW LIVING AT 144 JUNCTION ROAD, BIRMINGHAM, B21 0HB, UK HEREBY GIVE NOTICE OF MY INTENTION TO CHANGE MY NAME TO HARJINDER PAL (GIVEN NAME) KAUR (SURNAME). (U/I)

I, JASWINDER SINGH S/O SURJIT SINGH WHOSE PERMANENT ADDRESS IN INDIA IS VILL: TALWANDI MANGE KHAN, P.O. SUKHE WALA, TEH: ZIRA, DIST: FIROZEPUR, PIN: 152028, PUNJAB AND NOW LIVING AT 125 MARSTON AVENUE, DAGENHAM, RM10 7LH, UK HEREBY GIVE NOTICE OF MY INTENTION TO CHANGE MY NAME TO JASWINDER SINGH MULTANI. (U)

I, SAURAVPREET SINGH S/O KULWANT SINGH SINGH WHOSE PER-MANENT ADDRESS IN INDIA IS VILL: 320 BABA JAWAND SINGH COLONY, RAJASANSI, AMRITSAR, PIN: 143101, PUNJAB AND NOW LIVING AT 530 WALSALL ROAD, BIRMINGHAM, B42 1LR, UK HERE-BY GIVE NOTICE OF MY INTENTION TO CHANGE MY NAME TO SAURAVPREET (GIVEN NAME) SINGH (SURNAME). (U)

# ਕੈਲਗਰੀ ਵਿਖੇ ਖਾਲਿਸਤਾਨ ਦੇ ਨਾਅਰਿਆਂ ਨੇ ਦਿਲਜੀਤ ਦੁਸਾਂਝ ਨੂੰ ਲਾਈਵ ਪ੍ਰਦਰਸ਼ਨ ਰੋਕਣ ਲਈ ਕੀਤਾ ਮਜਬੂਰ

## ਸ਼੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਕੇ ਮੰਗੇ ਮੁਆਫੀ ਜਾਂ ਅਗਲੇ ਪ੍ਰੋਗਰਾਮਾਂ ਵਿਚ ਕਰੇ ਵਿਰੋਧ ਦਾ ਸਾਹਮਣਾ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਕੈਨੇਡੀਅਨ ਸਿੱਖਾਂ ਨੇ ਦਿਲਜੀਤ ਦੁਸਾਂਝ ਦੇ ਕੈਲਗਰੀ ਸੰਗੀਤ ਸਮਾਰੋਹ ਵਿੱਚ ਭਾਰੀ ਹੰਗਾਮਾ ਕੀਤਾ, ਖਾਲਿਸਤਾਨ ਦੇ ਝੰਡੇ ਲਹਿਰਾਏ ਅਤੇ "ਖਾਲਿਸਤਾਨ ਜ਼ਿੰਦਾਬਾਦ" ਦੇ ਨਾਅਰੇ ਲਗਾਏ - ਪ੍ਰਦਰਸ਼ਨ ਦੇ ਵਿਚਕਾਰ ਅਚਾਨਕ ਵਿਘਨ ਪੈਣ ਕਰਕੇ ਕੁਝ ਸਮੇਂ ਲਈ ਲਾਈਵ ਪ੍ਰਦਰਸ਼ਨ ਨੂੰ ਰੋਕਣ ਲਈ ਮਜਬੂਰ ਕੀਤਾ। ਜਿਕਰਯੋਗ ਹੈ ਕਿ ਦਿਲਜੀਤ ਦੁਸਾਂਝ ਨੂੰ ਐਸਐਫਜੇ ਦੁਆਰਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਉਸਨੇ ਦਿੱਲੀ ਅਤੇ ਵੱਖ ਵੱਖ ਰਾਜਾਂ ਵਿਚ ਸਿੱਖ ਨਸਲਕੁਸ਼ੀ ਨੂੰ "ਖੂਨ ਦਾ ਬਦਲਾ ਖੂਨ" ਨਾਹਰੇ ਲਗਾ ਕੇ ਭੜਕਾਣ ਵਾਲੇ ਅਮਿਤਾਭ ਬੱਚਨ ਨੂੰ ਮੁੜ ਵਸਾਉਣ ਦੀ ਕੋਸ਼ਿਸ਼ ਕੀਤੀ ਅਤੇ ਹੁਣ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਤੋਂ ਬਾਅਦ ਉਸਨੂੰ ਭਾਜਪਾ-ਆਰਐਸਐਸ ਏਜੰਡੇ ਵਜੋਂ ਖੇਡਦੇ ਹੋਏ ਦੇਖਿਆ ਜਾ ਰਿਹਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਦਿਲਜੀਤ ਦੁਸਾਂਝ ਕੈਨੇਡਾ ਅਤੇ ਅਮਰੀਕਾ ਵਿੱਚ ਵੀ ਖਾਲਿਸਤਾਨ ਪੱਖੀ ਸਿੱਖਾਂ ਦਾ ਸਾਹਮਣਾ ਕਰੇਗਾ ਜਦੋਂ ਤੱਕ ਉਹ ਸ਼੍ਰੀ ਅਕਾਲ ਤਖ਼ਤ ਸਾਹਿਬ ਅੱਗੇ ਆਪਣੇ ਆਪ ਨੂੰ ਸਮਰਪਣ ਨਹੀਂ ਕਰ ਦਿੰਦਾ ਅਤੇ ਅਮਿਤਾਭ ਬੱਚਨ ਨੂੰ ਪ੍ਰਮੋਟ ਕਰਨ ਲਈ ਮੁਆਫ਼ੀ ਨਹੀਂ ਮੰਗਦਾ ਹੈ ।

# ਡੰਗ ਮਨਚੰਦੇ ਦੇ

rajinder.pardesi7@gmail.com



ਰਜਿੰਦਰ ਮਨਚੰਦਾ ਪ੍ਰਦੇਸੀ




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ।
4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਉਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ
PANJAB TIMES, Bridle Gate Lane, Derby, DE24 0QW, U.K.
Email: panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਪਾਠ 29

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

To make a word, you need minimum two letters as we see in the above words. Today we make two letter words (ਦੋ ਅੱਖਰੀ ਸ਼ਬਦ) with letters ਯ, ਰ, ਲ, ਵ, ੜ

| | | | | |
|---|---|---|---|---|
| ਯਕ | ਰਟ | ਰਲ | ਰਸ | ਰਗ |
| ਰਜ | ਲਕ | ਲਗ | ਲਜ | ਲਟ |
| ਵਟ | ਵਰ | ਵਸ | ਵਗ | ਵਜ |

Class Exercise : Make two letter words which at least use one of the letters - ਯ, ਰ, ਲ, ਵ, ੜ

Note: Certain words above require the use of adhak; for the purpose of this activity we are leaving these words in mukta form

ਸਿੱਖਿਆ - ਗੁਰਮੁਖੀ Page 58 Level I

# MANAK SOLICITORS



**Aneeta Kaur Kang LL.B (Hons.)**
Deputy Head of Family &
Matrimonial Department

Aneeta Kaur Kang joined this firm as a Trainee Solicitor in October 2009 and now leads one of our Family & Matrimonial Departments. Aneeta is recognised on the Law Society's Advanced Family Law panel. Her warm, caring approach and deep expertise guide you through Divorce, Financial Matters and Children Issues with ease.

Contact Aneeta on telephone 01689 870769 or by email aneeta@manaksolicitors.co.uk for compassionate and expert advice.

**Biggin Hill I Gravesend I Orpington I Sevenoaks**



manaksolicitors.co.uk
01689 870 769

reviewsolicitors Excellent

Lexcel Legal Practice Quality Mark Law Society Accredited



Rajbir Singh Manak MA (Hons)

Surinder Singh Manak LLB (Hons)


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਗੁਰਬਾਣੀ ਦੀ ਛਪਾਈ ਅਤੇ ਸੇਵਾ-ਸੰਭਾਲ 'ਤੇ ਸਰਕਾਰੀ ਨਿਗਰਾਨੀ: ਇੱਕ ਗੰਭੀਰ ਚੁਣੌਤੀ

**ਤਲਵਿੰਦਰ ਸਿੰਘ ਬੁੱਟਰ**
ਮੋਬਾਈਲ : 98780-70008



ਹਾਲ ਹੀ ਦੌਰਾਨ ਪੰਜਾਬ ਸਰਕਾਰ ਨੇ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਬਣਾਇਆ ਹੈ। ਇਸ ਦਰਮਿਆਨ ਸਿੱਖ ਵਿਦਵਾਨਾਂ, ਕਾਨੂੰਨਦਾਨਾਂ ਅਤੇ ਧਾਰਮਿਕ ਆਗੂਆਂ ਵਲੋਂ ਇਸ ਕਾਨੂੰਨ ਦੇ ਵਿਧਾਨਿਕ ਅਤੇ ਸਿਧਾਂਤਕ ਪੱਖਾਂ 'ਤੇ ਸ਼ੰਕੇ ਅਤੇ ਇਤਰਾਜ਼ ਉੱਠਣ ਲੱਗੇ ਹਨ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੁਆਰਾ ਸੋਧ ਬਿੱਲ ਨੂੰ ਪੇਸ਼ ਕਰਨ ਵੇਲੇ ਕੀਤੇ ਵਿਖਿਆਨ ਤੇ ਕਾਨੂੰਨੀ ਸ਼ਕਲ 'ਚ ਜਾਰੀ ਹੋਏ ਨੋਟੀਫਿਕੇਸ਼ਨ ਵਿਚਲੇ ਅੰਤਰ ਨੂੰ ਵੇਖ ਕੇ ਇਹ ਕਾਨੂੰਨ ਬੇਅਦਬੀਆਂ ਰੋਕਣ ਦੀ ਭਾਵਨਾਤਮਿਕ ਮੰਗ ਦੇ ਪਰਦੇ ਹੇਠ ਕੀਤੀ ਗਈ ਸਿਆਸੀ ਕਾਰਵਾਈ ਦਾ ਪ੍ਰਭਾਵ ਦਿੰਦਾ ਹੈ, ਕਿਉਂਕਿ ਮੁੱਖ ਮੰਤਰੀ ਵਲੋਂ ਕੀਤੇ ਦਾਅਵੇ ਦੇ ਉਲਟ ਇਸ ਕਾਨੂੰਨ ਵਿਚ ਕਿਧਰੇ ਵੀ ਬੇਅਦਬੀ ਕਰਨ ਵਾਲੇ ਕਥਿਤ ਮਾਨਸਿਕ ਰੋਗੀ ਜਾਂ ਨਾਬਾਲਗ ਦੇ ਵਾਰਸਾਂ ਦੀ ਕੋਈ ਭੂਮਿਕਾ/ ਜ਼ਿੰਮੇਵਾਰੀ ਤੈਅ ਨਹੀਂ ਕੀਤੀ ਗਈ। ਉਲਟਾ ਗੁਰੂ ਗ੍ਰੰਥ ਸਾਹਿਬ ਦੀ ਸੇਵਾ-ਸੰਭਾਲ ਕਰਨ ਵਾਲੀ ਗੁਰਦੁਆਰਾ ਕਮੇਟੀ, ਸੰਸਥਾ ਜਾਂ ਵਿਅਕਤੀ ਨੂੰ 'ਕਸਟੋਡੀਅਨ' ਦੀ ਪਰਿਭਾਸ਼ਾ ਦੇ ਕੇ ਸਾਰੀ ਜ਼ਿੰਮੇਵਾਰੀ ਉਨ੍ਹਾਂ 'ਤੇ ਸੁੱਟਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਸਭ ਇਤਰਾਜ਼ਾਂ ਦੇ ਕੇਂਦਰ ਵਿਚ ਇਕ ਸਾਂਝਾ ਦਾਰਸ਼ਨਿਕ ਸਵਾਲ ਇਹ ਵੀ ਹੈ, ਕੀ ਅਬਿਨਾਸੀ ਜੋਤਿ ਗੁਰੂ ਗ੍ਰੰਥ ਸਾਹਿਬ ਨੂੰ ਕਾਨੂੰਨ ਦੀ ਭਾਸ਼ਾ ਤੇ ਅਮਲ ਦੁਆਰਾ ਮਹਿਜ਼ ਇਕ ਭੌਤਿਕ ਆਕਾਰ ਵਜੋਂ ਸਥਾਪਤ ਕਰਨ ਦੀ ਕੋਸ਼ਿਸ਼ ਸਿੱਖਾਂ ਦੇ 'ਸ਼ਬਦ ਗੁਰੂ' ਦੇ ਪ੍ਰਜੁਲਿਤ ਆਦਰਸ਼ਵਾਦ ਦੇ ਅਨੁਕੂਲ ਹੈ?

ਇਸ ਸੰਦਰਭ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਰਮਾਨ- ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ ਅਨੁਸਾਰ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਸ਼ਬਦ ਰੂਪ ਹਨ। ਸਿੱਖ ਚਿੰਤਨ ਦੇ ਕੇਂਦਰ ਵਿਚ ਗੁਰੂ ਮਾਨਿਓ ਗ੍ਰੰਥ ਤੇ ਪਰਗਟ ਗੁਰਾਂ ਕੀ ਦੇਹੁ ਦਾ ਰੂਹਾਨੀ ਸੰਕਲਪ ਇਕ ਅਜਿਹਾ ਗਹਿਰਾ ਦਾਰਸ਼ਨਿਕ ਪੱਖ ਹੈ ਜੋ 'ਸ਼ਬਦ ਗੁਰੂ' ਨੂੰ ਸਿੱਖ ਉਮਤਿ ਵਿਚ ਮਾਰਗਦਰਸ਼ਕ ਦੇ ਰੂਪ ਵਿਚ ਸਰਬਉੱਚਤਾ ਦਿੰਦਾ ਹੈ। ਨਵੇਂ ਕਾਨੂੰਨ ਦੀ ਸ਼ਬਦਾਵਲੀ 'ਸ਼ਬਦ ਗੁਰੂ' ਨੂੰ ਭੌਤਿਕ ਆਕਾਰ ਤੇ ਸਿੱਖ ਦੇ ਆਪਣੇ ਗੁਰੂ ਪ੍ਰਤੀ ਸਤਿਕਾਰ ਨੂੰ ਬੰਧਨਾਂ ਵਿਚ ਬੰਨ੍ਹਣ ਨੂੰ ਉਤਸ਼ਾਹਿਤ ਕਰਦੀ ਹੈ, ਜਦਕਿ 'ਸ਼ਬਦ ਗੁਰੂ' ਪ੍ਰਤੀ ਸਤਿਕਾਰ ਦੀ ਵਿਹਾਰਕਤਾ 'ਚੋਂ ਜਿੱਥੇ ਸਾਨੂੰ ਸੁਚੇਤ ਰੂਪ ਵਿਚ ਇਹ ਸਮਝ ਹਾਸਿਲ ਹੁੰਦੀ ਹੈ ਕਿ ਜਿਨ ਭੈ ਅਦਬ ਨ ਬਾਨੀ ਧਾਰਾ। ਜਾਨਹੁ ਸੋ ਸਿਖ ਨਹੀ ਹਮਾਰਾ।੨੦। (ਗੁਰ ਪ੍ਰਤਾਪ ਸੂਰਜ ਗ੍ਰੰਥ) ਤਾਂ ਉੱਥੇ ਹੀ 'ਸ਼ਬਦ ਗੁਰੂ' ਦੇ ਮੰਥਨ 'ਚੋਂ ਇਹ ਸੋਝੀ ਵੀ ਪ੍ਰਾਪਤ ਹੁੰਦੀ ਹੈ ਕਿ ਇਹ ਅਦਬ/ਸਤਿਕਾਰ ਸਿਰਫ਼ ਰਸਮ ਤੱਕ ਹੀ ਨਹੀਂ, ਬਲਕਿ ਇਸ ਤੋਂ ਅੱਗੇ ਅਮਲ ਵਿਚ ਲਿਆਉਣ ਨਾਲ ਮੁਕੰਮਲਤਾ ਹਾਸਿਲ ਕਰਦਾ ਹੈ:-


ਬਿਨੁ ਬੂਝੇ ਸਭ ਹੋਇ ਖੁਆਰ ॥
ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥
(ਸੂਹੀ, ਮ:1, ਅੰਗ:791)

ਇਸ ਦੇ ਮੱਦੇਨਜ਼ਰ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਦਬ ਅਤੇ ਸਿੱਖ ਰਹਿਤ ਮਰਿਆਦਾ ਨੂੰ ਕਾਨੂੰਨੀ ਨਿਯਮਾਂ ਵਿਚ ਢਾਲੇ ਜਾਣ ਦੀ ਕਾਰਵਾਈ 'ਸ਼ਬਦ ਗੁਰੂ' ਦਾ ਦਰਸਾਇਆ ਬ੍ਰਹਮ ਤੱਤ ਨਜ਼ਰਅੰਦਾਜ਼ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ ਤੇ ਧਰਮ ਦੇ ਰੂਹਾਨੀ ਆਭਾ-ਮੰਡਲ ਨੂੰ ਸਰਕਾਰ ਦੀ ਦਖ਼ਲਅੰਦਾਜ਼ੀ ਅਤੇ ਪੁਲਿਸ ਦੀ ਜਾਂਚ-ਪੜਤਾਲ ਦੇ ਘੇਰੇ ਹੇਠ ਲਿਆਉਂਦੀ ਹੈ। ਮਿਸਾਲ ਵਜੋਂ ਨਵੇਂ ਕਾਨੂੰਨ ਦੀ ਵਿਆਖਿਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਦੀ ਟਹਿਲ-ਸੇਵਾ ਕਰਨ ਵਾਲਿਆਂ ਨੂੰ 'ਕਸਟੋਡੀਅਨ' ਆਖ ਕੇ ਜਿੱਥੇ ਸੰਭਾਵੀ ਬੇਅਦਬੀ ਦੀ ਘਟਨਾ ਵਾਪਰਨ 'ਤੇ ਜਵਾਬਦੇਹੀ ਅਤੇ ਸ਼ੱਕ ਦੇ ਦਾਇਰੇ ਵਿਚ ਲਿਆਂਦਾ ਗਿਆ, ਉੱਥੇ ਇਕ ਹੋਰ ਵੱਡਾ ਇਤਰਾਜ਼ ਨਵੇਂ ਕਾਨੂੰਨ ਦੀ ਧਾਰਾ-5 ਅਨੁਸਾਰ 2008 ਵਾਲੇ ਮੂਲ ਐਕਟ ਦੀ ਧਾਰਾ-3 ਤੋਂ ਬਾਅਦ ਸ਼ਾਮਿਲ ਕੀਤੀ ਧਾਰਾ 3-ਏ ਵਿਚ ਗੁਰੂ ਗ੍ਰੰਥ ਸਾਹਿਬ ਦੀ ਛਪਾਈ, ਸਟੋਰੇਜ ਅਤੇ ਵੰਡ ਨੂੰ ਕਾਨੂੰਨੀ ਸ਼ਬਦਾਵਾਲੀ ਰਾਹੀਂ ਸਰਕਾਰ ਦੀ ਸਿੱਧੀ ਨਿਗਰਾਨੀ ਹੇਠ ਲਿਆਉਣ 'ਤੇ ਹੈ। ਇਹ ਪੰਥ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਲਿਖਣ ਦੀ ਪਰੰਪਰਾ ਅਤੇ ਗੁਰਬਾਣੀ 'ਤੇ ਸਰਕਾਰੀ ਨਿਗਰਾਨੀ ਅਤੇ ਕੰਟਰੋਲ ਵੱਲ ਵੱਡਾ ਕਦਮ ਸਾਬਤ ਹੋਵੇਗਾ। ਇਸ ਦੇ ਨਾਲ ਸਤਿਕਾਰ ਕਾਨੂੰਨ ਦੀ ਦੁਰਵਰਤੋਂ, ਗੁਰਦੁਆਰਾ ਕਮੇਟੀਆਂ ਵਿਚ ਝਗੜੇ ਅਤੇ ਦੁਬਿਧਾਵਾਂ ਵਧਣਗੀਆਂ ਅਤੇ ਸਿੱਖਿਆ ਦੇ ਪਾਠਕ੍ਰਮਾਂ, ਕਿਤਾਬਾਂ, ਅਖ਼ਬਾਰਾਂ ਅਤੇ ਹੋਰ ਸਾਧਨਾਂ ਰਾਹੀਂ ਗੁਰਬਾਣੀ ਫ਼ਲਸਫ਼ੇ ਦੇ ਪਸਾਰ ਨੂੰ ਵੀ ਬੰਦਿਸ਼ਾਂ ਵਿਚ ਲਿਆਉਣ ਦੀ ਸੰਭਾਵਨਾ ਵਧੇਗੀ।

ਬੇਅਦਬੀਆਂ ਰੋਕਣ ਦੇ ਸੰਬੰਧ ਵਿਚ ਬਣੇ ਕਾਨੂੰਨ ਦੀ ਸ਼ਬਦਾਵਲੀ ਵੀ ਸਿੱਖ ਸਿਧਾਂਤ, ਸੰਕਲਪ ਅਤੇ ਪਰੰਪਰਾ ਨਾਲ ਮੇਲ ਨਹੀਂ ਖਾਂਦੀ। ਸਿੱਖ ਪਰੰਪਰਾ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ 'ਬੀੜ' ਸ਼ਬਦ ਘੱਟ ਸਤਿਕਾਰ ਦਾ ਲਖਾਇਕ ਨਹੀਂ ਹੈ, ਜੋ ਹੁਣ ਸਰਕਾਰ ਨੂੰ ਕਾਨੂੰਨੀ ਭਾਸ਼ਾ ਵਿਚ ਇਸ ਨੂੰ ਹਟਾ ਕੇ 'ਸਰੂਪ' ਲਿਖਣਾ ਪਿਆ ਹੈ। ਪੁਰਾਤਨ ਇਤਿਹਾਸਕ ਸਰੋਤਾਂ, ਰਹਿਤਨਾਮੇ, ਮਹਿਮਾ ਪ੍ਰਕਾਸ਼ 1776, ਗੁਰਬਿਲਾਸ ਪਾ. ੬, ਗੁਰਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼, ਭੱਟ ਵਹੀਆਂ ਤੇ ਭਾਈ ਗੁਰਦਾਸ ਜੀ ਅਤੇ ਸਿੱਖ ਰਹਿਤ ਮਰਿਆਦਾ ਨੇ 'ਬੀੜ' ਸ਼ਬਦ ਹੀ ਵਰਤਿਆ ਹੈ।

ਕਾਨੂੰਨ ਵਿਚ ਵਰਤੇ 'ਕਸਟੋਡੀਅਨ' ਸ਼ਬਦ ਦਾ ਅਰਥ 'ਰਖਵਾਲਾ' ਹੈ, ਜਿਸ ਦਾ ਕਾਨੂੰਨੀ ਅਰਥ ਅਯੋਗ ਵਿਅਕਤੀਆਂ, ਸਥਾਨਾਂ ਅਤੇ ਭੌਤਿਕ ਚੀਜ਼ਾਂ ਨੂੰ ਸੰਭਾਲਣ ਵਾਲੇ ਦੇ ਰੂਪ ਵਿਚ ਹੈ, ਜਦਕਿ 'ਸ਼ਬਦ ਗੁਰੂ' ਦੇ ਮੰਥਨ 'ਚੋਂ ਤਾਂ ਸਿੱਖ-ਸਾਧਕ ਦਾ ਆਪਣੇ ਗੁਰੂ ਪ੍ਰਤੀ ਇਹ ਭਰੋਸਾ ਦ੍ਰਿੜ੍ਹ ਹੁੰਦਾ ਹੈ:

ਤੁਮ ਦਾਤੇ ਠਾਕੁਰ ਪ੍ਰਤਿਪਾਲਕ



ਨਾਇਕ ਖਸਮ ਹਮਾਰੇ ॥
ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ
ਹਮ ਬਾਰਿਕ ਤੁਮਰੇ ਧਾਰੇ ॥੧॥
(ਧਨਾਸਰੀ, ਮ:5, ਅੰਗ:673)

ਕਾਨੂੰਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਸਟੋਰੇਜ' ਅਤੇ 'ਵੰਡ' ਸ਼ਬਦ ਵੀ ਸਿੱਖ ਪਰੰਪਰਾ ਵਿਚ 'ਸ਼ਬਦ ਗੁਰੂ' ਦੀ ਅਜ਼ਮਤ ਨੂੰ ਬੇਅਦਬ ਕਰਨ ਵਾਲੇ ਹਨ, ਜਦਕਿ ਜਾਗਤ-ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸੁਖ-ਆਸਨ, ਨਿਜ ਅਸਥਾਨ ਅਤੇ ਸੇਵਾ-ਸੰਭਾਲ ਸ਼ਬਦ ਵਧੇਰੇ ਸਤਿਕਾਰ ਦੇ ਸੂਚਕ ਹਨ।

ਨਵੇਂ ਕਾਨੂੰਨ ਦਾ ਵਖਿਆਨ ਕਿਸ ਤਰੀਕੇ ਦਸ ਪਾਤਿਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਲੌਕਿਕ ਅਜ਼ਮਤ ਦੇ ਉਲਟ ਹੈ, ਇਸ ਨੂੰ ਸਮਝਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਦੇਹਧਾਰੀ ਗੁਰਤਾ ਦੀ ਲੋਕਿਕ ਪਰੰਪਰਾ ਸਮਾਪਤ ਕਰਦਿਆਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਸੌਂਪਣ ਵੇਲੇ ਬਖ਼ਸ਼ਿਸ਼ ਕੀਤੇ 'ਆਤਮਾ ਗ੍ਰੰਥ ਵਿਚ, ਸਰੀਰ ਪੰਥ ਵਿਚ' ਅਤੇ 'ਗੁਰੂ ਗ੍ਰੰਥ, ਗੁਰੂ ਪੰਥ' ਦੇ ਸਿਧਾਂਤ ਨੂੰ ਸਮਝਣ ਦੀ ਲੋੜ ਹੈ। ਜਿਵੇਂ ਆਤਮਾ ਅਮਰ ਅਤੇ ਅਬਿਨਾਸੀ ਚੇਤਨਾ ਦਾ ਸੋਮਾ ਹੈ ਅਤੇ ਸਰੀਰ ਉਸ ਦਾ ਵਾਹਕ। ਓਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਸ ਗੁਰੂ ਸਾਹਿਬਾਨ ਦੀ ਜੋਤਿ ਰੂਪ ਆਤਮਾ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਦਾ ਧਾਰਨੀ ਪੰਥ ਉਨ੍ਹਾਂ ਦਾ ਸਰੀਰ ਹੈ।

ਨਵੇਂ ਕਾਨੂੰਨ ਵਿਚ ਬੇਅਦਬੀ ਦੀ ਪਰਿਭਾਸ਼ਾ ਦੀ ਸ਼ਬਦਾਵਲੀ ਇਹ ਵਿਚਾਰ ਸਥਾਪਤ ਕਰਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੇਹ ਸਰੂਪ ਹਨ ਤੇ ਇਨ੍ਹਾਂ ਨੂੰ ਸਰੀਰਕ ਰੂਪ ਵਿਚ ਨੁਕਸਾਨਿਆ, ਖਰਾਬ ਕੀਤਾ, ਸਾੜਿਆ, ਪਾੜਿਆ ਅਤੇ ਚੋਰੀ ਕੀਤਾ ਜਾ ਸਕਦਾ ਹੈ, ਜਦਕਿ ਸਿਆਹੀ, ਕਾਗਜ਼ ਤੇ ਜਿਲਦ ਮਿਲ ਕੇ 'ਸ਼ਬਦ ਗੁਰੂ' ਦੇ ਅੱਖਰ ਨੂੰ ਜ਼ਾਹਰ ਕਰਨ ਦਾ ਜ਼ਰੀਆ ਬਣਦੇ ਹਨ। 'ਅੱਖਰ' ਗੁਰੂ ਗ੍ਰੰਥ ਸਾਹਿਬ ਦੇ 'ਸ਼ਬਦ' ਦਾ ਜ਼ਹੂਰ (ਪ੍ਰਗਟਾਵਾ) ਹਨ। ਸਮਾਂ ਪਾ ਕੇ ਇਹ ਅੱਖਰ, ਸਿਆਹੀ, ਕਾਗਜ਼ ਤੇ ਜਿਲਦ ਆਪਣੀ ਮਿਆਦ ਪੁਗਾ ਜਾਂਦੇ ਹਨ। ਇਸੇ ਕਾਰਨ ਹੀ ਪਰੰਪਰਾਗਤ ਤਰੀਕੇ ਬਿਰਧ ਬੀੜਾਂ ਦਾ ਸਸਕਾਰ ਕਰਨ ਦੀ ਮਰਿਆਦਾ ਹੈ। ਦੂਜੇ ਪਾਸੇ ਅਕਾਲ ਪੁਰਖ ਅਤੇ ਉਸ ਦਾ ਸ਼ਬਦ ਤਾਂ ਅਨਾਦੀ ਹੈ। ਉਹ ਅਬਿਨਾਸੀ ਹੈ।

ਬਾਵਨ ਅਛਰ ਲੋਕ ਤ੍ਰੈ
ਸਭੁ ਕਛੁ ਇਨ ਹੀ ਮਾਹਿ ॥
ਏ ਅਖਰ ਖਿਰਿ ਜਾਹਿਗੇ
ਓਇ ਅਖਰ ਇਨ ਮਹਿ ਨਾਹਿ ॥੧॥
(ਗਉੜੀ, ਪੂਰਬੀ,
ਭਗਤ ਕਬੀਰ ਜੀ, ਅੰਗ:340)

ਭਾਵ, ਲਿਪੀਆਂ ਦੇ ਅੱਖਰਾਂ ਰਾਹੀਂ ਸਾਰੇ ਜਗਤ ਦਾ ਵਰਤਾਰਾ ਚੱਲ ਰਿਹਾ ਹੈ ਪਰ ਜਿਵੇਂ ਜਗਤ ਦੀ ਹਰ ਚੀਜ਼ ਨਾਸ਼ਵੰਤ ਹੈ, ਉਵੇਂ ਇਹ ਅੱਖਰ ਵੀ ਕਾਲ ਦੀ ਬੰਦਿਸ਼ ਵਿਚ ਹਨ ਪਰ ਉਹ 'ਅੱਖਰ' (ਅਬਿਨਾਸੀ) ਇਨ੍ਹਾਂ ਅੱਖਰਾਂ ਦੇ ਨਾਲ ਖ਼ਤਮ ਨਹੀਂ ਹੋਣ ਵਾਲਾ।

ਆਖ਼ਰਕਾਰ ਸਵਾਲ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਨੂੰ ਰੋਕਣ ਦੀ ਭਾਵਨਾ 'ਤੇ ਨਹੀਂ ਹੈ, ਸਵਾਲ ਬੇਅਦਬੀਆਂ ਰੋਕਣ ਅਤੇ ਸਤਿਕਾਰ ਬਹਾਲ ਰੱਖਣ ਲਈ ਬਣਾਈ ਕਾਨੂੰਨੀ ਪਰਿਭਾਸ਼ਾ, ਨਿਯਮਾਂ ਤੇ ਸ਼ਰਤਾਂ ਬਾਰੇ ਹਨ, ਜੋ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨਾਲ ਵਿਰੋਧਾਭਾਸ ਪ੍ਰਗਟਾਉਂਦੇ ਹਨ।

ਨਵਾਂ ਕਾਨੂੰਨ ਜਿਸ ਤਰੀਕੇ ਨਾਲ ਪਰਿਭਾਸ਼ਿਤ ਹੋ ਰਿਹਾ ਹੈ, ਉਹ ਗੁਰੂ ਗ੍ਰੰਥ ਸਾਹਿਬ ਨਾਲ ਸੀਮਤ ਤੇ ਚੋਣਵੇਂ ਦਾਇਰੇ ਵਿਚ ਰੱਖਣ ਵਾਲੀ ਵਸਤੂ ਵਾਂਗ ਵਿਹਾਰ ਕਰਦਾ ਪ੍ਰਤੀਤ ਹੁੰਦਾ ਹੈ। ਇਸ ਦੇ ਉਲਟ ਸਾਡੀ ਪਰੰਪਰਾ ਇਹ ਹੈ ਕਿ ਗੁਰਦੁਆਰਿਆਂ, ਸਿੱਖ ਸੰਸਥਾਵਾਂ ਅਤੇ ਗੁਰਸਿੱਖ ਪਰਿਵਾਰਾਂ ਤੋਂ ਇਲਾਵਾ ਸਿੱਖ ਜੱਜ, ਸਿਵਲ ਅਫ਼ਸਰ ਅਤੇ ਫ਼ੌਜੀ ਆਪਣੀਆਂ ਪਲਟਨਾਂ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਅੰਗ-ਸੰਗ ਰੱਖਣਾ ਆਪਣਾ ਸੁਭਾਗ ਮੰਨਦੇ ਹਨ। ਪੁਰਾਤਨ ਸਫ਼ਰੀ ਬੀੜਾਂ ਵੀ ਇਸ ਦੀ ਉਦਾਹਰਨ ਹਨ। ਸਿੱਖਾਂ ਤੋਂ ਇਲਾਵਾ ਸਿੰਧੀ, ਹਿੰਦੂ ਤੇ ਹੋਰ ਬਹੁਤ ਸਾਰੇ ਗ਼ੈਰ-ਸਿੱਖ ਸਾਧਕ ਵੀ ਆਪਣੇ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਸੇਵਾ-ਸੰਭਾਲ ਕਰਦੇ ਆ ਰਹੇ ਹਨ ਅਤੇ ਗੁਰਬਾਣੀ ਪਾਠ/ਅਧਿਐਨ ਕਰਦੇ ਹਨ। ਇਸ ਤਰ੍ਹਾਂ ਕਾਨੂੰਨ ਤੇ ਸਰਕਾਰ ਦੀ ਪੁਲਿਸ ਰਾਹੀਂ ਨਿਗਰਾਨੀ, ਕਿਸੇ ਅਣਚਿਤਵੀ ਕਾਨੂੰਨੀ ਕਾਰਵਾਈ ਦਾ ਡਰ ਪੈਦਾ ਕਰਕੇ ਆਮ ਲੋਕਾਈ ਨੂੰ ਗੁਰਬਾਣੀ ਦੇ ਚਾਨਣ ਤੋਂ ਦੂਰ ਕਰਨ ਦਾ ਕਾਰਨ ਬਣ ਸਕਦੀ ਹੈ।

ਬੇਸ਼ੱਕ 2015 ਦੇ ਬਰਗਾੜੀ ਬੇਅਦਬੀ ਮਾਮਲੇ ਦੌਰਾਨ ਅਕਾਲੀ ਸਰਕਾਰ ਦੀ ਸਥਿਤੀ ਨਾਲ ਨਜਿੱਠਣ ਦੀ ਅਸਫ਼ਲਤਾ ਕਾਰਨ ਸ਼੍ਰੋਮਣੀ ਕਮੇਟੀ ਬੇਭਰੋਸਗੀ ਦੇ ਮੁਹਾਸਰੇ (ਘੇਰਾਬੰਦੀ) ਵਿਚ ਚੱਲੀ ਆ ਰਹੀ ਹੈ, ਪਰ ਬੇਅਦਬੀ ਵਿਰੁੱਧ ਮੌਜੂਦਾ ਸਰਕਾਰ ਦੇ ਕਾਨੂੰਨ ਦਾ ਭਾਵਨਾਤਮਿਕ ਮਾਹੌਲ ਦੇ ਪਿੱਛੇ ਲੱਗ ਕੇ ਮੂਕ ਸਮਰਥਨ ਕਰਨ ਦੀ ਥਾਂ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਨੂੰ ਕਾਨੂੰਨ ਦਾ ਗੁਰਮਤਿ ਦੀ ਦਿਬ-ਦ੍ਰਿਸ਼ਟੀ ਤੋਂ ਮੁਤਾਲਿਆ ਕਰਨਾ ਚਾਹੀਦਾ ਸੀ, ਕਿਉਂਕਿ 'ਸਿੱਖ ਰਹਿਤ ਮਰਿਆਦਾ' ਬਣਾਉਣ ਵਾਸਤੇ ਜੇ 1927 ਤੋਂ 1945 ਤੱਕ 18 ਸਾਲ ਤੋਂ ਵੱਧ ਸਮਾਂ ਲੱਗ ਸਕਦਾ ਹੈ ਤੇ ਇਸ ਦੀ ਸ਼ਬਦਾਵਲੀ ਦੇ ਅੱਖਰ-ਅੱਖਰ ਉੱਤੇ ਕਈ-ਕਈ ਦਿਨ ਭਖਵੀਂ ਵਿਚਾਰ-ਚਰਚਾ ਹੋ ਸਕਦੀ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ-ਸਤਿਕਾਰ ਨਾਲ ਸੰਬੰਧਿਤ ਕਿਸੇ ਅਹਿਮ ਕਾਨੂੰਨ 'ਤੇ ਗਹਿਰਾ ਮੰਥਨ ਕਿਉਂ ਨਹੀਂ ਸੀ ਹੋ ਸਕਦਾ?

# ਕੈਲਗਰੀ ਕੰਸਰਟ ਵਿਚ ਹੰਗਾਮਾ: ਦਿਲਜੀਤ ਦੋਸਾਂਝ ਨੇ ਸਟੇਜ ਤੋਂ ਦਿੱਤਾ ਆਲੋਚਕਾਂ ਨੂੰ ਕਰਾਰਾ ਜਵਾਬ

## ✪ "ਮੇਰਾ ਕੰਮ ਪੰਜਾਬ ਨੂੰ ਦੁਨੀਆ ਦੇ ਨਕਸ਼ੇ 'ਤੇ ਲਿਆਉਣਾ", ਵਿਰੋਧ ਕਰਨ ਵਾਲਿਆਂ 'ਤੇ ਵਰ੍ਹੇ ਦਿਲਜੀਤ ਦੋਸਾਂਝ

## ✪ ਕੈਨੇਡਾ ਵਿਚ ਦਿਲਜੀਤ ਦਾ ਸ਼ੋਅ ਰੋਕ ਕੇ ਸਪੱਸ਼ਟ ਜਵਾਬ "ਕੇਬੀਸੀ 'ਤੇ ਵੀ ਪੰਜਾਬ ਦੇ ਮੁੱਦਿਆਂ ਲਈ ਹੀ ਗਿਆ ਸੀ"





**ਖਾਸ ਖਬਰ** ਪਿਛਲੇ ਕੁਝ ਦਿਨਾਂ ਤੋਂ ਕੈਨੇਡਾ ਦੇ ਕੈਲਗਰੀ ਵਿੱਚ ਹੋਏ ਗਾਇਕ ਦਿਲਜੀਤ ਦੋਸਾਂਝ ਦੇ ਕੰਸਰਟ ਅਤੇ ਉੱਥੇ ਹੋਏ ਵਿਰੋਧ ਦੀਆਂ ਚਰਚਾਵਾਂ ਗਰਮ ਹਨ। ਇੱਕ ਪਾਸੇ ਕੁਝ ਲੋਕਾਂ ਵੱਲੋਂ ਖਾਲਿਸਤਾਨੀ ਝੰਡੇ ਲਹਿਰਾ ਕੇ ਵਿਰੋਧ ਦਰਜ ਕਰਵਾਇਆ ਗਿਆ, ਤੇ ਦੂਜੇ ਪਾਸੇ ਦਿਲਜੀਤ ਨੇ ਸਟੇਜ ਤੋਂ ਬੇਬਾਕ ਹੋ ਕੇ ਆਪਣਾ ਪੱਖ ਰੱਖਿਆ। ਜੇਕਰ ਨਿਰਪੱਖ ਹੋ ਕੇ ਦੇਖਿਆ ਜਾਵੇ, ਤਾਂ ਅੱਜ ਦੇ ਸਮੇਂ ਵਿੱਚ ਜਿਸ ਤਰ੍ਹਾਂ ਦਿਲਜੀਤ ਦੋਸਾਂਝ ਵਿਸ਼ਵ ਪੱਧਰ 'ਤੇ ਪੰਜਾਬੀਅਤ ਦਾ ਝੰਡਾ ਬੁਲੰਦ ਕਰ ਰਹੇ ਹਨ, ਉਸ ਉੱਤੇ ਸਵਾਲ ਚੁੱਕਣੇ ਜਾਇਜ਼ ਨਹੀਂ ਲੱਗਦੇ।

ਦਿਲਜੀਤ ਸਿਰਫ਼ ਇੱਕ ਗਾਇਕ ਨਹੀਂ, ਸਗੋਂ ਵਿਸ਼ਵ ਮੰਚ 'ਤੇ ਪੰਜਾਬ ਦੇ ਸੱਭਿਆਚਾਰਕ ਰਾਜਦੂਤ ਬਣ ਕੇ ਉਭਰੇ ਹਨ। ਚਾਹੇ ਉਹ ਕੋਚੈਲਾ ਦਾ ਮੰਚ ਹੋਵੇ ਜਾਂ ਜਿਮੀ ਫੈਲਨ ਦਾ 'ਦਿ ਟੂਨਾਈਟ ਸ਼ੋਅ', ਉਨ੍ਹਾਂ ਨੇ ਹਮੇਸ਼ਾ ਆਪਣੀ ਪਛਾਣ 'ਪੰਜਾਬੀ' ਵਜੋਂ ਪੇਸ਼ ਕੀਤੀ ਹੈ। ਜਿਮੀ ਫੈਲਨ ਦੇ ਸ਼ੋਅ 'ਤੇ 1914 ਦੀ 'ਕੋਮਾਗਾਟਾਮਾਰੂ' (ਗੁਰੂ ਨਾਨਕ ਜਹਾਜ਼) ਦੀ ਘਟਨਾ ਦਾ ਜ਼ਿਕਰ ਕਰਨਾ ਕੋਈ ਮਾਮੂਲੀ ਗੱਲ ਨਹੀਂ ਸੀ। ਇੱਕ ਅਜਿਹੇ ਮੰਚ 'ਤੇ, ਜਿੱਥੇ ਦੁਨੀਆ ਦੇ ਵੱਡੇ-ਵੱਡੇ ਸਿਤਾਰੇ ਸਿਰਫ਼ ਆਪਣੀਆਂ ਫ਼ਿਲਮਾਂ ਦਾ ਪ੍ਰਚਾਰ ਕਰਨ ਆਉਂਦੇ ਹਨ, ਉੱਥੇ ਦਿਲਜੀਤ ਨੇ ਪੰਜਾਬੀਆਂ ਦੇ ਸਦੀਆਂ ਪੁਰਾਣੇ ਇਤਿਹਾਸਕ ਦਰਦ ਨੂੰ ਬਿਆਨ ਕੀਤਾ। ਇਹ ਸਾਬਤ ਕਰਦਾ ਹੈ ਕਿ ਉਨ੍ਹਾਂ ਦੇ ਦਿਲ ਵਿੱਚ ਪੰਜਾਬ ਲਈ ਕਿੰਨੀ ਡੂੰਘੀ ਜਗ੍ਹਾ ਹੈ।

ਵਿਰੋਧ ਕਰਨ ਵਾਲਿਆਂ ਦਾ ਮੁੱਖ ਇਤਰਾਜ਼ ਦਿਲਜੀਤ ਦੇ 'ਕੌਨ ਬਣੇਗਾ ਕਰੋੜਪਤੀ' ਵਿੱਚ ਜਾਣ ਅਤੇ ਅਮਿਤਾਭ ਬੱਚਨ ਪ੍ਰਤੀ ਸਤਿਕਾਰ ਦਿਖਾਉਣ 'ਤੇ ਸੀ। ਉਨ੍ਹਾਂ ਦਾ ਤਰਕ ਇਹ ਸੀ ਕਿ 1984 ਦੇ ਸਿੱਖ ਕਤਲੇਆਮ ਦੇ ਜ਼ਖ਼ਮ ਅਜੇ ਵੀ ਤਾਜ਼ਾ ਹਨ। ਉਨ੍ਹਾਂ ਅਨੁਸਾਰ ਅਮਿਤਾਭ ਬੱਚਨ ਵਰਗੀਆਂ ਸ਼ਖ਼ਸੀਅਤਾਂ ਨਾਲ ਸਾਂਝ ਦਿਖਾਉਣਾ ਉਨ੍ਹਾਂ ਪੀੜਤਾਂ ਦਾ ਅਪਮਾਨ ਹੈ। ਉਨ੍ਹਾਂ ਲਈ ਇਹ ਸਿਆਸੀ ਵਿਰੋਧ ਦਰਜ ਕਰਵਾਉਣ ਦਾ ਇੱਕ ਤਰੀਕਾ ਸੀ।

ਪਰ ਦਿਲਜੀਤ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਜਿਹੇ ਰਾਸ਼ਟਰੀ ਮੰਚਾਂ ਦੀ ਵਰਤੋਂ ਪੰਜਾਬ ਦੇ ਮੁੱਦਿਆਂ ਨੂੰ ਉਭਾਰਨ ਲਈ ਕਰਦੇ ਹਨ। ਉਨ੍ਹਾਂ ਦਾ ਇਹ ਕਹਿਣਾ ਬਿਲਕੁਲ ਸਹੀ ਹੈ ਕਿ ਅਸੀਂ ਅਕਸਰ ਸ਼ਿਕਾਇਤ ਕਰਦੇ ਹਾਂ ਕਿ ਨੈਸ਼ਨਲ ਮੀਡੀਆ ਪੰਜਾਬ ਨੂੰ ਨਜ਼ਰਅੰਦਾਜ਼ ਕਰਦਾ ਹੈ। ਜੇਕਰ ਕੋਈ ਕਲਾਕਾਰ ਉੱਥੇ ਜਾ ਕੇ ਆਪਣੀ ਹੋਂਦ ਅਤੇ ਮੁੱਦਿਆਂ ਦੀ ਗੱਲ ਕਰਦਾ ਹੈ, ਤਾਂ ਉਸ ਨੂੰ 'ਗ਼ਦਾਰ' ਜਾਂ 'ਸਮਝੌਤਾਵਾਦੀ' ਕਹਿਣਾ ਗਲਤ ਹੈ। ਦਿਲਜੀਤ ਨੇ ਕਿਹਾ, "ਮੇਰਾ ਕੰਮ ਚੈਰਿਟੀ ਕਰਨਾ ਨਹੀਂ ਹੈ, ਪਰ ਮੈਂ ਜਿਸ ਵੀ ਪਲੇਟਫਾਰਮ 'ਤੇ ਜਾਂਦਾ ਹਾਂ, ਪੰਜਾਬ ਦੀ ਗੱਲ ਜ਼ਰੂਰ ਕਰਦਾ ਹਾਂ। ਅਸੀਂ ਅਕਸਰ ਕਹਿੰਦੇ ਹਾਂ ਕਿ ਨੈਸ਼ਨਲ ਮੀਡੀਆ ਪੰਜਾਬ ਬਾਰੇ ਗੱਲ ਨਹੀਂ ਕਰਦਾ, ਇਸੇ ਲਈ ਮੈਂ ਕੇਬੀਸੀ ਵਰਗੇ ਵੱਡੇ ਸ਼ੋਅ 'ਤੇ ਗਿਆ ਤਾਂ ਜੋ ਪੰਜਾਬ ਦੇ ਮੁੱਦਿਆਂ ਨੂੰ ਦੇਸ਼ ਸਾਹਮਣੇ ਰੱਖ ਸਕਾਂ।'"

ਦਿਲਜੀਤ ਦੋਸਾਂਝ ਨੇ ਕੈਲਗਰੀ ਦੀ ਸਟੇਜ ਤੋਂ ਜੋ ਕਿਹਾ-"ਜਿੰਨੇ ਝੰਡੇ ਦਿਖਾਉਣੇ ਦਿਖਾਈ ਚੱਲੋ"-ਉਹ ਉਨ੍ਹਾਂ ਦੀ ਨਾਰਾਜ਼ਗੀ ਨਹੀਂ, ਸਗੋਂ ਉਨ੍ਹਾਂ ਦਾ ਸਿਦਕ (ਧੀਰਜ) ਸੀ। ਉਨ੍ਹਾਂ ਦਾ ਮੰਨਣਾ ਹੈ ਕਿ ਕਲਾ ਸਭ ਨੂੰ ਜੋੜਨ ਲਈ ਹੁੰਦੀ ਹੈ, ਨਾ ਕਿ ਵੰਡਣ ਲਈ। ਪੰਜਾਬ ਪਹਿਲਾਂ ਹੀ ਬਹੁਤ ਸੰਤਾਪ ਹੰਢਾ ਚੁੱਕਾ ਹੈ। ਅੱਜ ਜਦੋਂ ਇੱਕ ਪੰਜਾਬੀ ਗੱਭਰੂ ਦੁਨੀਆ ਦੇ ਸਭ ਤੋਂ ਵੱਡੇ ਸਟੇਡੀਅਮਾਂ ਨੂੰ ਭਰ ਰਿਹਾ ਹੈ, ਤਾਂ ਸਾਨੂੰ ਉਸ ਦੀਆਂ ਲੱਤਾਂ ਖਿੱਚਣ ਦੀ ਬਜਾਏ ਉਸ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨਾ ਚਾਹੀਦਾ ਹੈ।

ਦੂਜੇ ਪਾਸੇ, ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਕਲਾਕਾਰ ਨੂੰ ਸਿਆਸਤ ਤੋਂ ਦੂਰ ਰੱਖਣਾ ਚਾਹੀਦਾ ਹੈ। ਪ੍ਰਸ਼ੰਸਕਾਂ ਅਨੁਸਾਰ, ਇੱਕ ਸੱਭਿਆਚਾਰਕ ਸ਼ੋਅ (ਕੰਸਰਟ) ਵਿੱਚ ਸਿਆਸੀ ਝੰਡੇ ਲਹਿਰਾਉਣੇ ਅਤੇ ਵਿਘਨ ਪਾਉਣਾ ਠੀਕ ਨਹੀਂ ਹੈ, ਕਿਉਂਕਿ ਲੋਕ ਉੱਥੇ ਮਨੋਰੰਜਨ ਅਤੇ ਸੰਗੀਤ ਲਈ ਆਉਂਦੇ ਹਨ। ਦਿਲਜੀਤ ਦਾ ਸ਼ੋਅ ਰੋਕ ਕੇ ਆਪਣਾ ਪੱਖ ਰੱਖਣਾ ਇਹ ਸਾਬਤ ਕਰਦਾ ਹੈ ਕਿ ਉਹ ਇਨ੍ਹਾਂ ਸਵਾਲਾਂ ਤੋਂ ਭੱਜ ਨਹੀਂ ਰਿਹਾ, ਬਲਕਿ ਆਪਣੀ ਸਫ਼ਾਈ ਦੇ ਰਿਹਾ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਵਿਰੋਧ ਕਰਨਾ ਹਰ ਕਿਸੇ ਦਾ ਹੱਕ ਹੋ ਸਕਦਾ ਹੈ, ਪਰ ਇੱਕ ਕਲਾਕਾਰ ਦੀ ਪੰਜਾਬ ਪ੍ਰਤੀ ਵਫ਼ਾਦਾਰੀ ਨੂੰ ਸਿਰਫ਼ ਇੱਕ ਮੁਲਾਕਾਤ ਜਾਂ ਇੱਕ ਟੀਵੀ ਸ਼ੋਅ ਦੇ ਆਧਾਰ 'ਤੇ ਤੋਲਣਾ ਸੰਤੁਲਿਤ ਸੋਚ ਨਹੀਂ ਹੈ। ਦਿਲਜੀਤ ਨੂੰ ਇੱਕ 'ਪੰਜਾਬੀ ਅੰਬੈਸਡਰ' ਵਜੋਂ ਦੇਖਿਆ ਜਾਣਾ ਚਾਹੀਦਾ ਹੈ, ਨਾ ਕਿ ਇੱਕ 'ਸਿਆਸੀ ਆਗੂ' ਵਜੋਂ। ਉਸ ਦੀਆਂ ਪੇਸ਼ੇਵਰ ਮੁਲਾਕਾਤਾਂ (ਜਿਵੇਂ ਅਮਿਤਾਭ ਬੱਚਨ ਨਾਲ) ਨੂੰ ਉਸਦੇ ਨਿੱਜੀ ਅਕੀਦੇ ਜਾਂ ਪੰਜਾਬ ਨਾਲ ਗ਼ੱਦਾਰੀ ਵਜੋਂ ਦੇਖਣਾ ਸ਼ਾਇਦ ਜ਼ਿਆਦਾ ਸਖ਼ਤ ਨਜ਼ਰੀਆ ਹੈ।

ਦਿਲਜੀਤ ਦੀ ਅਸਲੀ ਸੇਵਾ ਉਸ ਦਾ ਸੰਗੀਤ ਅਤੇ ਉਸ ਦੀ ਉਹ ਆਵਾਜ਼ ਹੈ, ਜੋ ਅੱਜ ਪੂਰੀ ਦੁਨੀਆ ਵਿੱਚ "ਪੰਜਾਬੀ ਆ ਗਏ ਓਏ" ਦੇ ਨਾਅਰੇ ਨਾਲ ਗੂੰਜ ਰਹੀ ਹੈ।

# 16 ਅਮਰੀਕੀ ਫ਼ੌਜੀ ਅੱਡੇ ਇਰਾਨ ਨੇ ਕੀਤੇ ਤਬਾਹ



ਨਵੀਂ ਦਿੱਲੀ-ਪੱਛਮੀ ਏਸ਼ੀਆ 'ਚ ਇਰਾਨ 'ਤੇ ਥੋਪੀ ਜੰਗ ਦੌਰਾਨ ਅਮਰੀਕੀ ਫ਼ੌਜ ਨੂੰ ਵੀ ਵੱਡਾ ਝਟਕਾ ਲੱਗਿਆ ਹੈ। ਅਮਰੀਕਾ ਦੇ ਪ੍ਰਮੁੱਖ ਮੀਡੀਆ ਅਦਾਰੇ ਸੀ ਐੱਨ ਐੱਨ ਦੀ ਰਿਪੋਰਟ ਮੁਤਾਬਕ ਇਰਾਨੀ ਹਮਲਿਆਂ ਵਿੱਚ ਪੱਛਮੀ ਏਸ਼ੀਆ ਦੇ 8 ਮੁਲਕਾਂ ਵਿੱਚ ਫੈਲੇ ਅਮਰੀਕਾ ਦੇ ਘੱਟੋ-ਘੱਟ 16 ਫ਼ੌਜੀ ਟਿਕਾਣੇ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ। ਇਨ੍ਹਾਂ ਵਿੱਚੋਂ ਕਈ ਟਿਕਾਣੇ ਤਾਂ ਵਰਤੋਂ ਦੇ ਯੋਗ ਹੀ ਨਹੀਂ ਰਹੇ। ਸੀ ਐੱਨ ਐੱਨ ਨੇ ਸੈਟੇਲਾਈਟ ਤਸਵੀਰਾਂ ਅਤੇ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਇਰਾਨ ਨੇ ਬਹੁਤ ਹੀ ਸੋਚੀ-ਸਮਝੀ ਰਣਨੀਤੀ ਤਹਿਤ ਅਮਰੀਕਾ ਦੇ ਐਡਵਾਂਸਡ ਰਾਡਾਰ ਸਿਸਟਮ, ਸੰਚਾਰ ਢਾਂਚੇ ਅਤੇ ਲੜਾਕੂ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ। ਅਮਰੀਕੀ ਅਧਿਕਾਰੀਆਂ ਮੁਤਾਬਕ ਖੇਤਰ ਵਿੱਚ ਰਾਡਾਰ ਸਿਸਟਮ ਸਭ ਤੋਂ ਮਹਿੰਗੇ ਅਤੇ ਸੀਮਤ ਸਰੋਤ ਹਨ, ਜਿਨ੍ਹਾਂ ਨੂੰ ਮੁੜ ਸਥਾਪਤ ਕਰਨਾ ਬਹੁਤ ਮੁਸ਼ਕਲ ਕੰਮ ਹੈ। ਨੁਕਸਾਨ ਦੀ ਪੂਰਤੀ ਬਾਰੇ ਅਮਰੀਕੀ ਪ੍ਰਸ਼ਾਸਨ ਵਿੱਚ ਵੱਖ ਵੱਖ ਤਰ੍ਹਾਂ ਦੇ ਅੰਕੜੇ ਸਾਹਮਣੇ ਆ ਰਹੇ ਹਨ। ਪੈਂਟਾਗਨ ਦੇ ਕੰਪਟਰੋਲਰ ਜੂਲਿਸ ਜੇਅ ਹਰਸਟ ਤੀਜੇ ਨੇ ਕਾਨੂੰਨਘਾੜਿਆਂ ਨੂੰ ਬੁੱਧਵਾਰ ਨੂੰ ਦੱਸਿਆ ਕਿ ਹੁਣ ਤੱਕ ਇਸ ਜੰਗ 'ਤੇ ਅਮਰੀਕਾ ਦੇ 25 ਅਰਬ ਡਾਲਰ ਖ਼ਰਚ ਹੋ ਚੁੱਕੇ ਹਨ; ਹਾਲਾਂਕਿ ਸੀ ਐੱਨ ਐੱਨ ਦੀ ਰਿਪੋਰਟ ਮੁਤਾਬਕ ਅਸਲ ਨੁਕਸਾਨ ਅਤੇ ਬੁਨਿਆਦੀ ਢਾਂਚੇ ਦੇ ਮੁੜ ਨਿਰਮਾਣ 'ਤੇ ਖ਼ਰਚਾ 40 ਤੋਂ 50 ਅਰਬ ਡਾਲਰ ਦੇ ਕਰੀਬ ਹੋ ਸਕਦਾ ਹੈ।

# ਨਸ਼ੇ ਲਈ ਪੈਸੇ ਨਾ ਮਿਲਣ 'ਤੇ ਨੌਜਵਾਨ ਨੇ ਤੀਜੀ ਮੰਜ਼ਿਲ ਤੋਂ ਮਾਰੀ ਛਾਲ, ਹੋਈ ਮੌਤ

ਫਗਵਾੜਾ-ਪੰਜਾਬ ਵਿੱਚ ਨਸ਼ਿਆਂ ਦੀ ਭੇਟ ਚੜ੍ਹ ਰਹੀ ਜਵਾਨੀ ਦਾ ਇੱਕ ਹੋਰ ਭਿਆਨਕ ਰੂਪ ਸਾਹਮਣੇ ਆਇਆ ਹੈ। ਫਗਵਾੜਾ ਦੇ ਡੱਡਲ ਮੁਹੱਲਾ ਵਿਖੇ ਇੱਕ ਨੌਜਵਾਨ ਨੇ ਨਸ਼ੇ ਦੀ ਪੂਰਤੀ ਲਈ ਪੈਸੇ ਨਾ ਮਿਲਣ 'ਤੇ ਆਪਣੇ ਹੀ ਘਰ ਦੀ ਤੀਜੀ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ।

ਮ੍ਰਿਤਕ ਦੀ ਪਛਾਣ ਸ਼ਰਨਜੀਤ ਸਿੰਘ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ, ਸ਼ਰਨਜੀਤ ਸਿੰਘ ਲੰਬੇ ਸਮੇਂ ਤੋਂ ਨਸ਼ੇ ਦਾ ਆਦੀ ਸੀ ਅਤੇ ਅਕਸਰ ਘਰਦਿਆਂ ਤੋਂ ਪੈਸਿਆਂ ਦੀ ਮੰਗ ਕਰਦਾ ਰਹਿੰਦਾ ਸੀ। ਐਤਵਾਰ ਸਵੇਰੇ ਵੀ ਉਸ ਨੇ ਆਪਣੀ ਮਾਂ ਕੋਲੋਂ ਨਸ਼ੇ ਲਈ ਪੈਸੇ ਮੰਗੇ, ਪਰ ਮਾਂ ਵੱਲੋਂ ਇਨਕਾਰ ਕੀਤੇ ਜਾਣ 'ਤੇ ਉਹ ਗੁੱਸੇ ਵਿੱਚ ਆ ਕੇ ਘਰ ਦੀ ਤੀਜੀ ਮੰਜ਼ਿਲ 'ਤੇ ਚੜ੍ਹ ਗਿਆ। ਪਰਿਵਾਰ ਨੇ ਸਥਿਤੀ ਨੂੰ ਵਿਗੜਦਾ ਦੇਖ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਪਰ ਅਫ਼ਸੋਸ, ਜਦੋਂ ਤੱਕ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ, ਉਸ ਨੇ ਛੱਤ ਤੋਂ ਛਾਲ ਮਾਰ ਦਿੱਤੀ। ਗੰਭੀਰ ਜ਼ਖ਼ਮੀ ਹਾਲਤ ਵਿੱਚ ਉਸ ਨੂੰ ਫਗਵਾੜਾ ਦੇ ਸਿਵਲ ਹਸਪਤਾਲ ਲਿਜਾਇਆ ਗਿਆ। ਹਾਲਤ ਨਾਜ਼ੁਕ ਹੋਣ ਕਾਰਨ ਡਾਕਟਰਾਂ ਨੇ ਉਸ ਨੂੰ ਹਾਇਰ ਸੈਂਟਰ ਰੈਫਰ ਕਰ ਦਿੱਤਾ, ਪਰ ਰਸਤੇ ਵਿੱਚ ਹੀ ਉਸ ਨੇ ਦਮ ਤੋੜ ਦਿੱਤਾ। ਮ੍ਰਿਤਕ ਦੇ ਚਾਚਾ ਨਿਰਮਲ ਸਿੰਘ ਅਤੇ ਮਾਤਾ ਬਲਵੀਰ ਕੌਰ ਨੇ ਦੱਸਿਆ ਕਿ "ਸ਼ਰਨਜੀਤ ਨਸ਼ੇ ਦੇ ਨਾਲ-ਨਾਲ ਮਾਨਸਿਕ ਤੌਰ 'ਤੇ ਵੀ ਕਾਫੀ ਪਰੇਸ਼ਾਨ ਰਹਿੰਦਾ ਸੀ ਅਤੇ ਅਕਸਰ ਮਰ ਜਾਣ ਦੀਆਂ ਗੱਲਾਂ ਕਰਦਾ ਸੀ। ਪੁਲਿਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।"

ਪੰਜਾਬ ਟਾਈਮਜ਼ ਅਨੁਸਾਰ ਇਹ ਘਟਨਾ ਸਮਾਜ ਵਿੱਚ ਨਸ਼ਿਆਂ ਦੇ ਵਧ ਰਹੇ ਪ੍ਰਕੋਪ ਅਤੇ ਨੌਜਵਾਨਾਂ ਦੀ ਮਾਨਸਿਕ ਸਿਹਤ ਵੱਲ ਧਿਆਨ ਦੇਣ ਦੀ ਤੁਰੰਤ ਲੋੜ ਨੂੰ ਦਰਸਾਉਂਦੀ ਹੈ।

# ਹੈਨਲੀ ਪਾਸਪੋਰਟ ਇੰਡੈਕਸ 2026 ਵਿਚ ਭਾਰਤੀ ਪਾਸਪੋਰਟ ਦੀ ਵੱਡੀ ਪ੍ਰਾਪਤੀ

## ✪ ਭਾਰਤ ਨੇ ਸਿੱਧਾ 10 ਅੰਕਾਂ ਦਾ ਸੁਧਾਰ ਕੀਤਾ, 75ਵੇਂ ਸਥਾਨ 'ਤੇ ਪਹੁੰਚਿਆ

ਨਵੀਂ ਦਿੱਲੀ-ਸਾਲ 2026 ਦੀ ਤਾਜ਼ਾ ਹੈਨਲੀ ਪਾਸਪੋਰਟ ਇੰਡੈਕਸ ਰਿਪੋਰਟ ਭਾਰਤ ਲਈ ਬਹੁਤ ਵੱਡੀ ਖੁਸ਼ਖਬਰੀ ਲੈ ਕੇ ਆਈ ਹੈ। ਭਾਰਤੀ ਪਾਸਪੋਰਟ ਨੇ ਆਪਣੀ ਤਾਕਤ ਦਿਖਾਉਂਦੇ ਹੋਏ ਵਿਸ਼ਵ ਰੈਂਕਿੰਗ ਵਿੱਚ ਲੰਮੀ ਛਾਲ ਮਾਰੀ ਹੈ। ਜਿੱਥੇ ਭਾਰਤ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ, ਉੱਥੇ ਹੀ ਦੁਨੀਆ ਦੇ ਕਈ ਅਮੀਰ ਅਤੇ ਵਿਕਸਤ ਦੇਸ਼ਾਂ ਦੀ ਰੈਂਕਿੰਗ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ।




ਤਾਜ਼ਾ ਅੰਕੜਿਆਂ ਮੁਤਾਬਕ ਭਾਰਤੀ ਪਾਸਪੋਰਟ ਹੁਣ 75ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਦੱਸਣਯੋਗ ਹੈ ਕਿ ਪਿਛਲੇ ਸਾਲ ਭਾਰਤ 85ਵੇਂ ਸਥਾਨ 'ਤੇ ਸੀ, ਜਿਸਦਾ ਮਤਲਬ ਹੈ ਕਿ ਭਾਰਤ ਨੇ ਸਿੱਧਾ 10 ਅੰਕਾਂ ਦਾ ਸੁਧਾਰ ਕੀਤਾ ਹੈ। ਹੁਣ ਭਾਰਤੀ ਨਾਗਰਿਕ ਵਿਸ਼ਵ ਦੇ 56 ਦੇਸ਼ਾਂ ਥਾਈਲੈਂਡ (ਵੀਜ਼ਾ-ਮੁਕਤ - ਸੀਮਤ ਸਮੇਂ ਲਈ), ਮਲੇਸ਼ੀਆ : (ਵੀਜ਼ਾ-ਮੁਕਤ), ਇੰਡੋਨੇਸ਼ੀਆ : (ਵੀਜ਼ਾ-ਆਨ-ਅਰਾਈਵਲ), ਭੂਟਾਨ : (ਵੀਜ਼ਾ-ਮੁਕਤ), ਨੇਪਾਲ : (ਵੀਜ਼ਾ-ਮੁਕਤ - ਕੋਈ ਰੋਕ ਨਹੀਂ), ਸ਼੍ਰੀਲੰਕਾ : (ਵੀਜ਼ਾ-ਆਨ-ਅਰਾਈਵਲ,), ਮਾਲਦੀਵ: (ਵੀਜ਼ਾ-ਆਨ-ਅਰਾਈਵਲ) ਕਜ਼ਾਕਿਸਤਾਨ (ਵੀਜ਼ਾ-ਮੁਕਤ), ਵੀਅਤਨਾਮ : (ਈ-ਵੀਜ਼ਾ ਜਾਂ ਵਿਸ਼ੇਸ਼ ਸ਼ਰਤਾਂ ਅਧੀਨ), ਮਕਾਊ: (ਵੀਜ਼ਾ-ਮੁਕਤ), ਅਫਰੀਕਾ ਦੇਸ਼ ਪ੍ਰਮੁੱਖ ਹਨ: ਮਾਰੀਸ਼ਸ : (ਵੀਜ਼ਾ-ਮੁਕਤ), ਸੇਸ਼ੇਲਸ : (ਪਰਮਿਟ-ਆਨ-ਅਰਾਈਵਲ), ਕੇਨੀਆ (ਵੀਜ਼ਾ-ਮੁਕਤ - ਓਟਅ ਲੋੜੀਂਦਾ ਹੋ ਸਕਦਾ ਹੈ) ਰਵਾਂਡਾ: (ਵੀਜ਼ਾ-ਆਨ-ਅਰਾਈਵਲ), ਇਥੋਪੀਆ : (ਵੀਜ਼ਾ-ਆਨ-ਅਰਾਈਵਲ) ਜ਼ਿੰਬਾਬਵੇ: (ਵੀਜ਼ਾ-ਆਨ-ਅਰਾਈਵਲ), ਸੁੰਦਰ ਟਾਪੂਆਂ ਦੀ ਸੈਰ ਲਈ : ਜਮੈਕਾ, (ਵੀਜ਼ਾ-ਮੁਕਤ), ਬਾਰਬਾਡੋਸ : (ਵੀਜ਼ਾ-ਮੁਕਤ), ਡੋਮਿਨਿਕਾ: (ਵੀਜ਼ਾ-ਮੁਕਤ), ਗ੍ਰੇਨਾਡਾ : (ਵੀਜ਼ਾ-ਮੁਕਤ), ਹੈਤੀ : (ਵੀਜ਼ਾ-ਮੁਕਤ) ਤ੍ਰਿਨੀਦਾਦ ਅਤੇ ਟੋਬੈਗੋ : (ਵੀਜ਼ਾ-ਮੁਕਤ,), ਫਿਜੀ : (ਵੀਜ਼ਾ-ਮੁਕਤ), ਕੁੱਕ ਟਾਪੂ : (ਵੀਜ਼ਾ-ਮੁਕਤ) ਵੈਨੂਆਟੂ : (ਵੀਜ਼ਾ-ਮੁਕਤ), ਕਤਰ : (ਵੀਜ਼ਾ-ਆਨ-ਅਰਾਈਵਲ), ਜਾਰਡਨ: (ਵੀਜ਼ਾ-ਆਨ-ਅਰਾਈਵਲ), ਓਮਾਨ: (ਵੀਜ਼ਾ-ਮੁਕਤ - ਸੀਮਤ ਸ਼ਰਤਾਂ ਅਧੀਨ) ਵਿੱਚ ਬਿਨਾਂ ਵੀਜ਼ਾ ਜਾਂ 'ਵੀਜ਼ਾ-ਆਨ-ਅਰਾਈਵਲ' ਦੀ ਸਹੂਲਤ ਨਾਲ ਸਫ਼ਰ ਕਰ ਸਕਦੇ ਹਨ। ਮਾਹਿਰਾਂ ਅਨੁਸਾਰ ਭਾਰਤ ਦੇ ਵਧਦੇ ਕੂਟਨੀਤਕ ਸਬੰਧ ਅਤੇ ਨਵੇਂ ਦੁਵੱਲੇ ਸਮਝੌਤੇ ਇਸ ਮਜ਼ਬੂਤੀ ਦਾ ਮੁੱਖ ਕਾਰਨ ਹਨ।

### ਪਾਕਿਸਤਾਨ ਦੀ ਹਾਲਤ ਅਜੇ ਵੀ ਪਤਲੀ

ਗੁਆਂਢੀ ਦੇਸ਼ ਪਾਕਿਸਤਾਨ ਦੀ ਰੈਂਕਿੰਗ ਵਿੱਚ ਮਾਮੂਲੀ ਸੁਧਾਰ ਹੋਇਆ ਹੈ, ਪਰ ਉਹ ਅਜੇ ਵੀ ਭਾਰਤ ਤੋਂ ਬਹੁਤ ਪਿੱਛੇ ਹੈ। ਪਾਕਿਸਤਾਨ 103ਵੇਂ ਸਥਾਨ ਤੋਂ ਉੱਠ ਕੇ 98ਵੇਂ ਸਥਾਨ 'ਤੇ ਆਇਆ ਹੈ, ਜਿੱਥੇ ਇਸਦੇ ਨਾਗਰਿਕਾਂ ਨੂੰ ਸਿਰਫ 31 ਦੇਸ਼ਾਂ ਵਿੱਚ ਵੀਜ਼ਾ-ਮੁਕਤ ਪਹੁੰਚ ਪ੍ਰਾਪਤ ਹੈ। ਪਾਕਿਸਤਾਨ ਅਜੇ ਵੀ ਅਫਗਾਨਿਸਤਾਨ ਅਤੇ ਇਰਾਕ ਵਰਗੇ ਦੇਸ਼ਾਂ ਦੀ ਸ਼੍ਰੇਣੀ ਵਿੱਚ ਬਣਿਆ ਹੋਇਆ ਹੈ।

### ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ

ਨੰਬਰ 1: ਸਿੰਗਾਪੁਰ ਨੇ ਇਕ ਵਾਰ ਫਿਰ ਆਪਣੀ ਬਾਦਸ਼ਾਹਤ ਕਾਇਮ ਰੱਖੀ ਹੈ। ਸਿੰਗਾਪੁਰ ਦੇ ਨਾਗਰਿਕ 192 ਦੇਸ਼ਾਂ ਵਿੱਚ ਬਿਨਾਂ ਵੀਜ਼ਾ ਜਾ ਸਕਦੇ ਹਨ।

ਨੰਬਰ 2: ਜਾਪਾਨ, ਦੱਖਣੀ ਕੋਰੀਆ ਅਤੇ ਸੰਯੁਕਤ ਅਰਬ ਅਮੀਰਾਤ ਸਾਂਝੇ ਤੌਰ 'ਤੇ ਦੂਜੇ ਸਥਾਨ 'ਤੇ ਹਨ (187 ਦੇਸ਼।

### ਅਮੀਰ ਦੇਸ਼ਾਂ ਦੀ ਰੈਂਕਿੰਗ ਕਿਉਂ ਡਿੱਗੀ?

ਇਸ ਰਿਪੋਰਟ ਵਿੱਚ ਸਭ ਤੋਂ ਹੈਰਾਨੀਜਨਕ ਗੱਲ ਅਮਰੀਕਾ ਅਤੇ ਬ੍ਰਿਟੇਨ ਵਰਗੇ ਦੇਸ਼ਾਂ ਦੀ ਰੈਂਕਿੰਗ ਵਿੱਚ ਆਈ ਗਿਰਾਵਟ ਆਈ ਹੈ। ਕਦੇ ਚੋਟੀ 'ਤੇ ਰਹਿਣ ਵਾਲਾ ਅਮਰੀਕਾ ਹੁਣ 10ਵੇਂ ਸਥਾਨ 'ਤੇ ਖਿਸਕ ਗਿਆ ਹੈ। ਬ੍ਰਿਟੇਨ ਵੀ ਚੋਟੀ ਦੇ 3 ਵਿੱਚੋਂ ਬਾਹਰ ਹੋ ਕੇ 6ਵੇਂ ਸਥਾਨ 'ਤੇ ਆ ਗਿਆ। ਕੈਨੇਡਾ ਤੇ ਆਸਟ੍ਰੇਲੀਆ ਦੇਸ਼ ਵੀ ਕ੍ਰਮਵਾਰ 7ਵੇਂ ਅਤੇ 8ਵੇਂ ਸਥਾਨ 'ਤੇ ਆ ਗਏ ਹਨ। ਸਖ਼ਤ ਇਮੀਗ੍ਰੇਸ਼ਨ ਨੀਤੀਆਂ, ਸੁਰੱਖਿਆ ਨਿਯਮਾਂ ਵਿੱਚ ਸਖ਼ਤੀ ਅਤੇ ਦੂਜੇ ਦੇਸ਼ਾਂ ਨਾਲ ਵੀਜ਼ਾ ਸਬੰਧਾਂ ਵਿੱਚ ਆਪਸੀ ਤਾਲਮੇਲ ਦੀ ਕਮੀ ਇਨ੍ਹਾਂ ਦੇਸ਼ਾਂ ਦੀ ਰੈਂਕਿੰਗ ਡਿੱਗਣ ਦਾ ਵੱਡਾ ਕਾਰਨ ਬਣੀ ਹੈ।


### ਸਭ ਤੋਂ ਕਮਜ਼ੋਰ ਪਾਸਪੋਰਟ

ਸੂਚੀ ਵਿੱਚ ਸਭ ਤੋਂ ਹੇਠਲੇ ਪੱਧਰ 'ਤੇ ਅਫਗਾਨਿਸਤਾਨ ਹੈ (ਸਿਰਫ਼ 23 ਦੇਸ਼ਾਂ ਤੱਕ ਪਹੁੰਚ)। ਇਸ ਤੋਂ ਇਲਾਵਾ ਸੀਰੀਆ, ਇਰਾਕ, ਉੱਤਰੀ ਕੋਰੀਆ ਅਤੇ ਬੰਗਲਾਦੇਸ਼ ਦੇ ਪਾਸਪੋਰਟ ਵੀ ਸਭ ਤੋਂ ਕਮਜ਼ੋਰ ਮੰਨੇ ਗਏ ਹਨ। 2026 ਦੀ ਇਹ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਵਿਸ਼ਵ ਪੱਧਰ 'ਤੇ ਭਾਰਤ ਦਾ ਪ੍ਰਭਾਵ ਵਧ ਰਿਹਾ ਹੈ। ਭਾਰਤੀ ਪਾਸਪੋਰਟ ਦੀ ਵਧਦੀ ਤਾਕਤ ਨਾਗਰਿਕਾਂ ਲਈ ਅੰਤਰਰਾਸ਼ਟਰੀ ਯਾਤਰਾ ਨੂੰ ਹੋਰ ਸੁਖਾਲਾ ਬਣਾਏਗੀ।

## ਅਮਰੀਕਾ ਵਿਚ ਹਿੰਦੂਆਂ ਤੇ ਸਿੱਖਾਂ ਦੀ ਸੁਰੱਖਿਆ ਲਈ ਵੱਡਾ ਕਦਮ

# ਮੰਦਰਾਂ ਤੇ ਗੁਰਦੁਆਰਿਆਂ ਲਈ ਬਣੇਗਾ 'ਸਪੈਸ਼ਲ ਬਫਰ ਜ਼ੋਨ'

ਨਿਊਯਾਰਕ-ਅਮਰੀਕਾ ਵਿੱਚ ਰਹਿ ਰਹੇ ਭਾਰਤੀ ਭਾਈਚਾਰੇ ਲਈ ਇੱਕ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਸੰਸਦ ਵਿੱਚ ਇੱਕ ਅਹਿਮ ਦੋ-ਪੱਖੀ ਬਿੱਲ ਪੇਸ਼ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਮੰਦਰਾਂ, ਗੁਰਦੁਆਰਿਆਂ ਅਤੇ ਹੋਰ ਧਾਰਮਿਕ ਸਥਾਨਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨਾ ਹੈ। ਇਸ ਬਿੱਲ ਨੂੰ ਸੈਕਰਡ ਐਕਟ ਦਾ ਨਾਂ ਦਿੱਤਾ ਗਿਆ ਹੈ।




ਨਿਊਯਾਰਕ ਤੋਂ ਡੈਮੋਕ੍ਰੇਟਿਕ ਸੰਸਦ ਮੈਂਬਰ ਟਾਮ ਸੁਓਜ਼ੀ ਅਤੇ ਓਹਾਇਓ ਤੋਂ ਰਿਪਬਲਿਕਨ ਸੰਸਦ ਮੈਂਬਰ ਮੈਕਸ ਮਿਲਰ ਵੱਲੋਂ ਪੇਸ਼ ਕੀਤੇ ਗਏ ਇਸ ਬਿੱਲ ਵਿੱਚ ਕੁਝ ਸਖ਼ਤ ਨਿਯਮ ਤਜਵੀਜ਼ ਕੀਤੇ ਗਏ ਹਨ:

ਕਿਸੇ ਵੀ ਪੂਜਾ ਸਥਾਨ ਦੇ ਆਲੇ-ਦੁਆਲੇ 100 ਫੁੱਟ ਦਾ 'ਬਫਰ ਜ਼ੋਨ' ਬਣਾਇਆ ਜਾਵੇਗਾ।

ਇਸ ਘੇਰੇ ਦੇ ਅੰਦਰ ਸ਼ਰਧਾਲੂਆਂ ਨੂੰ ਡਰਾਉਣਾ, ਧਮਕਾਉਣਾ ਜਾਂ ਉਨ੍ਹਾਂ ਦਾ ਰਸਤਾ ਰੋਕਣਾ ਹੁਣ 'ਫੈਡਰਲ ਔਫੈਂਸ' (ਸੰਘੀ ਅਪਰਾਧ) ਮੰਨਿਆ ਜਾਵੇਗਾ।

ਜੇਕਰ ਕੋਈ ਵਿਅਕਤੀ ਕਿਸੇ ਸ਼ਰਧਾਲੂ ਦੇ 8 ਫੁੱਟ ਦੇ ਘੇਰੇ ਵਿੱਚ ਜਾ ਕੇ ਉਸ ਨੂੰ ਜਾਣਬੁੱਝ ਕੇ ਪਰੇਸ਼ਾਨ ਕਰਦਾ ਹੈ, ਤਾਂ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

### ਕਿਉਂ ਪਈ ਇਸ ਕਾਨੂੰਨ ਦੀ ਲੋੜ?

ਪਿਛਲੇ ਕੁਝ ਸਮੇਂ ਤੋਂ ਅਮਰੀਕਾ ਅਤੇ ਕੈਨੇਡਾ ਵਰਗੇ ਮੁਲਕਾਂ ਵਿੱਚ ਧਾਰਮਿਕ ਸਥਾਨਾਂ ਦੇ ਬਾਹਰ ਹਿੰਸਕ ਪ੍ਰਦਰਸ਼ਨਾਂ ਅਤੇ ਸ਼ਰਧਾਲੂਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਸੰਸਦ ਮੈਂਬਰ ਟਾਮ ਸੁਓਜ਼ੀ ਨੇ ਕਿਹਾ ਕਿ, "ਕਿਸੇ ਵੀ ਵਿਅਕਤੀ ਨੂੰ ਆਪਣੇ ਪੂਜਾ ਸਥਾਨ 'ਤੇ ਜਾਂਦੇ ਹੋਏ ਡਰ ਮਹਿਸੂਸ ਨਹੀਂ ਹੋਣਾ ਚਾਹੀਦਾ। ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਨ੍ਹਾਂ ਨੂੰ ਸੁਰੱਖਿਅਤ ਮਾਹੌਲ ਦੇਈਏ।"

ਇਸ ਇਤਿਹਾਸਕ ਬਿੱਲ ਦਾ ਹਿੰਦੂ ਅਮਰੀਕਨ ਫਾਊਂਡੇਸ਼ਨ ਅਤੇ ਯੂਨਾਈਟਿਡ ਸਿੱਖਸ ਵਰਗੀਆਂ ਵੱਡੀਆਂ ਸੰਸਥਾਵਾਂ ਨੇ ਸਵਾਗਤ ਕੀਤਾ ਹੈ। ਹਿੰਦੂ ਅਮਰੀਕਨ ਫਾਊਂਡੇਸ਼ਨ ਦੇ ਡਾਇਰੈਕਟਰ ਸਮੀਰ ਕਾਲਰਾ ਨੇ ਕਿਹਾ ਕਿ ਇਹ ਕਦਮ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰਾਖੀ ਲਈ ਮੀਲ ਦਾ ਪੱਥਰ ਸਾਬਤ ਹੋਵੇਗਾ।

# ਕੁਸ਼ਤੀ ਦੇ ਮੈਦਾਨ 'ਚ ਮੁੜ 'ਜੰਗ' : ਵਿਨੇਸ਼ ਫੋਗਾਟ ਦਾ ਵੱਡਾ ਖੁਲਾਸਾ, ਬ੍ਰਿਜ ਭੂਸ਼ਣ ਖਿਲਾਫ ਖੋਲ੍ਹਿਆ ਮੋਰਚਾ

## ✪ ਕਿਹਾ ਕਿ ਉਸ ਦਾ ਵੀ ਸ਼ੋਸ਼ਣ ਕੀਤਾ ਗਿਆ




ਨਵੀਂ ਦਿੱਲੀ-ਭਾਰਤੀ ਕੁਸ਼ਤੀ ਜਗਤ ਵਿੱਚ ਇੱਕ ਵਾਰ ਫਿਰ ਭੂਚਾਲ ਆ ਗਿਆ ਹੈ। ਉਲੰਪਿਕ ਖਿਡਾਰਨ ਅਤੇ ਹੁਣ ਕਾਂਗਰਸੀ ਵਿਧਾਇਕ ਵਿਨੇਸ਼ ਫੋਗਾਟ ਨੇ ਇੱਕ ਵੀਡੀਓ ਸੰਦੇਸ਼ ਰਾਹੀਂ ਸਨਸਨੀਖੇਜ਼ ਖੁਲਾਸਾ ਕਰਦਿਆਂ ਦੱਸਿਆ ਹੈ ਕਿ ਉਹ ਖੁਦ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਵੱਲੋਂ ਕੀਤੇ ਗਏ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਸੀ।

ਲਗਭਗ 20 ਮਹੀਨਿਆਂ ਦੇ ਲੰਬੇ ਵਕਫੇ ਤੋਂ ਬਾਅਦ ਮੈਟ (ਕੁਸ਼ਤੀ) 'ਤੇ ਵਾਪਸੀ ਕਰ ਰਹੀ ਵਿਨੇਸ਼ ਨੇ ਕਿਹਾ ਕਿ ਉਸ ਨੂੰ ਇਹ ਸੱਚਾਈ ਜਨਤਕ ਕਰਨ ਲਈ ਮਜਬੂਰ ਹੋਣਾ ਪਿਆ ਹੈ। ਉਸ ਦਾ ਦੋਸ਼ ਹੈ ਕਿ ਫੈਡਰੇਸ਼ਨ ਨੇ ਜਾਣਬੁੱਝ ਕੇ ਨੈਸ਼ਨਲ ਓਪਨ ਰੈਂਕਿੰਗ ਟੂਰਨਾਮੈਂਟ ਬ੍ਰਿਜ ਭੂਸ਼ਣ ਦੇ ਗੜ੍ਹ ਗੋਂਡਾ (ਯੂ.ਪੀ.) ਵਿੱਚ ਰੱਖਿਆ ਹੈ।

ਵਿਨੇਸ਼ ਫੋਗਾਟ ਦੀਆਂ ਮੁੱਖ ਚਿੰਤਾਵਾਂ-ਵਿਨੇਸ਼ ਨੇ ਕਿਹਾ ਕਿ ਬ੍ਰਿਜ ਭੂਸ਼ਣ ਦੇ ਇਲਾਕੇ ਵਿੱਚ ਮੁਕਾਬਲਾ ਕਰਨਾ ਉਸ ਲਈ ਮਾਨਸਿਕ ਤੌਰ 'ਤੇ ਬਹੁਤ ਦਬਾਅ ਵਾਲਾ ਹੈ। ਉਸ ਨੇ ਚੇਤਾਵਨੀ ਦਿੱਤੀ, "ਜੇਕਰ ਉੱਥੇ ਮੈਨੂੰ ਕੁਝ ਹੁੰਦਾ ਹੈ, ਤਾਂ ਇਸ ਦੀ ਸਿੱਧੀ ਜ਼ਿੰਮੇਵਾਰ ਸਰਕਾਰ ਹੋਵੇਗੀ।" ਉਸ ਦਾ ਦਾਅਵਾ ਹੈ ਕਿ ਟੂਰਨਾਮੈਂਟ ਵਿੱਚ ਰੈਫਰੀ, ਪੁਆਇੰਟ ਸਿਸਟਮ ਅਤੇ ਨਤੀਜੇ ਸਭ ਬ੍ਰਿਜ ਭੂਸ਼ਣ ਦੇ ਕੰਟਰੋਲ ਵਿੱਚ ਹੋਣਗੇ।

ਫੋਗਾਟ ਨੇ ਦੋਸ਼ ਲਾਇਆ ਕਿ ਸਰਕਾਰ ਨੇ ਬ੍ਰਿਜ ਭੂਸ਼ਣ ਨੂੰ "ਖੁੱਲ੍ਹੀ ਛੁੱਟੀ" ਦਿੱਤੀ ਹੋਈ ਹੈ ਅਤੇ ਉਹ ਖਿਡਾਰੀਆਂ ਦੀ ਮਦਦ ਕਰਨ ਦੀ ਬਜਾਏ ਦੋਸ਼ੀ ਦੇ ਨਾਲ ਖੜ੍ਹੀ ਨਜ਼ਰ ਆ ਰਹੀ ਹੈ।

ਦੂਜੇ ਪਾਸੇ, ਕੁਸ਼ਤੀ ਫੈਡਰੇਸ਼ਨ ਦੇ ਮੌਜੂਦਾ ਪ੍ਰਧਾਨ ਸੰਜੇ ਸਿੰਘ ਨੇ ਵਿਨੇਸ਼ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਸੰਜੇ ਸਿੰਘ ਨੇ ਕਿਹਾ ਕਿ ਉਹ ਵਿਨੇਸ਼ ਦੀ ਸੁਰੱਖਿਆ ਦੀ ਨਿੱਜੀ ਤੌਰ 'ਤੇ ਗਰੰਟੀ ਦਿੰਦੇ ਹਨ। ਉਨ੍ਹਾਂ ਕਿਹਾ ਕਿ ਵਿਨੇਸ਼ ਹੁਣ ਇੱਕ ਵਿਧਾਇਕ ਹੈ ਅਤੇ ਉਹ ਇਸ ਖੇਡ ਮੁੱਦੇ ਦਾ ਰਾਜਨੀਤੀਕਰਨ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ 1200 ਖਿਡਾਰੀਆਂ (ਜਿਨ੍ਹਾਂ ਵਿੱਚੋਂ 800 ਹਰਿਆਣਾ ਦੇ ਹਨ) ਵਿੱਚੋਂ ਕਿਸੇ ਨੂੰ ਵੀ ਗੋਂਡਾ ਵਿੱਚ ਖੇਡਣ 'ਤੇ ਇਤਰਾਜ਼ ਨਹੀਂ ਹੈ। ਰੈਫਰੀਆਂ ਦੀ ਚੋਣ ਪੈਨਲ ਰਾਹੀਂ ਕੀਤੀ ਗਈ ਹੈ ਅਤੇ ਇਸ ਵਿੱਚ ਬ੍ਰਿਜ ਭੂਸ਼ਣ ਦਾ ਕੋਈ ਦਖਲ ਨਹੀਂ ਹੈ।

ਅਗਲਾ ਪੜਾਅ: ਏਸ਼ੀਆਈ ਖੇਡਾਂ ਦੀ ਰਾਹ-ਇਹ ਟੂਰਨਾਮੈਂਟ 10 ਤੋਂ 12 ਮਈ ਤੱਕ ਨੰਦੀਨੀਨਗਰ ਮਹਾਂਵਿਦਿਆਲਿਆ ਵਿੱਚ ਹੋਣਾ ਹੈ। ਇਹ ਭਲਵਾਨਾਂ ਲਈ ਏਸ਼ੀਆਈ ਖੇਡਾਂ ਦੇ ਟਰਾਇਲਾਂ ਲਈ ਕੁਆਲੀਫਾਈ ਕਰਨ ਦਾ ਆਖਰੀ ਮੌਕਾ ਹੈ। ਯਾਦ ਰਹੇ ਕਿ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਦਿੱਲੀ ਪੁਲਿਸ ਦੀ ਚਾਰਜਸ਼ੀਟ ਵਿੱਚ ਛੇੜਛਾੜ ਅਤੇ ਜਿਨਸੀ ਸ਼ੋਸ਼ਣ ਦੇ ਦੋਸ਼ ਤੈਅ ਕੀਤੇ ਗਏ ਹਨ। ਵਿਨੇਸ਼ ਫੋਗਾਟ, ਬਜਰੰਗ ਪੂਨੀਆ ਅਤੇ ਸਾਕਸ਼ੀ ਮਲਿਕ ਨੇ 2023 ਵਿੱਚ ਇਸ ਦੇ ਖਿਲਾਫ ਜੰਤਰ-ਮੰਤਰ 'ਤੇ ਲੰਬਾ ਸੰਘਰਸ਼ ਕੀਤਾ ਸੀ। ਹੁਣ ਦੇਖਣਾ ਇਹ ਹੋਵੇਗਾ ਕਿ ਅਦਾਲਤੀ ਕਾਰਵਾਈ ਅਤੇ ਖਿਡਾਰੀਆਂ ਦੇ ਵਿਰੋਧ ਦੇ ਵਿਚਕਾਰ ਇਹ ਟੂਰਨਾਮੈਂਟ ਕਿੰਨਾ ਨਿਰਪੱਖ ਸਾਬਤ ਹੁੰਦਾ ਹੈ।

# ਦੀਨਾਨਗਰ : ਭੂ-ਮਾਫ਼ੀਆ ਦੀ ਭੇਟ ਚੜ੍ਹ ਰਹੀਆਂ ਸਿੱਖ ਰਾਜ ਦੀਆਂ ਇਤਿਹਾਸਕ ਨਿਸ਼ਾਨੀਆਂ; 'ਸ਼ਾਹੀ ਬਾਰਾਂਦਰੀ' ਦੀ ਹੋਂਦ ਨੂੰ ਖ਼ਤਰਾ



ਦੀਨਾਨਗਰ (ਗੁਰਦਾਸਪੁਰ)-ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੌਰਾਨ ਦੀਨਾਨਗਰ ਸ਼ਹਿਰ ਦੀ ਸ਼ਾਨ ਰਹੀਆਂ ਇਤਿਹਾਸਕ ਇਮਾਰਤਾਂ ਅੱਜ ਸਰਕਾਰਾਂ ਦੀ ਬੇਰੁਖ਼ੀ ਅਤੇ ਭੂ-ਮਾਫ਼ੀਆ ਦੀਆਂ ਗੰਦੀਆਂ ਨਜ਼ਰਾਂ ਕਾਰਨ ਦਮ ਤੋੜ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਨੂੰ 'ਇਤਿਹਾਸਕ ਵਿਰਾਸਤ' ਐਲਾਨੇ ਜਾਣ ਦੇ ਬਾਵਜੂਦ, ਸਾਂਭ-ਸੰਭਾਲ ਲਈ ਫੰਡ ਨਾ ਮਿਲਣ ਕਾਰਨ ਇਹ ਅਨਮੋਲ ਧਰੋਹਰਾਂ ਖੰਡਰਾਂ ਵਿੱਚ ਤਬਦੀਲ ਹੋ ਰਹੀਆਂ ਹਨ।

ਸਭ ਤੋਂ ਚਿੰਤਾਜਨਕ ਸਥਿਤੀ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਬਾਰਾਂਦਰੀ ਦੀ ਹੈ। ਇਸ ਇਤਿਹਾਸਕ ਇਮਾਰਤ ਨਾਲ ਜੁੜੀ 46 ਕਨਾਲ 15 ਮਰਲੇ ਬੇਸ਼ਕੀਮਤੀ ਜ਼ਮੀਨ ਹੁਣ ਇਸ ਦੀ ਦੁਸ਼ਮਣ ਬਣ ਗਈ ਹੈ।

ਭੂ-ਮਾਫ਼ੀਆ ਇਸ ਜ਼ਮੀਨ ਨੂੰ ਹਥਿਆਉਣ ਲਈ ਇਤਿਹਾਸਕ ਇਮਾਰਤ ਦਾ ਵਜੂਦ ਮਿਟਾਉਣ 'ਤੇ ਉਤਾਰੂ ਹੈ। ਤਾਜ਼ਾ ਰਿਪੋਰਟਾਂ ਅਨੁਸਾਰ, ਕਬਜ਼ੇ ਦੀ ਨੀਅਤ ਨਾਲ ਇੱਥੇ ਵੱਡੇ ਪੱਧਰ 'ਤੇ ਭੰਨ-ਤੋੜ ਵੀ ਕੀਤੀ ਗਈ ਹੈ। ਸਾਲ 2010 ਵਿੱਚ ਇਸ ਨੂੰ 'ਹਿਸਟੋਰੀਕਲ ਮੋਨੂਮੈਂਟ' ਐਲਾਨਿਆ ਗਿਆ ਸੀ, ਪਰ 16 ਸਾਲ ਬੀਤ ਜਾਣ ਦੇ ਬਾਵਜੂਦ ਕਿਸੇ ਸਰਕਾਰ ਨੇ ਇਸ ਦੀ ਮੁਰੰਮਤ 'ਤੇ ਇੱਕ ਧੇਲਾ ਵੀ ਨਹੀਂ ਖ਼ਰਚਿਆ।

ਦੀਨਾਨਗਰ ਦਾ ਸ਼ਾਨਮੱਤਾ ਇਤਿਹਾਸ-ਦੀਨਾਨਗਰ ਕਦੇ ਸਿੱਖ ਮਿਸਲਾਂ (ਘਨੱਈਆ ਅਤੇ ਰਾਮਗੜ੍ਹੀਆ) ਦੀਆਂ ਗਤੀਵਿਧੀਆਂ ਦਾ ਕੇਂਦਰ ਰਿਹਾ ਸੀ। 1808 ਅਤੇ 1811 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਆਪਣੇ ਅਧੀਨ ਕਰਕੇ ਇੱਥੇ ਯੂਰਪੀਅਨ ਅਤੇ ਮੁਗ਼ਲ ਕਲਾ ਦੇ ਸੁਮੇਲ ਨਾਲ ਕਈ ਇਮਾਰਤਾਂ ਬਣਵਾਈਆਂ ਸਨ:

ਪ੍ਰਮੁੱਖ ਇਮਾਰਤਾਂ: ਸ਼ਾਹੀ ਬਾਰਾਂਦਰੀ, ਵੈਨਤਰਾ ਹਾਊਸ, ਹਮਾਮ, ਸ਼ਿਵਾਲਾ, ਅਸਤਬਲ ਅਤੇ ਫ਼ੌਜੀ ਛਾਉਣੀਆਂ।

ਖ਼ਾਸ ਵਿਸ਼ੇਸ਼ਤਾ: ਇਹ ਇਮਾਰਤਾਂ ਭੂਮੀਗਤ ਸੁਰੰਗਾਂ ਰਾਹੀਂ ਇੱਕ-ਦੂਜੇ ਨਾਲ ਜੁੜੀਆਂ ਹੋਈਆਂ ਸਨ।

ਵਿਰਾਸਤ ਨੂੰ ਬਚਾਉਣ ਲਈ ਉੱਠੀਆਂ ਆਵਾਜ਼ਾਂ-ਸਿੱਖ ਰਾਜ ਦੀਆਂ ਇਨ੍ਹਾਂ ਨਿਸ਼ਾਨੀਆਂ ਨੂੰ ਬਚਾਉਣ ਲਈ ਕਈ ਜਥੇਬੰਦੀਆਂ ਮੈਦਾਨ ਵਿੱਚ ਨਿੱਤਰੀਆਂ ਹਨ:

ਵਿਰਾਸਤੀ ਮੰਚ ਬਟਾਲਾ: ਇਹ ਸੰਸਥਾ ਅਦਾਲਤ ਵਿੱਚ ਕਾਨੂੰਨੀ ਲੜਾਈ ਲੜ ਰਹੀ ਹੈ।

ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ: ਹੋਰ ਜਥੇਬੰਦੀਆਂ ਸਮੇਤ ਇਸ ਕਮੇਟੀ ਨੇ ਸਰਕਾਰ ਤੋਂ ਤੁਰੰਤ ਦਖ਼ਲ ਦੀ ਮੰਗ ਕੀਤੀ ਹੈ।

ਹੁਣ ਵੱਡਾ ਸਵਾਲ ਇਹ ਹੈ ਕਿ ਕੀ ਪੰਜਾਬ ਸਰਕਾਰ ਇਸ ਸ਼ਾਨਦਾਰ ਵਿਰਾਸਤ ਨੂੰ ਬਚਾਉਣ ਲਈ ਕੋਈ ਉਪਰਾਲਾ ਕਰੇਗੀ ਜਾਂ ਫਿਰ ਸਿੱਖ ਇਤਿਹਾਸ ਦਾ ਇਹ ਅਨਮੋਲ ਪੰਨਾ ਭੂ-ਮਾਫ਼ੀਆ ਦੀ ਭੇਟ ਚੜ੍ਹ ਜਾਵੇਗਾ? ਇਲਾਕੇ ਦੇ ਲੋਕਾਂ ਅਤੇ ਇਤਿਹਾਸ ਪ੍ਰੇਮੀਆਂ ਵਿੱਚ ਇਸ ਮਾਮਲੇ ਨੂੰ ਲੈ ਕੇ ਭਾਰੀ ਰੋਸ ਹੈ।




# ਆਰਮੀ ਸਕੂਲਾਂ ਵਿਚ ਪੰਜਾਬੀ ਦੀ ਥਾਂ ਸੰਸਕ੍ਰਿਤ ਲਾਜ਼ਮੀ ਕਰਨ ਦਾ ਤਿੱਖਾ ਵਿਰੋਧ

## ✪ ਪੰਜਾਬ ਚੇਤਨਾ ਮੰਚ ਨੇ ਦਿੱਤੀ ਅੰਦੋਲਨ ਦੀ ਚਿਤਾਵਨੀ

ਜਲੰਧਰ-ਪੰਜਾਬ ਵਿੱਚ ਸਥਿਤ ਆਰਮੀ ਪਬਲਿਕ ਸਕੂਲਾਂ ਵੱਲੋਂ ਪੰਜਾਬੀ ਭਾਸ਼ਾ ਨੂੰ ਹਾਸ਼ੀਏ 'ਤੇ ਧੱਕ ਕੇ ਸੰਸਕ੍ਰਿਤ ਨੂੰ ਲਾਜ਼ਮੀ ਵਿਸ਼ੇ ਵਜੋਂ ਲਾਗੂ ਕਰਨ ਦੇ ਫੈਸਲੇ ਨੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਪੰਜਾਬ ਚੇਤਨਾ ਮੰਚ ਨੇ ਇਸ ਕਦਮ ਦੀ ਸਖ਼ਤ ਨਿਖੇਧੀ ਕਰਦਿਆਂ ਫੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ ਅਤੇ ਅਜਿਹਾ ਨਾ ਹੋਣ 'ਤੇ ਸੂਬਾ ਪੱਧਰੀ ਸੰਘਰਸ਼ ਸ਼ੁਰੂ ਕਰਨ ਦੀ ਚਿਤਾਵਨੀ ਦਿੱਤੀ ਹੈ।

ਮੰਚ ਦੇ ਆਗੂਆਂ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ, ਜਨਰਲ ਸਕੱਤਰ ਸਤਨਾਮ ਸਿੰਘ ਮਾਣਕ ਅਤੇ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਦੱਸਿਆ ਕਿ: 5 ਮਈ ਤੋਂ ਇਨ੍ਹਾਂ ਸਕੂਲਾਂ ਵਿੱਚ ਪੰਜਾਬੀ ਦੀ ਜਗ੍ਹਾ ਸੰਸਕ੍ਰਿਤ ਦੀ ਪੜ੍ਹਾਈ ਲਾਜ਼ਮੀ ਕਰ ਦਿੱਤੀ ਗਈ ਹੈ। ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਵੱਲੋਂ ਮਾਪਿਆਂ ਤੋਂ ਇੱਕ 'ਡੈਕਲਾਰੇਸ਼ਨ' 'ਤੇ ਦਸਤਖਤ ਕਰਵਾਏ ਜਾ ਰਹੇ ਹਨ, ਜਿਸ ਵਿੱਚ ਪੰਜਾਬੀ ਨੂੰ ਸਿਰਫ਼ ਇੱਕ 'ਐਡੀਸ਼ਨਲ' (ਵਾਧੂ) ਵਿਸ਼ੇ ਵਜੋਂ ਪੜ੍ਹਾਉਣ ਦੀ ਗੱਲ ਕਹੀ ਗਈ ਹੈ। ਨਵੀਂ ਨੀਤੀ ਮੁਤਾਬਕ ਪੰਜਾਬੀ ਨੂੰ ਚੌਥੇ ਵਿਕਲਪ ਵਜੋਂ ਰੱਖਿਆ ਗਿਆ ਹੈ। ਜੇਕਰ ਕਿਸੇ ਜਮਾਤ ਵਿੱਚ 15 ਤੋਂ ਘੱਟ ਵਿਦਿਆਰਥੀ ਪੰਜਾਬੀ ਚੁਣਦੇ ਹਨ, ਤਾਂ ਸਕੂਲ ਉੱਥੇ ਪੰਜਾਬੀ ਅਧਿਆਪਕ ਦੀ ਨਿਯੁਕਤੀ ਵੀ ਨਹੀਂ ਕਰੇਗਾ।

ਪੰਜਾਬ ਚੇਤਨਾ ਮੰਚ ਨੇ ਇਸ ਫੈਸਲੇ ਨੂੰ ਕਈ ਪੱਧਰਾਂ 'ਤੇ ਗ਼ਲਤ ਕਰਾਰ ਦਿੱਤਾ ਹੈ।

ਇਹ ਫੈਸਲਾ ਪੰਜਾਬ ਦੇ ਭਾਸ਼ਾ ਕਾਨੂੰਨ-2008: ਕਾਨੂੰਨ ਦੀ ਸਿੱਧੀ ਉਲੰਘਣਾ ਹੈ। ਮੰਚ ਅਨੁਸਾਰ, ਇਹ ਨੈਸ਼ਨਲ ਐਜੂਕੇਸ਼ਨ ਪਾਲਿਸੀ ਤੇ ਨੈਸ਼ਨਲ ਕਰਿਕੁਲਮ ਫ੍ਰੇਮਵਰਕ ਦੀਆਂ ਭਾਵਨਾਵਾਂ ਦੇ ਉਲਟ ਹੈ, ਜੋ ਮਾਤ-ਭਾਸ਼ਾ ਨੂੰ ਉਤਸ਼ਾਹਿਤ ਕਰਨ ਦੀ ਵਕਾਲਤ ਕਰਦੇ ਹਨ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਬੱਚਿਆਂ ਨੂੰ ਉਨ੍ਹਾਂ ਦੀ ਆਪਣੀ ਮਾਤ-ਭਾਸ਼ਾ ਤੋਂ ਵਾਂਝਾ ਕਰਨਾ ਇੱਕ ਗੰਭੀਰ ਭਾਸ਼ਾਈ ਵਿਤਕਰਾ ਹੈ।

ਪੰਜਾਬ ਚੇਤਨਾ ਮੰਚ ਨੇ ਸਪੱਸ਼ਟ ਕੀਤਾ ਹੈ ਕਿ ਉਹ ਇਸ "ਧੱਕੇਸ਼ਾਹੀ" ਨੂੰ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਜੇਕਰ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਨੇ ਇਹ ਫੈਸਲਾ ਤੁਰੰਤ ਵਾਪਸ ਨਾ ਲਿਆ, ਤਾਂ ਪੂਰੇ ਪੰਜਾਬ ਵਿੱਚ ਲਾਮਬੰਦੀ ਕਰਕੇ ਇੱਕ ਵਿਆਪਕ ਜਨ-ਅੰਦੋਲਨ ਵਿੱਢਿਆ ਜਾਵੇਗਾ।

# ਵਰਲਡ ਮਾਈਗ੍ਰੇਸ਼ਨ ਰਿਪੋਰਟ 2026: ਵਿਦੇਸ਼ਾਂ ਤੋਂ ਪੈਸਾ ਭੇਜਣ ਦੇ ਮਾਮਲੇ ਵਿਚ ਭਾਰਤ ਮੁੜ ਦੁਨੀਆ ਵਿਚ ਚੋਟੀ ’ਤੇ

ਸੰਯੁਕਤ ਰਾਸ਼ਟਰ-ਪਰਵਾਸ ਬਾਰੇ ਸੰਯੁਕਤ ਰਾਸ਼ਟਰ ਦੀ ਏਜੰਸੀ ‘ਪਰਵਾਸ ਸਬੰਧੀ ਕੌਮਾਂਤਰੀ ਸੰਗਠਨ’ ਵੱਲੋਂ ਜਾਰੀ ਕੀਤੀ ਗਈ ‘ਵਰਲਡ ਮਾਈਗ੍ਰੇਸ਼ਨ ਰਿਪੋਰਟ 2026’ ਵਿੱਚ ਭਾਰਤ ਨੇ ਇੱਕ ਵਾਰ ਫਿਰ ਵਿਸ਼ਵ ਪੱਧਰ ’ਤੇ ਆਪਣੀ ਸਰਦਾਰੀ ਕਾਇਮ ਕੀਤੀ ਹੈ। ਰਿਪੋਰਟ ਮੁਤਾਬਕ ਸਾਲ 2024 ਵਿੱਚ ਪਰਵਾਸੀਆਂ ਵੱਲੋਂ ਆਪਣੇ ਮੁਲਕ ਪੈਸੇ ਭੇਜਣ ਦੇ ਮਾਮਲੇ ਵਿੱਚ ਭਾਰਤ ਦੁਨੀਆ ਦਾ ਨੰਬਰ ਇੱਕ ਦੇਸ਼ ਬਣਿਆ ਹੋਇਆ ਹੈ।

ਭਾਰਤ ਦੁਨੀਆ ਦਾ ਇਕਲੌਤਾ ਅਜਿਹਾ ਦੇਸ਼ ਹੈ ਜਿਸ ਨੇ ਪੈਸਾ ਪ੍ਰਾਪਤ ਕਰਨ ਦੇ ਮਾਮਲੇ ਵਿੱਚ 100 ਅਰਬ ਡਾਲਰ ਦੀ ਵੱਡੀ ਸੀਮਾ ਨੂੰ ਪਾਰ ਕੀਤਾ ਹੈ। ਸਾਲ 2024 ਵਿੱਚ ਭਾਰਤ ਨੂੰ ਪਰਵਾਸੀਆਂ ਵੱਲੋਂ 137 ਅਰਬ ਡਾਲਰ ਤੋਂ ਵੱਧ ਦੀ ਰਕਮ ਪ੍ਰਾਪਤ ਹੋਈ। ਸਾਲ 2010 ਵਿੱਚ ਭਾਰਤ ਨੂੰ 53.48 ਅਰਬ ਡਾਲਰ ਮਿਲੇ ਸਨ, ਜੋ ਹੁਣ ਵਧ ਕੇ ਦੁੱਗਣੇ ਤੋਂ ਵੀ ਜ਼ਿਆਦਾ ਹੋ ਗਏ ਹਨ। ਦੱਖਣੀ ਏਸ਼ੀਆ ਖੇਤਰ ਵਿੱਚ ਪੈਸੇ ਭੇਜਣ ਦੀ ਦਰ ਵਿੱਚ 11.8 ਪ੍ਰਤੀਸ਼ਤ ਦਾ ਤੇਜ਼ ਵਾਧਾ ਦਰਜ ਕੀਤਾ ਗਿਆ ਹੈ।

### ਸਭ ਤੋਂ ਵੱਧ ਰਕਮ ਪ੍ਰਾਪਤ ਕਰਨ ਵਾਲੇ ਦੇਸ਼

ਰਿਪੋਰਟ ਅਨੁਸਾਰ 2024 ਵਿੱਚ ਸਭ ਤੋਂ ਵੱਧ ਰਕਮ ਹਾਸਲ ਕਰਨ ਵਾਲੇ ਚਾਰ ਮੁਲਕ ਇਹ ਹਨ: ਭਾਰਤ, ਮੈਕਸਿਕੋ, ਫਿਲੀਪੀਨਜ਼, ਫਰਾਂਸ

### ਪੈਸਾ ਭੇਜਣ ਵਾਲੇ ਪ੍ਰਮੁੱਖ ਸਰੋਤ

ਉੱਚ ਆਮਦਨੀ ਵਾਲੇ ਮੁਲਕ ਹਮੇਸ਼ਾ ਪੈਸਾ ਭੇਜਣ ਦਾ ਮੁੱਖ ਸਰੋਤ ਰਹੇ ਹਨ, ਜਿਨ੍ਹਾਂ ਵਿੱਚ ਅਮਰੀਕਾ ਸਭ ਤੋਂ ਉੱਪਰ ਹੈ: ਅਮਰੀਕਾ: 100 ਅਰਬ ਡਾਲਰ ਤੋਂ ਵੱਧ। ਸਾਊਦੀ ਅਰਬ: 46 ਅਰਬ ਡਾਲਰ। ਸਵਿਟਜ਼ਰਲੈਂਡ: 40 ਅਰਬ ਡਾਲਰ। ਜਰਮਨੀ: 24 ਅਰਬ ਡਾਲਰ।

ਰਿਪੋਰਟ ਵਿੱਚ ਇਹ ਵੀ ਖੁਲਾਸਾ ਹੋਇਆ ਹੈ ਕਿ ਭਾਰਤੀਆਂ ਲਈ ਦੋ ਪ੍ਰਮੁੱਖ ਦੇਸ਼ ਸਭ ਤੋਂ ਵੱਡੀ ਪਸੰਦ ਰਹੇ ਹਨ। ਦੁਨੀਆ ਦੇ ਚੋਟੀ ਦੇ 10 ਕੌਮਾਂਤਰੀ ਪਰਵਾਸ ਲਾਂਘਿਆਂ ਵਿੱਚ ਭਾਰਤ ਦੇ ਦੋ ਰੂਟ ਸ਼ਾਮਲ ਹਨ:

ਭਾਰਤ ਤੋਂ ਯੂ.ਏ.ਈ. : ਇਹ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਲਾਂਘਾ ਹੈ, ਜਿੱਥੇ ਜ਼ਿਆਦਾਤਰ ਕਾਮੇ ਜਾਂਦੇ ਹਨ।

ਭਾਰਤ ਤੋਂ ਅਮਰੀਕਾ : ਇੱਥੇ ਵੀ ਭਾਰਤੀਆਂ ਦੀ ਵੱਡੀ ਗਿਣਤੀ ਪਰਵਾਸ ਕਰ ਰਹੀ ਹੈ।

### ਆਲਮੀ ਪੱਧਰ ’ਤੇ ਪਰਵਾਸ ਦੀ ਸਥਿਤੀ

ਆਈਓਐਮ ਮੁਤਾਬਕ 2024 ਦੇ ਅੱਧ ਤੱਕ ਪੂਰੀ ਦੁਨੀਆ ਵਿੱਚ ਕਰੀਬ 30.4 ਕਰੋੜ ਲੋਕ ਆਪਣੇ ਜਨਮ ਵਾਲੇ ਦੇਸ਼ ਨੂੰ ਛੱਡ ਕੇ ਕਿਸੇ ਹੋਰ ਦੇਸ਼ ਵਿੱਚ ਰਹਿ ਰਹੇ ਹਨ। ਦੁਨੀਆ ਦਾ ਸਭ ਤੋਂ ਵੱਡਾ ਪਰਵਾਸ ਲਾਂਘਾ ਅਜੇ ਵੀ ਮੈਕਸਿਕੋ-ਅਮਰੀਕਾ ਹੈ। ਇਸ ਤੋਂ ਬਾਅਦ ਅਫ਼ਗਾਨਿਸਤਾਨ-ਇਰਾਨ ਅਤੇ ਸੀਰੀਆ-ਤੁਰਕੀ ਦੇ ਲਾਂਘੇ ਆਉਂਦੇ ਹਨ।

# ਅੰਮ੍ਰਿਤਸਰ ਵਿਖੇ ਜਲੰਧਰ ਤੋਂ ਬਾਅਦ ਹੁਣ ਖ਼ਾਸਾ ਫੌਜੀ ਛਾਉਣੀ ਨੇੜੇ ਧਮਾਕਾ, ਸਰਹੱਦੀ ਖੇਤਰ ਵਿਚ ਹਾਈ ਅਲਰਟ



ਅੰਮ੍ਰਿਤਸਰ-ਪੰਜਾਬ ਵਿੱਚ ਸੁਰੱਖਿਆ ਏਜੰਸੀਆਂ ਉਸ ਸਮੇਂ ਚੌਕਸ ਹੋ ਗਈਆਂ ਜਦੋਂ ਜਲੰਧਰ ਤੋਂ ਬਾਅਦ ਹੁਣ ਅੰਮ੍ਰਿਤਸਰ ਵਿੱਚ ਫੌਜੀ ਛਾਉਣੀ ਨੇੜੇ ਇੱਕ ਧਮਾਕੇ ਦੀ ਖ਼ਬਰ ਸਾਹਮਣੇ ਆਈ। ਇਹ ਧਮਾਕਾ ਖ਼ਾਸਾ ਰੋਡ ’ਤੇ ਫੌਜੀ ਛਾਉਣੀ ਦੀ ਬਾਹਰੀ ਸੁਰੱਖਿਆ ਕੰਧ ਦੇ ਨੇੜੇ ਹੋਇਆ, ਜਿਸ ਨਾਲ ਇਲਾਕੇ ਵਿੱਚ ਸਨਸਨੀ ਫੈਲ ਗਈ ਹੈ। ਬੀਤੇ ਮੰਗਲਵਾਰ ਰਾਤ ਦੌਰਾਨ ਖ਼ਾਸਾ ਰੋਡ ’ਤੇ ਇੱਕ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣਾਈ ਦਿੱਤੀ। ਧਮਾਕਾ ਇੰਨਾ ਤਾਕਤਵਰ ਸੀ ਕਿ ਫੌਜੀ ਛਾਉਣੀ ਦੀ ਕੰਧ ’ਤੇ ਲੱਗੀ ਟਿਨ ਦੀ ਚਾਦਰ ਨੁਕਸਾਨੀ ਗਈ ਅਤੇ ਹੇਠਾਂ ਡਿੱਗ ਪਈ। ਹਾਲਾਂਕਿ, ਰਾਹਤ ਦੀ ਗੱਲ ਇਹ ਰਹੀ ਕਿ ਇਸ ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਅੰਮ੍ਰਿਤਸਰ ਦਿਹਾਤੀ ਦੇ ਐੱਸਐੱਸਪੀ ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ ਸੂਚਨਾ ਮਿਲਦੇ ਹੀ ਪੁਲਿਸ ਦੀਆਂ ਟੀਮਾਂ ਮੌਕੇ ’ਤੇ ਪਹੁੰਚ ਗਈਆਂ ਸਨ। ਫੌਜ, ਬੀਐੱਸਐੱਫ ਅਤੇ ਪੰਜਾਬ ਪੁਲਿਸ ਵੱਲੋਂ ਇਲਾਕੇ ਵਿੱਚ ਸਾਂਝੀ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਕੁਝ ਘੰਟੇ ਪਹਿਲਾਂ ਜਲੰਧਰ ਵਿੱਚ ਬੀਐੱਸਐੱਫ ਚੌਕ ਵਿੱਚ ਉਸ ਸਮੇਂ ਹੜਕੰਪ ਮਚ ਗਿਆ ਜਦੋਂ ਇੱਕ ਚਲਦੀ ਗੱਡੀ ਨੂੰ ਅਚਾਨਕ ਭਿਆਨਕ ਅੱਗ ਲੱਗ ਗਈ। ਅੱਗ ਇੰਨੀ ਤੇਜ਼ ਸੀ ਕਿ ਗੱਡੀ ਵਿੱਚ ਇੱਕ ਜ਼ੋਰਦਾਰ ਧਮਾਕਾ ਵੀ ਹੋਇਆ, ਜਿਸ ਕਾਰਨ ਆਸ-ਪਾਸ ਮੌਜੂਦ ਲੋਕਾਂ ਵਿੱਚ ਦਹਿਸ਼ਤ ਫੈਲ ਗਈ। ਇਸ ਘਟਨਾ ਦੌਰਾਨ ਗੱਡੀ ਵਿੱਚ ਸਵਾਰ ਲੋਕ ਅਤੇ ਰਾਹਗੀਰ ਵਾਲ-ਵਾਲ ਬਚ ਗਏ। ਹਾਲਾਂਕਿ, ਧਮਾਕੇ ਅਤੇ ਅੱਗ ਦੀ ਲਪੇਟ ਵਿੱਚ ਆਉਣ ਕਾਰਨ ਗੱਡੀ ਦੇ ਕੋਲੋਂ ਲੰਘ ਰਹੇ ਕੁਝ ਲੋਕ ਮਾਮੂਲੀ ਰੂਪ ਵਿੱਚ ਜ਼ਖ਼ਮੀ ਹੋ ਗਏ ਹਨ। ਜ਼ਖ਼ਮੀਆਂ ਨੂੰ ਤੁਰੰਤ ਮੁੱਢਲੇ ਇਲਾਜ ਲਈ ਨੇੜਲੇ ਹਸਪਤਾਲ ਭੇਜਿਆ ਗਿਆ। ਬੈਕ-ਟੂ-ਬੈਕ ਹੋਈਆਂ ਇਨ੍ਹਾਂ ਘਟਨਾਵਾਂ ਨੇ ਸੁਰੱਖਿਆ ਪ੍ਰਬੰਧਾਂ ’ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

# ਨਿਊਜ਼ੀਲੈਂਡ ਜਾਣ ਦੇ ਚਾਹਵਾਨ ਪੰਜਾਬੀਆਂ ਨੂੰ ਵੱਡਾ ਝਟਕਾ

## ਇਮੀਗ੍ਰੇਸ਼ਨ ਨਿਯਮ ਹੋਏ ਸਖ਼ਤ; ਵੀਜ਼ਾ ਫੀਸਾਂ ਅਤੇ ਫੰਡਾਂ ਦੀਆਂ ਸ਼ਰਤਾਂ ’ਚ ਵਾਧਾ

ਆਕਲੈਂਡ/ਜਲੰਧਰ-ਵਿਦੇਸ਼ ਜਾਣ ਦੇ ਚਾਹਵਾਨ ਪੰਜਾਬੀ ਨੌਜਵਾਨਾਂ ਲਈ ਨਿਊਜ਼ੀਲੈਂਡ ਤੋਂ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਨਿਊਜ਼ੀਲੈਂਡ ਸਰਕਾਰ ਨੇ ਆਪਣੀ ਇਮੀਗ੍ਰੇਸ਼ਨ ਨੀਤੀ ਵਿੱਚ ਵੱਡੇ ਬਦਲਾਅ ਕਰਦਿਆਂ ਨਿਯਮਾਂ ਨੂੰ ਪਹਿਲਾਂ ਨਾਲੋਂ ਕਿਤੇ ਵੱਧ ਸਖ਼ਤ ਕਰ ਦਿੱਤਾ ਹੈ। ਇਨ੍ਹਾਂ ਨਵੇਂ ਨਿਯਮਾਂ ਦਾ ਸਭ ਤੋਂ ਵੱਡਾ ਪ੍ਰਭਾਵ ਭਾਰਤੀਆਂ, ਖ਼ਾਸ ਕਰਕੇ ਪੰਜਾਬ ਦੇ ਵਿਦਿਆਰਥੀਆਂ ਅਤੇ ਕਾਮਿਆਂ ’ਤੇ ਪੈਣ ਦੀ ਸੰਭਾਵਨਾ ਹੈ।

ਨਵੇਂ ਇਮੀਗ੍ਰੇਸ਼ਨ ਨਿਯਮਾਂ ਦੇ ਮੁੱਖ ਨੁਕਤੇ-ਬਿਨੈਕਾਰਾਂ ਨੂੰ ਹੁਣ ਆਪਣੇ ਬੈਂਕ ਖਾਤਿਆਂ ਵਿੱਚ ਘੱਟੋ-ਘੱਟ 11.20 ਲੱਖ ਰੁਪਏ ਦੇ ਫੰਡ ਦਿਖਾਉਣੇ ਲਾਜ਼ਮੀ ਹੋਣਗੇ। ਇਸ ਦੇ ਨਾਲ ਹੀ ਵੀਜ਼ਾ ਫੀਸਾਂ ਵਿੱਚ ਵੀ ਵਾਧਾ ਕਰ ਦਿੱਤਾ ਗਿਆ ਹੈ। ਹੁਣ ਸਿਰਫ਼ ਪੜ੍ਹਾਈ ਲਈ ਹੀ ਨਹੀਂ, ਸਗੋਂ ਸਫਾਈ ਸੇਵਕਾਂ, ਫੈਕਟਰੀ ਕਾਮਿਆਂ ਅਤੇ ਡਰਾਈਵਰਾਂ ਵਰਗੀਆਂ ਨੌਕਰੀਆਂ ਲਈ ਵੀ ਅੰਗਰੇਜ਼ੀ ਮੁਹਾਰਤ ਟੈਸਟ (ਆਈਲਟਸ/ ਪੀਟੀਈ) ਪਾਸ ਕਰਨਾ ਲਾਜ਼ਮੀ ਹੋਵੇਗਾ। ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਹੁਣ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸਿਰਫ਼ ਇੱਕ ਵਾਰ ਹੀ ਵਰਕ ਪਰਮਿਟ ਦਿੱਤਾ ਜਾਵੇਗਾ। ਅਧਿਕਾਰੀਆਂ ਨੇ ਹਵਾਈ ਅੱਡਿਆਂ ਜਾਂ ਦਾਖਲੇ ਸਮੇਂ ਅਚਾਨਕ ਇੰਟਰਵਿਊ ਲੈਣੀ ਸ਼ੁਰੂ ਕਰ ਦਿੱਤੀ ਹੈ। ਜੇਕਰ ਕੋਈ ਬਿਨੈਕਾਰ ਇੰਟਰਵਿਊ ਪਾਸ ਨਹੀਂ ਕਰ ਪਾਉਂਦਾ, ਤਾਂ ਉਸ ਨੂੰ ਤੁਰੰਤ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ।

ਪੰਜਾਬੀ ਵਿਦਿਆਰਥੀਆਂ ’ਤੇ ਅਸਰ-ਰਿਪੋਰਟਾਂ ਅਨੁਸਾਰ, ਹਾਲ ਹੀ ਵਿੱਚ ਨਿਊਜ਼ੀਲੈਂਡ ਸਰਕਾਰ ਵੱਲੋਂ ਲਗਭਗ 42 ਫ਼ੀਸਦ ਵਿਦਿਆਰਥੀ ਵੀਜ਼ੇ ਰੱਦ ਕਰ ਦਿੱਤੇ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਪਿਛਲੇ ਇੱਕ ਹਫ਼ਤੇ ਦੌਰਾਨ ਪੰਜਾਬ ਦੇ ਘੱਟੋ-ਘੱਟ 2 ਵਿਅਕਤੀਆਂ ਨੂੰ ਇਨ੍ਹਾਂ ਨਵੇਂ ਨਿਯਮਾਂ ਕਾਰਨ ਦੇਸ਼ ਵਿੱਚ ਦਾਖਲ ਹੋਣ ਵੇਲੇ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਜ਼ਿਕਰਯੋਗ ਹੈ ਕਿ ਹਰ ਸਾਲ ਪੰਜਾਬ ਤੋਂ ਤਕਰੀਬਨ 10,000 ਵਿਦਿਆਰਥੀ ਸਟੱਡੀ ਵੀਜ਼ਾ ’ਤੇ ਨਿਊਜ਼ੀਲੈਂਡ ਜਾਂਦੇ ਹਨ। ਨਵੇਂ ਨਿਯਮਾਂ ਨੇ ਨਾ ਸਿਰਫ਼ ਇਨ੍ਹਾਂ ਵਿਦਿਆਰਥੀਆਂ, ਸਗੋਂ ਉਨ੍ਹਾਂ ਦੇ ਪਰਿਵਾਰਾਂ ਦੀਆਂ ਚਿੰਤਾਵਾਂ ਵੀ ਵਧਾ ਦਿੱਤੀਆਂ ਹਨ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਹੁਣ ਬਿਨੈਕਾਰਾਂ ਨੂੰ ਆਪਣੀ ਫਾਈਲ ਲਗਾਉਣ ਵੇਲੇ ਕਾਗਜ਼ੀ ਕਾਰਵਾਈ ਅਤੇ ਅੰਗਰੇਜ਼ੀ ਭਾਸ਼ਾ ਦੀ ਤਿਆਰੀ ’ਤੇ ਖ਼ਾਸ ਧਿਆਨ ਦੇਣਾ ਪਵੇਗਾ, ਕਿਉਂਕਿ ਮਾਮੂਲੀ ਜਿਹੀ ਕੁਤਾਹੀ ਵੀ ਵੀਜ਼ਾ ਰੱਦ ਹੋਣ ਜਾਂ ਦੇਸ਼ ਨਿਕਾਲੇ ਦਾ ਕਾਰਨ ਬਣ ਸਕਦੀ ਹੈ।

# ਵਿਧਾਨ ਸਭਾ ਚੋਣਾਂ ਲਈ ਬੀਬੀ ਜਗੀਰ ਕੌਰ ਨੇ ਖੋਲ੍ਹੇ ਪੱਤੇ

## ✪ ਕਿਹਾ- ਪੰਥਕ ਮੁੱਦੇ ਹੱਲ ਹੋਣ ’ਤੇ ਭਾਜਪਾ ਨਾਲ ਗੱਠਜੋੜ ਸੰਭਵ



ਚੰਡੀਗੜ੍ਹ-ਪੰਜਾਬ ਦੀ ਸਿਆਸਤ ਵਿੱਚ ਵਿਧਾਨ ਸਭਾ ਚੋਣਾਂ ਦੀਆਂ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੇ ਆਪਣੀਆਂ ਤਿਆਰੀਆਂ ਵਿੱਢਦਿਆਂ ਜਿੱਥੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ ਹੈ, ਉੱਥੇ ਹੀ ਗੱਠਜੋੜ ਦੀਆਂ ਸੰਭਾਵਨਾਵਾਂ ਬਾਰੇ ਵੀ ਵੱਡੇ ਸੰਕੇਤ ਦਿੱਤੇ ਹਨ। ਦਲ ਦੇ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਿਆਸੀ ਗਠਜੋੜ ਬਾਰੇ ਪਾਰਟੀ ਦਾ ਪੱਖ ਸਪੱਸ਼ਟ ਕੀਤਾ। ਬੀਬੀ ਜਗੀਰ ਕੌਰ ਨੇ ਕਿਹਾ ਕਿ ਪਾਰਟੀ ਪੰਜਾਬ ਹਿਤੈਸ਼ੀਆਂ ਨੂੰ ਇੱਕ ਮੰਚ ’ਤੇ ਇਕੱਠੇ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਅਹਿਮ ਬਿਆਨ ਦਿੰਦਿਆਂ ਕਿਹਾ ਕਿ ਜੇਕਰ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਮੁੱਦੇ ਅਤੇ ਪੰਥਕ ਮੰਗਾਂ ਨੂੰ ਹੱਲ ਕਰਦੀ ਹੈ, ਤਾਂ ਉਸ ਨਾਲ ਸਮਝੌਤੇ ਬਾਰੇ ਸੋਚਿਆ ਜਾ ਸਕਦਾ ਹੈ। ਬਸਪਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨਾਲ ਵੀ ਤਾਲਮੇਲ ਵਧਾਉਣ ਲਈ ਗੱਲਬਾਤ ਚੱਲ ਰਹੀ ਹੈ। ਬੀਬੀ ਜਗੀਰ ਕੌਰ ਨੇ ਮੌਜੂਦਾ ਸਰਕਾਰ ਅਤੇ ਕੇਂਦਰੀ ਨੀਤੀਆਂ ’ਤੇ ਕਈ ਸਵਾਲ ਖੜ੍ਹੇ ਕੀਤੇ ਹਨ। ਪੰਜਾਬ ਸਰਕਾਰ ਵੱਲੋਂ ਬੇਅਦਬੀ ਰੋਕਣ ਲਈ ਬਣਾਏ ਗਏ ਨਵੇਂ ਕਾਨੂੰਨ ’ਤੇ ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੁਨਿਆਵੀ ਕਾਨੂੰਨਾਂ ਵਿੱਚ ਬੰਨ੍ਹਣਾ ਗ਼ਲਤ ਹੈ। ਉਨ੍ਹਾਂ ਧਾਰਾ 295-ਏ ਵਿੱਚ ਸੋਧ ਦੀ ਮੰਗ ਕੀਤੀ। ਉਨ੍ਹਾਂ ਅੰਮ੍ਰਿਤਪਾਲ ਸਿੰਘ ’ਤੇ ਐਨਐਸਏ ਲਗਾਉਣ ਦਾ ਵਿਰੋਧ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਕੇਸ ਪੰਜਾਬ ਵਿੱਚ ਹੀ ਚੱਲਣੇ ਚਾਹੀਦੇ ਸਨ। ਉਨ੍ਹਾਂ ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੁਰੰਤ ਕਰਵਾਈਆਂ ਜਾਣ।

ਸਿਆਸੀ ਮੁੱਦਿਆਂ ਦੇ ਨਾਲ-ਨਾਲ ਬੀਬੀ ਜਗੀਰ ਕੌਰ ਨੇ ਮਹਿਲਾ ਸਸ਼ਕਤੀਕਰਨ ਦਾ ਮੁੱਦਾ ਵੀ ਚੁੱਕਿਆ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਦੇਸ਼ ਵਿੱਚ ਮਹਿਲਾ ਰਾਖਵਾਂਕਰਨ ਬਿੱਲ ਨੂੰ ਬਿਨਾਂ ਕਿਸੇ ਦੇਰੀ ਦੇ ਫ਼ੌਰੀ ਤੌਰ ’ਤੇ ਲਾਗੂ ਕੀਤਾ ਜਾਵੇ। ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦਾ ਇਹ ਕਦਮ ਆਉਣ ਵਾਲੀਆਂ ਚੋਣਾਂ ਵਿੱਚ ਨਵੇਂ ਸਿਆਸੀ ਸਮੀਕਰਨ ਬਣਾ ਸਕਦਾ ਹੈ, ਖ਼ਾਸ ਕਰਕੇ ਪੰਥਕ ਵੋਟ ਬੈਂਕ ਅਤੇ ਭਾਜਪਾ ਦੇ ਸੰਭਾਵੀ ਗੱਠਜੋੜ ਨੂੰ ਲੈ ਕੇ।

# ਪੰਜਾਬ ਪੁਲਿਸ ਦੀ 'ਗੈਂਗਸਟਰਾਂ 'ਤੇ ਵਾਰ : ਤਰਨਤਾਰਨ ਵਿੱਚ ਪਾਕਿਸਤਾਨੀ ਡਰੋਨ-ਡਰੱਗ ਨੈਕਸਸ ਦਾ ਪਰਦਾਫਾਸ਼

## ✪ 65 ਕਰੋੜ ਦੀ ਜਾਇਦਾਦ ਜ਼ਬਤ

ਤਰਨਤਾਰਨ/ਚੰਡੀਗੜ੍ਹ-ਪੰਜਾਬ ਵਿੱਚ ਸੰਗਠਿਤ ਅਪਰਾਧ ਅਤੇ ਸਰਹੱਦ ਪਾਰੋਂ ਹੋ ਰਹੀ ਨਸ਼ਾ ਤਸਕਰੀ ਖ਼ਿਲਾਫ਼ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਪੰਜਾਬ ਪੁਲਿਸ ਦੀ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਤਹਿਤ ਤਰਨਤਾਰਨ ਪੁਲਿਸ ਨੇ ਪਾਕਿਸਤਾਨ ਦੀ ਹਮਾਇਤ ਪ੍ਰਾਪਤ 'ਡਰੋਨ-ਡਰੱਗਸ-ਗੰਨ' ਨੈਕਸਸ ਨੂੰ ਤੋੜਦਿਆਂ ਗੈਂਗਸਟਰਾਂ ਅਤੇ ਤਸਕਰਾਂ ਦੀ 65 ਕਰੋੜ ਰੁਪਏ ਦੀ ਸੰਪਤੀ ਫ੍ਰੀਜ਼ ਕਰ ਦਿੱਤੀ ਹੈ। ਤਰਨਤਾਰਨ ਦੇ ਐੱਸ.ਐੱਸ.ਪੀ. ਸੁਰਿੰਦਰ ਲਾਂਬਾ ਨੇ ਦੱਸਿਆ ਕਿ ਪੁਲਿਸ ਨੇ ਪਿਛਲੇ ਤਿੰਨ ਮਹੀਨਿਆਂ ਵਿੱਚ ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਵਿਰੁੱਧ ਸਖ਼ਤ ਰਣਨੀਤੀ ਅਪਣਾਈ ਹੈ। ਇਸ ਕਾਰਵਾਈ ਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੇ ਅਨੁਸਾਰ ਹਨ। ਪਿਛਲੇ ਇੱਕ ਸਾਲ ਵਿੱਚ 65 ਕਰੋੜ ਰੁਪਏ ਦੀ ਜਾਇਦਾਦ ਫ੍ਰੀਜ਼ ਕੀਤੀ ਗਈ ਹੈ, ਜਿਸ ਵਿੱਚੋਂ ਵੱਡਾ ਹਿੱਸਾ ਪਿਛਲੇ ਤਿੰਨ ਮਹੀਨਿਆਂ ਦੀ ਕਾਰਵਾਈ ਦੌਰਾਨ ਹੋਇਆ ਹੈ। ਪਿਛਲੇ ਤਿੰਨ ਮਹੀਨਿਆਂ ਵਿੱਚ ਐਨਡੀਪੀਐਸ ਐਕਟ ਅਧੀਨ 490 ਮਾਮਲੇ ਦਰਜ ਕੀਤੇ ਗਏ ਅਤੇ 630 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਦੌਰਾਨ 47.527 ਕਿਲੋਗ੍ਰਾਮ ਹੈਰੋਇਨ ਵੀ ਬਰਾਮਦ ਕੀਤੀ ਗਈ। ਸਿਰਫ਼ ਛੇ ਦਿਨਾਂ ਦੇ ਵਿਸ਼ੇਸ਼ ਆਪਰੇਸ਼ਨ ਦੌਰਾਨ 236 ਦੋਸ਼ੀਆਂ ਨੂੰ ਫੜਿਆ ਗਿਆ, ਜਿਨ੍ਹਾਂ ਵਿੱਚ 10 ਭਗੌੜੇ ਅਪਰਾਧੀ ਵੀ ਸ਼ਾਮਲ ਹਨ।

ਐੱਸ.ਐੱਸ.ਪੀ. ਸੁਰਿੰਦਰ ਲਾਂਬਾ ਅਨੁਸਾਰ ਪਾਕਿਸਤਾਨ ਨਾਲ ਲੱਗਦੀ 102 ਕਿਲੋਮੀਟਰ ਲੰਬੀ ਸਰਹੱਦ ਸੁਰੱਖਿਆ ਏਜੰਸੀਆਂ ਲਈ ਵੱਡੀ ਚੁਣੌਤੀ ਬਣੀ ਹੋਈ ਹੈ। ਐੱਸ.ਐੱਸ.ਪੀ. ਮੁਤਾਬਕ ਤਸਕਰ 0.5 ਕਿਲੋ ਤੋਂ ਲੈ ਕੇ 25 ਕਿਲੋ ਤੱਕ ਭਾਰ ਚੁੱਕਣ ਵਾਲੇ ਡਰੋਨਾਂ ਦੀ ਵਰਤੋਂ ਕਰ ਰਹੇ ਹਨ। ਇਹ ਡਰੋਨ ਭਾਰਤੀ ਖੇਤਰ ਵਿੱਚ 5 ਤੋਂ 15 ਕਿਲੋਮੀਟਰ ਤੱਕ ਅੰਦਰ ਦਾਖਲ ਹੋ ਸਕਦੇ ਹਨ। ਪੁਲਿਸ ਨੇ ਇਨ੍ਹਾਂ ਡਰੋਨਾਂ ਵਿੱਚੋਂ ਜੀਪੀਐਸ, ਕੈਮਰੇ ਅਤੇ ਪਹਿਲਾਂ ਤੋਂ ਫੀਡ ਕੀਤੇ ਰੂਟ ਮੈਪ ਬਰਾਮਦ ਕੀਤੇ ਹਨ। "ਗੈਂਗਸਟਰ ਡਰੱਗ ਅਤੇ ਹਥਿਆਰਾਂ ਤੋਂ ਹੋਣ ਵਾਲੀ ਕਮਾਈ ਦੀ ਵਰਤੋਂ ਫਿਰੌਤੀ, ਗੋਲੀਬਾਰੀ ਅਤੇ ਨਵੇਂ ਨੌਜਵਾਨਾਂ ਨੂੰ ਅਪਰਾਧ ਦੀ ਦੁਨੀਆ ਵਿੱਚ ਧੱਕਣ ਲਈ ਕਰ ਰਹੇ ਹਨ।"

ਅਪਰਾਧੀਆਂ ਨਾਲ ਨਜਿੱਠਣ ਲਈ ਪੰਜਾਬ ਪੁਲਿਸ ਹੁਣ ਸਿਰਫ ਰਵਾਇਤੀ ਤਰੀਕਿਆਂ 'ਤੇ ਨਿਰਭਰ ਨਹੀਂ ਹੈ: ਗੈਂਗਸਟਰਾਂ ਦੀ ਹਾਈ-ਟੈਕ ਤਕਨੀਕ ਦਾ ਮੁਕਾਬਲਾ ਕਰਨ ਲਈ ਏਆਈ ਦੀ ਵਰਤੋਂ ਕੀਤੀ ਜਾ ਰਹੀ ਹੈ। ਪੁਲਿਸ ਗੈਂਗਸਟਰਾਂ ਦੇ ਸੋਸ਼ਲ ਮੀਡੀਆ ਖਾਤਿਆਂ ਅਤੇ ਸ਼ੱਕੀ ਬੈਂਕਿੰਗ ਲੈਣ-ਦੇਣ 'ਤੇ ਤਿੱਖੀ ਨਜ਼ਰ ਰੱਖ ਰਹੀ ਹੈ। ਸਰਹੱਦੀ ਇਲਾਕਿਆਂ ਵਿੱਚ ਡਰੋਨ ਗਤੀਵਿਧੀਆਂ ਨੂੰ ਰੋਕਣ ਲਈ ਵਿਸ਼ੇਸ਼ ਸਿਸਟਮ ਅਤੇ 24 ਘੰਟੇ ਗਸ਼ਤ ਯਕੀਨੀ ਬਣਾਈ ਗਈ ਹੈ।

ਪੰਜਾਬ ਪੁਲਿਸ ਵੱਲੋਂ ਨਸ਼ਿਆਂ ਅਤੇ ਗੈਂਗਸਟਰਾਂ ਵਿਰੁੱਧ ਵਿੱਢੀ ਮੁਹਿੰਮ ਦੇ ਅੰਕੜੇ ਸੂਬਾ ਪੁਲਿਸ ਦੀ ਵਧਦੀ ਸਰਗਰਮੀ ਨੂੰ ਸਾਫ਼ ਬਿਆਨ ਕਰਦੇ ਹਨ। ਸਾਲ 2024 ਦੌਰਾਨ ਪੁਲਿਸ ਨੇ 313 ਮਾਮਲੇ ਦਰਜ ਕਰਕੇ 358 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ 115 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਸੀ। ਸਾਲ 2025 ਵਿੱਚ ਇਨ੍ਹਾਂ ਕਾਰਵਾਈਆਂ ਵਿੱਚ ਵੱਡੀ ਤੇਜ਼ੀ ਆਈ, ਜਿੱਥੇ ਦਰਜ ਮਾਮਲਿਆਂ ਦੀ ਗਿਣਤੀ ਵਧ ਕੇ 1,334 ਹੋ ਗਈ ਅਤੇ 1,662 ਤਸਕਰਾਂ ਨੂੰ ਸਲਾਖਾਂ ਪਿੱਛੇ ਭੇਜਿਆ ਗਿਆ, ਜਦਕਿ ਬਰਾਮਦ ਕੀਤੀ ਗਈ ਹੈਰੋਇਨ ਦੀ ਮਾਤਰਾ ਵੀ ਦੁੱਗਣੀ ਤੋਂ ਵਧ ਕੇ 244 ਕਿਲੋਗ੍ਰਾਮ ਤੱਕ ਪਹੁੰਚ ਗਈ। ਜੇਕਰ ਹੁਣ ਤੱਕ ਦੀ ਗੱਲ ਕਰੀਏ ਤਾਂ 'ਯੁੱਧ ਨਸ਼ਿਆਂ ਵਿਰੁੱਧ' ਅਤੇ 'ਗੈਂਗਸਟਰਾਂ 'ਤੇ ਵਾਰ' ਮੁਹਿੰਮਾਂ ਤਹਿਤ ਕੁੱਲ 1,736 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ ਅਤੇ 2,200 ਤੋਂ ਵੱਧ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਗਿਆ ਹੈ। ਇਹ ਲਗਾਤਾਰ ਵਧਦੇ ਅੰਕੜੇ ਦਰਸਾਉਂਦੇ ਹਨ ਕਿ ਪੁਲਿਸ ਹੁਣ ਪਹਿਲਾਂ ਨਾਲੋਂ ਜ਼ਿਆਦਾ ਸਖ਼ਤੀ ਅਤੇ ਯੋਜਨਾਬੱਧ ਤਰੀਕੇ ਨਾਲ ਅਪਰਾਧਿਕ ਨੈੱਟਵਰਕਾਂ ਨੂੰ ਤੋੜ ਰਹੀ ਹੈ।

# ਪੱਛਮੀ ਬੰਗਾਲ: ਚੋਣ ਨਤੀਜਿਆਂ ਤੋਂ ਬਾਅਦ ਖ਼ੂਨੀ ਸੰਘਰਸ਼

## ✪ ਭਾਜਪਾ ਤੇ ਟੀਐਮਸੀ ਦੇ 3 ਵਰਕਰਾਂ ਦੀ ਮੌਤ, ਕਈ ਇਲਾਕਿਆਂ ਵਿਚ ਭੰਨ-ਤੋੜ




ਕੋਲਕਾਤਾ-ਪੱਛਮੀ ਬੰਗਾਲ ਵਿੱਚ ਚੋਣ ਨਤੀਜਿਆਂ ਦੇ ਐਲਾਨ ਤੋਂ ਬਾਅਦ ਸਿਆਸੀ ਹਿੰਸਾ ਦਾ ਨੰਗਾ ਨਾਚ ਦੇਖਣ ਨੂੰ ਮਿਲ ਰਿਹਾ ਹੈ। ਮੰਗਲਵਾਰ ਨੂੰ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਹੋਈਆਂ ਹਿੰਸਕ ਝੜਪਾਂ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਦੋ ਅਤੇ ਤ੍ਰਿਣਮੂਲ ਕਾਂਗਰਸ ਦੇ ਇੱਕ ਵਰਕਰ ਦੀ ਜਾਨ ਚਲੀ ਗਈ। ਹਾਲਾਤ ਨੂੰ ਕਾਬੂ ਹੇਠ ਕਰਨ ਲਈ ਕਈ ਥਾਵਾਂ 'ਤੇ ਕੇਂਦਰੀ ਸੁਰੱਖਿਆ ਬਲਾਂ ਦੀ ਤਾਇਨਾਤੀ ਕਰਨੀ ਪਈ ਹੈ।

ਹਿੰਸਾ ਦੀਆਂ ਇਨ੍ਹਾਂ ਘਟਨਾਵਾਂ ਨੇ ਸੂਬੇ ਦੇ ਕਈ ਜ਼ਿਲ੍ਹਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਭਾਜਪਾ ਵਰਕਰ ਮਧੂ ਮੰਡਲ ਦੀ ਕਥਿਤ ਤੌਰ 'ਤੇ ਟੀਐਮਸੀ ਸਮਰਥਕਾਂ ਵੱਲੋਂ ਕੁੱਟਮਾਰ ਕੀਤੀ ਗਈ। ਇਹ ਹਮਲਾ ਉਸ ਸਮੇਂ ਹੋਇਆ ਜਦੋਂ ਭਾਜਪਾ ਦਾ ਵਿਜੇ ਸਮਾਗਮ ਚੱਲ ਰਿਹਾ ਸੀ। ਹਸਪਤਾਲ ਲਿਜਾਣ 'ਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਤੋਂ ਬਾਅਦ ਗੁੱਸੇ ਵਿੱਚ ਆਏ ਭਾਜਪਾ ਸਮਰਥਕਾਂ ਨੇ ਟੀਐਮਸੀ ਵਰਕਰਾਂ ਦੇ ਘਰਾਂ 'ਤੇ ਹਮਲਾ ਕੀਤਾ ਅਤੇ ਸੜਕਾਂ ਜਾਮ ਕਰ ਦਿੱਤੀਆਂ।

ਬੀਰਭੂਮ (ਨਾਨੂਰ) ਵਿਖੇ ਟੀਐਮਸੀ ਵਰਕਰ ਅਬੀਰ ਸ਼ੇਖ ਦੀ ਤੇਜ਼ਧਾਰ ਹਥਿਆਰਾਂ ਨਾਲ ਹੱਤਿਆ ਕਰ ਦਿੱਤੀ ਗਈ। ਟੀਐਮਸੀ ਦੇ ਨਵੇਂ ਚੁਣੇ ਵਿਧਾਇਕ ਵਿਧਾਨ ਮਾਝੀ ਨੇ ਇਸ ਦਾ ਇਲਜ਼ਾਮ ਭਾਜਪਾ 'ਤੇ ਲਾਇਆ ਹੈ, ਜਦਕਿ ਭਾਜਪਾ ਨੇ ਇਸ ਨੂੰ ਨਕਾਰਦਿਆਂ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਹਾਵੜਾ (ਉਦੈ ਨਰਾਇਣਪੁਰ) ਵਿਖੇ ਭਾਜਪਾ ਵਰਕਰ ਯਾਦਵ ਬਰ ਦੀ ਮੌਤ ਦੀ ਖ਼ਬਰ ਹੈ। ਮ੍ਰਿਤਕ ਦੀ ਪਤਨੀ ਅਨੁਸਾਰ, ਉਸ ਦੇ ਪਤੀ 'ਤੇ ਸਿਰਫ਼ ਇਸ ਲਈ ਹਮਲਾ ਕੀਤਾ ਗਿਆ ਕਿਉਂਕਿ ਉਹ 'ਜੈ ਸ੍ਰੀ ਰਾਮ' ਦੇ ਨਾਅਰੇ ਲਗਾ ਰਿਹਾ ਸੀ ਅਤੇ ਗੁਲਾਲ ਖੇਡ ਰਿਹਾ ਸੀ।

ਸੂਬੇ ਵਿੱਚ ਸਿਰਫ਼ ਜਾਨੀ ਨੁਕਸਾਨ ਹੀ ਨਹੀਂ ਹੋਇਆ, ਸਗੋਂ ਵੱਡੇ ਪੱਧਰ 'ਤੇ ਭੰਨ-ਤੋੜ ਵੀ ਕੀਤੀ ਗਈ ਹੈ। ਟਾਲੀਗੰਜ ਵਿਖੇ ਸਾਬਕਾ ਮੰਤਰੀ ਅਰੂਪ ਵਿਸ਼ਵਾਸ ਦੇ ਚੋਣ ਦਫ਼ਤਰ ਵਿੱਚ ਭੀੜ ਵੱਲੋਂ ਭੰਨ-ਤੋੜ ਕੀਤੀ ਗਈ। ਕਸਬਾ ਵਿਖੇ ਰੂਬੀ ਕਰਾਸਿੰਗ ਨੇੜੇ ਟੀਐਮਸੀ ਕੌਂਸਲਰ ਦੇ ਦਫ਼ਤਰ ਨੂੰ ਨਿਸ਼ਾਨਾ ਬਣਾਇਆ ਗਿਆ। ਹਾਵੜਾ, ਉੱਤਰੀ 24 ਪਰਗਨਾ ਅਤੇ ਮੁਰਸ਼ਿਦਾਬਾਦ ਵਿੱਚ ਕਈ ਪਾਰਟੀ ਦਫ਼ਤਰਾਂ ਨੂੰ ਅੱਗ ਲਗਾਉਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ।

ਕੌਣ ਜ਼ਿੰਮੇਵਾਰ-ਇਸ ਹਿੰਸਾ ਲਈ ਦੋਵੇਂ ਮੁੱਖ ਪਾਰਟੀਆਂ ਇੱਕ-ਦੂਜੇ ਨੂੰ ਜ਼ਿੰਮੇਵਾਰ ਠਹਿਰਾ ਰਹੀਆਂ ਹਨ। ਤ੍ਰਿਣਮੂਲ ਕਾਂਗਰਸ ਨੇ ਭਾਜਪਾ 'ਤੇ ਯੋਜਨਾਬੱਧ ਤਰੀਕੇ ਨਾਲ ਮਾਹੌਲ ਖ਼ਰਾਬ ਕਰਨ ਦੇ ਦੋਸ਼ ਲਾਏ ਹਨ। ਦੂਜੇ ਪਾਸੇ, ਭਾਜਪਾ ਦਾ ਕਹਿਣਾ ਹੈ ਕਿ ਇਹ ਹਿੰਸਾ ਟੀਐਮਸੀ ਦੇ ਅੰਦਰੂਨੀ ਕਲੇਸ਼ ਦਾ ਨਤੀਜਾ ਹੈ ਅਤੇ ਉਨ੍ਹਾਂ ਦੇ ਵਰਕਰਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਚੋਣ ਕਮਿਸ਼ਨ ਨੇ ਇਨ੍ਹਾਂ ਹਿੰਸਕ ਘਟਨਾਵਾਂ ਦਾ ਸਖ਼ਤ ਨੋਟਿਸ ਲੈਂਦਿਆਂ ਸਥਾਨਕ ਪੁਲਿਸ ਪ੍ਰਸ਼ਾਸਨ ਤੋਂ ਤੁਰੰਤ ਰਿਪੋਰਟ ਤਲਬ ਕੀਤੀ ਹੈ। ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਹਰ ਸੰਭਵ ਕਦਮ ਚੁੱਕੇ ਜਾਣਗੇ।

# ਕੈਨੇਡਾ: ਜਬਰੀ ਵਸੂਲੀ ਵਿਰੁੱਧ ਸਰੀ ਪੁਲਿਸ ਦਾ ਵੱਡਾ ਐਕਸ਼ਨ

## ✪ 20 ਸਾਲਾ ਪੰਜਾਬੀ ਨੌਜਵਾਨ ਪ੍ਰਭਜੋਤ ਸਿੰਘ ਡਿਪੋਰਟ

ਸਰੀ (ਕੈਨੇਡਾ)/ਚੰਡੀਗੜ੍ਹ-ਕੈਨੇਡਾ ਦੇ ਸਰੀ ਇਲਾਕੇ ਵਿੱਚ ਫ਼ਿਰੌਤੀ ਅਤੇ ਜਬਰੀ ਵਸੂਲੀ ਦੀਆਂ ਵਧ ਰਹੀਆਂ ਘਟਨਾਵਾਂ ਨੂੰ ਰੋਕਣ ਲਈ ਸਰੀ ਪੁਲਿਸ ਸਰਵਿਸ ਨੇ ਇੱਕ ਸਖ਼ਤ ਕਦਮ ਚੁੱਕਿਆ ਹੈ। ਪੁਲਿਸ ਨੇ ਇੱਕ 20 ਸਾਲਾ ਪੰਜਾਬੀ ਨੌਜਵਾਨ, ਪ੍ਰਭਜੋਤ ਸਿੰਘ, ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਕੈਨੇਡਾ ਵਿੱਚੋਂ ਡਿਪੋਰਟ ਕਰ ਦਿੱਤਾ ਹੈ।

ਸਰੀ ਪੁਲਿਸ ਵੱਲੋਂ ਜਾਰੀ ਜਾਣਕਾਰੀ ਅਨੁਸਾਰ, ਪ੍ਰਭਜੋਤ ਸਿੰਘ ਨੂੰ ਇਸ ਸਾਲ ਦੇ ਸ਼ੁਰੂ ਵਿੱਚ ਅਪਰਾਧਿਕ ਗਤੀਵਿਧੀਆਂ ਦੇ ਸਬੰਧ ਵਿੱਚ ਹਿਰਾਸਤ ਵਿੱਚ ਲਿਆ ਗਿਆ ਸੀ। ਸਰੀ ਪੁਲਿਸ ਨੇ ਆਪਣੀ ਜਾਂਚ ਦੌਰਾਨ ਮਿਲੇ ਅਹਿਮ ਸਬੂਤ ਅਤੇ ਖ਼ੁਫ਼ੀਆ ਜਾਣਕਾਰੀ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨਾਲ ਸਾਂਝੀ ਕੀਤੀ। ਇਨ੍ਹਾਂ ਤੱਥਾਂ ਦੇ ਆਧਾਰ 'ਤੇ ਨੌਜਵਾਨ ਦਾ ਕਾਨੂੰਨੀ ਰੁਤਬਾ (ਵੀਜ਼ਾ) ਤੁਰੰਤ ਪ੍ਰਭਾਵ ਨਾਲ ਖ਼ਤਮ ਕਰ ਦਿੱਤਾ ਗਿਆ ਅਤੇ ਉਸ ਨੂੰ ਵਾਪਸ ਭਾਰਤ ਭੇਜ ਦਿੱਤਾ ਗਿਆ।

ਸਰੀ ਪੁਲਿਸ ਸਰਵਿਸ ਨੇ ਪ੍ਰਭਜੋਤ ਸਿੰਘ ਦੀ ਤਸਵੀਰ ਜਨਤਕ ਕਰਦਿਆਂ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਉਸ ਦੇ ਸਾਥੀਆਂ ਜਾਂ ਕਿਸੇ ਹੋਰ ਅਪਰਾਧਿਕ ਨੈੱਟਵਰਕ ਬਾਰੇ ਜਾਣਕਾਰੀ ਹੈ, ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰੇ।



PRABHJOT SINGH

ਐਸਪੀਐਸ ਦੇ ਚੀਫ਼ ਕੰਸਟੇਬਲ ਨੌਰਮ ਲਿਪਿੰਸਕੀ ਨੇ ਸਪੱਸ਼ਟ ਕੀਤਾ ਹੈ ਕਿ ਉਹ ਕੈਨੇਡਾ ਵਿੱਚ ਅਪਰਾਧਿਕ ਨੈੱਟਵਰਕਾਂ ਦੀਆਂ ਜੜ੍ਹਾਂ ਨੂੰ ਪੁੱਟਣ ਲਈ ਵਚਨਬੱਧ ਹਨ।

ਉਨ੍ਹਾਂ ਕਿਹਾ ਕਿ "ਅਸੀਂ ਇਸ ਗੰਭੀਰ ਸੰਕਟ (ਜਬਰੀ ਵਸੂਲੀ) ਨਾਲ ਨਜਿੱਠਣ ਲਈ ਹਰ ਸੰਭਵ ਕਾਨੂੰਨੀ ਰਾਹ ਅਪਣਾਵਾਂਗੇ। ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਪੁਲਿਸ ਅਤੇ ਸਰਹੱਦੀ ਏਜੰਸੀਆਂ ਮਿਲ ਕੇ ਸਖ਼ਤੀ ਨਾਲ ਕੰਮ ਕਰਦੀਆਂ ਰਹਿਣਗੀਆਂ।"

# ਟੈਨਿਸ ਦੀ ਮਹਾਰਾਣੀ ਸੇਰੇਨਾ ਵਿਲੀਅਮਜ਼



## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ

ਸੇਰੇਨਾ ਵਿਲੀਅਮਜ਼ ਦੋ ਦਹਾਕੇ ਟੈਨਿਸ ਦੀ ਸਰਬੋਤਮ ਖਿਡਾਰਨ ਬਣੀ ਰਹੀ। ਉਹਦੇ ਵੱਲੋਂ 33 ਗਰੈਂਡ ਸਲੈਮਾਂ ਦੇ ਫਾਈਨਲ ਮੈਚ ਖੇਡਣੇ ਤੇ 23 ਗਰੈਂਡ ਸਲੈਮ ਜਿੱਤਣੇ ਕਹਿ ਦੇਣੀ ਗੱਲ ਹੈ ! ਉਸ ਨੇ 1980ਵਿਆਂ 'ਚ ਟੈਨਿਸ ਖੇਡਣੀ ਸ਼ੁਰੂ ਕੀਤੀ ਸੀ ਅਤੇ 1990ਵਿਆਂ 'ਚ ਵਿਸ਼ਵ ਦੀ ਅੱਵਲ ਨੰਬਰ ਖਿਡਾਰਨ ਬਣ ਗਈ ਸੀ। ਫਿਰ ਟੈਨਿਸ ਖੇਡਣ ਦੀ ਐਸੀ ਮੈਰਾਥਨ ਲਾਈ ਜੋ 2000ਵਿਆਂ, 2010ਵਿਆਂ ਤੇ 2020ਵਿਆਂ ਵਿੱਚ ਪਹੁੰਚ ਕੇ ਪੂਰੀ ਹੋਈ। 2026 'ਚ 45 ਸਾਲਾਂ ਦੀ ਹੋਣ ਤਕ ਉਸ ਨੇ ਲਗਭਗ 40 ਸਾਲ ਟੈਨਿਸ ਖੇਡੀ ਹੋਵੇਗੀ। ਕੁਆਰੀ ਹੁੰਦੀ ਨੇ ਤਾਂ ਖੇਡਣਾ ਹੀ ਸੀ, ਵਿਆਹ ਕਰਾ ਕੇ ਤੇ ਦੋ ਧੀਆਂ ਦੀ ਮਾਂ ਬਣ ਕੇ ਵੀ ਖੇਡਦੀ ਰਹੀ। ਉਸ ਨੇ ਸਾਬਤ ਕਰ ਦਿੱਤਾ ਕਿ ਔਰਤਾਂ ਸੋਹਲ ਮਲੂਕ ਨਹੀਂ ਸਗੋਂ ਮਰਦਾਂ ਵਰਗੀਆਂ ਹੀ ਤਕੜੀਆਂ ਤੇ ਜੁਝਾਰੂ ਹੁੰਦੀਆਂ ਹਨ। ਉਹ ਅਤਿ ਮੁਸ਼ਕਲ ਹਾਲਤਾਂ ਵਿੱਚ ਵੀ ਸਿਰੇ ਦਾ ਸਰੀਰਕ ਸਿਰੜ ਤੇ ਮਾਨਸਿਕ ਸੰਤੁਲਨ ਵਿਖਾ ਸਕਦੀਆਂ ਹਨ।

ਉਸ ਨੇ 23 ਸਾਲਾਂ ਦੇ ਪ੍ਰੋਫੈਸ਼ਨਲ ਖੇਡ ਜੀਵਨ ਦੌਰਾਨ ਉੱਚ ਪਾਏ ਦੇ 1014 ਸਿੰਗਲਜ਼ ਮੈਚ ਖੇਡੇ ਜਿਨ੍ਹਾਂ 'ਚੋਂ 858 ਮੈਚ ਜਿੱਤੇ। ਇਸ ਦੌਰਾਨ ਉਸ ਨੇ ਸਿੰਗਲਜ਼ ਦੇ 73 ਖ਼ਿਤਾਬ ਵੀ ਹਾਸਲ ਕੀਤੇ। ਉਨ੍ਹਾਂ ਵਿੱਚ 23 ਗਰੈਂਡ ਸਲੈਮ ਖ਼ਿਤਾਬ ਸਨ। ਉਹ 319 ਹਫ਼ਤੇ ਵਿਸ਼ਵ ਦੀ ਅੱਵਲ ਨੰਬਰ ਖਿਡਾਰਨ ਬਣੀ ਰਹੀ। ਉਸ ਨੇ ਮਹਿਲਾਵਾਂ ਦੇ 224 ਡਬਲਜ਼ ਮੈਚ ਖੇਡੇ ਜਿਨ੍ਹਾਂ 'ਚੋਂ 190 ਮੈਚ ਜਿੱਤੇ। ਉਸ ਦੇ ਜਿੱਤੇ ਹੋਏ 23 ਡਬਲਜ਼ 'ਚੋਂ 14 ਗਰੈਂਡ ਸਲੈਮ ਖ਼ਿਤਾਬ ਹਨ। ਗਰੈਂਡ ਸਲੈਮ ਡਬਲਜ਼ ਦੇ ਫਾਈਨਲਾਂ 'ਚ ਤਾਂ ਉਹ ਕਦੇ ਵੀ ਨਹੀਂ ਹਾਰੀ। ਉਸ ਨੇ ਮਿਕਸਡ ਡਬਲਜ਼ ਦੇ ਕੁਲ 31 ਮੈਚ ਖੇਡੇ ਜਿਨ੍ਹਾਂ 'ਚੋਂ 27 ਜਿੱਤੇ। ਉਨ੍ਹਾਂ ਵਿੱਚ 2 ਗਰੈਂਡ ਸਲੈਮ ਸਨ। ਓਲੰਪਿਕ ਖੇਡਾਂ ਵਿੱਚੋਂ ਵੀ ਉਸ ਨੇ 4 ਗੋਲਡ ਮੈਡਲ ਜਿੱਤੇ ਜਿਨ੍ਹਾਂ 'ਚੋਂ 3 ਡਬਲਜ਼ ਤੇ 1 ਸਿੰਗਲਜ਼ ਦੇ ਹਨ। ਉਹਨੇ 1 ਵਾਰ ਫੈਡਰੇਸ਼ਨ ਕੱਪ ਤੇ 2 ਵਾਰ ਹੋਪਮੈਨ ਕੱਪ ਵੀ ਜਿੱਤਿਆ।

ਉਸ ਦਾ ਪੂਰਾ ਨਾਂ ਸੇਰੇਨਾ ਜਮੇਕਾ ਵਿਲੀਅਮਜ਼ ਹੈ। ਉਹਦਾ ਜਨਮ 26 ਸਤੰਬਰ 1981 ਨੂੰ ਟੈਨਿਸ ਦੇ ਖਿਡਾਰੀ ਤੇ ਕੋਚ ਰਿਚਰਡ ਵਿਲੀਅਮਜ਼ ਦੇ ਘਰ ਮਾਤਾ ਔਰਾਸੀਨ ਪ੍ਰਾਈਸ ਦੀ ਕੁੱਖੋਂ ਅਮਰੀਕਾ ਦੀ ਸਟੇਟ ਮਿਸ਼ੀਗਨ ਦੇ ਸ਼ਹਿਰ ਸਾਗਿਨਾਅ ਵਿੱਚ ਹੋਇਆ। ਉਹਦੀ ਮਾਂ ਦੀ ਕੁੱਖੋਂ ਪੰਜ ਧੀਆਂ ਜੰਮੀਆਂ ਜਿਨ੍ਹਾਂ 'ਚ ਸੇਰੇਨਾ ਸਭ ਤੋਂ ਛੋਟੀ ਹੈ। ਉਸ ਦੀਆਂ ਤਿੰਨ ਵੱਡੀਆਂ ਧੀਆਂ ਪਹਿਲੇ ਪਤੀ ਦੀ ਉਲਾਦ ਸਨ ਜਦ ਕਿ ਛੋਟੀਆਂ ਦੋ ਧੀਆਂ ਰਿਚਰਡ ਵਿਲੀਅਮਜ਼ ਦੀਆਂ ਹਨ। ਵੈਸੇ ਰਿਚਰਡ ਦੇ ਵੀ ਦੋ ਬੱਚੇ ਹੋਰ ਸਨ ਜੋ ਹੋਰ ਮਾਂ ਦੀ ਕੁੱਖੋਂ ਪੈਦਾ ਹੋਏ ਸਨ। ਇੰਜ ਮਤਰੇਏ ਤੇ ਪਤਰੇਏ ਉਹ ਛੇ ਭੈਣ ਭਰਾ ਹਨ। ਉਨ੍ਹਾਂ ਦਾ ਪਿਛੋਕੜ ਅਫਰੀਕਾ ਮੂਲ ਦੇ ਅਮਰੀਕਨਾਂ ਦਾ ਹੈ ਜਿਨ੍ਹਾਂ ਨੂੰ ਕਾਲੇ ਅਮਰੀਕਨ ਵੀ ਕਿਹਾ ਜਾਂਦੈ। ਵਿਸ਼ਵ ਦੇ ਖੇਡ ਖੇਤਰ ਵਿੱਚ ਕਾਲੇ ਅਮਰੀਕਨਾਂ ਨੇ ਧੁੰਮਾਂ ਪਾ ਰੱਖੀਆਂ ਹਨ ਤੇ ਉਨ੍ਹਾਂ ਦੇ ਸਿਰ 'ਤੇ ਹੀ ਅਮਰੀਕਾ ਓਲੰਪਿਕ ਖੇਡਾਂ 'ਚ ਸਭ ਤੋਂ ਵੱਧ ਮੈਡਲ ਜਿੱਤਦਾ ਆ ਰਿਹੈ।

ਸੇਰੇਨਾ ਚਾਰ ਸਾਲਾਂ ਦੀ ਤੇ ਉਹਦੀ ਵੱਡੀ ਭੈਣ ਪੰਜ ਸਾਲਾਂ ਦੀ ਸੀ ਜਦੋਂ ਉਨ੍ਹਾਂ ਦੇ ਮਾਪੇ ਦੋਹਾਂ ਧੀਆਂ ਨੂੰ ਲੈ ਕੇ ਕੈਲੇਫੋਰਨੀਆ ਦੇ ਸ਼ਹਿਰ ਕੋਂਪਟਨ ਚਲੇ ਗਏ। ਉਹਨੀਂ ਦਿਨੀਂ ਮਾਂ ਬਾਪ ਦੀ ਰੀਸੇ ਦੋਹਾਂ ਧੀਆਂ ਨੇ ਟੈਨਿਸ ਦੇ ਰੈਕਟ ਫੜਨੇ ਤੇ ਟੈਨਿਸ ਖੇਡਣੀ ਸ਼ੁਰੂ ਕਰ ਲਈ ਹੋਈ ਸੀ। ਬਾਪ ਨੇ ਉਥੇ ਸਕਿਉਰਿਟੀ ਦੀ ਸਰਵਿਸ ਲੱਭ ਲਈ ਤੇ ਮਾਂ ਨਰਸ ਲੱਗ ਗਈ। ਬਾਪ ਧੀਆਂ ਦਾ ਮੁੱਢਲਾ ਕੋਚ ਬਣ ਗਿਆ ਤੇ ਮਾਂ ਮੁੱਢਲੀ ਡਾਈਟੀਸ਼ਨ। ਉਹ ਦੋਹਾਂ ਨੂੰ ਪਬਲਿਕ ਦੇ ਕੋਰਟਾਂ 'ਚ ਟੈਨਿਸ ਖਿਡਾਉਣ ਲੈ ਜਾਂਦੇ। ਫਿਰ 1991 ਵਿੱਚ ਦੋਹਾਂ ਧੀਆਂ ਨੂੰ ਵਿਸ਼ੇਸ਼ ਕੋਚਿੰਗ ਦੁਆਉਣ ਲਈ ਫਲੋਰੀਡਾ ਲੈ ਗਏ ਜਿਥੇ ਟੈਨਿਸ ਦੀ ਵਧੀਆ ਅਕੈਡਮੀ ਸੀ।

ਉਦੋਂ ਸੇਰੇਨਾ 9 ਸਾਲਾਂ ਦੀ ਵਿਦਿਆਰਥਣ ਸੀ। ਚਾਰਾਂ ਜੀਆਂ ਦਾ ਪਰਿਵਾਰ ਵੈੱਸਟ ਪਾਮ ਬੀਚ, ਫਲੋਰੀਡਾ ਵਿਖੇ ਰਹਿਣ ਲੱਗਾ। ਬੇਸ਼ਕ ਬਾਪ ਖ਼ੁਦ ਚੰਗਾ ਕੋਚ ਸੀ ਪਰ ਸਮਝਦਾ ਸੀ ਕਿ ਫਲੋਰੀਡਾ ਅਕੈਡਮੀ ਦਾ ਕੋਚ ਰਿੱਕ ਮੈਕੀ ਬਿਹਤਰ ਕੋਚਿੰਗ ਦੇ ਸਕੇਗਾ। ਉਹ ਵਿਲੀਅਮਜ਼ ਭੈਣਾਂ ਨੂੰ ਆਪਣੇ ਬੱਚਿਆਂ ਵਾਂਗ ਹੀ ਸਮਝਦਾ। ਉਹਦੀ ਅਕੈਡਮੀ ਦੇ ਖਿਡਾਰੀ ਚੰਗੇ ਨਤੀਜੇ ਦੇ ਰਹੇ ਸਨ ਤੇ ਯੂਨਾਈਟਿਡ ਸਟੇਟਸ ਟੈਨਿਸ ਐਸੋਸੀਏਸ਼ਨ ਦੇ ਟੂਰ ਲਾ ਰਹੇ ਸਨ। ਜਦੋਂ ਸੇਰੇਨਾ 10 ਸਾਲ ਦੀ ਹੋਈ ਤਾਂ ਉਹਦੇ ਬਾਪ ਨੇ ਧੀਆਂ ਨੂੰ ਟੂਰ 'ਤੇ ਜਾਣੋ ਰੋਕ ਦਿੱਤਾ ਤਾਂ ਕਿ ਸਕੂਲੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਅੰਦਰਖਾਤੇ ਉਸ ਨੂੰ ਮਹਿਸੂਸ ਹੋਣ ਲੱਗਾ ਸੀ ਕਿ ਟੂਰਾਂ 'ਚ ਰੰਗ ਭੇਦ ਦਾ ਫਰਕ ਰੱਖਿਆ ਜਾ ਰਿਹੈ। 1995 'ਚ ਜਦੋਂ ਵਿਲੀਅਮਜ਼ ਭੈਣਾਂ ਨੌਵੇਂ ਗਰੇਡ ਵਿਚ ਸਨ ਤਾਂ ਬਾਪ ਨੇ ਧੀਆਂ ਅਕੈਡਮੀ 'ਚੋਂ ਹਟਾ ਲਈਆਂ ਤੇ ਘਰ ਵਿੱਚ ਹੀ ਟ੍ਰੇਨਿੰਗ ਦੇਣ ਲੱਗ ਪਿਆ।

1995 'ਚ ਕੱਦ-ਕਾਠ ਦੀ ਨਿੱਗਰ ਸੇਰੇਨਾ ਵੱਡੀ ਭੈਣ ਵੀਨਸ ਵਾਂਗ ਟੈਨਿਸ ਦੀ ਪ੍ਰੋਫੈਸ਼ਨਲ ਖਿਡਾਰਨ ਬਣ ਗਈ। ਵਧੇਰੇ ਟੈਨਿਸ ਪ੍ਰੇਮੀਆਂ ਦਾ ਅਨੁਮਾਨ ਸੀ ਕਿ ਵੀਨਸ, ਸੇਰੇਨਾ ਤੋਂ ਪਹਿਲਾਂ ਗਰੈਂਡ ਸਲੈਮ ਜਿੱਤੇਗੀ। ਪਰ ਹੋਣਹਾਰ ਸੇਰੇਨਾ 1999 ਦਾ ਯੂ.ਐੱਸ. ਓਪਨ ਜਿੱਤ ਕੇ ਵੀਨਸ ਤੋਂ ਪਹਿਲਾਂ ਗਰੈਂਡ ਸਲੈਮ ਸਿੰਗਲਜ਼ ਦਾ ਟਾਈਟਲ ਜਿੱਤ ਗਈ। ਬਾਅਦ ਵਿੱਚ ਦੋਹਾਂ ਭੈਣਾਂ ਨੇ ਡਬਲਜ਼ ਦੇ 14 ਗਰੈਂਡ ਸਲੈਮ ਸਾਂਝੇ ਜਿੱਤ ਕੇ ਧੰਨ ਧੰਨ ਕਰਵਾ ਦਿੱਤੀ।

ਸੇਰੇਨਾ ਦੀ ਮਰਦਾਂ ਵਰਗੀ ਸ਼ਕਤੀਸ਼ਾਲੀ ਖੇਡ ਸ਼ੈਲੀ ਨੇ ਔਰਤਾਂ ਦੀ ਖੇਡ ਵਿੱਚ ਵੀ ਇਨਕਲਾਬ ਲੈ ਆਂਦਾ। ਉਹ ਤੇ ਉਹਦੀ ਵੱਡੀ ਭੈਣ ਵੀਨਸ 1990ਵਿਆਂ ਦੇ ਅੱਧ 'ਚ ਵੋਮੈੱਨਜ਼ ਟੈਨਿਸ ਐਸੋਸੀਏਸ਼ਨ ਦੇ ਟੂਰਾਂ ਦੀਆਂ ਪ੍ਰਮੁੱਖ ਖਿਡਾਰਨਾਂ ਬਣ ਗਈਆਂ ਸਨ। ਸਿੰਗਲਜ਼ ਮੈਚਾਂ 'ਚ ਵੀ ਤੇ ਡਬਲਜ਼ ਮੈਚਾਂ ਵਿੱਚ ਵੀ। ਉਹ ਜਿਧਰ ਜਾਂਦੀਆਂ ਧੂੜਾਂ ਪੁੱਟੀ ਜਾਂਦੀਆਂ। ਸੇਰੇਨਾ 5 ਵਾਰ ਵਿਸ਼ਵ ਦੀ ਨੰਬਰ 1 ਟੈਨਿਸ ਖਿਡਾਰਨ ਐਲਾਨੀ ਜਾਂਦੀ ਰਹੀ। ਉਹ ਵਿਸ਼ਵ ਦੀ ਇੱਕੋ ਖਿਡਾਰਨ ਹੈ ਜੀਹਨੂੰ ਸਿੰਗਲਜ਼ ਤੇ ਡਬਲਜ਼ ਵਿੱਚ ਕੈਰੀਅਰ ਗੋਲਡਨ ਸਲੈਮ ਖ਼ਿਤਾਬਾਂ ਨਾਲ ਸਨਮਾਨਿਆ ਗਿਆ ਤੇ ਟੈਨਿਸ ਦੀ ਰਾਣੀ ਹੀ ਨਹੀਂ ਮਹਾਰਾਣੀ ਕਿਹਾ ਜਾਣ ਲੱਗਾ।

ਉਹ ਅਜੇ 17 ਸਾਲਾਂ ਦੀ ਸੀ ਕਿ ਉਸ ਨੇ ਯੂ.ਐੱਸ. ਓਪਨ ਦਾ ਮੇਜਰ ਟੂਰਨਾਮੈਂਟ ਜਿੱਤ ਕੇ ਪਹਿਲੀ ਵੱਡੀ ਛਾਲ ਮਾਰੀ। ਫਿਰ ਉਹ ਤੇ ਉਹਦੀ ਭੈਣ ਪੌੜੀ ਦਰ ਪੌੜੀ ਚੜ੍ਹਦੀਆਂ ਗਰੈਂਡ ਸਲੈਮਾਂ ਦੀਆਂ ਗੁੱਡੀਆਂ ਘੁਕਾਉਣ ਲੱਗੀਆਂ। ਉਨ੍ਹਾਂ ਨੇ ਦੁਨੀਆ ਦੀਆਂ ਮਹਾਨ ਟੈਨਿਸ ਖਿਡਾਰਨਾਂ ਜਸਟਿਨ ਹੈਨਿਨ ਤੇ ਮਾਰੀਆ ਸ਼ਾਰਾਪੋਵਾ ਵਰਗੀਆਂ ਦੀਆਂ ਗੁੱਡੀਆਂ ਘੁਕਾ ਦਿੱਤੀਆਂ। ਸੇਰੇਨਾ ਦਾ 23 ਗਰੈਂਡ ਸਲੈਮ ਜਿੱਤਣ ਦਾ ਰਿਕਾਰਡ ਸਟੈਫੀ ਗਰਾਫ ਦੇ 22 ਸਲੈਮਾਂ ਦੇ ਰਿਕਾਰਡ ਨੂੰ ਮਾਤ ਪਾ ਗਿਆ। ਜਿਥੇ ਉਹਦੀਆਂ ਜਿੱਤਾਂ ਦੀ ਚਰਚਾ ਹੁੰਦੀ ਉਥੇ ਉਹਦੇ ਗੁੰਦਵੇਂ ਮਸਕੁਲਰ ਜੁੱਸੇ, ਵਾਲ਼ਾਂ ਦੇ ਵੱਖ ਵੱਖ ਫੈਸ਼ਨ, ਗਲ਼ ਦੀ ਜੰਜੀਰੀ, ਰੰਗੀਨ ਨਹੁੰਆਂ ਤੇ ਸਖੀ ਵਿਹਾਰ ਦੀਆਂ ਵੀ ਬਾਤਾਂ ਪੈਂਦੀਆਂ। ਉਹਦੀ ਕੈਟ-ਕਿੱਟ ਦੀਆਂ ਵੀ ਗੱਲਾਂ ਹੁੰਦੀਆਂ।

ਹਾਰਡ ਕੋਰਟਾਂ 'ਤੇ ਉਹ ਸਭ ਤੋਂ ਵੱਧ 13 ਗਰੈਂਡ ਸਲੈਮ ਜਿੱਤਣ ਵਾਲੀ ਖਿਡਾਰਨ ਹੈ। ਉਨ੍ਹਾਂ 'ਚ 7 ਆਸਟ੍ਰੇਲੀਅਨ ਓਪਨ ਤੇ 6 ਯੂ.ਐੱਸ. ਓਪਨ ਹਨ। 30 ਸਾਲ ਤੋਂ ਵੱਧ ਉਮਰ ਦੀ ਹੋ ਕੇ 10 ਗਰੈਂਡ ਸਲੈਮ ਜਿੱਤਣ ਦਾ ਉਹਦਾ ਰਿਕਾਰਡ ਬੇਜੋੜ ਹੈ। ਉਹ ਮਰਦ ਤੇ ਮਹਿਲਾ ਵਰਗਾਂ ਵਿੱਚ ਇਕਲੌਤੀ ਖਿਡਾਰਨ ਹੈ ਜੀਹਨੇ 6 ਵਾਰ ਘੱਟੋਘੱਟ 3 ਗਰੈਂਡ ਸਲੈਮ ਜਿੱਤੇ। 2016 ਵਿੱਚ ਉਹ ਵਿਸ਼ਵ ਦੀ ਪਹਿਲੀ ਖਿਡਾਰਨ ਬਣੀ ਜਿਸ ਨੇ ਗਰੈਂਡ ਸਲੈਮ ਮੁਕਾਬਲਿਆਂ ਵਿੱਚ 60 ਤੋਂ ਵੱਧ ਮੈਚ ਜਿੱਤੇ। 35 ਸਾਲਾਂ ਤੋਂ ਵਡੇਰੀ ਉਮਰ ਵਿੱਚ ਗਰੈਂਡ ਸਲੈਮ ਜਿੱਤਣ ਵਾਲੀ ਵੀ ਅਜੇ ਤਕ ਉਹ ਦੁਨੀਆ ਦੀ ਪਹਿਲੀ ਟੈਨਿਸ ਖਿਡਾਰਨ ਹੈ।

2015 ਵਿੱਚ ਇਲੱਸਟ੍ਰੇਟਿਡ ਮੈਗਜ਼ੀਨ ਨੇ ਉਸ ਨੂੰ 'ਸਪੋਰਟਸ ਪਰਸਨ ਆਫ਼ ਦਾ ਯੀਅਰ ਚੁਣਿਆ ਸੀ। ਚਿੱਟੇ ਚਮਕਦੇ ਦੰਦਾਂ ਤੇ ਸਾਂਵਲੇ ਰੰਗ ਦੀ ਇਸ ਖਿਡਾਰਨ ਨੇ ਨਕਦ ਰਾਸ਼ੀ ਦੇ ਇਨਾਮ ਜਿੱਤਣ ਵਿੱਚ ਵੀ ਨਵੇਂ ਰਿਕਾਰਡ ਰੱਖੇ। 2016 ਵਿੱਚ ਉਸ ਨੂੰ 29 ਮਿਲੀਅਨ ਭਾਵ 2 ਕਰੋੜ 90 ਲੱਖ ਅਮਰੀਕਨ ਡਾਲਰਾਂ ਦੀ ਇਨਾਮੀ ਰਾਸ਼ੀ ਮਿਲੀ ਜੋ ਹੋਰਨਾ ਖਿਡਾਰਨਾਂ ਤੋਂ ਕਿਤੇ ਵੱਧ ਸੀ। 2017 ਵਿੱਚ ਉਹ ਫੋਰਬਸ ਮੈਗਜ਼ੀਨ ਦੇ ਸਭ ਤੋਂ ਮਹਿੰਗੇ 100 ਖਿਡਾਰੀਆਂ ਦੀ ਸੂਚੀ 'ਚ ਸ਼ਾਮਲ ਹੋਣ ਵਾਲੀ ਪਹਿਲੀ ਮਹਿਲਾ ਖਿਡਾਰਨ ਬਣੀ। ਲੌਰੈਸ ਨੇ ਸੇਰੇਨਾ ਨੂੰ 2003, 2010, 2016 ਤੇ 2018 ਵਿੱਚ 'ਸਪੋਰਟਸ ਵੋਮਿਨ ਆਫ਼ ਦਾ ਯੀਅਰ ਚੁਣਿਆ। 2020 ਵਿੱਚ ਟੈਨਿਸ ਚੈਨਲ ਨੇ ਉਸ ਨੂੰ ਸਰਬ ਸਮਿਆਂ ਦੀ ਸਰਬੋਤਮ ਟੈਨਿਸ ਖਿਡਾਰਨ ਘੋਸ਼ਿਤ ਕੀਤਾ। 2021 ਵਿੱਚ ਉਹ ਫੋਰਬਸ ਦੀ ਸਭ ਤੋਂ ਵੱਧ ਇਨਾਮੀ ਰਾਸ਼ੀ ਲੈਣ ਵਾਲੇ ਖਿਡਾਰੀਆਂ ਦੀ ਸੂਚੀ ਵਿੱਚ ਭਾਵੇਂ 28ਵੇਂ ਨੰਬਰ 'ਤੇ ਸੀ ਪਰ ਖਿਡਾਰਨਾਂ 'ਚ ਉਹ ਸਭ ਤੋਂ ਵੱਧ ਇਨਾਮੀ ਰਾਸ਼ੀ ਲੈਣ ਵਾਲੀ ਮੁੱਖ ਖਿਡਾਰਨ ਬਣੀ। 2025 ਵਿੱਚ 44 ਸਾਲ ਦੀ ਸੇਰੇਨਾ ਨੂੰ ਪ੍ਰਿੰਸਿਸ ਆਫ਼ ਆਸਟੂਰੀਅਸ ਅਵਾਰਡ ਫਾਰ ਸਪੋਰਟ ਨਾਲ ਸਨਮਾਨਿਆ ਗਿਆ।

ਸੇਰੇਨਾ ਤੇ ਉਹਦੀ ਵੱਡੀ ਭੈਣ ਵੀਨਸ ਨੇ ਓਲੰਪਿਕ ਖੇਡਾਂ ਦੇ 4 ਗੋਲਡ ਮੈਡਲ ਅਤੇ ਸਾਲਾਂ ਬੱਧੀ ਟੈਨਿਸ ਸਲੈਮ ਜਿੱਤਣ ਦਾ ਗਾਹ ਪਾਈ ਰੱਖਿਆ। ਤਦੇ ਕਿਹਾ ਜਾਂਦੈ ਕਿ ਵਿਲੀਅਮ ਭੈਣਾਂ ਵਰਗੀਆਂ ਖਿਡਾਰਨਾਂ ਨਿੱਤ ਨਿੱਤ ਨਹੀਂ ਜੰਮਦੀਆਂ। 1968 ਦੇ ਓਪਨ ਇਰਾ (ਯੁਗ) ਤੋਂ ਬਾਅਦ ਮਰਦਾਂ ਤੇ ਔਰਤਾਂ ਦੇ ਦੋਹਾਂ ਵਰਗਾਂ ਵਿੱਚ ਸੇਰੇਨਾ ਸਭ ਤੋਂ ਵੱਧ ਗਰੈਂਡ ਸਲੈਮ ਜਿੱਤਣ ਵਾਲੀ ਖਿਡਾਰਨ ਹੈ।

ਜਿੱਤਾਂ ਜਿੱਤਣ ਵਿੱਚ ਸੇਰੇਨਾ ਦੀ ਸਭ ਤੋਂ ਵੱਧ ਸਹਿਯੋਗੀ ਉਹਦੀ ਵੱਡੀ ਭੈਣ ਵੀਨਸ ਹੀ ਰਹੀ। ਵੀਨਸ ਦਾ ਕੱਦਕਾਠ ਭਾਵੇਂ ਸੇਰੇਨਾ ਤੋਂ ਕੱਦਾਵਰ ਹੈ ਪਰ ਜਿੱਤਾਂ ਜਿੱਤਣ ਵਿੱਚ ਉਹ ਸੇਰੇਨਾ ਤੋਂ ਹੀ ਪਿੱਛੇ ਰਹੀ।

ਸੇਰੇਨਾ ਤੋਂ ਪਹਿਲਾਂ ਮਹਿਲਾਵਾਂ ਦੇ ਸਭ ਤੋਂ ਵੱਧ ਗਰੈਂਡ ਸਲੈਮ ਸਟੈਫੀ ਗਰਾਫ਼ ਨੇ ਜਿੱਤੇ ਸਨ। ਉਨ੍ਹਾਂ ਦੀ ਗਿਣਤੀ 22 ਸੀ। ਸੇਰੇਨਾ ਨੇ 23 ਗਰੈਂਡ ਸਲੈਮ ਤੇ ਓਲੰਪਿਕ ਖੇਡਾਂ ਦੇ 4 ਗੋਲਡ ਮੈਡਲ ਜਿੱਤ ਕੇ ਸਭਨਾਂ 'ਤੇ ਝੰਡੀ ਕੀਤੀ ਤੇ ਵਿਸ਼ਵ ਦੀ ਅੱਵਲ ਨੰਬਰ ਖਿਡਾਰਨ ਅਖਵਾਈ। ਸੇਰੇਨਾ 319 ਹਫ਼ਤੇ ਦੁਨੀਆ ਦੀ ਅੱਵਲ ਨੰਬਰ ਟੈਨਿਸ ਖਿਡਾਰਨ ਬਣੀ ਰਹੀ ਉਹ 186 ਹਫ਼ਤੇ ਲਗਾਤਾਰ ਜਿੱਤਾਂ ਜਿੱਤਦੀ ਰਹੀ। ਹੋਰ ਤਾਂ ਹੋਰ ਤੀਹ ਸਾਲਾਂ ਤੋਂ ਵਡੇਰੀ ਉਮਰ ਦੀ ਹੋ ਕੇ ਵੀ ਉਸ ਨੇ 10 ਗਰੈਂਡ ਸਲੈਮ ਜਿੱਤੇ ਜੋ ਅਦੁੱਤੀ ਰਿਕਾਰਡ ਹੈ। ਚਾਰ ਦਹਾਕਿਆਂ ਦੌਰਾਨ ਸਿੰਗਲਜ਼ ਦੇ ਵਿਸ਼ਵ ਪੱਧਰੀ ਟਾਈਟਲ ਜਿੱਤਣ ਵਾਲੀ ਉਹ ਟੈਨਿਸ ਦੀ ਇੱਕੋ ਇੱਕ ਖਿਡਾਰਨ ਹੈ।

ਸੇਰੇਨਾ ਨੇ ਆਸਟ੍ਰੇਲੀਅਨ ਓਪਨ ਤੇ ਵਿੰਬਲਡਨ ਦੇ 7-7 ਵਾਰ, ਯੂ.ਐੱਸ. ਓਪਨ ਦੇ 6 ਵਾਰ ਤੇ ਫ੍ਰੈਂਚ ਓਪਨ ਦੇ 3 ਵਾਰ ਗਰੈਂਡ ਸਲੈਮ ਜਿੱਤੇ।

ਸਿੰਗਲਜ਼ ਦੇ 23 ਖ਼ਿਤਾਬਾਂ ਨਾਲ ਮਹਿਲਾ ਡਬਲਜ਼ ਦੇ 14 ਵਾਰ ਤੇ ਮਿਕਸਡ ਡਬਲਜ਼ ਦੇ 2 ਵਾਰ ਟਾਈਟਲ ਜਿੱਤੇ। ਇੰਜ ਸੇਰੇਨਾ ਦੇ ਕੁਲ ਟਾਈਟਲਾਂ ਦੀ ਗਿਣਤੀ 39 ਬਣ ਜਾਂਦੀ ਹੈ। ਉਸ ਨੇ ਸ਼ੌਕੀਆ ਤੇ ਪੇਸ਼ਾਵਰ ਦੋਹਾਂ ਤਰ੍ਹਾਂ ਦੇ ਟੈਨਿਸ ਮੁਕਾਬਲਿਆਂ ਵਿਚ ਆਪਣਾ ਤੇ ਅਮਰੀਕਾ ਦਾ ਨਾਂ ਰੌਸ਼ਨ ਕੀਤਾ। ਉਹ ਗਰੈਂਡ ਸਲੈਮਾਂ ਦੇ ਨਾਲ ਓਲੰਪਿਕ ਖੇਡਾਂ 'ਚੋਂ ਵੀ ਸਿੰਗਲਜ਼ ਤੇ ਡਬਲਜ਼ ਦੇ ਗੋਲਡ ਮੈਡਲ ਜਿੱਤਦੀ ਰਹੀ।

2016 ਵਿੱਚ ਉਹ ਰੈਡਿਟ ਵੈਬਸਾਈਟ ਦੇ ਕੋਫਾਊਂਡਰ ਅਲੈਕਸਿਸ ਓਹਾਨੀਅਨ ਦੀ ਦੋਸਤ ਬਣ ਗਈ। ਫਿਰ ਉਨ੍ਹਾਂ ਦੀ ਮੰਗਣੀ ਹੋ ਗਈ। ਅਪ੍ਰੈਲ 2017 ਵਿੱਚ ਸੇਰੇਨਾ ਨੇ ਦੱਸਿਆ ਕਿ ਉਹ ਗਰਭਵਤੀ ਹੈ ਜਿਸ ਕਰਕੇ 2017 ਦਾ ਅਗਲਾ ਸੀਜ਼ਨ ਨਹੀਂ ਖੇਡ ਸਕੇਗੀ।

ਬਾਕੀ ਹਿਸਾ ਸਫਾ 56 ਤੇ ਪੜ੍ਹੋ

### 55 ਸਫ਼ੇ ਦੀ ਬਾਕੀ

ਸਤੰਬਰ 2017 ਵਿੱਚ ਉਸ ਨੇ ਧੀ ਨੂੰ ਜਨਮ ਦਿੱਤਾ ਤੇ ਦਸੰਬਰ 2017 'ਚ ਉਨ੍ਹਾਂ ਦਾ ਬਾਕਾਇਦਾ ਵਿਆਹ ਹੋ ਗਿਆ। ਉਨ੍ਹਾਂ ਦੀ ਦੂਜੀ ਧੀ 2023 ਵਿੱਚ ਜਨਮੀ। ਮਾਰਚ 2018 ਵਿੱਚ ਉਹ ਮੁੜ ਟੈਨਿਸ ਖੇਡਣ ਲੱਗੀ। ਉਸ ਸਾਲ ਉਹ ਵਿਬਲਡਨ ਤੇ ਯੂ.ਐੱਸ. ਓਪਨ ਦੇ ਫਾਈਨਲ ਵਿੱਚ ਤਾਂ ਪਹੁੰਚ ਗਈ ਪਰ ਕੋਈ ਟੂਰਨਾਮੈਂਟ ਨਾ ਜਿੱਤ ਸਕੀ। 24 ਸਾਲਾਂ ਦੇ ਖੇਡ ਕੈਰੀਅਰ ਦੌਰਾਨ ਸੇਰੇਨਾ ਨੇ 33 ਗਰੈਂਡ ਸਲੈਮ ਫਾਈਨਲ ਖੇਡੇ ਜਿਨ੍ਹਾਂ 'ਚੋਂ 23 ਜਿੱਤੇ ਤੇ 10 ਫਾਈਨਲ ਮੈਚਾਂ ਵਿੱਚ ਉਪ ਜੇਤੂ ਰਹੀ। 2017 ਵਿੱਚ ਮਾਂ ਬਣਨ ਪਿੱਛੋਂ ਸੇਰੇਨਾ ਨੂੰ ਕੁਝ ਸਮਾਂ ਕੋਰਟ ਤੋਂ ਲਾਂਭੇ ਰਹਿਣਾ ਪਿਆ ਸੀ ਜਿਸ ਕਰਕੇ ਉਹਦਾ ਵਜ਼ਨ ਵਧ ਗਿਆ ਸੀ। ਫਿਰ ਫਿਟਨੈੱਸ ਹਾਸਲ ਕਰ ਕੇ 2020 'ਚ ਪੂਰੀ ਫਾਰਮ ਵਿੱਚ ਆਈ ਤੇ ਏ.ਐੱਸ.ਬੀ. ਦੇ ਫਾਈਨਲ ਮੈਚ 'ਚ ਜੈਸਕਾ ਪੇਗੁਲਾ ਨੂੰ ਹਰਾ ਕੇ ਟਾਈਟਲ ਜਿੱਤਿਆ। 2021 ਵਿੱਚ ਉਸ ਨੇ ਆਪਣੇ ਕੈਰੀਅਰ ਦਾ 1000ਵਾਂ ਮੈਚ ਖੇਡਿਆ। ਮੈਚ ਜਿੱਤਣ ਪਿੱਛੋਂ ਪ੍ਰੈਸ ਕਾਨਫਰੰਸ ਵਿੱਚ ਸਵਾਲ ਪੁੱਛੇ ਜਾਣ 'ਤੇ ਉਸ ਨੇ ਕਿਹਾ ਸੀ, "ਉਹ ਨਹੀਂ ਜਾਣਦੀ ਟੈਨਿਸ ਖੇਡਣ ਨੂੰ ਕਦੋਂ ਅਲਵਿਦਾ ਕਹੇਗੀ?"

ਉਸ ਨੂੰ ਗੋਡੇ ਦੀ ਸੱਟ ਤੇ ਗਿੱਟੇ ਦੀ ਮੋਚ ਕਾਰਨ ਕੁਝ ਟੂਰਨਾਮੈਂਟ ਛੱਡਣੇ ਵੀ ਪਏ ਸਨ। ਜੇ ਅਜਿਹਾ ਨਾ ਹੁੰਦਾ ਤਾਂ ਸੰਭਵ ਸੀ ਉਹ 25 ਗਰੈਂਡ ਸਲੈਮ ਜਿੱਤ ਜਾਂਦੀ। ਗਰੈਂਡ ਸਲੈਮਾਂ ਦੇ ਸਿੰਗਲ ਫਾਈਨਲ 9 ਵਾਰ ਸੇਰੇਨਾ ਤੇ ਉਹਦੀ ਭੈਣ ਵੀਨਸ ਵਿਚਕਾਰ ਖੇਡੇ ਗਏ ਜਿਨ੍ਹਾਂ 'ਚੋਂ 7 ਸਲੈਮ ਸੇਰੇਨਾ ਨੇ ਜਿੱਤੇ। ਸੇਰੇਨਾ ਨੇ ਫਾਈਨਲ ਮੈਚਾਂ ਵਿੱਚ 3 ਵਾਰ ਸ਼ਾਰਾਪੋਵਾ ਨੂੰ ਹਰਾਇਆ ਤੇ 1 ਵਾਰ ਉਹਤੋਂ ਹਾਰੀ। ਉਸ ਨੇ ਟੈਨਿਸ ਦੀਆ ਨਾਮੀ ਖਿਡਾਰਨਾਂ ਕਾਰਬਰ, ਅਜ਼ਾਰੇਕਾ, ਮੁਗੁਰੁਜ਼ਾ, ਮਾਰਟੀਨਾ ਹਿੰਗਸ, ਲਿੰਡਸੇ ਡੇਵਨਪੋਰਟ, ਜਾਨਕੋਵਿਕ, ਦਿਨਾਰਾ ਸਫ਼ੀਨਾ, ਜਸਟਿਨ ਹੈਨਿਨ, ਜ਼ਵਰਨੋਵਾ, ਰਾਡਵਾਂਸਕਾ, ਕੈਰੋਲੀਨਾ ਵੋਜ਼ਨਿਆਕੀ, ਸ਼ਫਰੋਵਾ, ਸਟੌਸਰ ਸਮਾਂਥਾ, ਨਾਓਮੀ ਉਸਾਕਾ, ਸਮੀਨਾ ਹਾਲੇਪ ਤੇ ਬਿਨਾਕਾ ਸਭ ਨੂੰ ਫਾਈਨਲ ਮੈਚਾਂ ਵਿੱਚ ਹਰਾਇਆ।

ਸੇਰੇਨਾ ਤੇ ਵੀਨਸ ਦੇ ਖੇਡ ਕੈਰੀਅਰ ਦੌਰਾਨ ਜਦੋਂ ਉਹ ਕੋਰਟ 'ਚ ਖੇਡ ਰਹੀਆਂ ਹੁੰਦੀਆਂ ਤਾਂ ਉਨ੍ਹਾਂ ਦਾ ਬਾਪ ਰਿਚਰਡ ਨੇੜੇ ਬੈਠਾ ਉਨ੍ਹਾਂ ਨੂੰ ਨਿਹਾਰ ਰਿਹਾ ਹੁੰਦਾ। ਆਪਣੀਆਂ ਧੀਆਂ ਦੀਆਂ ਸਰਵਿਸਾਂ ਤੇ ਹਰ ਸ਼ਾਟ ਨਾਲ ਉਹਦੇ ਹਾਵ ਭਾਵ ਬਦਲਦੇ ਰਹਿੰਦੇ। ਦੋਵੇਂ ਭੈਣਾਂ ਜਿੱਤਣ ਪਿੱਛੋਂ ਖੁਸ਼ੀ 'ਚ ਚਹਿਕਦੀਆਂ ਆਉਂਦੀਆਂ ਤੇ ਆਪਣੇ ਪਿਆਰੇ ਪਾਪਾ ਨੂੰ ਧਾਅ ਗਲਵਕੜੀਆਂ ਪਾਉਂਦੀਆਂ। ਬਾਅਦ ਵਿੱਚ ਰਿਚਰਡ ਵਿਲੀਅਮਜ਼ ਉੱਤੇ 'ਕਿੰਗ ਰਿਚਰਡ ਫਿਲਮ ਬਣੀ ਅਤੇ ਸੇਰੇਨਾ ਤੇ ਵੀਨਸ ਭੈਣਾਂ ਬਾਰੇ ਵੀ ਡਾਕੂਮੈਂਟਰੀਆਂ ਬਣੀਆਂ। ਸੇਰੇਨਾ ਵਿਲੀਅਮਜ਼ ਦੀ ਸਵੈਜੀਵਨੀ ਡੇਨੀਅਲ ਪੇਜ਼ਨਰ ਦੇ ਸਹਿਯੋਗ ਨਾਲ ਲਿਖੀ ਗਈ ਜੋ 2009 ਵਿੱਚ ਪ੍ਰਕਾਸ਼ਿਤ ਹੋਈ।

ਟੈਨਿਸ ਕੋਰਟਾਂ 'ਚ ਸੇਰੇਨਾ ਦੀ ਜ਼ੋਰਦਾਰ ਸਰਵਿਸ, ਕਸਵੇਂ ਸ਼ਾਟ, ਫੈਸ਼ਨੀ ਕਿੱਟ, ਸਡੌਲ ਜੁੱਸਾ, ਵਾਲਾਂ ਦੀਆਂ ਮੀਢੀਆਂ ਤੇ ਕਦੇ ਰਿਬਨ ਪਿੱਛੇ ਝੂੰਮਦੇ ਖੁੱਲ੍ਹੇ ਵਾਲ ਟੈਨਿਸ ਪ੍ਰੇਮੀਆਂ ਦਾ ਮਨੋਰੰਜਨ ਕਰਦੇ ਰਹੇ। 2012 ਵਿੱਚ ਵੋਗ ਮੈਗਜ਼ੀਨ ਦੇ ਕਵਰ ਤੇ ਉਹਦੀ ਫੋਟੋ ਪਹਿਲੀ ਬਲੈਕ ਫੀਮੇਲ ਅਥਲੀਟ ਵਜੋਂ ਛਾਪੀ ਗਈ। ਉਸ ਨੇ ਫੈਸ਼ਨ ਸ਼ੋਆਂ ਦੇ ਮੇਲੇ ਲਾਏ ਤੇ ਫੈਸ਼ਨਾਂ ਦਾ ਬਿਜ਼ਨਿਸ ਵੀ ਕੀਤਾ।

2013 ਦੇ ਆਸਟ੍ਰੇਲੀਅਨ ਓਪਨ ਵਿੱਚ ਉਹਦੀ ਸਰਵਿਸ ਦੀ ਸਪੀਡ 207 ਕਿਲੋਮੀਟਰ ਪ੍ਰਤੀ ਘੰਟਾ ਮਾਪੀ ਗਈ। ਉਸ ਦੇ ਫੋਰਹੈਂਡ ਤੇ ਬੈਕਹੈਂਡ ਦੋਵੇਂ ਤਰ੍ਹਾਂ ਦੇ ਸ਼ਾਟਾਂ ਦਾ ਕੋਈ ਸਾਨੀ ਨਹੀਂ ਸੀ। ਉਸ ਦਾ ਮਨਪਸੰਦ ਖੇਡ ਮੈਦਾਨ ਕਲੇਅ ਕੋਰਟ ਸੀ ਜਦ ਕਿ ਗਰਾਸ ਤੇ ਹਾਰਡ ਕੋਰਟਾਂ 'ਤੇ ਵੀ ਉਹਦੀ ਖੇਡ ਲਾਜਵਾਬ ਸੀ। ਉਸ ਦੀ ਹਰਮਨ ਪਿਆਰਤਾ ਦਾ ਇਹ ਆਲਮ ਹੈ ਕਿ ਇੰਸਟਰਾਮ 'ਤੇ ਉਹਦੇ 90 ਲੱਖ ਪ੍ਰਸੰਸਕ ਹਨ। ਉਹ ਚੋਟੀ ਦੀ ਖਿਡਾਰਨ ਹੋਣ ਨਾਲ ਮਮਤਾ ਭਰੀ ਮਾਂ ਵੀ ਹੈ। ਸਲੱਗ ਪਤਨੀ ਵੀ, ਦੋਸਤ ਵੀ ਅਤੇ ਕਰੋੜਾਂ ਬੱਚਿਆਂ ਤੇ ਨੌਜੁਆਨਾਂ ਦੀ ਰੋਲ ਮਾਡਲ ਵੀ।

*principalsarwansingh@gmail.com*

## ਇਟਲੀ ਵਿੱਚ ਇੱਕ ਹੋਰ ਭਾਰਤੀ ਨੌਜਵਾਨ ਸਮੇਂ ਸਿਰ ਇਲਾਜ ਨਾ ਹੋਣ ਕਾਰਨ ਗਿਆ ਮੌਤ ਦੇ ਮੂੰਹ ਵਿੱਚ, ਭਾਈਚਾਰੇ ਵਿੱਚ ਮਾਤਮ




ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)-ਇਸ ਗੱਲ ਨੂੰ ਉਹਨਾਂ ਤਮਾਮ ਭਾਰਤੀ ਕਿਰਤੀਆਂ ਲਈ ਵੱਡਾ ਦੁਖਾਂਤ ਹੀ ਮੰਨਿਆਂ ਜਾ ਸਕਦਾ ਜਿਹੜੇ ਪਹਿਲਾਂ ਇਟਲੀ ਆਉਣ ਲਈ ਏਜੰਟਾਂ ਕੋਲੋ ਦੋਨੋ ਹੱਥੀ ਆਪਣੀ ਲੁੱਟ ਤੇ ਸ਼ੋਸ਼ਣ ਕਰਵਾਉਂਦੇ ਫਿਰ ਬਾਅਦ ਵਿੱਚ ਇਟਲੀ ਆਕੇ ਕੰਮ ਦੇ ਮਾਲਕ ਕੋਲੋ ਦਿਮਾਗੀ ਤੇ ਸਰੀਰਕ ਪ੍ਰੇਸ਼ਾਨੀ ਦਾ ਸ਼ਿਕਾਰ ਹੁੰਦੇ ਹਨ ।ਕਈ ਵਾਰ ਤਾਂ ਇਹ ਭਾਰਤੀ ਨੌਜਵਾਨ ਜਿਹੜੇ ਭੱਵਿਖ ਬਿਹਤਰ ਬਣਾਉਣ ਲਈ ਇਟਲੀ ਆਉਂਦੇ ਹਨ ਪਰ ਹਾਲਾਤਾਂ ਦੇ ਧੱਕੇ ਚੜ੍ਹ ਸਦਾ ਦੀ ਨੀਂਦ ਸੌਂ ਜਾਂਦੇ ਹਨ ਅਜਿਹਾ ਹੀ ਦਿਲ ਨੂੰ ਚੀਰ ਦਾ ਇੱਕ ਹਾਦਸਾ ਸੂਬਾ ਕੰਪਾਨੀਆਂ ਦੇ ਜ਼ਿਲ੍ਹਾ ਸਲੇਰਨੋ ਵਿਖੇ ਦੇਖਣ ਨੂੰ ਮਿਲਿਆ ਜਿੱਥੇ ਇੱਕ ਭਾਰਤੀ ਨੌਜਵਾਨ ਜਿਹੜਾ ਕਿ ਖੇਤੀ-ਬਾੜੀ ਦਾ ਕੰਮ ਕਰਕੇ ਆਪਣੇ ਪਰਿਵਾਰ ਲਈ 2 ਵਕਤ ਦੀ ਰੋਟੀ ਦਾ ਵਸੀਲਾ ਕਰਦਾ ਸੀ ਉਸ ਦੀ ਬੀਤੇ ਦਿਨ ਸਲੇਰਨੋ ਹਸਪਤਾਲ ਵਿੱਚ ਦਰਦਨਾਕ ਮੌਤ ਹੋ ਜਾਣ ਕਾਰਨ ਸਮੁੱਚੇ ਭਾਰਤੀ ਭਾਈਚਾਰੇ ਵਿੱਚ ਮਾਤਮ ਛਾਅ ਗਿਆ ਹੈ। ਇਟਾਲੀ ਦੇ ਰਾਸ਼ਟਰੀ ਮੀਡੀਏ ਵਿੱਚ ਮੁੱਖ ਸੁਰਖ਼ੀ ਬਣੀ ਇਸ ਘਟਨਾ ਵਿੱਚ ਨਸ਼ਰ ਹੋਈ ਜਾਣਕਾਰੀ ਅਨੁਸਾਰ 36 ਸਾਲਾ ਭਾਰਤੀ ਨੀਰਜ ਪਾਲ ਜਿਹੜਾ ਕਿ 10 ਅਪ੍ਰੈਲ ਤੋਂ ਸਲੇਰਨੋ ਦੇ "ਸਨ ਜਿਓਵਾਨੀ ਦੀ ਦੀਓ ਰੂਜੀ ਦ ਅਰਾਗੋਨਾ" ਹਸਪਤਾਲ ਵਿਖੇ ਜ਼ਿੰਦਗੀ ਅਤੇ ਮੌਤ ਨਾਲ ਜੰਗ ਲੜ ਰਿਹਾ ਸੀ ਬੀਤੇ ਦਿਨ ਜੰਗ ਹਾਰ ਗਿਆ। ਇਹ ਨੌਜਵਾਨ ਜਿਹੜਾ ਕਿ ਸੈਪਟੀਸੀਮੀਆ ਨਾਮ ਦੀ ਬਿਮਾਰੀ ਦਾ ਸ਼ਿਕਾਰ ਸੀ ਤੇ ਬਿਮਾਰੀ ਕਾਰਨ ਉਸ ਦੀਆਂ ਲੱਤਾਂ ਬੁਰੀ ਤਰ੍ਹਾਂ ਪ੍ਰਭਾਵਿਤ ਸੀ ਪਰ ਅਫ਼ਸੋਸ ਉਸ ਨੂੰ ਸਮੇਂ ਸਿਰ ਡਾਕਟਰੀ ਇਲਾਜ ਨਹੀਂ ਮਿਲਿਆ। ਦੱਸਿਆ ਜਾ ਰਿਹਾ ਹੈ ਕਿ ਨੀਰਜ ਪਾਲ ਨੂੰ ਸਮੇਂ ਸਿਰ ਹਸਤਪਾਲ ਨਹੀਂ ਪਹੁੰਚਾਇਆ ਤੇ 10 ਅਪ੍ਰੈਲ ਵੀ ਕੋਈ ਅਗਿਆਤ ਵਿਅਕਤੀ ਨੀਰਜਪਾਲ ਨੂੰ ਗੰਭੀਰ ਰੂਪ ਵਿੱਚ ਹਸਪਤਾਲ ਦੇ ਐਮਰਜੈਂਸੀ ਕਮਰੇ ਦੇ ਬਾਹਰ ਛੱਡ ਗਿਆ। ਬਿਮਾਰੀ ਨੇ ਨੀਰਜਪਾਲ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਜਿਸ ਦੇ ਚੱਲਦਿਆਂ ਬੀਤੇ ਦਿਨ ਉਸ ਦੇ ਦਿਲ ਨੇ ਕੰਮ ਕਰਨਾ ਬੰਦ ਕਰ ਦਿੱਤਾ ਤੇ ਨੀਰਜ ਪਾਲ ਦੀ ਮੌਤ ਹੋ ਗਈ। ਇਸ ਘਟਨਾ ਨੂੰ ਲਾਸੀਓ ਸੂਬੇ ਵਿੱਚ ਹੋਈ ਭਾਰਤੀ ਨੌਜਵਾਨ ਸਤਨਾਮ ਸਿੰਘ ਦੇ ਕੇਸ ਵਾਂਗਰ ਦੇਖਿਆ ਜਾ ਰਿਹਾ ਹੈ ਜਿਸ ਵਿੱਚ ਕੰਮ ਦੇ ਮਾਲਕ ਦੀ ਗਲਤੀ ਕਾਰਨ ਸਤਨਾਮ ਸਿੰਘ ਦੀ ਦਰਦਨਾਕ ਮੌਤ ਹੋਈ ਸੀ ਹੁਣ ਇਹ ਘਟਨਾ ਵੀ ਕੁਝ ਇਸ ਤਰ੍ਹਾਂ ਹੀ ਲੱਗ ਰਹੀ ਹੈ ਜਿਸ ਕਾਰਨ ਸਮੁੱਚੇ ਭਾਰਤੀ ਭਾਈਚਾਰੇ ਤੋਂ ਇਲਾਵਾ ਇਟਾਲੀਅਨ ਤੇ ਹੋਰ ਦੇਸ਼ਾਂ ਦੇ ਲੋਕਾਂ ਵਿੱਚ ਬਹੁਤ ਜ਼ਿਆਦਾ ਰੋਹ ਦੇਖਿਆ ਜਾ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਪਤਾ ਨਹੀਂ ਕਿਓ ਕੁਝ ਇਟਾਲੀਅਨ ਕੰਮਾਂ ਦੇ ਮਾਲਕ ਮਜ਼ਦੂਰਾਂ ਦੀ ਜਿੰਦਗੀ ਨੂੰ ਇੰਨਾ ਸਸਤਾ ਕਿਓ ਸਮਝ ਰਹੇ ਹਨ। ਅਜਿਹੇ ਇਟਾਲੀਅਨ ਲੋਕਾਂ ਨੂੰ ਆਪਣੀ ਸੋਚ ਨੂੰ ਤੁਰੰਤ ਬਦਲਣ ਦੀ ਲੋੜ ਹੈ। ਮਰਹੂਮ ਨੀਰਜ ਪਾਲ ਦੀ ਹਾਦਸੇ ਕਾਰਨ ਹੋਈ ਮੌਤ ਨਾਲ ਇਟਲੀ ਦੀਆਂ ਤਮਾਮ ਮਜ਼ਦੂਰ ਜੱਥੇਬੰਦੀਆਂ ਨੇ ਜਲਦ ਇਸ ਧੱਕੇਸ਼ਾਹੀ ਤੇ ਅਨਿਆਏ ਖਿਲਾਫ਼ ਲਾਮਬੰਦ ਹੋ ਕੇ ਸੰਘਰਸ਼ ਕਰਨ ਦੀ ਗੱਲ ਕਰਦਿਆਂ ਘਟਨਾ ਦੀ ਤਿੱਖੀ ਅਲੋਚਨਾ ਕੀਤੀ ਹੈ। ਸਥਾਨਕ ਪ੍ਰਸ਼ਾਸਨ ਘਟਨਾ ਦੀ ਗੰਭੀਰਤਾ ਨਾਲ ਪੜਤਾਲ ਕਰ ਰਿਹਾ ਹੈ।

## ਗੁਰਦੁਆਰਾ ਸਾਹਿਬ ਸਿੰਘ ਸਭਾ ਨਵੀਂ ਇਮਾਰਤ ਪੁਨਤੀਨੀਆ (ਲਾਤੀਨਾ) ਵਲੋ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਪੁਨਤੀਨੀਆ ਸ਼ਹਿਰ 'ਚ 10 ਮਈ 2026 ਨੂੰ ਸਜਾਇਆ ਵਿਸ਼ਾਲ ਨਗਰ ਕੀਰਤਨ



ਰੋਮ (ਗੁਰਸ਼ਰਨ ਸਿੰਘ ਸੋਨੀ)-ਖਾਲਸਾ ਪੰਥ ਜਿਸ ਦੀ ਸਾਜਨਾ ਸਰਬੰਸਦਾਨੀ, ਸਾਹਿਬੇ ਕਮਾਲ ਦਸਮੇਸ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੰਨ 1699 ਈ:ਦੀ ਵਿਸ਼ਾਖੀ ਵਾਲੇ ਦਿਨ ਕਰਕੇ ਮਹਾਨ ਸਿੱਖ ਧਰਮ ਨੂੰ ਨਵਾਂ ਰੰਗ ਰੂਪ ਦਿੰਦਿਆਂ ਸਿੰਘਾਂ ਨੂੰ ਸੂਰਬੀਰ ਤੇ ਬਹਾਦਰਾਂ ਦਾ ਥਾਪੜਾ ਦਿੱਤਾ ਜਿਹਨਾਂ ਦੁਨੀਆਂ ਭਰ ਵਿੱਚ ਖਾਲਸੇ ਦੀ ਚੜ੍ਹਦੀ ਕਲਾ ਲਈ ਕੇਸਰੀ ਝੰਡਾ ਝੁਲਾਇਆ। ਖਾਲਸਾ ਪੰਥ ਦਾ ਸਾਜਨਾ ਦਿਵਸ ਪੂਰੀ ਦੁਨੀਆਂ ਵਿੱਚ ਰਹਿਣ ਬਸੇਰਾ ਕਰਦੀ ਸਿੱਖ ਸੰਗਤ ਵੱਲੋਂ ਇਸ ਸਾਲ ਬਹੁਤ ਹੀ ਜੋਸੋ ਖਰੋਸ ਨਾਲ ਮਨਾਇਆ ਜਾ ਰਿਹਾ ਹੈ ਤੇ ਇਟਲੀ ਵਿੱਚ ਵੀ ਖ਼ਾਲਸੇ ਦੇ ਸਾਜਨਾ ਦਿਵਸ ਨੂੰ ਲੈਕੇ ਸਿੱਖ ਸੰਗਤ ਦਾ ਉਤਸ਼ਾਹ ਕਾਬਲੇ ਤਾਰੀਫ ਹੈ। ਪੂਰੀ ਇਟਲੀ ਵਿੱਚ ਸਜ ਰਹੇ ਨਗਰ ਕੀਰਤਨ ਵੱਖਰਾ ਨਜ਼ਾਰਾ ਪੇਸ਼ ਕਰ ਰਹੇ ਹਨ ਤੇ ਇਸ ਭਾਗਾਂ ਵਾਲੇ ਕਾਰਜ ਵਿੱਚ ਲਾਸੀਓ ਸੂਬੇ ਦੇ ਪ੍ਰਸਿੱਧ ਗੁਰਦੁਆਰਾ ਸਾਹਿਬ ਸਿੰਘ ਸਭਾ ਨਵੀਂ ਇਮਾਰਤ ਮਿਲੀਆਰਾ ਰੋਡ ਨੰਬਰ 47 ਪੁਨਤੀਨੀਆ (ਲਾਤੀਨਾ) ਵਿਖੇ 10 ਮਈ 2026 ਦਿਨ ਐਤਵਾਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ,ਢਾਡੀ ਤੇ ਕੀਰਤਨੀ ਜੱਥੇ ਖਾਲਸਾ ਪੰਥ ਦਾ ਕੁਰਬਾਨੀਆਂ ਨਾਲ ਭਰਿਆ ਗੌਰਵਮਈ ਇਤਿਹਾਸ ਨੂੰ ਸੰਗਤ ਸਰਵਣ ਕਰਵਾਉਣਗੇ। ਗੁਰੂ ਦੀਆਂ ਲਾਡਲੀਆਂ ਫ਼ੌਜਾਂ ਗਤਕੇ ਦੇ ਸਿੰਘਾਂ ਵੱਲੋਂ ਗੱਤਕਾ ਕਲਾ ਦੇ ਹੈਰਤਅੰਗੇਜ ਕਾਰਨਾਮੇ ਦਿਖਾਏ ਜਾਣਗੇ। ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਸਮੁੱਚੀਆਂ ਸੰਗਤਾਂ ਨੂੰ ਇਸ ਮਹਾਨ ਨਗਰ ਕੀਰਤਨ ਵਿੱਚ ਪਹੁੰਚਣ ਲਈ ਪੁਰਜੋਰ ਅਪੀਲ ਕੀਤੀ ਗਈ ਹੈ।

# • ਪੰਜਾਬੀ ਫ਼ਿਲਮ ਦਰਪਣ •

## ਧੀਆਂ ਦਾ ਸਤਿਕਾਰ ਕਰੋ ਪੁੱਤਾਂ ਵਾਂਗੂੰ ਪਿਆਰ ਕਰੋ ਹਾਕਮ ਬਖਤੜੀਵਾਲਾ



ਪਰਮਿੰਦਰ ਸੰਧੂ ਸਵਰਗੀ ਨੂੰ ਆਪਣੇ ਲਿਖਤ ਗੀਤ "ਉੱਡ ਕਿ ਸੋਹਣਿਆ ਆ ਜਾ" ਨਾਲ ਰਾਤੋ ਰਾਤ ਸਟਾਰ ਗਾਇਕਾ ਬਣਾਉਣ ਵਾਲੇ ਗੀਤਕਾਰ ਹਾਕਮ ਬਖਤੜੀਵਾਲਾ ਨੇ 30 ਸਾਲ ਤੋਂ ਦੋਗਾਣਾ ਗਾਇਕੀ ਤੇ ਰਾਜ ਰੱਖਿਆ ਹੈ ਨਾਂ ਸੁਰਿੰਦਰ ਛਿੰਦਾ , ਮਾਣਕ , ਸਦੀਕ ਰਣਜੀਤ ਦਾ ਓਸ ਦੇ ਕੈਰੀਅਰ ਤੇ ਪ੍ਰਭਾਵ ਪਿਆ ਤੇ ਨਾ ਹੀ ਰੱਬ ਦੀ ਮਿਹਰ ਸਦਕਾ ਓਸ ਦੀ ਗਾਇਕੀ ਦੋਗਾਣਾ ਗਾਇਕੀ ਕਦੇ ਨਿਵਾਣ ਵੱਲ ਆਈ ਬਲ ਕਿ ਦਲਜੀਤ ਕੌਰ ਨਾਲ ਗਾਇਕ ਜੋੜੀ ਅੱਜ ਤੱਕ ਹਿੱਟ ਹੈ।ਹਾਕਮ ਬਖਤੜੀਵਾਲਾ ਕਰਮਾਂ ਵਾਲੇ ਇਨਸਾਨ ਨੇ ਪੁੱਤਰ ਇੱਕ ਹੈ ਸਰਵਰਿੰਦਰ ਸਿੰਘ ਤੇ ਓਹ ਵੀ ਨੇਕ ਸੰਗੀਤ ਨਾਲ ਮੋਹ ਤੇ ਧੀਆਂ ਦੋ ਤੇ ਓਹਨਾਂ ਨੂੰ ਪੁੱਤ ਬਣਾ ਪਾਲਿਆ ਹੈ। ਇੱਕ ਰਮਨੀਤ ਚੌਧਰੀ ਸਾਊਥ ਦੀ ਸਟਾਰ ਹੈ ਤੇ ਦੂਜੀ ਚੰਨ ਪ੍ਰੀਤ ਅੱਜ ਕਲ ਐਸ਼ਮਾਇਰਾ ਸਿੰਘ ਬਣ ਡਿਸਕੋ ਜਾਕੀ ਹੈ। ਹਾਕਮ ਬਖਤੜੀਵਾਲਾ ਨੇ ਕਿਹਾ ਕਿ ਧੀਆਂ ਦੇ ਸ਼ੌਂਕ ਪ੍ਰਵਾਨ ਚੜਨ ਓਹਨਾਂ ਕੋਸ਼ਿਸ਼ ਕੀਤੀ ਹੈ ਤੇ ਕਦੇ ਵੀ ਓਹਨਾਂ ਦੋਵਾਂ ਨੂੰ ਨਹੀਂ ਵਰਜਿਤ ਕੀਤਾ। ਦੋਵੇਂ ਬੇਟੀਆਂ ਬਹੁਤ ਖੁਸ਼ ਨੇ ਤੇ ਓਹਨਾਂ ਕਿਹਾ ਸਾਡੇ ਪਿਤਾ ਨੇ। ਸਾਡੇ ਲਈ ਵਧੀਆ ਹੀ ਕੀਤਾ ਹੈ ਤੇ ਰੱਬ ਅਜਿਹੇ ਪਿਤਾ ਹਰੇਕ ਨੂੰ ਦੇਵੇ ਤੇ ਹਾਕਮ ਬਖਤੜੀ ਨੇ ਕਿਹਾ ਸਭ ਈਮਾਨ , ਨੇਕੀ ਤੇ ਕਰਮ ਦੀ ਗੱਲ ਹੈ।

## ਲੋਕ ਕਹਿਣ ਓਹ ਜਾਂਦੀ ਫ਼ਿਲਮ ਵਾਲੀ ਤਦ ਗੱਲ ਬਣੇ ਅਮਨ ਪੂਨੀਆ



ਰੂਪ ਰੱਬ ਨੇ ਸੋਹਣਾ ਦਿੱਤਾ ਹੈ ਤੇ ਕੱਦ ਕਾਠ ਜਚਣ ਵਾਲਾ ਤੇ ਜਵਾਨੀ ਦੀਵਾਨੀ ਵੇਲੇ ਚਲੇ ਤਾਂ ਰਾਹੀਂ ਰਾਹ ਭੁੱਲ ਜਾਂਦੇ ਹੋਣਗੇ, ਰੁਕੇ ਤਾਂ ਨਦੀਆਂ ਦਾ ਪਾਣੀ ਸ਼ਾਂਤ ਹੋਇਆ ਹੋਊ ਤੇ ਨਾਮ ਵੀ ਸੋਹਣਾ ਅਮਨ ਅਰਥਾਤ ਸ਼ਾਂਤੀ ਦੀ ਦੇਵੀ। ਦੀਪ ਮੋਹੱਬਤ ਦੇ ਦੀਪ ਬਾਲਦੀ ਖੇਡ ਕੋਚ ਬਣੀ ਤਾਂ ਵਿਸ਼ਵ ਤੱਕ ਧਮਕ । ਫ਼ਿਰ ਆਪ ਮੈਦਾਨ ਚ ਆਈ ਤਾਂ ਨੈਸ਼ਨਲ ਜੇਤੂ ਤੇ ਅੱਜ ਕਲ ਇਹੀ ਅਮਨ ਪੰਜਾਬੀ ਸ਼ੋਰਟ ਫ਼ਿਲਮਾਂ ਦੀ ਸ਼ਾਨਦਾਰ ਪ੍ਰਦਰਸ਼ਨ ਕਰ ਰਹੀ ਅਭਿਨੇਤਰੀ ਹੈ ਅਮਨ ਨੂੰ ਸੀਨੀਅਰ ਨਾਗਰਿਕ ਵੀ ਮੰਨਦੇ ਨੇ ਕਿ ਓਸ ਦੇ ਕਾਰਜ ਹਰ ਖੇਤਰ ਸ਼ਲਾਘਾ ਦੇ ਹੱਕਦਾਰ ਹਨ। ਸਨਮਾਨ ਸਮਾਰੋਹ ਬਾਅਦ ਇਸ ਅਮਨ ਦੇ ਵਿਚਾਰ ਕਿ ਓਸ ਦੇ ਚਿਹਰੇ ਦੀ ਪਹਿਚਾਣ ਬਣਦੀ ਪਈ ਹੈ ਮਜ਼ਾ ਆਏਗਾ ਜਦ ਲੋਕ ਕਿਹਾ ਕਰਨਗੇ ਓਹ ਇਹ ਤੇ ਹੈ ਫਲਾਂ ਫ਼ਿਲਮ ਵਾਲੀ ਫਲਾ ਕਲਾਕਾਰ ਤੇ ਪਹਿਚਾਣ ਲਈ ਹੀ ਇਨਸਾਨ ਮਿਹਨਤਾਂ ਕਰਦਾ ਹੈ। ਅਮਨ ਨੇ ਹੁਣ ਤੱਕ ਦਰਜ਼ਨਾਂ ਫ਼ਿਲਮਾਂ ਕਰ ਲਈਆਂ ਨੇ ਤੇ ਅੱਗੇ ਸਿਲਸਿਲਾ ਜ਼ਾਰੀ ਹੈ।

## ਇਥੇ ਹਾਸਿਆਂ ਦੇ ਹੀ ਨੇ ਮੁੱਲ ਪੈਣ ਗੁਰਨੂਰ ਮਾਨ



ਗੁਰਨੂਰ ਮਾਨ ਨਿੱਕੀ ਉਮਰੇ ਵੱਡੀ ਛਾਲ ਮਾਰ ਕਿ ਜਿੱਤ ਦਾ ਪਰਚਮ ਲਹਿਰਾ ਦੇਣ ਵਾਲੀ ਕਲਾਕਾਰ ਹੈ। ਗੁਰੂ ਨੇ ਪੂਰਾ ਨੂਰ ਦੇ ਓਸ ਨੂੰ ਧਰਤੀ ਤੇ ਭੇਜਿਆ ਤੇ ਸਰਸਵਾਤੀ ਦੇਵੀ ਨੇ ਸੁਰ ਦਾ ਤਾਜ ਦਿੱਤਾ ਤਾਂ ਹੀ ਅਜੇ ਓਹ ਪੜ੍ਹਨ ਲਿਖਣ ਦੀ ਉਮਰੇ ਗਾਇਕਾ ਬਣ ਪ੍ਰਾਪਤੀਆਂ ਝੋਲੀ ਪੁਆ ਰਹੀ ਹੈ। ਗੁਰਨੂਰ ਮਾਨ ਆਮ ਘਰ ਦੀ ਲੜਕੀ ਹੈ ਤੇ ਕਲਾਕਾਰੀ ਇਸ ਨੂਰ ਲਈ ਖਾਨਦਾਨੀ ਹੈ। ਗੁਰਨੂਰ ਮਾਨ ਨੇ ਰਜਨੀ ਮਾਨ ਤੋਂ ਟਿਪਸ ਮਿਊਜਕ ਦੇ ਲੈਣ ਬਾਅਦ ਆਪਣੀ ਗਾਇਕੀ ਨਿੱਖਰੀ ਨਿੱਖਰੀ ਕਰ ਲਈ ਹੈ। ਓਸ ਦੇ ਤਿੰਨ ਦੇ ਕਰੀਬ ਟਰੈਕ ਆਏ ਹਨ ਹਾਂ ਕਿਸੇ ਨਾਲ ਕੋਈ ਤੁਲਨਾ ਤੇ ਨਹੀਂ ਪਰ ਕੌਰ ਬੀ ਦੀ ਤਰਾਂ ਤਿੰਨ ਚਾਰ ਸਾਲ ਤੱਕ ਗੁਰ ਦੀ ਕਿਰਪਾ ਗੁਰਨੂਰ ਦੀ ਗਾਇਕੀ ਦੇ ਉੱਪਰ ਰਹੀ ਤਾਂ ਮੰਜ਼ਿਲ ਨਜ਼ਦੀਕ ਹੈ।

## ਕੋਸਿਸ਼ ਹੁੰਦੀ ਹੈ ਰੁੱਝਿਆ ਰਹਾਂ ਫ਼ਿਲਮਾਂ ਵੱਲ ਵਨੀਤ ਅਟਵਾਲ

ਵਿਨੀਤ ਅਟਵਾਲ ਦਾ ਸ਼ੌਂਕ ਬਚਪਨ ਦਾ ਤੇ ਅੱਜ ਇਹ ਵਿਨੀਤ ਐਕਟਰ ਨਾਲ ਡਾਇਰੈਕਟਰ ਵੀ ਹੈ ਤੇ ਕਿਤੇ ਕਿਤੇ ਮੇਕਰ ਵੀ ਹੈ। ਵਿਨੀਤ ਅਟਵਾਲ ਨੇ ਥੁੜ ਅਭਿਨੈ ਦੀ ਰੰਗਕਰਮੀ ਲੋਕਾਂ ਨਾਲ ਮਿਲ ਪੂਰੀ ਕੀਤੀ ਪਰ "ਜ਼ਖਮੀ" ਫ਼ਿਲਮ ਨਾਲ ਪੰਜਾਬ ਵਿੱਚ



ਪਹਿਚਾਣ ਮਿਲੀ। ਅਜੇ ਕਿ ਮੁੰਬਈ ਜਾ ਓਸ ਸੰਘਰਸ਼ ਵੀ ਕੀਤਾ ਪਰ ਓਸ ਦੀ ਪਛਾਣ ਪੰਜਾਬ ਨੇ ਹੀ ਬਣਾਈ ਰੱਖੀ ਹੈ। ਵਿਨੀਤ ਨੇ ਦਿਲਦਾਰ ਦੋਆਬਾ ਸਵਰਗੀ ਨਾਲ ਫ਼ਿਲਮਜ਼ ਕੀਤੀਆਂ ਪਰ ਜਦ ਹਕੀਕਤਾਂ ਵਿੱਚ ਅਸਲ ਨਿਰਮਾਤਾ ਸੀ ਓਹ ਅਮਰੀਕਾ ਸੀ। ਇਸ ਤਰਾਂ ਇੱਕ ਫ਼ਿਲਮ ਦੀ ਰਲੀਜ਼ ਤੇ ਓਸ ਮੌਕੇ ਰੌਲਾ ਤੇ ਨਿਰਮਾਤਾ ਸ਼ਰੀਫ਼ ਬਣ ਲਤਾੜ ਮਹਿਸੂਸ ਪਰ ਮਿਹਣੇ ਨੂੰ ਸਮਝ ਵਿਨੀਤ ਅਟਵਾਲ ਨੂੰ ਡਰੈਕਟਰ ਬਣਾ ਓਸ "ਚੰਨ ਤਾਰਾ" ਫ਼ਿਲਮ ਬਣਾਈ ਤੇ ਤਿੰਨ ਮਹੀਨੇ ਵਿੱਚ ਫ਼ਿਲਮ ਆ ਕਿ ਚਰਚਿਤ ਹੋਈ। ਬਾਅਦ ਵਿੱਚ ਵਿਨੀਤ ਨੇ ਬਾਹਰ ਦੇ ਪ੍ਰੋਜੈਕਟ ਵੀ ਕੀਤੇ ਤੇ ਕਰ ਰਿਹਾ ਹੈ। ਗੈਂਗਸਟਰ ਵਰਸਿਜ ਰਾਜਨੀਤੀ ਓਸ ਦੀ ਫ਼ਿਲਮ ਆ ਰਹੀ ਹੈ। ਵਿਨੀਤ ਅਟਵਾਲ ਨੂੰ ਸਟੈਂਡ ਕਰਨ ਲਈ ਸਤਨਾਮ ਸਿੰਘ ਟਾਤਲਾ ਦਾ ਪੂਰਾ ਰੀਲ ਰੋਲ ਹੈ ਤੇ ਅਸ਼ੋਕ ਪੁਰੀ ਜਿਹੇ ਮਿੱਤਰ, ਨੀਟੂ ਪੰਧੇਰ ਜਿਹੇ ਦੋਸਤ ਵੀ ਐਕਟਰ ਵਿਨੀਤ ਅਟਵਾਲ ਦੀ ਤਰੀਫ਼ ਕਰਦੇ ਹਨ। ਹੁਣੇ ਜਿਹੇ ਵਨੀਤ ਨੇ "ਉਡੀਕ" ਵੈੱਬ ਸੀਰੀਜ਼ ਬਣਾ ਹਿੱਟ ਕੀਤੀ ਤੇ ਹੁਣ ਓਹ ਅਮਰੀਕਾ ਫ਼ਿਲਮ ਕੋਰਸ ਕਰ ਆਏ ਨੇ ਤੇ ਜਲਦੀ ਨਵੀਂ ਫ਼ਿਲਮ ਡਾਇਰੈਕਟ ਕਰਨਗੇ।

## ਅਣਖੀਲਾ ਤੇ ਗੁਲਸ਼ਨ ਗਾ ਕਿ ਕਹਿਣ ਸੁੱਖ ਕੌਰ ਲਈ ਵੋਟਾਂ




ਬਲਕਾਰ ਅਣਖੀਲਾ ਤੇ ਮਨਜਿੰਦਰ ਗੁਲਸ਼ਨ ਆਪਣੇ ਚਹੇਤਿਆਂ ਲਈ ਓਹਨਾਂ ਦੀ ਮੰਗ ਤੇ ਓਹਨਾਂ ਨੂੰ ਗਾਣਾ ਦਿੰਦੇ ਨੇ ਕਿ ਓਹ ਵੀ ਤਰੱਕੀ ਕਰਨ। ਕੌਰ ਰਿਕਾਰਡਜ਼ ਪੰਜਾਬੀ ਮਿਊਜਕ ਨਗਰ ਦੀ ਤੇ ਇੰਡਸਟਰੀ ਵਿੱਚ ਸਰਗਰਮੀ ਨਾਲ ਕੰਮ ਕਰਨ ਵਾਲੀ ਆਡੀਓ ਵੀਡਿਓ ਕੰਪਨੀ ਹੈ। ਇਸ ਕੌਰ ਰਿਕਾਰਡਜ ਨੂੰ ਵਿਸ਼ਵ ਪੱਧਰ ਦੀ ਗਾਇਕ ਜੋੜੀ ਬਲਕਾਰ ਅਣਖੀਲਾ ਤੇ ਮਨਜਿੰਦਰ ਗੁਲਸ਼ਨ ਦੀ ਆਵਾਜ਼ ਵਿੱਚ ਖੂਬਸੂਰਤ ਦੋਗਾਣਾ "ਵੋਟਾਂ" ਲੋਕ ਸਨਮੁੱਖ ਕਰਨ ਦਾ ਮੌਕਾ ਮਿਲਿਆ ਹੈ। ਕੌਰ ਸੁੱਖ ਇਸ ਗੀਤ ਦੀ ਨਿਰਮਾਤਰੀ ਹੈ। ਗੁਰੂ ਕਲਿਆਣ ਨੇ ਚੋਣਾਂ ਦੇ ਮਾਹੌਲ ਵਾਲਾ ਇਹ ਗੀਤ ਲਿਖਿਆ ਹੈ ਜਿਸ ਦਾ ਸੰਗੀਤ ਲੱਕੀ ਅਣਖੀਲਾ ਨੇ ਬਣਾਇਆ ਹੈ। ਬੀ ਪੀ ਐਮ ਸਿੰਘ ਨੇ ਇਹ ਗੀਤ ਮਿਕਸ ਕੀਤਾ ਹੈ। ਬਲਕਾਰ ਅਣਖੀਲਾ ਨੇ ਕਿਹਾ ਕਿ ਚੋਣ ਮਾਹੌਲ ਤੇ ਇਹ ਸਾਡਾ ਦੋਗਾਣਾ ਖੂਬ ਵਾਇਰਲ ਹੋਏਗਾ। ਮਨਜਿੰਦਰ ਗੁਲਸ਼ਨ ਨੇ ਕਿਹਾ ਇਹ ਇੱਕ ਖੂਬਸੂਰਤ ਦੋਗਾਣਾ ਹੈ। ਜਗਰੂਪ ਹਾਂਸ ਪੰਜਾਬੀ ਫ਼ਿਲਮ ਨਿਰਦੇਸ਼ਕ ਹਨ ਤੇ ਨਾਲ ਓਹ ਕੌਰ ਰਿਕਾਰਡਜ਼ ਦੇ ਸੀਈਓ ਵੀ ਹਨ। ਬਲਕਾਰ ਅਣਖੀਲਾ ਆਖਦੇ ਨੇ ਕਿ ਸਤਨਾਮ ਸਿੰਘ ਉਮਰਪੁਰਾ ਨਾਲ ਓਹਨਾਂ ਦੇ ਚੰਗੇ ਸੰਬੰਧ ਨੇ ਤੇ ਓਹਨਾਂ ਦੇ ਸੀਈਓ ਪੁੱਤਰ ਜਗਰੂਪ ਹਾਂਸ ਨੂੰ ਸਥਾਪਿਤ ਕਰਨ ਹਿੱਤ ਓਹਨਾਂ ਇਹ "ਵੋਟਾਂ" ਗੀਤ ਦਿੱਤਾ ਹੈ। ਮਤਲਬ ਕਰ ਭਲਾ ਹੋ ਭਲਾ ਹੈ।

## ਪੰਜਾਬੀ ਟੀਵੀ ਚੈਨਲਾਂ ਦਾ ਸ਼ਹਿਨਸ਼ਾਹ ਹੈ ਰਬਿੰਦਰ ਨਾਰਾਇਣਨ



ਰਬਿੰਦਰ ਨਾਰਾਇਣਨ ਪੰਜਾਬੀ ਟੀਵੀ ਚੈਨਲਾਂ ਦੇ ਕਿੰਗ ਨੇ ਕੋਈ ਅਤਕਥਨੀ ਨਹੀਂ ਹੈ। ਸਭ ਤੋਂ ਪਹਿਲਾਂ ਪੰਜਾਬੀ ਟੀਵੀ ਚੈਨਲ ਤੇ ਲਾਈਵ ਗੁਰਬਾਣੀ ਪ੍ਰਸਾਰਨ ਕਰਨ ਦਾ ਅਹਿਮ ਪਾਤਰ ਨੇ ਓਹ ਤੇ ਬੂਟਾ ਪੀਟੀਸੀ ਪੰਜਾਬੀ ਓਹਨਾਂ ਹੱਥੀਂ ਲੱਗਿਆ। ਇਸ ਤੇ ਗੁਰਬਾਣੀ ਅੱਜ ਤੱਕ ਆ ਰਹੀ ਹੈ ਰਬਿੰਦਰ ਨਾਰਾਇਣਨ ਦੀ ਬਦੌਲਤ। ਖ਼ੈਰ ਕੁੱਝ ਵਿਚਾਰਾਂ ਦੀ ਗੱਲ ਰਬਿੰਦਰ ਸਾਬ ਹੁਣ ਅਲੱਗ ਨੇ ਤੇ ਨਾਰਾਇਣਨ ਜੀ ਨੇ ਆਪਣੇ ਚੈਨਲ ਤਿੰਨ ਲਾਂਚ ਕੀਤੇ ਨੇ ਡਿਸ਼ ਅਤੇ ਕੇਬਲ ਉਪਰ ਤੇ ਨਾਲ ਡੀ ਡੀ ਫ੍ਰੀ ਡਿਸ਼ ਤੇ ਜੀਟੀਸੀ ਪੰਜਾਬੀ, ਜੀਟੀਸੀ ਨਿਊਜ਼ ਤੇ ਪੰਜਾਬੀ ਸ਼ਾਰਟਸ। ਜੀਟੀਸੀ ਪੰਜਾਬੀ ਸਾਰੇ ਡੀ ਟੀਐੱਚ ਤੇ ਤਕਰੀਬਨ ਆ ਗਿਆ ਹੈ ਤੇ ਜੀ ਟੀ ਸੀ ਨਿਊਜ਼ ਡੀ ਡੀ ਫ੍ਰੀ ਡਿਸ਼ ਤੇ ਹੈ ਪਰ ਅਜੇ ਏਅਰਟੈਲ ਡਿਸ਼ ਤੇ ਨਹੀਂ ਹੈ। ਸੁਣਿਆ ਹੈ ਇਸ ਚੈਨਲ ਦਾ ਖ਼ਬਰ ਦੇਣ ਦਾ ਅੰਦਾਜ ਵੱਖਰਾ ਹੈ ਤੇ ਇਸ ਲਈ ਦੂਜਾ ਇਹ ਰਬਿੰਦਰ ਨਾਰਾਇਣਨ ਦਾ ਚੈਨਲ ਤਾਂ ਬਹੁਤ ਮਾਤਰਾ ਵਿੱਚ ਏਅਰਟੈਲ ਡਿਸ਼ ਦੇ ਕਸਟਮਰ ਚਾਹ ਰਹੇ ਨੇ ਕਿ ਜਲਦੀ ਇਹ ਟੀਵੀ ਚੈਨਲ ਏਅਰਟੈਲ ਡਿਸ਼ ਤੇ ਵੀ ਆਏ। ਉਮੀਦ ਹੈ ਕਿ ਲੋਕ ਭਾਵਨਾ ਦੇਖਦੇ ਹੋਏ ਰਬਿੰਦਰ ਨਾਰਾਇਣਨ ਜੀ ਇਸ ਨੂੰ ਏਅਰਟੈਲ ਡਿਸ਼ ਤੇ ਜਲਦੀ ਦੇਣਗੇ ਤੇ ਜੀਟੀਸੀ ਨਿਊਜ਼ ਵੀ ਅਸੀਂ ਦੇਖ ਸਕਾਂਗੇ। ਇੱਕ ਹੋਰ ਕਿਰਪਾ ਕਰ ਕਿ ਏ ਆਈ ਨੂੰ ਆਖ ਰਬਿੰਦਰ ਜੀਟੀਸੀ ਪੰਜਾਬੀ ਲੋਗੋ ਪੰਜਾਬੀ ਅੱਖਰਾਂ ਵਿੱਚ ਵੀ ਦੇਣਗੇ ਤਾਂ ਫਿਰ ਆਸ ਕਿ ਜਲਦੀ ਜੀਟੀਸੀ ਨਿਊਜ਼ ਏਅਰਟੈਲ ਤੇ ਬਾਕੀ ਰਹਿ ਗਏ ਪਲੇਟਫਾਰਮ ਤੇ ਉਪਲਬਧ ਹੋਏਗਾ। ਜਲਦ ਜੀ ਟੀ ਸੀ ਪੰਜਾਬੀ ਮਿਊਜਕ ਤੇ ਫ਼ਿਲਮ ਐਵਾਰਡ ਹੋਣਗੇ। ਰਬਿੰਦਰ ਨਾਰਾਇਣਨ ਪੰਜਾਬੀ ਟੀਵੀ ਚੈਨਲਾਂ ਦੇ ਸਦਾਬਹਾਰ ਬਾਦਸ਼ਾਹ ਹਨ।

-ਅੰਮ੍ਰਿਤ ਪਵਾਰ

# ਸੁਰੀਲੀ ਅਵਾਜ਼ ਵਾਲਾ ਗੀਤ

(ਸ. ਜਸਵੰਤ ਸਿੰਘ ਘੁੰਮਣ ਦੇ ਸਦੀਵੀ ਵਿਛੋੜੇ ਤੇ)



ਕਈ ਦਿਨਾਂ ਤੋਂ
ਸਭਾ ਵਿਚ ਕੋਈ ਗੀਤ ਨਹੀਂ ਲੱਭਾ
ਨਾ ਹੀ ਕੋਈ ਹੇਕ ਧਾਹਾਂ ਮਾਰਦੀ
ਕਿਸੇ ਪਾਸਿਉਂ ਆਈ

ਮਹਿਫ਼ਿਲਾਂ ਨੂੰ
ਗੀਤਾਂ ਨਾਲ ਸਜਾਉਣ ਵਾਲਾ
ਆਪਣੇ ਗ਼ਮਾਂ ਨੂੰ ਲੁਕੋ ਕੇ
ਰਾਹਾਂ ਨੂੰ ਰੌਣਕਾਂ ਨਾਲ ਭਰਨ ਵਾਲਾ
ਸੁਰੀਲੀ ਅਵਾਜ਼ ਵਾਲਾ ਗੀਤ
ਪਤਾ ਨਹੀਂ ਕਿੱਥੇ ਛੁਪ ਗਿਆ ਹੈ

ਯਾਰ ਮੈਂ ਤਾਂ ਤੈਨੂੰ ਕਦ ਦਾ
ਉਡੀਕ ਰਿਹਾ ਸੀ
ਕਿ ਕਿਤੇ ਪਹਾੜਾਂ ਬੀਚਾਂ ਤੇ
ਘੁੰਮਣ ਜਾਵਾਂਗੇ

ਤੂੰ ਤਾਂ 26 ਅਪ੍ਰੈਲ ਨੂੰ
ਵਾਪਸ ਆ ਜਾਣਾ ਸੀ

ਬੈਗ ਤੇਰਾ ਤਿਆਰ ਪਿਆ ਹੈ
ਪਾਸਪੋਰਟ ਤੇ ਹੋਰ ਡਾਕੂਮੈਂਟਸ
ਬੈਗ ਵਿੱਚ ਸਾਂਭੇ ਪਏ ਹਨ
ਤੇ ਅਸੀਂ ਤੈਨੂੰ ਲੱਭਦੇ ਫਿਰਦੇ ਹਾਂ

ਕਿੱਧਰ ਚਲਾ ਗਿਆ ਏਂ ਤੂੰ

ਗੀਤ ਗਾਉਣ ਵਾਲੇ ਕਦੇ
ਰਾਗ ਤੋਂ ਵੈਰਾਗੀ ਨਹੀਂ ਹੁੰਦੇ

ਤੂੰ ਯਾਰਾਂ ਵਿੱਚ ਚਰਚਾ ਸੀ
ਨਿੱਘੀ ਆਵਾਜ਼
ਸਾਹਾਂ ਦੀਆਂ ਪਰਤਾਂ 'ਚ
ਗੂੜ੍ਹੇ ਰੰਗ ਵਾਂਗ ਘੁਲਣ ਵਰਗੀ

ਹਉਕਾ ਭਰ ਕੇ ਵੀ
ਤੂੰ ਨਹੀਂ ਸੀ ਦੱਸਦਾ ਦਿਲ ਦਾ ਗ਼ਮ

ਮੈਂ ਉਹਨੂੰ ਆਖ਼ਰ ਵੇਲੇ ਵੀ ਕਿਹਾ ਸੀ ਕਿ ਰਾਖ਼
ਚੋਂ ਉੱਗ ਆਵੀਂ
ਖਿੜ ਪਵੀਂ ਗੁਲਾਬ ਦੇ ਫੁੱਲ ਵਾਂਗ
ਕਿਸੇ ਰਾਹ ਵਿੱਚ
ਸੱਜਰੇ ਬੋਲ ਦੀ ਹੇਕ ਬਣ ਕੇ

ਤੂੰ ਪਰਤ ਕੇ ਆ ਤਾਂ ਸਹੀ
ਮੈਂ ਤੇਰੇ ਮੱਥੇ ਤੇ ਤਾਰੇ ਸਜਾਵਾਂਗਾ

ਗੀਤਾਂ ਦੇ ਬੋਲ
ਕਦੇ ਡੁੱਬਦੇ ਨਹੀਂ ਹੁੰਦੇ
ਤੇ ਫਿਰ ਸੂਰਜ ਨੂੰ ਕਿਉਂ ਲੱਭੀਏ
ਰੁਮਕਦੇ ਬੋਲ ਕਦੇ ਬੁੱਤ ਨਹੀਂ ਬਣਦੇ ਹੁੰਦੇ

ਚੱਲ ਮੇਰਾ ਵਾਅਦਾ ਰਿਹਾ
ਚੰਦ ਤਾਰਿਆਂ ਨੂੰ ਨਰਦਾਂ ਬਣਾ
ਸ਼ਤਰੰਜ ਖੇਡਾਂਗੇ
ਸਾਈਕਲਾਂ ਤੇ ਸਿਡਨੀ ਗਾਹਵਾਂਗੇ

ਅਜੇ ਤਾਂ ਆਪਾਂ ਤੇਰੀ ਨਵੀਂ ਕਾਰ ਤੇ
ਝੂਟੇ ਲੈਣੇ ਸੀ
ਲੱਡੂ ਖਾਣੇ ਸੀ ਤੇਰੇ ਵੱਟੇ ਹੋਏ ਸਵਾਦੀ

ਤੂੰ ਤਾਂ ਫੋਨ ਹੀ ਬੰਦ ਕਰ ਗਿਆ
ਗਲੀਆਂ ਰਾਹਾਂ ਚੋਂ ਛੁਪ ਗਿਆ
ਬੂਹੇ ਢੋਹ ਲਏ ਜੰਦਰਾ ਮਾਰ ਲਿਆ

ਹੁਣ ਦੱਸ
ਅਸੀਂ ਕਿਹਦੇ ਨਾਲ ਮਹਿਫ਼ਲ ਸਜਾਈਏ
ਤੈਨੂੰ ਹੁਣ ਕਿੱਥੋਂ ਸੱਦਣ ਜਾਈਏ

ਤੂੰ ਤਾਂ ਆਪਣੀ ਨੇਮ ਪਲੇਟ ਦਾ
ਨਿਸ਼ਾਨ ਵੀ ਮਿਟਾ ਗਿਆ
ਨੀਹਾਂ ਛੱਡ ਗਿਆ
ਭਰੀਆਂ ਭਰਾਈਆਂ ਨਵੇਂ
ਉਸਰ ਰਹੇ ਚਾਵਾਂ ਵਾਲੇ ਮਕਾਨ ਦੀਆਂ

ਓਦਣ ਦੇ ਅਸੀਂ ਤੇਰੇ ਸਾਰੇ ਦੋਸਤ ?
ਤੈਨੂੰ ਢਾਣੀ ਵਿੱਚ ਬੈਠੇ ਉਡੀਕ ਰਹੇ ਹਾਂ
ਕਿ ਆ ਕੇ ਫਿਰ
ਸੁਰੀਲੀ ਆਵਾਜ਼ ਵਿੱਚ
ਇੱਕ ਗੀਤ ਸੁਣਾਵੇਂਗਾ

ਸੋਹਣਿਆ ਏਦਾਂ ਨਹੀਂ
ਨਾਰਾਜ਼ ਹੋਈਦਾ ਬੂਹੇ ਨਹੀਂ ਢੋਹੀਦੇ
ਰਾਹ ਨਹੀਂ ਬੰਦ ਕਰੀਦੇ
ਯਾਰਾਂ ਦੇ ਉਮਰਾਂ ਲਈ

ਯਾਦਾਂ ਚੇਤਿਆਂ 'ਚ ਤੈਨੂੰ ਰੱਖਾਂਗੇ
ਸੁਣਦੇ ਰਹਾਂਗੇ ਤੇਰੇ ਗੀਤ

ਅਲਵਿਦਾ ਜਸਵੰਤ...



ਅਮਰਜੀਤ ਟਾਂਡਾ

# ਕਿਤਾਬ ਦਿਵਸ ਜਾਂ ਕਿਤਾਬੀ ਧੰਦਾ ?

(ਇੱਕ ਪਾਤਰੀ ਨਾਟਕ)

ਮੰਚ ਸਜਾਵਟ
ਇੱਕ ਕੁਰਸੀ
ਇੱਕ-ਦੋ ਕਿਤਾਬਾਂ
ਰੌਸ਼ਨੀ
ਪਾਤਰ (ਹੌਲੀ ਜਿਹੀ):
ਕਿਤਾਬ ਦਿਵਸ ਮੁਬਾਰਕ...
ਜਾਂ ਕਹੀਏ...
ਕਿਤਾਬਾਂ ਦੇ ਧੰਦੇ ਦੀਆਂ ਵਧਾਈਆਂ... ?
(ਕਿਤਾਬ ਨੂੰ ਤੱਕਦਾ ਹੈ)
ਇਹ ਵੇਖੋ...
ਰੰਗੀਨ ਕਵਰ...
ਚਮਕਦਾਰ ਛਪਾਈ...
(ਹੱਸਦੇ ਹੋਏ)
ਲੱਗਦਾ ਹੈ-ਕਿਤਾਬ ਹੈ...
(ਲਹਿਜ਼ਾ ਬਦਲ ਕੇ)
ਪਰ...
(ਕਿਤਾਬ ਖੋਲ੍ਹ ਕੇ ਅੰਦਰ ਵੇਖਦਾ ਹੈ)
ਅੰਦਰ ਕੀ ਹੈ... ?
ਸ਼ਬਦ... ?
ਜਾਂ ਸੌਦੇ... ?
(ਦਰਸ਼ਕਾਂ ਵੱਲ ਤੁਰਦਾ ਹੈ)
ਤੁਸੀਂ ਕਦੇ ਸੋਚਿਆ... ?
ਕਿਤਾਬ ਬਣਦੀ ਕਿਵੇਂ ਹੈ... ?
ਇੱਕ ਲੇਖਕ ਹੁੰਦਾ ਹੈ...
ਰਾਤਾਂ ਜਾਗਦਾ ਹੈ...
ਲਿਖਦਾ ਹੈ...
ਮਿਟਾਉਂਦਾ ਹੈ...
ਫਿਰ ਲਿਖਦਾ ਹੈ...

ਉਹ ਆਪਣਾ ਦਿਲ
ਕਾਗਜ਼ 'ਤੇ ਰੱਖ ਦਿੰਦਾ ਹੈ...
ਉਹ ਸੋਚਦਾ ਹੈ-
"ਮੇਰੀ ਕਿਤਾਬ ਲੋਕਾਂ ਤੱਕ ਜਾਵੇਗੀ..."
ਉਹ ਸੁਪਨਾ ਦੇਖਦਾ ਹੈ...
(ਲਹਿਜ਼ਾ ਬਦਲਦਾ ਹੈ)
ਤੇ ਫਿਰ...
ਪ੍ਰਕਾਸ਼ਕ ਆਉਂਦਾ ਹੈ...
"ਕਿਤਾਬ ਛੱਪ ਜਾਵੇ ਗੀ"
"ਪਰ..."
ਇਹ "ਪਰ" ਬੜਾ ਮਹਿੰਗਾ ਹੁੰਦਾ ਹੈ...
ਖਰਚਾ ਦੇਣਾ ਪਵੇਗਾ...
(ਹੱਥ ਨਾਲ ਗਿਣਦਾ ਹੈ)
ਤੇ ਲੇਖਕ ਸੋਚਦਾ ਹੈ-
"ਚਲੋ... ਕਿਤਾਬ ਛਪ ਜਾਵੇ..."
ਉਹ ਦੇ ਦਿੰਦਾ ਹੈ...
ਆਪਣੇ ਸੁਪਨੇ ਦੀ ਕੀਮਤ...
ਕਿਤਾਬ ਛਪ ਜਾਂਦੀ ਹੈ...
ਲੇਖਕ ਖੁਸ਼...
ਉਹ ਆਪਣੇ ਦੋਸਤਾਂ ਨੂੰ ਦਿਖਾਉਂਦਾ ਹੈ...
"ਮੇਰੀ ਕਿਤਾਬ ਆ ਗਈ..."
ਪਰ...
ਕਿੰਨੀਆਂ ਛਪੀਆਂ... ?
ਕਿੰਨੀਆਂ ਵਿਕੀਆਂ... ?
ਕਿਸੇ ਨੂੰ ਨਹੀਂ ਪਤਾ...
ਪਰ ਵਾਅਦੇ...
ਕਦੇ ਘੱਟ ਨਹੀਂ ਹੁੰਦੇ...
ਸੌ ਪੰਨਿਆਂ ਦੀ ਕਿਤਾਬ...
ਕੀਮਤ
ਤਿੰਨ ਸੌ ਰੁਪਏ...
(ਦਰਸ਼ਕਾਂ ਵੱਲ)
ਤੁਸੀਂ ਖਰੀਦੋਗੇ... ?
(ਜਵਾਬ ਦੀ ਉਡੀਕ)
ਨਹੀਂ...
ਫਿਰ ਕਿਹਾ ਜਾਂਦਾ ਹੈ-
(ਨਕਲ ਕਰਦਾ ਹੈ)
"ਪਾਠਕ ਕਿਤਾਬ ਨਹੀਂ ਪੜ੍ਹਦੇ..."
ਪਰ ਕੀ ਕੀਮਤਾਂ ਵੀ ਪੜ੍ਹਨ ਲਾਇਕ ਹਨ... ?
ਕਿਤਾਬਾਂ ਦੀਆਂ
ਪ੍ਰਦਰਸ਼ਨੀਆਂ ਲੱਗਦੀਆਂ ਹਨ
"ਲੱਖਾਂ ਦੀਆਂ ਕਿਤਾਬਾਂ ਵਿਕ ਗਈਆਂ !"
ਪਰ ਪ੍ਰਕਾਸ਼ਕ ਦਾ ਉਹੀ ਰੋਣਾ
ਲੋਕ ਕਿਤਾਬਾਂ ਨਹੀਂ ਖਰੀਦਦੇ
ਚੁੱਪ...
(ਲਹਿਜ਼ਾ ਨਰਮ ਹੁੰਦਾ ਹੈ)
ਸੱਚ ਇਹ ਵੀ ਹੈ...
ਹਰ ਪ੍ਰਕਾਸ਼ਕ ਇੱਕੋ ਜਿਹਾ ਨਹੀਂ...
ਕੁਝ ਹਨ...
ਜੋ ਸ਼ਬਦਾਂ ਨੂੰ ਇੱਜ਼ਤ ਦੇਣ...
(ਹੌਲੀ ਆਵਾਜ਼)
(ਅਚਾਨਕ ਲਹਿਜ਼ਾ ਤਿੱਖਾ)
ਪਰ...
ਬਹੁਤੇ... !
ਸੁਪਨਿਆਂ ਨੂੰ ਸੌਦੇ ਬਣਾਉਂਦੇ...
ਸ਼ਬਦਾਂ ਨੂੰ ਤੋਲਦੇ ਨੇ...
ਵਪਾਰ ਦੀ ਤੱਕੜੀ 'ਚ...
ਤੇ ਲੇਖਕ ਨੂੰ ਦਿੰਦੇ ਨੇ...
(ਹੌਲੀ, ਡੂੰਘੀ ਆਵਾਜ਼)
ਵਾਅਦਿਆਂ ਦੀ ਰਸੀਦ...
ਤਾਂ ਦੱਸੋ...
ਕਿਤਾਬ ਦਿਵਸ ਮਨਾਈਏ... ?
ਜਾਂ ਕਿਤਾਬੀ ਧੰਦੇ ਦਾ ਜਸ਼ਨ... ?
(ਲੰਮਾ ਠਹਿਰਾਅ)
ਕਿਤਾਬਾਂ ਪੜ੍ਹੀਆਂ ਜਾਂਦੀਆਂ ਨੇ... ?
ਜਾਂ
ਸਿਰਫ਼ ਛਪਦੀਆਂ ਹੀ ਰਹਿ ਜਾਂਦੀਆਂ ਨੇ... ?
(ਕਿਤਾਬ ਹੌਲੀ ਨਾਲ ਬੰਦ ਕਰਦਾ ਹੈ)
ਇਹ ਕਿਤਾਬ ਨਹੀਂ...
(ਲੰਮਾ ਠਹਿਰਾਅ)
ਇੱਕ ਸਵਾਲ ਹੈ...
(ਲਾਈਟ ਹਲਕੀ)
ਤੇ ਜਵਾਬ ਸ਼ਾਇਦ
ਕਿਸੇ ਕੋਲ ਵੀ ਨਹੀਂ........
??????????.......



ਰਵਿੰਦਰ ਸਿੰਘ ਸੋਢੀ